# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਚੌਥਾ (ਆਧੁਨਿਕ ਪੰਜਾਬੀ ਵਾਰਤਕ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

**ਪੁਸਤਕ ਵਗਦੀ ਏ ਰਾਵੀ : ਵਰਿਆਮ ਸਿੰਘ ਸੰਧੂ**


2.1 : ਵਗਦੀ ਏ ਰਾਵੀ : ਪ੍ਰਮੁੱਖ ਸਰੋਕਾਰ

2.2 : ਵਗਦੀ ਏ ਰਾਵੀ : ਸਾਹਿਤਕ ਪਰਖ

2.3 : ਵਗਦੀ ਏ ਰਾਵੀ : ਸ਼ਿਲਪ ਅਤੇ ਸ਼ੈਲੀਗਤ ਅਧਿਐਨ

2.4 : ਸਫਰਨਾਮਾ ਸਾਹਿਤ ਵਿਚ ਵਰਿਆਮ ਸਿੰਘ ਸੰਧੂ ਦਾ ਸਥਾਨ

2.5 : ਸੰਖੇਪ ਪ੍ਰਸ਼ਨ-ਉੱਤਰ


**ਪੁਸਤਕ *ਡੂੰਘੀਆਂ ਸਿਖਰਾਂ* : ਨਰਿੰਦਰ ਸਿੰਘ ਕਪੂਰ**


2.6 : ਨਰਿੰਦਰ ਸਿੰਘ ਕਪੂਰ ਰਚਿਤ ਪੁਸਤਕ *ਡੂੰਘੀਆਂ ਸਿਖਰਾਂ* : ਪ੍ਰਮੁੱਖ ਸਰੋਕਾਰ

2.7 : *ਡੂੰਘੀਆਂ ਸਿਖਰਾਂ* : ਸਾਹਿਤਕ ਪਰਖ

2.8 : *ਡੂੰਘੀਆਂ ਸਿਖਰਾਂ* : ਸ਼ੈਲੀਗਤ ਅਧਿਐਨ

2.9 : ਪੰਜਾਬੀ ਵਾਰਤਕ ਸਾਹਿਤ ਵਿਚ ਨਰਿੰਦਰ ਸਿੰਘ ਕਪੂਰ ਦਾ ਸਥਾਨ

2.10: ਸੰਖੇਪ ਪ੍ਰਸ਼ਨ-ਉੱਤਰ



**Department website : www.pbidde.org**

ਪਾਠ ਨੰ: 2.1 - ਪ੍ਰੋ. ਬ੍ਰਹਮਜਗਦੀਸ਼ ਸਿੰਘ

# ਵਗਦੀ ਏ ਰਾਵੀ : ਪ੍ਰਮੁੱਖ ਸਰੋਕਾਰ

### 2.1.1 ਉਦੇਸ਼

ਸ. ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ 'ਵਗਦੀ ਏ ਰਾਵੀ' ਵਿਚ 12 ਅਪ੍ਰੈਲ ਤੋਂ 19 ਅਪ੍ਰੈਲ 2001 ਈ. ਵਿਚ ਲਾਹੌਰ ਵਿਖੇ ਹੋਈ ਆਲਮੀ ਪੰਜਾਬੀ ਕਾਨਫਰੰਸ ਦੇ ਸੰਬੰਧ ਵਿਚ ਕੀਤੀ ਗਈ ਪਾਕਿਸਤਾਨ ਯਾਤਰਾ ਵਰਣਨ ਹੈ। ਲੇਖਕ ਦਾ ਪਿਛਲਾ ਪਿੰਡ ਭਡਾਣਾ ਜ਼ਿਲ੍ਹਾ ਲਾਹੌਰ ਸੀ। ਇਸ ਕਾਰਨ ਵੀ ਉਸ ਦੇ ਮਨ ਵਿਚ ਪਾਕਿਸਤਾਨ ਜਾਣ ਦੀ ਚਿਰੋਕਣੀ ਰੀਝ ਸੀ। ਉਸ ਨੂੰ 2000 ਈ. ਦਾ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਸੀ। ਇਹ ਪੁਰਸਕਾਰ ਲੈਣ ਵਾਸਤੇ ਜਦੋਂ ਉਹ ਦਿੱਲੀ ਗਿਆ ਤਾਂ ਸੁਤਿੰਦਰ ਸਿੰਘ ਨੂਰ ਨਾਲ ਉਸ ਦੀ ਮੁਲਾਕਾਤ ਹੋਈ। ਨੂਰ ਨੇ ਉਸ ਨੂੰ ਇਸ ਕਾਨਫਰੰਸ ਵਿਚ ਸ਼ਮੂਲੀਅਤ ਦਾ ਸੱਦਾ ਦਿੰਦਿਆਂ ਹੋਇਆਂ ਤਿਆਰ ਰਹਿਣ ਦੀ ਤਾਕੀਦ ਕੀਤੀ ਸੀ। ਬਹੁਤ ਸਾਰੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਵੀ ਇਸ ਕਾਨਫਰੰਸ ਵਿਚ ਹਾਜ਼ਰ ਹੋਣ ਦਾ ਚਾਅ ਸੀ। ਉਨ੍ਹਾਂ ਨੇ ਵੀਜ਼ੇ ਲਈ ਬੇਨਤੀ-ਪੱਤਰ ਭੇਜ ਰੱਖਿਆ ਸੀ। ਭਾਵੇਂ ਬਹੁਤ ਸਾਰੇ ਲੋਕਾਂ ਨੂੰ ਵੀਜ਼ਾ ਨਾ ਮਿਲਿਆ ਪਰ ਵਰਿਆਮ ਸੰਧੂ ਨੂੰ ਵੀਜ਼ਾ ਪ੍ਰਾਪਤ ਹੋ ਗਿਆ ਅਤੇ ਉਹ ਇਸ ਕਾਨਫਰੰਸ ਵਿਚ ਪਹੁੰਚ ਗਿਆ। ਇਸ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਕੁਝ ਉਨ੍ਹਾਂ ਸਰੋਕਾਰਾਂ ਬਾਰੇ ਜਾਣਕਾਰੀ ਦੇਵਾਂਗੇ, ਜਿਨ੍ਹਾਂ ਦਾ ਇਸ ਪੁਸਤਕ ਵਿਚ ਵਰਣਨ ਹੋਇਆ ਹੈ।

### 2.1.2 ਰੂਪ ਰੇਖਾ

ਇਸ ਪੁਸਤਕ ਵਿਚ ਮੁਖ ਸਰੋਕਾਰ ਤਾਂ ਇਕ ਹੀ ਹੈ: ਲਾਹੌਰ ਵਿਚ ਹੋਈ ਆਲਮੀ ਕਾਨਫਰੰਸ ਦਾ ਵਰਣਨ। ਪਰ ਇਸ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਸਰੋਕਾਰ ਆ ਗਏ ਹਨ। ਅਸੀਂ ਇਨ੍ਹਾਂ ਸਰੋਕਾਰਾਂ ਦਾ ਵਰਣਨ ਹੇਠ ਲਿਖੀ ਤਰਤੀਬ ਅਨੁਸਾਰ ਕਰ ਰਹੇ ਹਾਂ :

(ੳ) ਆਲਮੀ ਕਾਨਫਰੰਸ ਲਾਹੌਰ : ਉਦੇਸ਼ ਅਤੇ ਪ੍ਰਾਪਤੀਆਂ
(ਅ) ਪੰਜਾਬ ਅਤੇ ਪੰਜਾਬੀਅਤ ਲਈ ਵਚਨਬੱਧਤਾ
(ੲ) ਸਭਿਆਚਾਰਕ ਸਰੋਕਾਰ
(ਸ) ਸਾਹਿਤਿਕ ਸਰੋਕਾਰ
(ਹ) ਰਾਜਸੀ ਸਰੋਕਾਰ
(ਕ) ਭਾਸ਼ਾਈ ਸਰੋਕਾਰ
(ਖ) ਸਮਾਜਿਕ ਸਰੋਕਾਰ।

### 2.1.3 ਭੂਮਿਕਾ

1947 ਈ. ਤਕ ਪੰਜਾਬ ਦਾ ਭੂਗੋਲਿਕ ਅਤੇ ਸਭਿਆਚਾਰਕ ਖੇਤਰ ਦਿੱਲੀ ਤੋਂ ਲੈ ਕੇ ਪਿਸ਼ਾਵਰ ਤਕ ਫੈਲਿਆ ਹੋਇਆ ਸੀ। ਪਰੰਤੂ ਦੇਸ਼ ਨੂੰ ਆਜ਼ਾਦ ਕਰਨ ਸਮੇਂ ਅੰਗਰੇਜ਼ ਹਾਕਮ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਗਏ। ਇਕ ਹਿੱਸੇ ਨੂੰ ਪੂਰਬੀ ਪੰਜਾਬ ਕਿਹਾ ਗਿਆ ਜੋ ਹਿੰਦੁਸਤਾਨ ਦੇ ਹਿੱਸੇ ਆਇਆ ਅਤੇ ਦੂਜੇ ਹਿੱਸੇ ਨੂੰ ਪੱਛਮੀ ਪੰਜਾਬ ਕਿਹਾ ਜਾਣ ਲਗਾ। ਪੰਜਾਬ ਦਾ ਵੱਡਾ ਭਾਗ ਪੱਛਮੀ ਪੰਜਾਬ ਵਿਚ ਚਲਾ ਗਿਆ ਅਤੇ ਇਹ ਪਾਕਿਸਤਾਨ ਦਾ ਅੰਗ ਬਣ ਗਿਆ। ਦੋਹਾਂ ਪੰਜਾਬਾਂ ਦੇ ਲੋਕ ਇਕ-ਦੂਜੇ ਨੂੰ ਮਿਲਣ ਵਾਸਤੇ ਤਾਂਘਦੇ ਰਹਿੰਦੇ ਹਨ। ਇਹ ਤਾਂਘ ਇਸ ਕਾਰਨ ਵੀ ਬਣੀ ਹੋਈ ਹੈ ਕਿਉਂਕਿ ਉਧਰਲੇ ਪੰਜਾਬੀਆਂ ਵਿਚੋਂ ਬਹੁਤਿਆਂ ਦੀਆਂ ਜੜ੍ਹਾਂ-ਉਹਨਾਂ ਦੇ ਪਿੰਡ ਅਤੇ ਖੇਤ, ਏਧਰਲੇ ਪੰਜਾਬ ਵਿਚ ਰਹਿ ਗਏ ਸਨ ਜਦੋਂ ਕਿ ਏਧਰ ਆਣ ਵਸੇ ਬਹੁਤ ਸਾਰੇ ਪੰਜਾਬੀ ਆਪਣੀਆਂ ਜ਼ਮੀਨਾਂ ਅਤੇ ਘਰ-ਬਾਰ ਉਧਰ ਛੱਡ ਆਏ ਸਨ। ਵਰਿਆਮ ਸਿੰਘ ਸੰਧੂ ਦਾ ਪਰਿਵਾਰ ਵੀ ਆਪਣਾ ਪੁਰਾਣਾ ਪਿੰਡ ਭਡਾਣਾ ਲਾਹੌਰ ਜ਼ਿਲੇ ਵਿਚ ਛੱਡ ਆਇਆ ਸੀ। ਇਸ ਕਾਰਨ ਉਸ ਨੂੰ ਵੀ ਆਪਣੇ ਪਿੰਡ ਦੀ ਮਿੱਟੀ ਆਵਾਜ਼ਾਂ ਮਾਰਦੀ ਰਹਿੰਦੀ ਸੀ। ਲੇਖਕ ਨੇ ਬੜੇ ਹੇਰਵੇ ਨਾਲ ਪਾਕਿਸਤਾਨ ਦੀ ਸੰਖੇਪ ਯਾਤਰਾ ਦਾ ਵਰਣਨ ਕੀਤਾ ਹੈ।

### 2.1.4 ਆਲਮੀ ਪੰਜਾਬੀ ਕਾਨਫਰੰਸ : ਉਦੇਸ਼ ਅਤੇ ਪ੍ਰਾਪਤੀਆਂ

ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਦੋਹਾਂ ਪੰਜਾਬਾਂ ਦੇ ਲੋਕ ਪੂਰੀ ਦੁਨੀਆਂ ਵਿਚ ਫੈਲ ਚੁਕੇ ਹਨ। ਭਾਰਤ, ਪਾਕਿਸਤਾਨ ਅਤੇ ਏਸ਼ੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਰੋਜ਼ਗਾਰ ਦੇ ਅਵਸਰ ਨਿਰੰਤਰ ਸਿਮਟਦੇ ਗਏ ਹਨ। ਆਰਥਿਕ ਦਬਾਵਾਂ ਦੇ ਕਾਰਨ ਸਾਡੇ ਏਸ਼ਿਆਈ ਦੇਸ਼ਾਂ ਦੇ ਬਹੁਤ ਸਾਰੇ ਨਵਯੁਵਕ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਰਗੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ ਪਰਵਾਸ ਕਰ ਗਏ ਹਨ। ਇਨ੍ਹਾਂ ਵਿਚ ਬਹੁਤ ਸਾਰੇ ਲੋਕ ਲੇਖਕ ਵੀ ਸਨ। ਇਨ੍ਹਾਂ ਲੇਖਕਾਂ ਨੇ ਆਪਸ ਵਿਚ ਮਿਲ ਬੈਠਣ ਅਤੇ ਪੰਜਾਬੀਅਤ ਦੀ ਸਪਿਰਿਟ ਨੂੰ ਜੀਵਿਤ ਰੱਖਣ ਲਈ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾਉਣ ਦੀ ਯੋਜਨਾ ਬਣਾਈ। ਹੁਣ ਤਕ ਭਾਰਤ ਅਤੇ ਹੋਰ ਦੇਸ਼ਾਂ ਵਿਚ ਅਜਿਹੀਆਂ ਕਈ ਕਾਨਫਰੰਸਾਂ ਆਯੋਜਿਤ ਹੋ ਚੁਕੀਆਂ ਹਨ। 2001 ਈ. ਵਿਚ ਇਕ ਇਹੋ ਜਿਹੀ ਆਲਮੀ (World) ਕਾਨਫਰੰਸ ਲਾਹੌਰ ਵਿਖੇ ਆਯੋਜਿਤ ਕੀਤੀ ਗਈ ਸੀ। ਇਸ ਕਾਨਫਰੰਸ ਵਿਚ ਪੰਜਾਬੀ ਬੋਲੀ ਦੇ ਰੁਤਬੇ ਨੂੰ ਬਹਾਲ ਰੱਖਣ ਲਈ ਅਹਿਦ ਕੀਤਾ ਗਿਆ ਸੀ। ਭਾਰਤ ਤੋਂ ਬਹੁਤ ਸਾਰੇ ਲੇਖਕ ਇਸ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਲਾਹੌਰ ਪਹੁੰਚੇ ਸਨ। ਵਰਿਆਮ ਸਿੰਘ ਸੰਧੂ ਵੀ ਉਨ੍ਹਾਂ ਵਿਚੋਂ ਇਕ ਸੀ।

ਸਾਡੇ ਦੋਹਾਂ ਪੰਜਾਬਾਂ ਵਿਚ ਪੰਜਾਬੀ ਬੋਲੀ ਨਾਲ ਨਿਰੰਤਰ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਆਜ਼ਾਦ ਭਾਰਤ ਵਿਚ ਬੋਲੀ ਦੇ ਨਾਮ ਉਪਰ ਬਹੁਤ ਸਾਰੇ ਪ੍ਰਦੇਸ਼ ਹੋਂਦ ਵਿਚ ਆ ਗਏ ਸਨ। ਪੰਜਾਬ ਦੇ ਲੋਕ ਵੀ ਪੰਜਾਬੀ ਬੋਲੀ ਦੇ ਆਧਾਰ ਉਤੇ ਇਕ ਵੱਖਰਾ ਪ੍ਰਦੇਸ਼ ਚਾਹੁੰਦੇ ਸਨ ਪਰ ਉਨ੍ਹਾਂ ਦੀ ਹੱਕੀ ਮੰਗ ਨੂੰ ਨਿਰੰਤਰ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ। ਆਖਰ 1954-55 ਵਿਚ ਅਕਾਲੀ ਪਾਰਟੀ ਨੇ ਪੰਜਾਬੀ ਸੂਬੇ ਲਈ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ। ਜਦੋਂ ਕੇਂਦਰ ਸਰਕਾਰ ਨੇ ਇਸਦਾ ਕੋਈ ਨੋਟਿਸ ਨਾ ਲਿਆ ਤਾਂ 1960 ਈ. ਵਿਚ ਇਕ ਜਨ-ਅੰਦੋਲਨ ਸ਼ੁਰੂ ਕੀਤਾ ਗਿਆ, ਜਿਸ ਨੂੰ 'ਪੰਜਾਬੀ ਸੂਬੇ ਦਾ ਮੋਰਚਾ' ਕਿਹਾ ਗਿਆ। ਆਖਰ 1966 ਈ. ਵਿਚ ਬੋਲੀ ਦੇ ਨਾਮ ਉਪਰ ਨਵਾਂ ਪੰਜਾਬ ਹੋਂਦ ਵਿਚ ਆ ਗਿਆ। ਸ. ਲਛਮਣ ਸਿੰਘ ਗਿੱਲ ਨੇ 1967 ਈ. ਵਿਚ ਪੰਜਾਬੀ ਬੋਲੀ ਦਾ ਵਕਾਰ ਬਹਾਲ ਕਰ ਦਿਤਾ ਅਤੇ ਪੰਜਾਬੀ ਬੋਲੀ ਇਥੋਂ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਦਫ਼ਤਰਾਂ ਵਿਚ ਲਾਜ਼ਮੀ ਕਰ ਦਿੱਤੀ ਗਈ। ਭਾਵੇਂ ਅਜੇ ਵੀ ਇਥੇ ਅੰਗਰੇਜ਼ੀ ਦਾ ਬੋਲਬਾਲਾ ਹੈ ਪਰ ਤਾਂ ਵੀ ਸਰਕਾਰੀ ਕਾਨੂੰਨ ਅਨੁਸਾਰ ਪੰਜਾਬੀ ਇਥੋਂ ਦੀ ਸਰਕਾਰੀ ਭਾਸ਼ਾ ਬਣ ਚੁੱਕੀ ਹੈ।

ਪੱਛਮੀ ਪੰਜਾਬ ਵਿਚ ਸਥਿਤੀ ਏਧਰ ਨਾਲੋਂ ਵਧੇਰੇ ਜਟਿਲ ਹੈ। ਪਾਕਿਸਤਾਨ ਵਿਚ ਉਰਦੂ ਨੂੰ ਕੌਮੀ ਬੋਲੀ ਦਾ ਦਰਜਾ ਮਿਲ ਚੁਕਾ ਹੈ। ਇਸ ਲਈ ਬਹੁਤੇ ਲੋਕ ਪੰਜਾਬੀ ਤੋਂ ਬੇਮੁਖ ਹੋ ਗਏ ਹਨ। ਉਹ ਉਰਦੂ ਵਿਚ ਲਿਖਣਾ ਅਤੇ ਗੱਲਬਾਤ ਕਰਨਾ ਪਸੰਦ ਕਰਦੇ ਹਨ। ਇਸ ਸਥਿਤੀ ਨੂੰ ਬਦਲਣ ਲਈ ਪੰਜਾਬੀ ਲੇਖਕ ਪਿਛਲੇ ਬਹੁਤ ਸਾਰੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ ਪਰ ਅਜੇ ਤੱਕ ਵੀ ਉਨ੍ਹਾਂ ਦੀਆਂ ਆਸ਼ਾਵਾਂ ਨੂੰ ਬੂਰ ਨਹੀਂ ਪਿਆ। 2001 ਦੀ ਆਲਮੀ ਕਾਨਫਰੰਸ ਦਾ ਮੁਖ ਏਜੰਡਾ ਪਾਕਿਸਤਾਨ ਵਿਚ ਪੰਜਾਬੀ ਬੋਲੀ ਦੇ ਮਾਨ-ਸਤਿਕਾਰ ਨੂੰ ਬਹਾਲ ਕਰਨਾ ਸੀ।

13 ਅਪ੍ਰੈਲ 2001 ਨੂੰ ਇਸ ਕਾਨਫਰੰਸ ਦਾ ਉਦਘਾਟਨੀ ਸਮਾਗਮ ਸੀ। ਦੋਹਾਂ ਪੰਜਾਬਾਂ ਦੇ ਬਹੁਤ ਸਾਰੇ ਲੇਖਕ ਇਸ ਕਾਨਫਰੰਸ ਵਿਚ ਪਹੁੰਚ ਚੁਕੇ ਸਨ। ਇਸ ਕਾਨਫਰੰਸ ਵਿਚ ਉਦਘਾਟਨੀ ਸ਼ਬਦ ਪੱਛਮੀ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ ਫ਼ਖ਼ਰ ਜ਼ਮਾਂ ਨੇ ਕਹੇ। ਉਸ ਕੇ ਦੋਹਾਂ ਪੰਜਾਬਾਂ ਵਿਚ ਸਾਂਝ ਵਧਾਉਣ ਅਤੇ ਮੁਹੱਬਤ ਦੀ ਖੁਸ਼ਬੋ ਫੈਲਾਉਣ ਦਾ ਸੱਦਾ ਦਿੱਤਾ। ਮਲਿਕ ਮੇਅਰਾਜ ਖ਼ਾਲਿਦ ਨੇ ਵੀ ਮੁਹੱਬਤ ਦੇ ਇਸੇ ਅਹਿਦ ਨੂੰ ਦੁਹਰਾਇਆ। ਭਾਰਤੀ ਪੰਜਾਬ ਦੀ ਪ੍ਰਤੀਨਿਧਤਾ ਡਾ. ਸੁਤਿੰਦਰ ਸਿੰਘ ਨੂਰ ਕਰ ਰਿਹਾ ਸੀ। ਉਸ ਨੇ ਆਪਣੇ ਸੰਬੋਧਨ ਵਿਚ ਕਿਹਾ :

> ਅਸੀਂ ਪੰਜਾਬੀਅਤ ਨਾਲ ਸਦੀਆਂ ਤੋਂ ਜੁੜੇ ਹੋਏ ਹਾਂ। ਪੰਜਾਬੀਅਤ ਹੁਣ ਇਕ ਸੰਕਲਪ ਨਹੀਂ ਰਹਿ ਗਈ, ਇਹ ਇਕ ਵਿਚਾਰਧਾਰਾ ਬਣ ਚੁੱਕੀ ਹੈ। ਮਜ਼੍ਹਬ ਆਪਣੀ ਥਾਂ ਹੈ ਪਰ ਇਹ ਕਦੇ ਵੀ ਪੰਜਾਬੀਅਤ ਦੇ ਰਾਹ ਦੀ ਦੀਵਾਰ ਨਹੀਂ ਬਣਿਆ। ਪੰਜਾਬੀਅਤ ਸ਼ਾਇਰੀ ਰਾਹੀਂ ਵਰੋਸਾਈ ਗਈ ਹੈ। ਸ਼ਾਇਰੀ ਵਿਚ ਸੂਫ਼ੀ ਮਤਿ ਡੌਮੀਨੇਟ ਕਰਦਾ ਹੈ। ਸੂਫ਼ੀ ਸਾਨੂੰ ਜੋੜਦੇ ਹਨ।... ਅਸੀਂ ਮਿਲ ਕੇ ਬੈਠਾਂਗੇ ਤਾਂ ਪਿਆਰ ਵੀ ਵਧੇਗਾ। ਜ਼ੁਬਾਨ ਦਾ ਓਪਰਾਪਣ ਘਟੇਗਾ ਤੇ ਅਸੀਂ ਇਕ-ਦੂਜੇ ਨਾਲ ਜੁੜਾਂਗੇ ਵੀ।

(*ਤਖ਼ਤ ਹਜ਼ਾਰੇ ਤੋਂ ਝੰਗ ਸਿਆਲ ਵੱਲ*, ਪੰਨੇ 45-46)

ਅਫਜ਼ੁਲ ਅਹਿਸਨ ਰੰਧਾਵਾ, ਅਬਦੁੱਲਾ ਹੁਸੈਨ ਅਤੇ ਹਰਸ਼ਰਨ ਸਿੰਘ ਬੱਲੀ (ਦਿੱਲੀ) ਨੇ ਵੀ ਪੰਜਾਬੀ ਬੋਲੀ ਅਤੇ ਸਭਿਆਚਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਦੁਪਹਿਰ ਦੇ ਸੈਸ਼ਨ ਵਿਚ ਇਲਿਆਸ ਘੁੰਮਣ ਨੇ ਸਟੇਜ ਦਾ ਸੰਚਾਲਨ ਕੀਤਾ। ਇਸ ਸੈਸ਼ਨ ਵਿਚ

ਵਰਿਆਮ ਸੰਧੂ ਨੇ ਵੀ ਸਾਂਝੀ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ। ਸ਼ਾਮ ਦੇ ਵਕਤ ਇਕ ਮੁਸ਼ਾਇਰਾ ਹੋਣਾ ਸੀ। ਵਰਿਆਮ ਸਿੰਘ ਸੰਧੂ ਐਤ ਰਘਬੀਰ ਸਿੰਘ ਨੇ ਇਸ ਵਿਚ ਕੋਈ ਨਜ਼ਮ ਨਹੀਂ ਸੀ ਪੜ੍ਹਨੀ। ਇਸ ਲਈ ਉਹ ਲਾਹੌਰ ਦੀ ਸੈਰ ਕਰਨ ਲਈ ਨਿਕਲ ਤੁਰੇ। ਇਕ ਪਾਕਿਸਤਾਨੀ ਕਹਾਣੀਕਾਰ ਜ਼ੋਇਆ ਨੇ ਉਹਨਾਂ ਨੂੰ ਆਸ-ਪਾਸ ਦੀਆਂ ਕੁਝ ਪ੍ਰਮੁਖ ਥਾਵਾਂ ਵਿਖਾਈਆਂ। ਜ਼ੋਇਆ ਇਕ ਭਰਪੂਰ ਆਤਮ-ਵਿਸ਼ਵਾਸ ਵਾਲੀ ਔਰਤ ਸੀ।

14 ਅਪ੍ਰੈਲ ਦੇ ਪਹਿਲੇ ਸੈਸ਼ਨ ਵਿਚ ਲੇਖਕ ਦੀ ਮੁਲਾਕਾਤ 'ਗੰਗਾ ਸਾਗਰ' ਵਾਲੇ ਰਾਏ ਅਜ਼ੀਜ਼ਉਲਾ ਨਾਲ ਹੋਈ। ਅਜੀਜ਼ਉਲਾ ਸ਼ਾਮ ਨੂੰ ਖਾਣੇ ਲਈ ਵਰਿਆਮ ਸਿੰਘ ਨੂੰ ਆਪਣੇ ਘਰ ਲੈ ਗਿਆ। ਪਰ ਘਰੇ ਖਾਣਾ ਖਾਣ ਦੀ ਬਜਾਇ ਉਹ ਆਪਣੇ ਪੂਰੇ ਪਰਿਵਾਰ ਅਤੇ ਲੇਖਕ ਨੂੰ ਲਾਹੌਰ ਦੀ ਪ੍ਰਸਿੱਧ ਫੂਡ ਸਟਰੀਟ ਵਿਚ ਲੈ ਗਿਆ। 15 ਅਪ੍ਰੈਲ ਨੂੰ ਕਾਨਫਰੰਸ ਦਾ ਤੀਜਾ ਦਿਨ ਸੀ। ਇਸ ਦਿਨ ਉਨ੍ਹਾਂ ਨੇ ਲਾਹੌਰ ਦੀ ਖ਼ੂਬ ਸੈਰ ਕੀਤੀ ਅਤੇ ਬਹੁਤ ਸਾਰੇ ਦਰਸ਼ਨੀ ਸਥਾਨ ਵੇਖ ਕੇ ਰਾਤ ਨੂੰ ਵਾਪਸ ਪਹੁੰਚੇ। 16 ਅਪ੍ਰੈਲ ਨੂੰ 'ਮਸਊਦ ਖੱਦਰ ਪੋਸ਼ ਟਰਸਟ' ਵਲੋਂ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਪੂਰੀ ਤਰ੍ਹਾਂ ਨਾਲ ਪੰਜਾਬੀ ਭਾਸ਼ਾ ਪ੍ਰਤੀ ਸਮਰਪਿਤ ਅਤੇ ਵਚਨਬਧ ਸੀ।

### (ਅ) ਪੰਜਾਬ ਅਤੇ ਪੰਜਾਬੀਅਤ ਪ੍ਰਤੀ ਵਚਨਬੱਧਤਾ

16 ਅਪ੍ਰੈਲ ਨੂੰ 'ਮਸਊਦ ਖਦਰਪੋਸ਼ ਟਰਸਟ' ਵਲੋਂ ਇਕ ਸਮਾਗਮ ਕਰਵਾਇਆ ਗਿਆ, ਜੋ ਪੂਰੀ ਤਰ੍ਹਾਂ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸੀ। ਮੁਹੰਮਦ ਮਸਊਦ (ਜਨਮ 1916) ਇਕ ਆਈ.ਏ.ਐਸ. ਅਫ਼ਸਰ ਸੀ। ਉਹ 1941 ਈ. ਵਿਚ ਆਈ.ਏ.ਐਸ. ਸੇਵਾਵਾਂ ਲਈ ਚੁਣਿਆ ਗਿਆ ਸੀ ਅਤੇ ਉਸਦੀ ਪਹਿਲੀ ਨਿਯੁਕਤੀ ਮੁੰਬਈ ਪ੍ਰੈਜ਼ੀਡੈਂਸੀ ਵਿਚ ਪੈਂਦੇ ਇਕ ਸ਼ਹਿਰ ਅਹਿਮਦ ਨਗਰ ਵਿਚ ਹੋਈ ਸੀ। ਉਥੋਂ ਉਸ ਨੂੰ ਭੀਲ-ਕਬੀਲੇ ਦੇ ਵਿਕਾਸ ਲਈ ਖ਼ਾਨ-ਦੇਸ਼ ਭੇਜ ਦਿੱਤਾ ਗਿਆ। ਦੋ ਵਰ੍ਹਿਆਂ ਵਿਚ ਹੀ ਉਸ ਨੇ ਭੀਲਾਂ ਨੂੰ ਸ਼ਾਹੂਕਾਰਾਂ ਦੇ ਕਬਜ਼ੇ ਵਿਚੋਂ ਮੁਕਤ ਕਰਵਾ ਦਿੱਤਾ। ਕੁਝ ਸਮਾਂ ਉਹ ਸਿੰਧ ਦਾ ਡਿਪਟੀ ਕਮਿਸ਼ਨਰ ਵੀ ਰਿਹਾ ਅਤੇ ਇਸ ਦੌਰਾਨ 'ਬੇਜ਼ਮੀਨਿਆਂ ਲਈ ਜ਼ਮੀਨ' ਦਾ ਪ੍ਰਬੰਧ ਕੀਤਾ। ਉਸਦੇ ਨਾਮ ਨਾਲ ਇਹ ਨਾਅਰਾ ਜੁੜਿਆ ਰਿਹਾ, "ਜਿਹੜਾ ਵਾਹੇ ਉਹੀਓ ਖਾਏ।" ਮਾਂ-ਬੋਲੀ ਲਈ ਵੀ ਉਸਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਪਾਕਿਸਤਾਨ ਦੇ ਇਤਿਹਾਸ ਵਿਚ ਉਹ ਪਹਿਲਾ ਸ਼ਖ਼ਸ ਸੀ ਜਿਸਨੇ 1957 ਈ. ਵਿਚ ਲਾਰੰਸ ਗਾਰਡਨ ਅੰਦਰ ਪੰਜਾਬੀ ਵਿਚ ਨਮਾਜ਼ ਅਦਾ ਕੀਤੀ ਸੀ। ਕੱਟੜਪੰਥੀਆਂ ਵੱਲੋਂ ਉਸ ਨੂੰ ਮਾਰ ਦੇਣ ਦੀਆਂ ਧਮਕੀਆਂ ਆਉਣ ਲੱਗੀਆਂ ਤਾਂ ਸਰਕਾਰ ਨੇ ਉਸਨੂੰ ਜਬਰੀ ਇੰਗਲੈਂਡ ਭੇਜ ਦਿੱਤਾ ਸੀ। 1962 ਈ. ਵਿਚ ਉਸਨੇ ਕਰਾਚੀ ਤੋਂ 'ਹੱਕ ਅਲਾਹ' ਨਾਮ ਦਾ ਪੰਜਾਬੀ ਮਾਸਿਕ ਪੱਤਰ ਸ਼ੁਰੂ ਕੀਤਾ। 1965 ਵਿਚ ਉਹ ਚੀਨ ਗਿਆ ਤਾਂ ਉਸ ਨੇ ਚੀਨ ਦੇ ਪ੍ਰਧਾਨ ਮੰਤਰੀ ਚਾਊ-ਐਨ-ਲਾਈ ਨਾਲ ਪੰਜਾਬੀ ਵਿਚ ਗੱਲਬਾਤ ਕੀਤੀ ਅਤੇ ਇਸ ਲਈ ਉਸ ਵਾਸਤੇ ਦੁਭਾਸ਼ੀਏ ਦੀ ਮਦਦ ਲੈਣੀ ਪਈ। ਸਰਕਾਰੀ ਅਧਿਕਾਰੀ ਵਲੋਂ ਕੰਮ ਕਰਦਿਆਂ ਉਸ ਨੇ ਸਾਰੀ ਉਮਰ ਘਰ ਦਾ ਬੁਣਿਆ ਖੱਦਰ ਪਹਿਨਿਆ ਸੀ; ਇਸੇ ਕਾਰਨ ਉਸ ਨੂੰ ਮਸਊਦ ਖਦਰਪੋਸ਼ ਕਿਹਾ ਜਾਂਦਾ ਸੀ। ਉਸ ਦੇ ਟਰਸਟ ਦਾ ਕੇਂਦਰੀ ਨਾਅਰਾ ਇਹ ਸੀ :

ਮਾਂ-ਬੋਲੀ ਜੋ ਭੁੱਲ ਜਾਵਣਗੇ।
ਕੱਖਾਂ ਵਾਂਗੂੰ ਰੁਲ ਜਾਵਣਗੇ।

'ਮਸਊਦ ਖੱਦਰਪੋਸ਼' ਟਰਸਟ ਦਾ ਮੁਖ ਉਦੇਸ਼ ਪੰਜਾਬੀ ਬੋਲੀ, ਸਾਹਿੱਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੈ। ਇਹ ਲੋਕ ਪੰਜਾਬੀ ਬੋਲੀ ਦਾ ਕੱਦ ਅਤੇ ਰੁਤਬਾ ਉੱਚਾ ਕਰਨ ਦੇ ਅਭਿਲਾਖੀ ਹਨ। ਹਰ ਸਾਲ ਪੰਜਾਬੀ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਚੰਗੀਆਂ ਪੁਸਤਕਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਪੁਸਤਕਾਂ ਪ੍ਰਕਾਸ਼ਿਤ ਕਰਨ ਲਈ ਲੋੜਵੰਦ ਲੇਖਕਾਂ ਦੀ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ। ਸੂਫ਼ੀ ਕਲਾਮ ਗਾਉਣ ਵਾਲੇ ਯੁਵਾ ਕਲਾਕਾਰਾਂ ਨੂੰ ਇਨਾਮ ਪ੍ਰਦਾਨ ਕੀਤੇ ਜਾਂਦੇ ਹਨ। ਇਨਾਮ ਦੇਣ ਦੇ ਸੰਬੰਧ ਵਿਚ ਵਿਲੱਖਣ ਗੱਲ ਇਹ ਸੀ ਕਿ ਇਕ ਹੀ ਲੇਖਕ ਦੀਆਂ ਦੋ ਪੁਸਤਕਾਂ ਨੂੰ ਵੀ ਇਨਾਮ ਦਿਤੇ ਜਾ ਸਕਦੇ ਸਨ। ਟਰਸਟ ਵਲੋਂ ਪਹਿਲਾਂ ਕਦੇ ਸਨਮਾਨਿਆ ਜਾ ਚੁੱਕਾ ਲੇਖਕ ਦੋਬਾਰਾ ਵੀ ਇਨਾਮ ਦਾ ਹੱਕਦਾਰ ਬਣ ਸਕਦਾ ਸੀ। ਇਲਿਆਸ ਘੁੰਮਣ ਟਰਸਟ ਦੇ ਸੱਤ ਇਨਾਮ ਜਿੱਤ ਚੁੱਕਾ ਸੀ। ਭਾਰਤੀ ਡੈਲੀਗੇਸ਼ਨ ਵਿਚੋਂ ਜਗਤਾਰ, ਸਤਨਾਮ ਮਾਣਕ ਅਤੇ ਕੁਝ ਹੋਰ ਲੇਖਕਾਂ ਦਾ ਟਰਸਟ ਵੱਲੋਂ ਸਨਮਾਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪਾਕਿਸਤਾਨ ਦੀ ਪ੍ਰਸਿੱਧ ਲੇਖਕ ਬੁਸ਼ਰਾ ਰਹਿਮਾਨ ਨੇ ਕੀਤੀ। ਵਰਿਆਮ ਸਿੰਘ ਸੰਧੂ ਨੂੰ ਇਸ ਪ੍ਰੋਗਰਾਮ ਦਾ ਮਕਸਦ ਅਤੇ ਵਿਉਂਤਬੰਦੀ ਬਹੁਤ ਪਸੰਦ ਆਈ।

### (ੲ) ਸਭਿਆਚਾਰਕ ਸਰੋਕਾਰ

ਵਰਿਆਮ ਸਿੰਘ ਸੰਧੂ ਆਪਣੇ ਇਸ ਸਫ਼ਰਨਾਮੇ ਵਿਚ ਬਾਰ-ਬਾਰ ਪੱਛਮੀ ਪੰਜਾਬ ਦੇ ਸਭਿਆਚਾਰ ਦੀ ਪ੍ਰਸ਼ੰਸਾ ਕਰਦਾ ਹੈ।

ਬੇਸ਼ਕ ਦੋਹਾਂ ਪੰਜਾਬਾਂ ਦਾ ਸਭਿਆਚਾਰਕ ਵਿਰਸਾ ਸਾਂਝਾ ਹੈ ਪਰ ਤਾਂ ਵੀ ਅਜੋਕੇ ਸੰਦਰਭ ਵਿਚ ਦੋਵੇਂ ਇਕ-ਦੂਜੇ ਤੋਂ ਕਾਫ਼ੀ ਦੂਰ ਨਿਕਲ ਆਏ ਹਨ। ਸਾਡੇ ਏਧਰਲੇ ਪੂਰਬੀ ਪੰਜਾਬ ਦਾ ਸਭਿਆਚਾਰ ਪੂਰੀ ਤਰ੍ਹਾਂ ਨਾਲ ਪੂੰਜੀਵਾਦੀ ਰੰਗ ਵਿਚ ਰੰਗਿਆ ਜਾ ਚੁਕਾ ਹੈ। ਇਥੋਂ ਦੇ ਬਹੁਤੇ ਲੋਕ ਆਤਮ-ਕੇਂਦ੍ਰਿਤ ਹੋ ਚੁਕੇ ਹਨ ਅਤੇ ਮਹਿਮਾਨਾਂ ਦੀ ਆਉਭਗਤ ਕਰਨ ਤੋਂ ਕਤਰਾਉਣ ਲੱਗ ਪਏ ਹਨ। ਸਾਡੇ ਇਧਰ ਜੇ ਕੋਈ ਵਿਦੇਸ਼ੀ ਮਹਿਮਾਨ ਨਜ਼ਰ ਆਵੇ ਤਾਂ ਲੋਕ ਉਸ ਦੀ ਮਹਿਮਾਨ ਨਿਵਾਜ਼ੀ ਬਾਰੇ ਸੋਚਦੇ ਵੀ ਨਹੀਂ ਪਰ ਪੱਛਮੀ ਪੰਜਾਬ ਦੇ ਲੋਕਾਂ ਨੇ ਆਪਣੀਆਂ ਰਵਾਇਤੀ ਕਦਰਾਂ-ਕੀਮਤਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਪੁਸਤਕ ਦੇ ਬਿਰਤਾਂਤ ਵਿਚ ਬਾਰ-ਬਾਰ ਅਜਿਹੇ ਸੱਜਣਾ ਅਤੇ ਸੁਆਣੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਲੇਖਕ ਅਤੇ ਉਸਦੇ ਸਾਥੀਆਂ ਦੀ ਆਉਭਗਤ ਵਿਚ ਕੋਈ ਕਸਰ ਨਾ ਛੱਡੀ।

ਵਾਘਾ ਬਾਰਡਰ ਤੋਂ ਚੱਲ ਕੇ ਗੱਡੀ ਨੇ ਜਿਵੇਂ ਹੀ ਪਾਕਿਸਤਾਨ ਵਿਚ ਪ੍ਰਵੇਸ਼ ਕੀਤਾ, ਹਰੀ ਝੰਡੀ ਹਿਲਾਉਣ ਵਾਲੇ ਗੇਟਮੈਨ ਨੇ ਯਾਤਰੀਆਂ ਨੂੰ 'ਸਰਦਾਰ ਜੀ' ਕਹਿ ਕੇ ਸਤਿ ਸ੍ਰੀ ਅਕਾਲ ਬੁਲਾਈ। ਇਮੀਗਰੇਸ਼ਨ-ਅਧਿਕਾਰੀ ਇਨ੍ਹਾਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਏ ਅਤੇ ਛੇਤੀ-ਤੋਂ-ਛੇਤੀ ਲੇਖਕਾਂ ਨੂੰ ਵਿਹਲਾ ਕਰ ਦਿੱਤਾ। ਮੁਸਲਿਮ ਅਧਿਕਾਰੀ ਹਰ ਯਾਤਰੀ ਨਾਲ ਸਦਭਾਵਨਾ ਦਿਖਾ ਰਹੇ ਸਨ। ਲਾਹੌਰ ਦੇ ਰੇਲਵੇ ਸਟੇਸ਼ਨ ਤੋਂ ਹੋਟਲ ਤਕ ਲੈ ਜਾਣ ਵਾਲਾ ਬੱਸ-ਡਰਾਈਵਰ ਵੀ ਉਨ੍ਹਾਂ ਨਾਲ ਬੜੇ ਹਸਮੁਖ ਲਹਿਜੇ ਵਿਚ ਗੱਲਬਾਤ ਕਰਦਾ ਰਿਹਾ। ਕਾਨਫਰੰਸ ਵਿਚ ਅਮੀਨ ਮਲਿਕ ਅਤੇ ਉਸਦੀ ਪਤਨੀ ਰਾਣੀ ਮਲਿਕ ਲੇਖਕਾਂ ਨੂੰ ਧਾਅ ਕੇ ਮਿਲੇ। ਸ਼ਾਮ ਦੇ ਵਕਤ ਪਾਕਿਸਤਾਨ ਦੀ ਕਹਾਣੀਕਾਰ ਜ਼ੋਇਆ ਨੇ ਲੇਖਕਾਂ ਨੂੰ ਲਾਹੌਰ ਬਾਰੇ ਬਹੁਤ ਕੁਝ ਦੱਸਿਆ ਅਤੇ ਚਾਹ-ਪਾਣੀ ਪਿਆਇਆ। ਜਗਤਾਰ ਦੇ ਕੁਝ ਦੋਸਤ ਉਮਰ ਗਨੀ ਅਤੇ ਰਿਜ਼ਵਾਨ ਅਹਿਮਦ ਦੋ-ਤਿੰਨ ਦਿਨ ਆਪਣੇ ਕੰਮ ਛੱਡ ਕੇ ਲੇਖਕਾਂ ਨੂੰ ਆਪਣੀ ਕਾਰ ਉਪਰ ਘੁਮਾਉਂਦੇ-ਫਿਰਾਉਂਦੇ ਅਤੇ ਖਾਣ-ਪੀਣ ਦੀ ਸੇਵਾ ਕਰਦੇ ਰਹੇ। ਰਾਇ ਅਜ਼ੀਜ-ਉੱਲਾ ਵੀ ਕਾਨਫਰੰਸ ਦੇ ਸਾਰੇ ਦਿਨ ਲੇਖਕਾਂ ਦਾ ਮੀਜ਼ਬਾਨ ਅਤੇ ਡਰਾਈਵਰ ਬਣਿਆ ਰਿਹਾ। ਦੁਕਾਨਦਾਰ ਅਤੇ ਬਜ਼ਾਰ ਵਿਚ ਫਿਰਨ ਵਾਲੇ ਆਮ ਲੋਕ ਵੀ ਲੇਖਕਾਂ ਦੀ ਸੁਖ ਸਾਂਦ ਮੰਗਦੇ ਰਹੇ। ਕਿਸੇ ਵੀ ਦੁਕਾਨਦਾਰ ਨੇ ਇਨ੍ਹਾਂ ਤੋਂ ਵੱਧ ਪੈਸੇ ਮੰਗ ਕੇ ਠੱਗਣ ਦੀ ਕੋਸ਼ਿਸ਼ ਨਾ ਕੀਤੀ ਬਲਕਿ ਬਹੁਤ ਤਾਂ ਪੈਸੇ ਲੈਂਦੇ ਹੀ ਨਹੀਂ ਸਨ। ਅੱਬਾਸ ਅਤਹਰ ਨੇ ਨਾ ਕੇਵਲ ਜਗਤਾਰ ਅਤੇ ਉਸਦੇ ਸਾਥੀਆਂ ਲਈ ਬਹੁਤ ਸਾਰੇ ਤੋਹਫ਼ੇ ਭੇਜੇ ਬਲਕਿ ਉਸਨੇ ਹੋਟਲ ਵਾਲਿਆਂ ਨੂੰ ਵੀ ਉਨ੍ਹਾਂ ਤੋਂ ਪੈਸੇ ਨਾ ਲੈਣ ਦਾ ਸੁਨੇਹਾ ਭੇਜ ਛੱਡਿਆ ਸੀ। ਕੁਝ ਲੋਕ ਇਨ੍ਹਾਂ ਨਾਲ ਹਾਸਾ-ਮਖ਼ੌਲ ਵੀ ਕਰ ਜਾਂਦੇ ਸਨ। ਇਥੋਂ ਤਕ ਕਿ ਪੁਲਸ ਅਧਿਕਾਰੀਆਂ ਨੇ ਵੀ ਲੇਖਕਾਂ ਨੂੰ ਲਾਹੌਰ ਤੋਂ ਬਾਹਰ ਆਉਣ-ਜਾਣ ਦੀ ਛੋਟ ਦੇ ਰੱਖੀ ਸੀ। ਉਨ੍ਹਾਂ ਨੇ ਇਨ੍ਹਾਂ ਦੀ ਹਰ ਪ੍ਰਕਾਰ ਦੀ ਜ਼ਿੰਮੇਵਾਰੀ ਓਟ ਲਈ ਸੀ ਅਤੇ ਜੇ ਕਿਧਰੇ ਇਨ੍ਹਾਂ ਪਾਸੋਂ ਕੋਈ ਅਵੱਗਿਆ ਵੀ ਹੋ ਜਾਂਦੀ ਸੀ ਤਾਂ ਵੀ ਉਸਨੂੰ ਦਰਗੁਜ਼ਰ ਕਰ ਦਿੰਦੇ ਸਨ ਅਤੇ ਕੰਮ ਕਰਨ ਤੋਂ ਬਾਅਦ ਚਾਹ-ਪਾਣੀ ਤੋਂ ਬਿਨਾਂ ਵਿਦਾ ਨਹੀਂ ਸਨ ਹੋਣ ਦਿੰਦੇ। ਸਾਰੇ ਲੇਖਕਾਂ ਨੂੰ ਪੱਛਮੀ ਪੰਜਾਬੀਆਂ ਦਾ ਆਚਾਰ-ਵਿਹਾਰ ਬੇਹੱਦ ਪਸੰਦ ਆਇਆ।

**(ਸ) ਸਾਹਿਤਕ ਸਰੋਕਾਰ**

'ਵਗਦੀ ਏ ਰਾਵੀ' ਸਾਹਿਤਿਕ ਸਫ਼ਰਨਾਂਮੇ ਵਜੋਂ ਇਕ ਮਹਤਵਪੂਰਨ ਰਚਨਾ ਹੈ। ਇਹ ਸਫ਼ਰਨਾਮਾ ਅਪ੍ਰੈਲ 2001 ਵਿਚ ਲਾਹੌਰ ਵਿਖੇ ਆਯੋਜਿਤ ਕੀਤੀ ਗਈ ਆਲਮੀ ਪੰਜਾਬੀ ਕਾਨਫਰੰਸ ਦਾ ਅੱਖੀਂ ਵੇਖਿਆ ਬਿਰਤਾਂਤ ਹੈ। ਵੀਹਵੀਂ ਸਦੀ ਦੇ ਮੱਧ ਵਿਚ ਪੰਜਾਬੀ ਸਭਿਆਚਾਰ ਇਕ ਹੀ ਖਿੱਤੇ ਤਕ ਸੀਮਿਤ ਨਾ ਰਿਹਾ। ਦੇਸ਼ ਵੰਡ ਦੇ ਦੌਰਾਨ ਪੰਜਾਬ ਦੋ ਹਿੱਸਿਆਂ ਵਿਚ ਤਕਸੀਮ ਹੋ ਗਿਆ। ਇਸ ਦਾ ਬਹੁਤਾ ਖੇਤਰ ਪਾਕਿਸਤਾਨ ਵਿਚ ਚਲਾ ਗਿਆ ਅਤੇ ਬਾਕੀ ਹਿੰਦੁਸਤਾਨ ਦੇ ਹਿੱਸੇ ਆਇਆ। ਇਸ ਉਪਰੰਤ ਆਪਣੇ-ਆਪਣੇ ਦੇਸ਼ਾਂ ਦੇ ਰਾਜਨੀਤਕ ਅਤੇ ਆਰਥਿਕ ਦਬਾਵਾਂ ਦੇ ਕਾਰਨ ਦੋਹਾਂ ਪੰਜਾਬਾਂ ਵਿਚੋਂ ਹਿਜਰਤ ਸ਼ੁਰੂ ਹੋ ਗਈ ਅਤੇ ਪੰਜਾਬੀ ਲੋਕ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਵਿਕਸਿਤ ਦੇਸ਼ਾਂ ਵਿਚ ਹਿਜਰਤ ਕਰ ਗਏ। ਇਨ੍ਹਾਂ ਲੋਕਾਂ ਵਿਚ ਬਹੁਤ ਸਾਰੇ ਸਾਹਿਤਕਾਰ ਵੀ ਸਨ। ਵੱਖਰੇ-ਵੱਖਰੇ ਦੇਸ਼ਾਂ ਵਿਚ ਜਾ ਵੱਸਣ ਦੇ ਕਾਰਨ ਭਾਵੇਂ ਇਨ੍ਹਾਂ ਦੇ ਪਦਾਰਥਕ ਸਰੋਕਾਰ ਤਾਂ ਵਿਭਿੰਨ ਹੋ ਗਏ ਪਰ ਪੰਜਾਬੀਅਤ ਦੀ ਭਾਵਨਾ (spirit) ਨੇ ਸਭ ਨੂੰ ਇਕ-ਦੂਜੇ ਨਾਲ ਜੋੜੀ ਰੱਖਿਆ। ਇਸੇ ਜੋੜ ਨੂੰ ਹੋਰ ਮਜ਼ਬੂਤ ਅਤੇ ਸਾਰਥਿਕ ਬਣਾਉਣ ਦੀ ਮਨਸ਼ਾ ਨਾਲ ਆਲਮੀ (ਵਿਸ਼ਵ) ਪੰਜਾਬੀ ਕਾਨਫਰੰਸਾਂ ਸ਼ੁਰੂ ਹੋਈਆਂ, ਜਿਨ੍ਹਾਂ ਵਿਚ ਪਹੁੰਚ ਕੇ ਪੰਜਾਬੀ ਸਾਹਿੱਤਕਾਰ ਆਪਣੇ-ਆਪਣੇ ਦੇਸ਼ਾਂ ਵਿਚ ਪੈਦਾ ਹੋਣ ਵਾਲੇ ਸਾਹਿਤ ਦੀ ਦਸ਼ਾ ਅਤੇ ਦਿਸ਼ਾ ਨੂੰ ਵਿਚਾਰਿਆ ਕਰਦੇ ਸਨ। ਲਾਹੌਰ ਦੀ ਕਾਨਫਰੰਸ ਵਿਚ ਪੂਰਬੀ ਅਤੇ ਪੱਛਮੀ ਪੰਜਾਬ ਦੇ ਸਾਹਿਤਕਾਰਾਂ ਤੋਂ ਬਿਨਾਂ ਇੰਗਲੈਂਡ ਤੋਂ ਵੀ ਕੁਝ ਸਾਹਿਤਕਾਰ (ਅਮੀਨ ਮਲਿਕ ਅਤੇ ਰਾਣੀ ਮਲਿਕ) ਪਹੁੰਚੇ ਸਨ।

ਦੇਸ਼-ਵੰਡ ਤੋਂ ਬਾਅਦ ਪੰਜਾਬੀ ਸਾਹਿੱਤ ਦਾ ਇਕ ਵੱਡਾ ਸਰੋਕਾਰ ਸਾਂਝੀ ਪੰਜਾਬੀਅਤ ਦੇ ਹੇਰਵੇ ਨੂੰ ਰੂਪਮਾਨ ਕਰਨਾ ਰਿਹਾ ਹੈ। ਸਿਆਸਤਦਾਨਾਂ ਨੇ ਬੇਸ਼ੱਕ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਸਨ ਪਰੰਤੂ ਸਾਹਿਤਕਾਰਾਂ ਅਤੇ ਆਮ ਲੋਕਾਂ ਨੇ ਵੰਡ ਨੂੰ ਕਦੇ ਵੀ ਮਨੋਂ

ਪ੍ਰਵਾਨ ਨਹੀਂ ਸੀ ਕੀਤਾ। ਪੱਛਮੀ ਪੰਜਾਬ ਵਿਚ ਹਿਜਰਤ ਕਰ ਕੇ ਗਏ ਬਹੁਤੇ ਮੁਸਲਮਾਨਾਂ ਦੀਆਂ ਜ਼ਮੀਨਾਂ ਏਧਰਲੇ ਪੰਜਾਬ ਵਿਚ ਰਹਿ ਗਈਆਂ ਸਨ ਅਤੇ ਪੂਰਬੀ ਪੰਜਾਬ ਵਿਚ ਹਿਜਰਤ ਕਰ ਕੇ ਆਏ ਲੱਖਾਂ ਲੋਕ ਉਧਰ ਆਪਣਾ ਸਭ ਕੁਝ ਛੱਡ ਆਏ ਸਨ। ਇਉਂ ਦੋਹੇਂ ਧਿਰਾਂ ਨੂੰ ਆਪਣਾ-ਆਪਣਾ ਮਾਜ਼ੀ ਬੇਚੈਨ ਕਰੀ ਰੱਖਦਾ ਸੀ। ਹਰ ਕੋਈ ਚਾਹੁੰਦਾ ਸੀ ਕਿ ਆਉਣ-ਜਾਣ ਅਤੇ ਮਿਲਣ-ਵਰਤਣ ਬਣਿਆ ਰਹੇ। ਸਾਹਿਤ ਵਿਚ ਇਸ ਤਰ੍ਹਾਂ ਦੀਆਂ ਧੁਨੀਆਂ ਬੜੀ ਸ਼ਿੱਦਤ ਨਾਲ ਰੂਪਮਾਨ ਹੁੰਦੀਆਂ ਰਹੀਆਂ ਹਨ। 13 ਅਪ੍ਰੈਲ ਵਿਸਾਖੀ ਦੇ ਦਿਨ ਜਦੋਂ ਲਾਹੌਰ ਵਿਚ ਪੰਜਾਬੀ ਕਾਨਫਰੰਸ ਸ਼ੁਰੂ ਹੋਈ ਤਾਂ ਸਭ ਤਰਫ਼ ਖ਼ੁਸ਼ੀ ਅਤੇ ਜਸ਼ਨ ਦਾ ਮਾਹੌਲ ਸੀ ਕਿਉਂਕਿ ਪਿਛਲੀ ਅੱਧੀ ਸਦੀ ਦੇ ਵਿਛੜੇ ਪੰਜਾਬੀ ਭਰਾ, ਸਿੱਖ ਅਤੇ ਮੁਸਲਮਾਨ, ਕਾਨਫਰੰਸ ਦੇ ਬਹਾਨੇ ਨਾਲ ਇਕੱਠੇ ਹੋਏ ਸਨ। ਸਟੇਜ ਸਕੱਤਰ ਨੇ ਉਸਤਾਦ ਦਾਮਨ ਦੀ ਇਕ ਨਜ਼ਮ ਦੇ ਕੁਝ ਹਿੱਸੇ ਪੇਸ਼ ਕਰ ਕੇ ਵੰਡ ਦੇ ਸੰਤਾਪ ਨੂੰ ਇਉਂ ਬਿਆਨ ਕੀਤਾ :

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਹਾਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਹਾਂ।

ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿਚ ਬੁਲਾਰਿਆਂ ਨੇ ਦੋਹਾਂ ਦੇਸ਼ਾਂ ਦੀ ਸਾਂਝੀ ਪੰਜਾਬੀਅਤ ਨੂੰ ਮੁਖ ਥੀਮ ਵਜੋਂ ਉਭਾਰਿਆ। ਡਾ. ਸੁਤਿੰਦਰ ਸਿੰਘ ਨੂਰ ਨੇ ਕਿਹਾ, "ਅਸੀਂ ਪੰਜਾਬੀਅਤ ਨਾਲ ਸਦੀਆਂ ਤੋਂ ਜੁੜੇ ਹੋਏ ਹਾਂ। ਪੰਜਾਬੀਅਤ ਹੁਣ ਇਕ ਸੰਕਲਪ ਨਹੀਂ ਰਹਿ ਗਈ, ਇਹ ਇਕ ਵਿਚਾਰਧਾਰਾ ਬਣ ਗਈ ਹੈ।" (ਪੰਨਾ 45) ਪ੍ਰਸਿੱਧ ਤਾਰੀਖ਼ਦਾਨ ਅਬਦੁੱਲਾ ਮਲਿਕ ਨੇ ਟਿਪਣੀ ਕੀਤੀ, "ਪੰਜਾਬੀਅਤ ਹੀ ਅਸਲ ਵਿਚ ਸੱਚੀ ਇਨਸਾਨੀਅਤ ਹੈ। ਦੋਹਾਂ ਮੁਲਕਾਂ ਨੂੰ ਨੇੜੇ ਕਰਨ ਲਈ ਪੰਜਾਬੀਆਂ ਨੂੰ ਹੀ ਰੋਲ ਕਰਨਾ ਪਵੇਗਾ ਕਿਉਂਕਿ ਇਹ ਉਨ੍ਹਾਂ ਦੀ ਲੋੜ ਹੈ।" (ਪੰਨਾ 46)

ਰਾਵੀ ਦਰਿਆ ਦੀ ਸੈਰ ਕਰਨ ਗਏ ਲੇਖਕ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਗਲਪਕਾਰ ਦੇਵਿੰਦਰ ਸਤਿਆਰਥੀ ਨਾਲ ਜੁੜਿਆ ਉਹ ਵਾਕਿਆ ਵੀ ਯਾਦ ਆ ਗਿਆ ਜਦੋਂ ਉਹ ਕਿਸੇ ਨਿਰਾਸ਼ਾ ਦੇ ਵੱਸ ਰਾਵੀ ਦਰਿਆ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਲੱਗਾ ਸੀ। ਉਥੇ ਟਹਿਲਦੇ ਕੁਝ ਲੋਕਾਂ ਨੇ ਉਸਨੂੰ ਫੜ ਕੇ ਬਚਾ ਲਿਆ ਸੀ ਅਤੇ ਉਸ ਨੂੰ ਡਾ. ਮੁਹੰਮਦ ਇਕਬਾਲ ਪਾਸ ਲੈ ਗਏ ਸਨ। ਮੁਹੰਮਦ ਇਕਬਾਲ ਦੇ ਸਮਝਾਉਣ ਉਤੇ ਦੇਵਿੰਦਰ ਸਤਿਆਰਥੀ ਨੇ ਅੱਗੇ ਤੋਂ ਖ਼ੁਦਕੁਸ਼ੀ ਕਰਨ ਦਾ ਵਿਚਾਰ ਤਿਆਗ ਦਿੱਤਾ ਸੀ। 17 ਅਪ੍ਰੈਲ ਨੂੰ 'ਮਸਊਦ ਖੱਦਰ ਪੋਸ਼ ਟਰਸਟ' ਵਲੋਂ ਮਾਂ ਬੋਲੀ ਪੰਜਾਬੀ ਦੇ ਮਹਤਵ ਨੂੰ ਦ੍ਰਿੜ੍ਹਾਉਣ ਲਈ ਇਕ ਸੈਮੀਨਾਰ ਕਰਵਾਇਆ ਗਿਆ। ਇਸ ਟਰਸਟ ਦਾ ਮੁਖ ਉਦੇਸ਼ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨਾ ਸੀ। ਇਸ ਸੈਮੀਨਾਰ ਵਿਚ ਡਾ. ਜਗਤਾਰ, ਸਤਨਾਮ ਮਾਣਕ ਅਤੇ ਕੁਝ ਹੋਰ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ। ਲਾਹੌਰ ਕਾਨਫਰੰਸ ਦੇ ਆਖਰੀ ਸੈਸ਼ਨ ਵਿਚ ਪੰਜਾਬੀ ਸਾਹਿੱਤ ਦੇ ਵਿਕਾਸ ਅਤੇ ਪਰਸਪਰ ਆਦਾਨ-ਪ੍ਰਦਾਨ ਵਾਸਤੇ ਕੁਝ ਮਤੇ ਵੀ ਪੇਸ਼ ਕੀਤੇ ਗਏ, ਜੋ ਸਰਵਸੰਮਤੀ ਨਾਲ ਪ੍ਰਵਾਨ ਹੋਏ। ਇਉਂ ਇਸ ਕਾਨਫਰੰਸ ਨੇ ਪੰਜਾਬੀ ਸਾਹਿੱਤ ਦੀ ਬੇਹਤਰੀ ਲਈ ਨਿੱਗਰ ਯੋਗਦਾਨ ਪਾਇਆ।

**(ਹ) ਰਾਜਸੀ ਸਰੋਕਾਰ**

ਦੇਸ਼ ਦੀ ਆਜ਼ਾਦੀ ਤੋਂ ਕੁਝ ਵਰ੍ਹੇ ਪਹਿਲਾਂ ਰਾਜਸੀ ਨੇਤਾਵਾਂ ਨੇ ਧਰਮ ਨੂੰ ਆਪਣਾ ਹਥਿਆਰ ਬਣਾ ਕੇ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਨੂੰ ਇਕ-ਦੂਜੇ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਸੀ। ਬੇਸ਼ੱਕ ਮੁਸਲਮਾਨ ਲੋਕ ਵੀ ਹਿੰਦੁਸਤਾਨ ਦੇ ਜੰਮੇ-ਜਾਏ ਸਨ ਅਤੇ ਪਿਛਲੀਆਂ ਸਤ-ਅੱਠ ਸਦੀਆਂ ਤੋਂ ਹਿੰਦੁਸਤਾਨ ਦੇ ਵਾਸੀ ਸਨ ਪਰੰਤੂ ਧਾਰਮਿਕ ਲੋਕਾਂ ਨੇ ਇਨ੍ਹਾਂ ਵਿਚ ਰੋਟੀ-ਬੇਟੀ ਦੀ ਸਾਂਝ ਨਹੀਂ ਸੀ ਬਣਨ ਦਿੱਤੀ। ਇਕ ਹੀ ਦੇਸ਼ ਵਿਚ ਜੰਮੇ-ਪਲੇ ਹੋਣ ਦੇ ਬਾਵਜੂਦ ਹਿੰਦੂ-ਸਿੱਖ ਲੋਕ ਮੁਸਲਮਾਨਾਂ ਨੂੰ ਬਾਹਰਲੇ ਅਤੇ ਗ਼ੈਰ (others) ਹੀ ਸਮਝਦੇ ਸਨ। ਜਦੋਂ ਹਿੰਦੁਸਤਾਨ ਨੂੰ ਆਜ਼ਾਦ ਕਰਨ ਦਾ ਸਮਾਂ ਆਇਆ ਤਾਂ ਮੁਸਲਮਾਨ ਲੋਕ ਡਰ ਗਏ ਕਿਉਂਕਿ ਨਵੇਂ ਦੇਸ਼ ਵਿਚ ਮੁਸਲਮਾਨਾਂ ਨੇ ਘੱਟ ਗਿਣਤੀ ਵਿਚ ਰਹਿ ਜਾਣਾ ਸੀ ਅਤੇ ਦੇਸ਼ ਦੀ ਵਾਗਡੋਰ ਹਿੰਦੂ ਨੇਤਾਵਾਂ ਨੇ ਸੰਭਾਲ ਲੈਣੀ ਸੀ। ਇਸ ਕਾਰਨ ਉਨ੍ਹਾਂ ਨੇ ਆਪਣੇ ਲਈ ਇਕ ਅਲੱਗ ਦੇਸ਼ ਮੰਗ ਲਿਆ। ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਪੂਰੇ ਪੰਜਾਬ ਵਿਚ ਫਿਰਕੂ ਦੰਗੇ ਸ਼ੁਰੂ ਹੋ ਗਏ। ਅੰਗਰੇਜ਼ ਹਾਕਮਾਂ ਦੀ ਮਨਸ਼ਾ ਹਿੰਦੁਸਤਾਨ ਨੂੰ ਕਮਜ਼ੋਰ ਕਰਨਾ ਹੀ ਸੀ। ਇਸ ਲਈ ਉਨ੍ਹਾਂ ਨੇ ਦੇਸ਼-ਵੰਡ ਦਾ ਪ੍ਰਸਤਾਵ ਰੱਖ ਦਿਤਾ ਜੋ ਦੋਹਾਂ ਧਿਰਾਂ ਨੇ ਮੰਨ ਲਿਆ। ਸੁਰੱਖਿਅਤ ਹੋਣ ਲਈ ਪੱਛਮੀ ਪੰਜਾਬ ਵਿਚ ਵੱਸਣ ਵਾਲੇ ਹਿੰਦੂ-ਸਿਖ ਇਧਰ ਪੂਰਬੀ ਪੰਜਾਬ ਵਿਚ ਆ ਗਏ ਅਤੇ ਪੂਰਬੀ ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨ ਓਧਰ ਹਿਜਰਤ ਕਰ ਗਏ। ਦੋਹਾਂ ਧਿਰਾਂ ਨੂੰ ਇਧਰ-ਉਧਰ ਜਾਂਦਿਆਂ ਸਮੇਂ ਮੌਤ ਦੇ ਦਰਿਆ ਵਿਚੋਂ ਲੰਘ ਕੇ ਜਾਣਾ ਪਿਆ। ਲੱਖਾਂ ਬੇਗੁਨਾਹ ਲੋਕ ਮਾਰੇ ਗਏ, ਔਰਤਾ ਨਾਲ ਬਲਾਤਕਾਰ

ਕੀਤਾ ਗਿਆ। ਇਹ ਸਾਰਾ ਉਪੱਦਰ ਮਜ਼੍ਹਬੀ ਮੌਲਾਣਿਆਂ ਅਤੇ ਹਿੰਦੂ-ਸਿੱਖ ਫਿਰਕਾਪ੍ਰਸਤਾਂ ਦੇ ਉਕਸਾਉਣ ਉਪਰ ਕੀਤਾ ਗਿਆ। ਦੋਵੇਂ ਧਿਰਾਂ ਇਕ-ਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਬਣ ਗਈਆਂ।

ਹਿੰਦੁਸਤਾਨ ਅਤੇ ਪਾਕਿਸਤਾਨ ਦੋ ਅਲੱਗ-ਅਲੱਗ ਦੇਸ਼ ਬਣ ਜਾਣ ਦੇ ਬਾਵਜੂਦ ਦੋਹਾਂ ਵਿਚ ਨਫ਼ਰਤ ਅਤੇ ਬੇਗਾਨਗੀ ਬਣੀ ਰਹੀ। ਸਾਹਿਤਕਾਰਾਂ ਦੀਆਂ ਸੁਹਿਰਦ ਕੋਸ਼ਿਸ਼ਾਂ ਦੇ ਬਾਵਜੂਦ ਰਾਜਸੀ ਨੇਤਾਵਾਂ ਨੇ ਆਮ ਲੋਕਾਂ ਨੂੰ ਟਿਕ ਕੇ ਨਾ ਬੈਠਣ ਦਿੱਤਾ। ਸਾਮਰਾਜੀ ਮੁਲਕਾਂ ਦਾ ਹਿਤ ਵੀ ਇਸੇ ਵਿਚ ਸੀ ਕਿ ਪਰਸਪਰ ਟਕਰਾਉ ਦਾ ਵਾਤਾਵਰਣ ਬਣਿਆ ਰਹੇ ਤਾਂ ਜੋ ਸਾਲਸਾਂ ਦੇ ਰੂਪ ਵਿਚ ਉਨ੍ਹਾਂ ਦੀ ਚੌਧਰ ਬਣੀ ਰਹੇ, ਉਨ੍ਹਾਂ ਦੇ ਹਥਿਆਰ ਵਿਕਦੇ ਰਹਿਣ ਅਤੇ ਇਹ ਦੇਸ਼ ਮਜ਼ਬੂਤ ਨਾ ਹੋ ਸਕਣ। ਭਾਰਤ ਅਤੇ ਪਾਕਿਸਤਾਨ, ਦੋਹਾਂ ਦੇਸ਼ਾਂ ਨੇ ਇਕ-ਦੂਸਰੇ ਦੀ ਪ੍ਰਭੂ-ਸੱਤਾ ਅਤੇ ਸੁਤੰਤਰਤਾ ਨੂੰ ਦਿਲੋਂ ਪ੍ਰਵਾਨ ਨਾ ਕੀਤਾ। ਸਿੱਟੇ ਵਜੋਂ ਦੋਹਾਂ ਦੇਸ਼ਾਂ ਵਿਚ ਦੋ ਵਡੀਆਂ ਲੜਾਈਆਂ ਹੋਈਆਂ ਅਤੇ ਛੋਟੀਆਂ-ਮੋਟੀਆਂ ਝੜਪਾਂ ਨਿਰੰਤਰ ਹੁੰਦੀਆਂ ਰਹਿੰਦੀਆਂ ਹਨ। ਪਾਕਿਸਤਾਨ ਵਿਚ ਤਾਲਿਬਾਨ ਵਜੋਂ ਮਜ਼੍ਹਬੀ ਜਨੂਨ ਨੂੰ ਨਿਰੰਤਰ ਮਘਾਈ ਰੱਖਿਆ ਗਿਆ ਹੈ ਅਤੇ ਇਹ ਲੋਕ ਹਿੰਦੁਸਤਾਨ ਦੇ ਸੀਮਾਵਰਤੀ ਪ੍ਰਦੇਸ਼ਾਂ, ਵਿਸ਼ੇਸ਼ ਕਰ ਕਸ਼ਮੀਰ ਵਿਚ ਅਤਿਵਾਦੀ ਸਰਗਰਮੀਆਂ ਕਰਦੇ ਰਹਿੰਦੇ ਹਨ। ਤਾਲਿਬਾਨ ਅਤੇ ਅਤਿਵਾਦੀਆਂ ਦੀਆਂ ਕਾਰਵਾਈਆਂ ਦੇ ਕਾਰਨ ਨਾ ਕੇਵਲ ਹਿੰਦੁਸਤਾਨ ਕਮਜ਼ੋਰ ਹੋਇਆ ਹੈ ਬਲਕਿ ਪਾਕਿਸਤਾਨੀ ਜਮਹੂਰੀਅਤ ਦਾ ਭੱਠਾ ਹੀ ਬੈਠ ਚੁੱਕਾ ਹੈ। ਦੋਹਾਂ ਦੇਸ਼ਾਂ ਦੇ ਰਾਜਸੀ ਨੇਤਾ ਕਿਸੇ ਭਵਿਖਮੁਖੀ ਅਤੇ ਦੂਰਦਰਸ਼ੀ ਨੀਤੀ ਦਾ ਨਿਰਮਾਣ ਨਹੀਂ ਕਰ ਸਕੇ।

**(ਕ) ਭਾਸ਼ਾਈ ਸਰੋਕਾਰ**

ਹਿੰਦੁਸਤਾਨ ਅਤੇ ਪਾਕਿਸਤਾਨ, ਦੋਹਾਂ ਦੇਸ਼ਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਰੁਕਾਵਟਾਂ ਪਾਈ ਰੱਖੀਆਂ ਹਨ। ਪਾਕਿਸਤਾਨ ਦੀ ਕੌਮੀ ਭਾਸ਼ਾ ਉਰਦੂ ਬਣਾਈ ਗਈ ਅਤੇ ਇਧਰ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਮਾਨ ਮਿਲਿਆ। ਪਾਕਿਸਤਾਨੀ ਸ਼ਾਸਕਾਂ ਅਤੇ ਧਾਰਮਿਕ ਆਗੂਆਂ ਨੇ ਪੰਜਾਬੀ ਵਿਚ ਲਿਖਣ-ਬੋਲਣ ਵਾਲਿਆਂ ਨੂੰ ਦੇਸ਼ ਵਿਰੋਧੀ ਗਰਦਾਨ ਦਿੱਤਾ। ਸੰਜੋਗਵਸ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਆਵਾਜ਼ ਉਠਾਉਣ ਵਾਲੇ ਲੋਕ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ ਅਤੇ ਪ੍ਰਗਤੀਸ਼ੀਲਤਾ ਦਾ ਅਰਥ ਸੀ : ਕਮਿਊਨਿਜ਼ਮ। ਕਮਿਊਨਿਜ਼ਮ ਧਰਮ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੰਦਾ ਕਿਉਂਕਿ ਇਹ ਧਰਮ ਨੂੰ ਇਕ ਅਫ਼ੀਮ ਵਾਂਗ ਨਸ਼ੀਲਾ ਮੰਨਦਾ ਸੀ। ਕਮਿਊਨਿਸਟਾਂ ਦਾ ਵਿਚਾਰ ਸੀ ਕਿ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਬਹੁਤੇ ਲੋਕ ਸੁੱਤੇ ਰਹਿੰਦੇ ਹਨ। ਇਨ੍ਹਾਂ ਨੂੰ ਜਾਗ੍ਰਿਤ ਕਰਨ ਲਈ ਧਰਮ ਦੇ ਸ਼ਿਕੰਜੇ ਤੋਂ ਮੁਕਤ ਕਰਨ ਦੀ ਜ਼ਰੂਰਤ ਹੈ। ਪੰਜਾਬੀ ਲੇਖਕਾਂ ਦੀ ਪ੍ਰਗਤੀਸ਼ੀਲਤਾ ਤੋਂ ਚਿੜ੍ਹ ਕੇ ਪਾਕਿਸਤਾਨ ਦੇ ਧਾਰਮਿਕ ਮੌਲਾਣਿਆਂ ਨੇ ਪੰਜਾਬੀ ਬੋਲੀ ਨੂੰ ਕਮਿਊਨਿਜ਼ਮ ਨਾਲ ਜੋੜ ਦਿੱਤਾ ਅਤੇ ਇਸ ਬੋਲੀ ਦੀ ਬੇਵਜ੍ਹਾ ਆਲੋਚਨਾ ਸ਼ੁਰੂ ਕਰ ਦਿੱਤੀ। ਰਾਜਸੀ ਆਗੂਆਂ ਨੂੰ ਵੀ ਕਮਿਊਨਿਸਟ ਲੋਕ ਇਕ ਅੱਖ ਨਹੀਂ ਸੀ ਭਾਉਂਦੇ। ਪਾਕਿਸਤਾਨ ਦੀ ਰਾਜ-ਸੱਤਾ ਉਪਰ ਵੱਡੇ-ਵੱਡੇ ਜਾਗੀਰਦਾਰ ਅਤੇ ਸਰਮਾਏਦਾਰ ਕਾਬਜ਼ ਸਨ। ਉਹ ਕਦੋਂ ਕਮਿਊਨਿਸਟਾਂ ਨੂੰ ਪਸੰਦ ਕਰਦੇ ਸਨ? ਇਸ ਕਾਰਨ ਪ੍ਰਗਤੀਸ਼ੀਲ ਲੇਖਕਾਂ ਨੂੰ ਜੀਵਨ ਦੀ ਮੁਖ ਧਾਰਾ ਤੋਂ ਪਾਸੇ ਹਟਾਉਣ ਲਈ ਪਾਕਿਸਤਾਨ ਵਿਚ ਪੰਜਾਬੀ ਬੋਲੀ ਨੂੰ ਨਿਸ਼ਾਨਾ ਬਣਾਇਆ ਗਿਆ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿੱਤੀ। ਦਫ਼ਤਰਾਂ ਦਾ ਕੰਮ ਉਰਦੂ ਭਾਸ਼ਾ ਵਿਚ ਹੋਣ ਲੱਗ ਪਿਆ। ਇਸ ਸੂਰਤ ਵਿਚ ਪੰਜਾਬੀ ਬੋਲੀ ਨੂੰ ਜੀਵਿਤ ਰੱਖਣ ਲਈ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਨੂੰ ਇਕ ਲੰਬੀ ਲੜਾਈ ਲੜਨੀ ਪਈ।

ਭਾਰਤੀ ਪੰਜਾਬੀ ਵਿਚ ਵੀ ਪਰਿਸਥਿਤੀਆਂ ਬਹੁਤੀਆਂ ਅਨੁਕੂਲ ਨਹੀਂ ਰਹੀਆਂ। ਆਜ਼ਾਦੀ ਤੋਂ ਬਾਅਦ ਭਾਰਤ ਦੇ ਬਹੁਤੇ ਪ੍ਰਦੇਸ਼ਾਂ ਦੀ, ਬੋਲੀ ਦੇ ਆਧਾਰ ਉਤੇ ਪੁਨਰ-ਵੰਡ ਕੀਤੀ ਗਈ ਪਰ ਪੰਜਾਬ ਦੀ ਗੱਲ ਕਿਸੇ ਨੇ ਨਾ ਸੁਣੀ। ਪੰਜਾਬੀ ਬੋਲੀ ਦੀ ਮੰਗ ਉਠਾਉਣ ਵਾਲੇ ਜ਼ਿਆਦਾ ਲੋਕ ਸਿੱਖ ਹੁੰਦੇ ਸਨ ਕਿਉਂਕਿ ਉਨ੍ਹਾਂ ਦਾ ਧਰਮ-ਗ੍ਰੰਥ ਪੰਜਾਬੀ ਵਿਚ ਸੀ। ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਵੀ ਬਹੁਤ ਸਾਰਾ ਸਿੱਖ ਧਾਰਮਿਕ ਸਾਹਿਤ ਪੰਜਾਬੀ ਬੋਲੀ ਵਿਚ ਹੀ ਲਿਖਿਆ ਗਿਆ ਹੈ। ਦੂਜੇ ਪਾਸੇ ਹਿੰਦੀ ਦੇ ਰਾਸ਼ਟਰ ਭਾਸ਼ਾ ਬਣ ਜਾਣ ਉਪਰੰਤ ਪੰਜਾਬ ਦੇ ਹਿੰਦੂ, ਹਿੰਦੀ ਭਾਸ਼ਾ ਵੱਲ ਉਲਾਰ ਹੋ ਗਏ ਕਿਉਂਕਿ ਉਨ੍ਹਾਂ ਦੇ ਬਹੁਤੇ ਧਾਰਮਿਕ ਗ੍ਰੰਥ ਸੰਸਕ੍ਰਿਤ ਅਤੇ ਹਿੰਦੀ ਵਿਚ ਲਿਖੇ ਗਏ ਸਨ। ਪੰਜਾਬੀ ਅਤੇ ਹਿੰਦੀ ਵਿਚ ਛਪਣ ਵਾਲੀਆਂ ਅਖਬਾਰਾਂ ਨੇ ਆਪਣੇ-ਆਪਣੇ ਪਾਠਕ ਵਰਗ ਨੂੰ ਬਣਾਈ-ਬਚਾਈ ਰੱਖਣ ਵਾਸਤੇ ਫਿਰਕਾਪ੍ਰਸਤੀ ਦਾ ਸਹਾਰਾ ਲਿਆ, ਜਿਸਦੇ ਸਿੱਟੇ ਵਜੋਂ ਬਹੁਤ ਸਾਰੇ ਹਿੰਦੂ, ਪੰਜਾਬੀ ਵਿਰੋਧੀ ਹੋ ਗਏ। ਮੌਕੇ ਦੀਆਂ ਸਰਕਾਰਾਂ ਦੋਵੇਂ ਧਿਰਾਂ ਨੂੰ ਖ਼ੁਸ਼ ਰਖਣਾ ਚਾਹੁੰਦੀਆਂ ਸਨ। ਸਿੱਟੇ ਵਜੋਂ ਪੰਜਾਬ ਕਾਫ਼ੀ ਸਮਾਂ ਦੋ-ਭਾਸ਼ੀ ਪ੍ਰਦੇਸ਼ ਬਣਿਆ ਰਿਹਾ। ਅਕਾਲੀ ਪਾਰਟੀ ਨੇ ਪੰਜਾਬੀ ਸੂਬਾ ਪ੍ਰਾਪਤ ਕਰਨ ਲਈ ਕਈ ਮੋਰਚੇ/ਮੁਹਿੰਮਾਂ ਚਲਾਈਆਂ। ਸਿੱਟੇ ਵਜੋਂ 1966 ਈ. ਵਿਚ ਪੰਜਾਬੀ ਸੂਬਾ (ਪ੍ਰਦੇਸ਼) ਹੋਂਦ ਵਿਚ ਆ ਗਿਆ। ਸ. ਲਛਮਣ ਸਿੰਘ ਗਿੱਲ ਨੇ 1967 ਈ. ਵਿਚ ਪੂਰੇ ਪੰਜਾਬ ਅੰਦਰ ਪੰਜਾਬੀ ਭਾਸ਼ਾ ਜ਼ਰੂਰੀ ਕਰ ਦਿੱਤੀ। ਏਧਰਲੇ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਹੁਤ ਸਾਰੀਆਂ ਯੂਨੀਵਰਸਿਟੀਆਂ, ਅਕਾਦਮੀਆਂ, ਵਿਭਾਗ ਅਤੇ ਸਾਹਿਤਿਕ ਸੰਸਥਾਨ

ਕਰਮਸ਼ੀਲ ਹਨ। ਇਸ ਸੂਰਤ ਵਿਚ ਪੂਰਬੀ ਪੰਜਾਬ ਵਿਚ ਪੰਜਾਬੀ ਸਾਹਿਤ ਅਤੇ ਭਾਸ਼ਾ ਨੇ ਬਹੁਤ ਪ੍ਰਗਤੀ ਕਰ ਲਈ ਹੈ। ਪੰਜਾਬੀ ਵਿਚ ਲਿਖਣ ਵਾਲੇ ਮੌਜੂਦਾ ਲੇਖਕਾਂ ਦੀ ਗਿਣਤੀ ਕਈ ਹਜ਼ਾਰਾਂ ਤਕ ਪਹੁੰਚੀ ਹੋਈ ਹੈ। ਪਾਕਿਸਤਾਨ ਵਿਚ ਰਹਿਣ ਵਾਲੇ ਲੇਖਕਾਂ ਦੀਆਂ ਪੁਸਤਕਾਂ ਵੀ ਇਧਰਲੇ ਪੰਜਾਬ ਵਿਚ ਵੱਡੀ ਗਿਣਤੀਆਂ ਵਿਚ ਛਪਦੀਆਂ ਰਹਿੰਦੀਆਂ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਬੜਾ ਯੋਗ ਮਾਨ ਹੈ। ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸਫ਼ਰਨਾਮੇ ਵਿਚ ਭਾਸ਼ਾਈ ਸਰੋਕਾਰਾਂ ਦਾ ਵਰਣਨ ਕਾਫ਼ੀ ਵਿਸਤਾਰ ਨਾਲ ਕੀਤਾ ਹੈ।

**(ਖ) ਸਮਾਜਿਕ ਸਰੋਕਾਰ**

ਪੱਛਮੀ ਪੰਜਾਬ ਵਿਚ ਮਧ ਸ਼੍ਰੇਣੀ ਪੂਰੀ ਤਰ੍ਹਾਂ ਨਾਲ ਵਿਕਸਿਤ ਨਹੀਂ ਹੋ ਸਕੀ। ਉਥੋਂ ਦੇ ਰਾਜਸੀ ਢਾਂਚੇ ਉਪਰ ਵੱਡੇ-ਵੱਡੇ ਜਾਗੀਰਦਾਰਾਂ ਦੀ ਪਕੜ ਹੈ। ਜਾਗੀਰਦਾਰੀ ਸਮਾਜ ਵਿਚ ਮਧ-ਸ਼੍ਰੇਣੀ ਵਿਕਸਿਤ ਨਹੀਂ ਹੋ ਸਕਦੀ। ਗਣਤੰਤਰ ਨੂੰ ਵਿਕਸਿਤ ਕਰਨ ਅਤੇ ਲੋਕਾਂ ਦੀ ਸੋਚ ਨੂੰ ਆਲੋਚਨਾਤਮਕ (critical) ਬਣਾਉਣ ਵਿਚ ਮਧ ਸ਼੍ਰੇਣੀ ਵਡੀ ਭੂਮਿਕਾ ਨਿਭਾਉਂਦੀ ਹੈ। ਸਾਡੇ ਏਧਰਲੇ ਭਾਰਤੀ ਪੰਜਾਬ ਵਿਚ ਬਹੁਤੇ ਲੇਖਕ ਅਤੇ ਚਿੰਤਕ ਮਧ ਸ਼੍ਰੇਣੀ ਵਿਚੋਂ ਆਏ ਹਨ। ਇਸ ਕਾਰਨ ਸਾਡਾ ਸਮਾਜ ਕਾਫ਼ੀ ਉਦਾਰ ਅਤੇ ਪ੍ਰਗਤੀਸ਼ੀਲ ਬਣ ਗਿਆ ਹੈ। ਪਾਕਿਸਤਾਨ ਵਿਚ ਇਹ ਗੱਲ ਨਹੀਂ ਹੈ। ਉਥੋਂ ਦੇ ਸਮਾਜ ਉਪਰ ਪ੍ਰਤੀਗਾਮੀ ਧਾਰਮਿਕ ਆਗੂਆਂ ਦੀ ਚੌਧਰ ਹੈ। ਔਰਤਾਂ ਆਜ਼ਾਦ ਨਹੀਂ ਹਨ। ਪੂਰੇ ਦਾ ਪੂਰਾ ਸਮਾਜ ਦੱਬਿਆ ਅਤੇ ਘੁੱਟਿਆ ਹੋਇਆ ਹੈ। ਇਸ ਸਫ਼ਰਨਾਮੇ ਵਿਚ ਉਥੋਂ ਦੇ ਸਮਾਜ ਦੀਆਂ ਕਈ ਤਸਵੀਰਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਦੇਖੋ :

> ਖੇਤੀ ਦੇ ਖੇਤਰ ਪਾਕਿਸਤਾਨੀ ਪੰਜਾਬ ਸਾਡੇ ਨਾਲੋਂ ਕਾਫ਼ੀ ਪਛੜਿਆ ਹੋਇਆ ਦਿਖਾਈ ਦੇ ਰਿਹਾ ਸੀ। ਮੈਂ ਇਸ ਦਾ ਕਾਰਨ ਰਾਏ ਸਾਹਿਬ ਨੂੰ ਪੁੱਛਿਆ। ਉਸ ਕੋਲ ਦਸ ਮੁਰੱਬੇ ਜ਼ਮੀਨ ਹੈ ਤੇ ਉਹ ਖ਼ੁਦ ਵੀ ਖੇਤੀ ਕਰਵਾਉਂਦਾ ਸੀ। ਉਸ ਨੇ ਦੱਸਿਆ, "ਸੰਧੂ ਸਾਹਿਬ! ਇਕ ਤਾਂ ਪਾਣੀ ਦਾ ਪੂਰਾ ਬੰਦੋਬਸਤ ਨਹੀਂ, ਟੈਕਸ ਬਹੁਤ ਲਾ ਦਿੱਤੇ ਨੇ। ਇਨਡਸਟਰੀ ਵਾਲਾ ਤਾਂ ਟੈਕਸ ਦਿੰਦਾ ਨਹੀਂ ਤੇ ਕਿਸਾਨ ਵਿਚਾਰੇ ਦਾ ਟੈਕਸ ਦੇਣ ਬਿਨਾਂ ਛੁਟਕਾਰਾ ਨਹੀਂ। ਇਕ ਤਾਂ ਜ਼ਮੀਨ ਉਤੇ ਮਾਲਕਾਨਾ ਟੈਕਸ ਹੈ। ਇਸ ਤੋਂ ਬਿਨਾਂ ਰਕਬੇ ਦੇ ਹਿਸਾਬ ਨਾਲ ਵੀ ਟੈਕਸ ਦੇਣਾ ਪੈਂਦਾ ਹੈ। ਫ਼ਸਲ ਮੁਤਾਬਿਕ ਇਕ ਵੱਖਰਾ ਟੈਕਸ ਹੈ, ਜਿਸ ਨੂੰ ਮਾਮਲਾ ਵੀ ਆਖ ਸਕਦੇ ਹਾਂ।
>
> (ਪੰਨਾ 141)

ਪਾਕਿਸਤਾਨ ਦੇ ਨਿਰਮਾਤਾ ਮੁਹੰਮਦ ਅਲੀ ਜਿਨਾਹ ਨੇ ਅੰਗਰੇਜ਼ਾਂ ਨੂੰ ਇਹ ਸਮਝਾ ਦਿਤਾ ਸੀ ਕਿ ਮੁਸਲਮਾਨ ਅਤੇ ਹਿੰਦੂ-ਸਿਖ ਵੱਖਰੀਆਂ-ਵੱਖਰੀਆਂ ਕੌਮਾਂ ਹਨ। ਇਹ ਇਕੱਠੇ ਨਹੀਂ ਰਹਿ ਸਕਦੇ। ਮੁਸਲਮਾਨਾਂ ਨੂੰ ਇਕ ਵੱਖਰਾ ਦੇਸ਼ ਦੇਣਾ ਹੀ ਠੀਕ ਰਹੇਗਾ। ਆਪਣੇ ਇਸ ਸਿੱਧਾਂਤ ਦੀ ਵਿਆਖਿਆ ਲਈ ਉਸ ਨੇ ਇਹ ਦਲੀਲਾਂ ਦਿੱਤੀਆਂ ਸਨ :

> ਹਿੰਦੂ ਅਤੇ ਮੁਸਲਮਾਨ ਦੋ ਵੱਖ-ਵੱਖ ਧਾਰਮਿਕ ਫਲਸਫ਼ੇ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਸਮਾਜਿਕ ਰਸਮੋ-ਰਿਵਾਜ ਤੇ ਆਪਣਾ ਅਲੱਗ ਸਾਹਿਤ ਹੈ। ਨਾ ਤਾਂ ਇਹ ਇਕ-ਦੂਜੇ ਨਾਲ ਵਿਆਹ-ਸ਼ਾਦੀ ਕਰਦੇ ਹਨ ਅਤੇ ਨਾ ਹੀ ਇਕੱਠੇ ਖਾਂਦੇ ਹਨ। ਨਿਰਸੰਦੇਹ ਇਹ ਦੋਵੇਂ ਵੱਖੋ-ਵੱਖਰੀਆਂ ਸਭਿਅਤਾਵਾਂ ਨਾਲ ਸੰਬੰਧਿਤ ਹਨ, ਜਿਹੜੀਆਂ ਮੁਖ ਤੌਰ ਤੇ ਵਿਰੋਧੀ ਵਿਚਾਰਾਂ ਅਤੇ ਸੰਕਲਪਾਂ ਉਤੇ ਆਧਾਰਿਤ ਹਨ। ਜ਼ਿੰਦਗੀ ਬਾਰੇ ਉਨ੍ਹਾਂ ਦੇ ਸੰਕਲਪ ਇਕ-ਦੂਜੇ ਤੋਂ ਭਿੰਨ ਹਨ। ਇਹ ਬੜੀ ਸਾਫ਼ ਗੱਲ ਹੈ ਕਿ ਹਿੰਦੂ ਅਤੇ ਮੁਸਲਮਾਨ ਵੱਖੋ-ਵੱਖਰੀਆਂ ਘਟਨਾਵਾਂ ਅਤੇ ਨਾਇਕਾਂ ਤੋਂ ਪ੍ਰੇਰਨਾ ਲੈਂਦੇ ਹਨ। ਆਮ ਤੌਰ ਤੇ ਇਕ ਧਿਰ ਦਾ ਨਾਇਕ, ਦੂਜੇ ਦਾ ਦੁਸ਼ਮਣ ਹੁੰਦਾ ਹੈ ਅਤੇ ਇਕ ਧਿਰ ਦੀ ਇਤਿਹਾਸ ਵਿਚ ਪ੍ਰਾਪਤ ਕੀਤੀ ਜਿੱਤ, ਦੂਜੇ ਦੀ ਹਾਰ ਹੁੰਦੀ ਹੈ।
>
> (*ਵਗਦੀ ਏ ਰਾਵੀ*, ਪੰਨਾ 143)

ਮੁਹੰਮਦ ਅਲੀ ਜਿਨਾਹ ਦੀ ਵਿਚਾਰਧਾਰਾ ਅਜੇ ਤਕ ਵੀ ਪਾਕਿਸਤਾਨ ਵਿਚ ਪ੍ਰਵਾਨਿਤ ਹੈ। ਇਹੀ ਕਾਰਨ ਹੈ ਕਿ ਘੱਟ ਪੜ੍ਹੇ ਲਿਖੇ ਜਾਂ ਮੁਤਅੱਸਬੀ ਲੋਕ ਹਿੰਦੁਸਤਾਨੀਆਂ ਉਪਰ ਵਿਅੰਗ ਕਰਨੋਂ ਨਹੀਂ ਝਿਜਕਦੇ। ਪਰ ਵਿਸ਼ਵ ਕਾਨਫਰੰਸ ਸਮੇਂ ਉਧਰ ਗਏ ਪੰਜਾਬੀ ਲੇਖਕਾਂ ਨੇ ਉਨ੍ਹਾਂ ਦੇ ਪੂਰਵਾਗ੍ਰਹਿ ਦੂਰ ਕਰਨ ਦੀ ਸੁਹਿਰਦ ਕੋਸ਼ਿਸ਼ ਕੀਤੀ ਅਤੇ ਕੁਝ ਲੋਕਾਂ ਨੂੰ ਉਨ੍ਹਾਂ ਦੀਆਂ ਗੱਲਾਂ ਪਸੰਦ ਵੀ ਆਈਆਂ। ਪਰੰਤੂ ਦੁਸ਼ਮਣੀ ਅਤੇ ਦੁਰਭਾਵਨਾ ਦਾ ਇਤਿਹਾਸ ਏਨਾ ਲੰਬਾ ਹੋ ਗਿਆ ਹੈ ਕਿ ਪਰਸਪਰ ਪਾੜੇ ਅਤੇ ਵਿੱਥਾਂ ਨੂੰ ਮੇਟਨਾ ਦਿਨ ਪ੍ਰਤਿਦਿਨ ਕਠਿਨ ਹੁੰਦਾ ਜਾ ਰਿਹਾ ਹੈ।

**2.1.5 ਉਪਸੰਹਾਰ**

ਸ. ਵਰਿਆਮ ਸਿੰਘ ਸੰਧੂ ਨੇ ਇਸ ਸਫ਼ਰਨਾਮੇ ਵਿਚ ਉਨ੍ਹਾਂ ਸਾਰੇ ਸਰੋਕਾਰਾਂ ਨੂੰ ਬੜੀ ਸੰਤੁਲਿਤ ਅਤੇ ਨਿਰਪੱਖ ਪਹੁੰਚ-ਵਿਧੀ ਨਾਲ ਬਿਆਨ ਕੀਤਾ ਹੈ, ਜਿਹੜੇ ਪਾਕਿਸਤਾਨ ਦੀ ਸੰਖੇਪ ਜਿਹੀ ਯਾਤਰਾ ਵਿਚ ਉਸ ਦੇ ਸਨਮੁਖ ਆਏ ਸਨ। ਉਸ ਅਨੁਸਾਰ ਲੇਖਕ ਅਤੇ ਕਲਾਕਾਰ ਲੋਕ ਇਕੱਠੇ ਹੋਣ ਲਈ ਸੱਚੀ ਤਾਂਘ ਰਖਦੇ ਹਨ। ਅਤੀਤ ਦੀਆਂ ਯਾਦਾਂ ਉਨ੍ਹਾਂ ਨੂੰ ਇਕ ਦੂਜੇ ਦੇ ਕਰੀਬ ਆਉਣ ਦਾ ਨਿਮੰਤ੍ਰਣ ਦਿੰਦੀਆਂ ਹਨ ਪਰ ਰਾਜਸੀ ਲੋਕਾਂ ਅਤੇ ਧਾਰਮਿਕ ਆਗੂਆਂ ਦਾ ਹਿਤ ਇਸ ਵਿਚ ਹੈ ਕਿ ਦੋਹਾਂ ਦੇਸ਼ਾਂ ਵਿਚ ਦੁਸ਼ਮਣੀ ਦੇ ਭਾਵ ਬਣੇ ਰਹਿਣ। ਦੁਸ਼ਮਣੀ ਦੀ ਵਜ੍ਹਾ ਨਾਲ ਆਮ ਲੋਕਾਂ ਦੇ ਮਨਾਂ ਵਿਚ ਡਰ ਪੈਦਾ ਹੁੰਦਾ ਹੈ ਅਤੇ ਇਹੀ ਡਰ ਉਨ੍ਹਾਂ ਨੂੰ ਰਾਜਸੀ ਅਤੇ ਧਾਰਮਿਕ ਸੱਤਾ ਦੇ ਗ਼ੁਲਾਮ ਬਣਾਈ ਰੱਖਦਾ ਹੈ। ਬੇਸ਼ਕ ਇਹ ਸਫ਼ਰਨਾਮਾ ਸਾਹਿਤਿਕ ਦ੍ਰਿਸ਼ਟੀ ਤੋਂ ਲਿਖਿਆ ਗਿਆ ਪਰ ਤਾਂ ਵੀ ਇਸ ਵਿਚੋਂ ਪਾਕਿਸਤਾਨੀ ਸਭਿਆਚਾਰ ਦੇ ਬਹੁਤ ਸਾਰੇ ਪਾਸਾਰਾਂ ਬਾਰੇ ਨਵਾਂ ਗਿਆਨ ਪ੍ਰਾਪਤ ਹੁੰਦਾ ਹੈ। ਇਹ ਪੁਸਤਕ ਇਕ ਵਡਮੁੱਲੀ ਰਚਨਾ ਹੈ।

**ਪ੍ਰਸ਼ਨ : ਉਕਤ ਪਾਠ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਢੁੱਕਵੇਂ ਉੱਤਰ ਦਿਉ।**

1. ਸ. ਵਰਿਆਮ ਸਿੰਘ ਸੰਧੂ ਨੇ ਆਪਣੇ ਸਫ਼ਰਨਾਮੇ ਵਿਚ ਪਾਕਿਸਤਾਨੀ ਸਾਹਿਤਕਾਰਾਂ ਨੂੰ ਪੇਸ਼ ਆਉਣ ਵਾਲੀਆਂ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਨੂੰ ਬਿਆਨ ਕੀਤਾ ਹੈ ?
2. 'ਵਗਦੀ ਏ ਰਾਵੀ' ਵਿਚ ਪੱਛਮੀ ਪੰਜਾਬ (ਪਾਕਿਸਤਾਨ) ਦੇ ਲੋਕਾਂ ਦੇ ਸੁਭਾ ਅਤੇ ਚਰਿਤਰ ਦੀਆਂ ਕਿਹੜੀਆਂ-ਕਿਹੜੀਆਂ ਗੱਲਾਂ ਨੂੰ ਬਿਆਨ ਕੀਤਾ ਹੈ।

ਐਮ.ਏ. (ਪੰਜਾਬੀ) ਭਾਗ ਦੂਜਾ | ਪੇਪਰ ਚੌਥਾ
ਸਮੈਸਟਰ-ਚੌਥਾ | (ਆਧੁਨਿਕ ਪੰਜਾਬੀ ਵਾਰਤਕ)

ਪਾਠ ਨੰ: 2.2 | - ਪ੍ਰੋ. ਬ੍ਰਹਮਜਗਦੀਸ਼ ਸਿੰਘ

# *ਵਗਦੀ ਏ ਰਾਵੀ* : ਸਾਹਿਤਕ ਪਰਖ

**2.2.1 ਉਦੇਸ਼**

'ਵਗਦੀ ਏ ਰਾਵੀ' ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਵਲੋਂ ਲਿਖਿਆ ਪਾਕਿਸਤਾਨ ਦਾ ਸਫ਼ਰਨਾਮਾ ਹੈ। ਇਹ ਯਾਤਰਾ ਉਸਨੇ ਅਪ੍ਰੈਲ 2001 ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਇਕ ਡੈਲੀਗੇਟ ਵਜੋਂ ਕੀਤੀ ਸੀ। 'ਸਫ਼ਰਨਾਮਾ' ਪੰਜਾਬੀ ਵਾਰਤਕ ਸਾਹਿਤ ਦੀ ਇਕ ਪ੍ਰਮੁਖ ਵੰਨਗੀ ਹੈ। ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਨੇ ਦੇਸ਼-ਵਿਦੇਸ਼ ਦੀ ਯਾਤਰਾ ਦੇ ਨਿਰੂਪਣ ਲਈ ਆਪਣੇ-ਆਪਣੇ ਸਫ਼ਰਨਾਮੇ ਲਿਖੇ ਹਨ। ਸਫ਼ਰਨਾਮਿਆਂ ਵਿਚ ਸਾਹਿਤਿਕ ਗੁਣਾਂ-ਲੱਛਣਾਂ ਦਾ ਹਰ ਰੰਗ ਦਿਖਾਈ ਦਿੰਦਾ ਹੈ। ਇਹ ਬੜੇ ਰੋਚਕ ਹੁੰਦੇ ਹਨ। ਹਥਲੇ ਪਾਠ ਵਿਚ ਅਸੀਂ ਐਮ.ਏ. II (IV ਸੀਮੈਸਟਰ) ਦੇ ਵਿਦਿਆਰਥੀਟਾਂ ਲਈ 'ਵਗਦੀ ਏ ਰਾਵੀ' ਪੁਸਤਕ ਦੇ ਸਾਹਿਤਿਕ ਗੁਣਾਂ ਦੀ ਪਹਿਚਾਣ ਕਰਵਾ ਰਹੇ ਹਾਂ।

**2.2.2 ਰੂਪ ਰੇਖਾ**

ਆਪਣੇ ਵਿਦਿਆਰਥੀਆਂ ਦੀ ਸਹੂਲਤ ਲਈ ਅਸੀਂ ਇਸ ਸਫ਼ਰਨਾਮੇ ਦੇ ਕਈ ਉਪਭਾਗ ਬਣਾ ਲਏ ਹਨ। ਹਰ ਉਪਭਾਗ ਵਿਚ ਸਫ਼ਰਨਾਮਾ ਸਾਹਿੱਤ ਦੇ ਕਿਸੇ ਤੱਤ ਵਿਸ਼ੇਸ਼ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਾਠ ਦੀ ਰੂਪ ਰੇਖਾ ਦੀ ਤਰਤੀਬ ਇਸ ਪ੍ਰਕਾਰ ਹੈ :

(ੳ) ਵਗਦੀ ਏ ਰਾਵੀ ਦਾ ਵਿਸ਼ੈ ਪੱਖ
(ਅ) ਭਾਵਨਾਤਮਕ ਪੱਖ
(ੲ) ਬਿਰਤਾਂਤ ਜੁਗਤਾਂ
(ਸ) ਦ੍ਰਿਸ਼ ਚਿਤ੍ਰਣ
(ਹ) ਸਥਾਨਕ ਰੰਗਣ
(ਕ) ਬੋਲੀ ਅਤੇ ਸ਼ਬਦਾਵਲੀ
(ਖ) ਨਾਮਕਰਣ।

**2.2.3 ਭੂਮਿਕਾ**

'ਵਗਦੀ ਏ ਰਾਵੀ' (2001) ਪਾਕਿਸਤਾਨ ਦਾ ਸਫ਼ਰਨਾਮਾ ਹੈ। ਵਰਿਆਮ ਸਿੰਘ ਸੰਧੂ ਤੋਂ ਪਹਿਲਾਂ ਪੰਜਾਬੀ ਦੇ ਹੋਰ ਵੀ ਕਈ ਲੇਖਕਾਂ ਨੇ ਪਾਕਿਸਤਾਨ ਦੇ ਸਫ਼ਰ ਦਾ ਬਿਰਤਾਂਤ ਤਿਆਰ ਕੀਤਾ ਹੈ। ਬਲਰਾਜ ਸਾਹਨੀ ਅਤੇ ਹਰਭਜਨ ਸਿੰਘ ਹੁੰਦਲ ਦੇ ਪਾਕਿਸਤਾਨੀ ਸਫ਼ਰਨਾਮੇ ਪੰਜਾਬੀ ਪਾਠਕਾਂ ਵਿਚ ਕਾਫ਼ੀ ਮਕਬੂਲ ਹੋਏ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਪੱਛਮੀ ਪੰਜਾਬ ਵਿਚ ਬਹੁਤ ਸਾਰੇ ਸ਼ਹਿਰ ਅਤੇ ਪਿੰਡ ਵਪਾਰ, ਖੇਤੀਬਾੜੀ, ਸਾਹਿਤ ਅਤੇ ਸਭਿਆਚਾਰ ਪੱਖੋਂ ਕਾਫ਼ੀ ਪ੍ਰਸਿੱਧ ਸਨ। ਸਾਡੇ ਬਹੁਤੇ ਲੇਖਕ (ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਮੋਹਨ ਸਿੰਘ ਦੀਵਾਨਾ, ਹਰਨਾਮ ਸਿੰਘ ਸ਼ਾਨ, ਵਣਜਾਰਾ ਬੇਦੀ, ਅਜੀਤ ਕੌਰ, ਬਲਰਾਜ ਸਾਹਨੀ ਆਦਿਕ) ਪੱਛਮੀ ਪੰਜਾਬ ਨਾਲ ਹੀ ਸੰਬੰਧਿਤ ਸਨ। ਭਾਵੇਂ ਪੱਛਮੀ ਪੰਜਾਬ ਵਿਚ ਹਿੰਦੂ-ਸਿੱਖ ਘਟਗਿਣਤੀ ਵਿਚ ਸਨ; ਉਧਰ ਮੁਸਲਮਾਨ ਬਹੁਗਿਣਤੀ ਵਿਚ ਸਨ ਤਾਂ ਵੀ ਹਿੰਦੂ ਅਤੇ ਸਿੱਖ ਲੋਕ ਪੰਜਾਬੀ ਅਰਥਚਾਰੇ ਅਤੇ ਸਾਹਿਤ ਦੀ ਰੀੜ੍ਹ ਦੀ ਹੱਡੀ ਸਨ। ਘੱਟ-ਗਿਣਤੀ ਸਮੂਹ ਹੋਣ ਕਾਰਨ ਹੀ ਉਹ ਸਾਹਿਤ ਦੀ ਸਿਰਜਣਾ ਕਰ ਰਹੇ ਸਨ। ਦੇਸ਼ ਦੀ ਵੰਡ ਪਿਛੋਂ ਹਿੰਦੂ-ਸਿੱਖਾਂ ਨੂੰ ਓਧਰੋਂ-ਏਧਰ ਆਉਣਾ ਪਿਆ ਅਤੇ ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨਾਂ ਨੂੰ ਬਦੋਬਦੀ ਉਧਰ ਧੱਕ ਦਿੱਤਾ ਗਿਆ। ਪੰਜਾਬੀ ਸਾਹਿੱਤਕਾਰ ਵੀ ਦੋ ਦੇਸ਼ਾਂ ਵਿਚ ਵੰਡੇ ਗਏ। ਵਰਿਆਮ ਸਿੰਘ ਸੰਧੂ ਨੇ ਪੱਛਮੀ ਪੰਜਾਬ ਵਿਚ ਰਹਿਣ ਵਾਲੇ ਸਾਹਿਤਕਾਰਾਂ ਦੀਆਂ ਸਮੱਸਿਆਵਾਂ ਅਤੇ ਸੋਚਾਂ ਦਾ ਪ੍ਰਮਾਣਿਕ ਅੰਕਣ ਕੀਤਾ ਹੈ।

**ਵਗਦੀ ਏ ਰਾਵੀ : ਸਾਹਿਤਿਕ ਪਰਖ**

**(ੳ) ਵਿਸ਼ੈ ਪੱਖ**

'ਵਗਦੀ ਏ ਰਾਵੀ' ਵਿਚ ਲੇਖਕ ਨੇ ਵਿਸ਼ਵ ਪੰਜਾਬੀ ਕਾਨਫਰੰਸ (12 ਤੋਂ 19 ਅਪ੍ਰੈਲ 2001) ਸਮੇਂ ਕੀਤੀ ਪਾਕਿਸਤਾਨ

ਯਾਤਰਾ ਦਾ ਵਰਣਨ ਕੀਤਾ ਹੈ। ਇਨ੍ਹਾਂ ਸੱਤ ਦਿਨ ਵਿਚ ਉਸ ਨੇ ਜਿਥੇ ਇਸ ਕਾਨਫਰੰਸ ਦੀ ਕਾਰਵਾਈ ਦਾ ਰੋਚਕ ਬਿਰਤਾਂਤ ਪੇਸ਼ ਕੀਤਾ ਹੈ। ਉਥੇ ਕਸੂਰ, ਸੇਖੂਪੁਰਾ, ਨਨਕਾਣਾ ਸਾਹਿਬ ਅਤੇ ਲਾਇਲਪੁਰ ਵਰਗੇ ਸ਼ਹਿਰਾਂ ਦੀ ਸੈਰ ਦੇ ਵੇਰਵੇ ਵੀ ਦਰਜ ਕੀਤੇ ਹਨ। ਲੇਖਕ ਅਤੇ ਉਸਦੇ ਸਾਥੀਆਂ ਪਾਸ ਕੇਵਲ ਲਾਹੌਰ ਦਾ ਹੀ ਵੀਜ਼ਾ ਸੀ ਪਰ ਉਨ੍ਹਾਂ ਨੇ ਆਪਣੇ ਪਾਕਿਸਤਾਨੀ ਮਿੱਤਰਾਂ ਦੀ ਮਦਦ ਨਾਲ ਉਥੋਂ ਦੇ ਤਿੰਨ-ਚਾਰ ਹੋਰ ਵੀ ਇਤਿਹਾਸਕ ਨਗਰ ਵੇਖ ਲਏ। ਵਰਿਆਮ ਸਿੰਘ ਸੰਧੂ ਦੀ ਇਹ ਪਹਿਲੀ ਪਾਕਿਸਤਾਨ ਯਾਤਰਾ ਸੀ। ਭਾਵੇਂ ਉਸਦਾ ਪੁਰਾਣਾ ਪਿੰਡ ਭਡਾਣਾ, ਲਾਹੌਰ ਸ਼ਹਿਰ ਦੇ ਨੇੜੇ ਹੀ ਸਥਿਤ ਸੀ ਪਰ ਉਹ ਚਾਹੁਣ ਦੇ ਬਾਵਜੂਦ ਆਪਣੇ ਪਿੰਡ ਵਿਚ ਫੇਰੀ ਨਾ ਪਾ ਸਕਿਆ। ਪਹਿਲੀ ਯਾਤਰਾ ਹੋਣ ਦੇ ਕਾਰਨ ਲੇਖਕ ਦੇ ਮਨ ਵਿਚ ਇਸ ਯਾਤਰਾ ਲਈ ਬਹੁਤ ਉਤਸੁਕਤਾ ਅਤੇ ਚਾਅ ਸੀ। ਇਸ ਯਾਤਰਾ ਦਾ ਵਰਣਨ ਕਰਦਾ ਹੋਇਆ ਉਹ ਲਿਖਦਾ ਹੈ :

> ਉਥੇ ਆਮ ਲੋਕਾਂ ਨੂੰ ਮਿਲਦਿਆਂ ਹੋਇਆਂ ਮੈਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ ਕਿ ਲਹਿੰਦੇ ਪੰਜਾਬ ਦੇ ਪੰਜਾਬੀ ਭਰਾਵਾਂ ਦੇ ਮਨਾਂ ਵਿਚ ਵੀ ਚੜ੍ਹਦੇ ਪੰਜਾਬ ਦੇ ਆਪਣੇ ਵਿਛੜੇ ਭਰਾਵਾਂ ਲਈ ਵਿਗੋਚੇ ਅਤੇ ਵਿਛੋੜੇ ਦੀ ਬੜੀ ਤੀਬਰ ਤੜਪਣੀ ਹੈ। ਦੋਹਾਂ ਪੰਜਾਬਾਂ ਵਿਚ ਅਜਿਹੇ ਕਰੋੜਾਂ ਲੋਕ ਹਨ, ਜਿਨ੍ਹਾਂ ਦੀਆਂ ਜੜ੍ਹਾਂ ਤੇ ਯਾਦਾਂ ਇਕ-ਦੂਜੇ ਮੁਲਕ ਨਾਲ ਜੁੜੀਆਂ ਹੋਈਆਂ ਹਨ। ਉਹ ਸਰਹੱਦਾਂ ਤੋਂ ਉਰਾਰ-ਪਾਰ ਜਾ ਕੇ, ਆਪਣੇ ਵਡੇਰਿਆਂ ਦੀ ਸ਼ਰਜ਼ਮੀਂ ਨੂੰ ਚੁੰਮ ਕੇ ਮੱਥੇ ਨਾਲ ਛੁਹਾਉਣ ਲਈ ਵਿਲਕ ਰਹੇ ਹਨ। ਵਿੱਛੜੇ ਭਰਾਵਾਂ ਨੂੰ ਗਲੇ ਮਿਲਣ ਲਈ ਲੁੱਛ-ਲੋਚ ਰਹੇ ਹਨ। (ਪੰਨਾ 6)

ਇਸ ਸਫ਼ਰਨਾਮੇ ਦਾ ਵਿਸ਼ੈ ਵਿਸ਼ਵ ਪੰਜਾਬੀ ਕਾਨਫਰੰਸ ਲਾਹੌਰ ਦੀਆਂ ਯਾਦਾਂ ਅਤੇ ਕਾਰਵਾਈ ਨਾਲ ਸੰਬੰਧਿਤ ਹੈ। 13 ਅਪ੍ਰੈਲ 2001 ਨੂੰ ਵਿਸਾਖੀ ਵਾਲੇ ਦਿਨ ਫਲੈਟੀਜ਼ ਹੋਟਲ ਦੇ ਵਿਸ਼ਾਲ ਹਾਲ ਵਿਚ ਇਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਸੀ। ਇਸ ਕਾਨਫਰੰਸ ਦਾ ਮੁਖ ਥੀਮ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਸਰਬਪੱਖੀ ਵਿਕਾਸ ਨਾਲ ਸੰਬੰਧਿਤ ਸੀ। ਪਾਕਿਸਤਾਨ ਦੇ ਮੁੱਲਾਂ-ਮੌਲਾਣੇ ਅਤੇ ਰਾਜਸੀ ਆਗੂ, ਪੰਜਾਬੀ ਸਾਹਿੱਤ ਨੂੰ ਪਿੱਛੇ ਧੱਕਣਾ ਚਾਹੁੰਦੇ ਸਨ। ਉਨ੍ਹਾਂ ਨੇ ਉਰਦੂ ਭਾਸ਼ਾ ਨੂੰ ਦੇਸ਼ ਦੀ ਕੌਮੀ ਬੋਲੀ ਦਾ ਦਰਜਾ ਦਿੱਤਾ ਹੋਇਆ ਸੀ ਅਤੇ ਕਈ ਕਰੋੜ ਲੋਕਾਂ ਦੀ ਮਾਂ ਬੋਲੀ ਹੋਣ ਦੇ ਬਾਵਜੂਦ ਪੰਜਾਬੀ ਨੂੰ ਅਣਡਿੱਠ ਕੀਤਾ ਜਾ ਰਿਹਾ ਸੀ। ਅਸਲ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਪ੍ਰਗਤੀਸ਼ੀਲ ਚਰਿੱਤਰ ਦੇ ਧਾਰਨੀ ਹਨ। ਇਨ੍ਹਾਂ ਨੇ ਪਿਛਲੀਆਂ ਕਈ ਸਦੀਆਂ ਤੋਂ ਵਿਵਸਥਾ ਨੂੰ ਵੰਗਾਰਨਾ ਸ਼ੁਰੂ ਕਰ ਰੱਖਿਆ ਸੀ। ਹਾਕਮ ਜਮਾਤ ਨੂੰ ਕਿਸੇ ਵੀ ਪ੍ਰਕਾਰ ਦੀ ਨਾਬਰੀ ਜਾਂ ਪ੍ਰਤਿਰੋਧ ਪਸੰਦ ਨਹੀਂ ਆਉਂਦੇ। ਇਸ ਕਾਰਨ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਉਹ ਪੰਜਾਬੀ ਬੋਲੀ ਅਤੇ ਸਾਹਿਤ ਦੇ ਰਾਹ ਵਿਚ ਅਨੇਕ ਰੁਕਾਵਟਾਂ ਖੜੀਆਂ ਕਰ ਰਹੇ ਸਨ। ਇਨ੍ਹਾਂ ਰੁਕਾਵਟਾਂ ਨੂੰ ਵੰਗਾਰਦਿਆਂ ਹੋਇਆਂ ਪਾਕਿਸਤਾਨ ਦੇ ਪ੍ਰਮੁਖ ਅਦੀਬ ਫ਼ਖਰ ਜ਼ਮਾਂ ਨੇ ਐਲਾਨ ਕੀਤਾ ਸੀ: ਉਹ ਸੱਚਾ ਪਾਕਿਸਤਾਨੀ ਸੀ। ਆਪਣੇ ਦੇਸ਼ ਨੂੰ ਮੁਹੱਬਤ ਕਰਨ ਵਾਲਾ ਉਹ ਕਹਿ ਰਿਹਾ ਸੀ ਕਿ ਉਹ ਕਿਸੇ ਵੀ ਕੱਟੜਪੰਥੀ ਨਾਲੋਂ ਵੱਧ ਆਪਣੇ ਦੇਸ਼ ਅਤੇ ਉਸਦੀ ਖ਼ੁਦਮੁਖ਼ਤਿਆਰੀ ਨੂੰ ਪਿਆਰ ਕਰਨ ਵਾਲਾ ਹੈ ਅਤੇ ਇਸ ਵਾਸਤੇ ਉਸ ਨੂੰ ਕਿਸੇ ਮੁੱਲਾਂ-ਮੁਲਾਣੇ ਤੋਂ ਸਰਟੀਫ਼ੀਕੇਟ ਲੈਣ ਦੀ ਲੋੜ ਨਹੀਂ। ਇਹ ਲੋਕ ਸਾਨੂੰ ਨਸੀਹਤਾਂ ਦੇਣ ਦੀ ਬਜਾਇ ਮਸਜਿਦਾਂ ਵਿਚ ਬੈਠ ਕੇ ਆਪਣੀ ਪਾਠ-ਪੂਜਾ ਕਰਨਾ ਅਸੀਂ ਬਥੇਰਾ ਚਿਰ ਇਨ੍ਹਾਂ ਦੇ ਫ਼ਤਵਿਆਂ ਤੋਂ ਡਰ ਕੇ ਚੁੱਪ ਵੱਟੀ ਰੱਖੀ। ਉਰਦੂ ਸਾਡੀ ਕੌਮੀ ਜ਼ਬਾਨ ਹੈ ਅਸੀਂ ਉਸ ਨੂੰ ਪਿਆਰ ਕਰਦੇ ਹਾਂ ਪਰ ਅਸੀਂ ਹੁਣ ਪੰਜਾਬੀ ਉਤੇ ਉਰਦੂ ਦੀ ਸਰਦਾਰੀ ਨਹੀਂ ਚੱਲਣ ਦੇਣੀ। ਸਾਨੂੰ ਪੰਜਾਬੀ ਹੋਣ ਅਤੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਆਖਣ ਉਤੇ ਫ਼ਖ਼ਰ ਹੈ। (ਪੰਨਾ 111)

ਪੰਜਾਬੀ ਸਾਹਿਤਕਾਰਾਂ ਅਤੇ ਮਾਂ-ਬੋਲੀ ਦੇ ਹਿਮਾਇਤੀਆਂ ਦੇ ਸੰਘਰਸ਼ ਨੂੰ ਪਿਛੇ ਪਾਉਣ ਲਈ ਪਾਕਿਸਤਾਨੀ ਸਰਕਾਰ ਨੇ ਇਕ ਹੋਰ ਸਾਜ਼ਿਸ਼ ਰਚੀ ਅਤੇ ਉਚ ਇਹ ਕਿ ਸਹਾਇਕੀ ਅਤੇ ਲਹਿੰਦੀ ਬੋਲਣ ਵਾਲਿਆਂ ਨੂੰ ਉਕਸਾ ਦਿੱਤਾ ਕਿ ਤੁਸੀਂ ਵੀ ਆਪਣੀ ਜ਼ਬਾਨ ਦੀ ਤਰੱਕੀ ਲਈ ਮੁਜ਼ਾਹਰੇ ਕਰੋ, ਮੰਗ-ਪੱਤਰ ਦਿਉ। ਅਜਿਹੀਆਂ ਵਿਧੀਆਂ ਨਾਲ ਸੰਘਰਸ਼ ਕਰਨ ਵਾਲਿਆਂ ਦਾ ਜੋਸ਼ ਅਤੇ ਉਤਸ਼ਾਹ ਮੱਠਾ ਹੋ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਉਲੇਖਯੋਗ ਤੱਥ ਇਹ ਹੈ ਕਿ ਜਿਵੇਂ ਪੂਰਬੀ ਪੰਜਾਬ ਵਿਚ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਆਦਿਕ ਕਈ ਉਪਬੋਲੀਆਂ ਬੋਲੀਆਂ ਜਾਂਦੀਆਂ ਹਨ, ਜੋ ਪੰਜਾਬੀ ਭਾਸ਼ਾ ਦੀਆਂ ਹੀ ਸ਼ਾਖਾਵਾਂ ਹਨ। ਇਸੇ ਪ੍ਰਕਾਰ ਪੱਛਮੀ ਪੰਜਾਬ ਵਿਚ ਸਹਾਇਕੀ ਅਤੇ ਲਹਿੰਦੀ ਵੀ ਮੂਲ ਪੰਜਾਬੀ ਦੀਆਂ ਉਪਬੋਲੀਆਂ ਹੀ ਹਨ। ਗ੍ਰੀਅਰਸਨ ਵਰਗੇ ਵਿਦਵਾਨਾਂ ਨੇ ਟਪਲੇ ਨਾਲ ਲਹਿੰਦੀ ਨੂੰ ਪੰਜਾਬੀ ਨਾਲੋਂ ਵੱਖਰੀ ਭਾਸ਼ਾ ਮੰਨ ਲਿਆ ਸੀ। ਉਸੇ ਦੀ ਟਿੱਪਣੀ ਨੂੰ ਆਧਾਰ ਬਣਾ ਕੇ ਹਕੂਮਤਾਂ ਪੰਜਾਬੀ ਬੋਲਣ ਵਾਲਿਆਂ ਵਿਚ ਦੁਫੇੜ ਪਾਉਣਾ ਚਾਹੁੰਦੀਆਂ ਸਨ। ਪਰ ਪੰਜਾਬੀ ਲੇਖਕਾਂ ਨੂੰ ਹਕੂਮਤ ਦੀ ਇਸ ਸਾਜ਼ਿਸ਼ ਬਾਰੇ ਮਾਲੂਮ ਹੋ ਗਿਆ ਸੀ। ਇਸ ਕਾਰਨ ਪੰਜਾਬੀ ਦੇ ਹੱਕ ਵਿਚ ਨਿਤਰਣ ਵਾਲਿਆਂ ਦੀ ਤਹਿਰੀਕ ਮੱਠੀ ਨਹੀਂ ਸੀ ਪਈ। ਪਾਕਿਸਤਾਨ ਦਾ ਇਕ

ਅਦੀਬ ਨਵੀਦ ਸ਼ਹਿਜਾਦ ਇਸ ਮੁਤਅਲਕ ਬੜੀ ਸਹੀ ਰਾਇ ਦਿੰਦਾ ਹੈ :

> ਸਰਾਇਕੀ ਦੇ ਸਮਰਥਕ ਇਹੋ ਹੀ ਆਖਦੇ ਨੇ ਕਿ ਪਾਕਿਸਤਾਨ ਦੀ ਪੰਜਾਹ ਫ਼ੀ ਸਦੀ ਆਬਾਦੀ ਸਰਾਇਕੀ-ਭਾਸ਼ੀ ਹੈ। ਉਹ ਆਪਣੇ ਹੱਕ ਵਿਚ ਜਿਹੜੀਆਂ ਦਲੀਲਾਂ ਦਿੰਦੇ ਹਨ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਸਹਾਇਕੀ ਨੂੰ ਸਕੂਲਾਂ ਵਿਚ ਨਾ ਪੜ੍ਹਾਏ ਜਾਣ ਦੇ ਬਾਵਜੂਦ ਉਰਦੂ ਤੋਂ ਪਿਛੋਂ ਛਪੀਆਂ ਸਭ ਤੋਂ ਵੱਧ ਕਿਤਾਬਾਂ ਦੀ ਗਿਣਤੀ ਸਹਾਇਕੀ ਜ਼ਬਾਨ ਦੀਆਂ ਕਿਤਾਬਾਂ ਦੀ ਹੈ। ਉਹ ਤਾਂ ਪੰਜਾਬ ਦੇ ਸਾਰੇ ਜ਼ਿਲਿਆਂ ਵਿਚੋਂ ਸਿਰਫ਼ ਲਾਹੌਰ, ਗੁੱਜਰਾਂਵਾਲਾ, ਕਸੂਰ, ਫੈਸਲਾਬਾਦ ਅਤੇ ਗੁਜਰਾਤ ਜ਼ਿਲੇ ਦੇ ਕੁਝ ਹਿੱਸੇ ਨੂੰ ਹੀ ਖਾਲਸ ਪੰਜਾਬੀ ਬੋਲਦਾ ਇਲਾਕਾ ਮੰਨਦੇ ਨੇ।... ਮੁਲਤਾਨ ਡਿਵੀਜ਼ਨ ਦੇ ਛੇ ਜ਼ਿਲੇ, ਬਹਾਵਲਪੁਰ ਡਿਵੀਜ਼ਨ ਦੇ ਤਿੰਨ ਜ਼ਿਲੇ, ਡੇਰਾ ਗਾਜ਼ੀ ਖਾਨ ਤੇ ਸਰਗੋਧਾ ਡਿਵੀਜ਼ਨ ਦੇ ਚਾਰ-ਚਾਰ ਜ਼ਿਲੇ ਅਤੇ ਓਕਾੜਾ ਤੇ ਝੰਗ ਦੇ ਜ਼ਿਲਿਆਂ ਵਿਚ ਉਨ੍ਹਾਂ ਮੁਤਾਬਿਕ ਬਹੁਗਿਣਤੀ ਸਰਾਇਕੀ-ਭਾਸ਼ੀ ਲੋਕ ਵੱਸਦੇ ਨੇ।
>
> (*ਭਾਸ਼ਾ ਦੇ ਝਗੜੇ ਤੇ ਮਨਾਂ ਦੀਆਂ ਕਸਰਾ*, ਪੰਨਾ 115)

ਪਾਕਿਸਤਾਨ ਦੇ ਆਮ ਲੋਕ ਜਦੋਂ ਵੀ ਭਾਰਤੀ ਹਿੰਦੂਆਂ ਬਾਰੇ ਗੱਲ ਕਰਦੇ ਤਾਂ ਉਹ ਉਨ੍ਹਾਂ ਦੇ ਤ੍ਰਿਸਕਾਰਮਈ ਵਤੀਰੇ ਦਾ ਜ਼ਿਕਰ ਕਰਨੋਂ ਕਦੇ ਨਹੀਂ ਸਨ ਉੱਕਦੇ। ਪਾਕਿਸਤਾਨ ਰੇਡੀਉ ਦਾ ਇਕ ਵਾਚਕ ਨਜ਼ਾਮੁਦੀਨ ਮਿਸਾਲ ਦੇ ਰਿਹਾ ਸੀ : "ਸਾਡੇ ਪਿੰਡ ਇਕ ਕਾਂਸੀ ਬਾਹਮਣ ਹੁੰਦਾ ਸੀ। ਉਹਦੀ ਕੁੜੀ ਦਾ ਵਿਆਹ ਸੀ। ਉਨ੍ਹਾਂ ਨੇ ਹਲਵਾ ਬਣਾ ਕੇ ਪਰਾਤਾਂ ਵਿਚ ਪਾਕੇ ਬਾਹਰ ਵਿਹੜੇ ਵਿਚ ਠੰਡਾ ਹੋਣ ਲਈ ਰੱਖਿਆ। ਉਨ੍ਹਾਂ ਦੇ ਵਿਹੜੇ ਦੀ ਇਕ ਕੰਧ ਤੇ ਮੁਸਲਮਾਨ ਸਨ ਤੇ ਦੂਜੀ ਤੇ ਕੁੱਤੇ। ਘੁਰ-ਘੁਰ ਕਰਦੇ ਕੁੱਤੇ ਆਪਸ ਵਿਚ ਲੜ ਪਏ। ਇਕ ਕੁੱਤਾ ਪਰਾਤ ਵਿਚ ਡਿਗ ਪਿਆ। ਉਸ ਪਰਾਤ ਵਾਲਾ ਹਲਵਾ ਉਨ੍ਹਾਂ ਨੇ ਸਾਡੇ ਮੁਸਲਮਾਨਾਂ ਵਿਚ ਵੰਡਿਆ। ਇਹ ਸੀ ਹਾਲਤ ਸਾਡੇ ਮੁਸਲਮਾਨਾਂ ਦੀ।" (ਪੰਨਾ 123) ਨਜ਼ਾਮੁਦੀਨ ਅਨੁਸਾਰ ਸਮਾਜਿਕ ਤੇ ਸਭਿਆਚਾਰਕ ਪੱਧਰ ਤੇ ਕੱਟੜ ਹਿੰਦੂ ਭਾਈਚਾਰੇ ਨੇ ਮੁਸਲਮਾਨਾਂ ਨੂੰ ਕਦੀ ਵੀ ਆਪਣੇ ਬਰਾਬਰ ਨਹੀਂ ਸੀ ਸਮਝਿਆ।

ਇਸ ਪ੍ਰਕਾਰ ਵਰਿਆਮ ਸਿੰਘ ਸੰਧੂ ਨੇ 'ਵਗਦੀ ਏ ਰਾਵੀ' ਵਿਚ ਪਾਕਿਸਤਾਨੀ ਪੰਜਾਬੀ ਸਾਹਿੱਤ ਨੂੰ ਆਧਾਰ ਬਣਾ ਕੇ ਉਨ੍ਹਾਂ ਸਾਰੇ ਕਾਰਨਾਂ ਅਤੇ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਨ੍ਹਾਂ ਦੀ ਵਜ੍ਹਾ ਨਾਲ ਪਾਕਿਸਤਾਨ ਬਣਿਆ, ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਅਤੇ ਸਾਹਿਤਕਾਰਾਂ ਨਾਲ ਬੇਰੁਖ਼ੀ ਵਰਤੀ ਗਈ ਅਤੇ ਸਾਹਿਤਕਾਰਾਂ ਨੂੰ ਇਕ ਅੰਦੋਲਨ ਦਾ ਸਹਾਰਾ ਲੈਣਾ ਪਿਆ। ਪਾਕਿਸਤਾਨ ਦਾ ਮੀਡੀਆ ਹਿੰਦ ਅਤੇ ਪਾਕਿ ਦੇ ਦਰਮਿਆਨ ਕਸ਼ੀਦਗੀ ਵਧਾਉਣ ਦੇ ਕਿਸੇ ਵੀ ਮੌਕੇ ਨੂੰ ਹੱਥੋਂ ਨਹੀਂ ਜਾਣ ਦਿੰਦਾ ਪਰ ਲੋਕ ਅਜੇ ਵੀ ਇਕ-ਦੂਸਰੇ ਦੇਸ਼ਾਂ ਦੇ ਬਾਸ਼ਿੰਦਿਆਂ ਨੂੰ ਮਿਲਣ ਲਈ ਤਾਂਘਦੇ ਹਨ ਅਤੇ ਜਿਤਨੀ ਦੇਰ ਤਕ ਪੰਜਾਬੀ ਸਾਹਿਤਕਾਰ ਆਪਣੇ ਸਾਂਝੇ ਵਿਰਸੇ ਨਾਲ ਜੁੜੇ ਰਹਿਣਗੇ, ਦੋਹਾਂ ਮੁਲਕਾਂ ਵਿਚੋਂ ਵਿੱਥਾਂ ਅਤੇ ਦੀਵਾਰਾਂ ਮਿਟ ਜਾਣ ਦੀ ਸੰਭਾਵਨਾ ਬਣੀ ਰਹੇਗੀ।

**(ਅ) ਭਾਵਨਾਤਮਕ ਪੱਖ**

ਦੋਹਾਂ ਪੰਜਾਬਾਂ ਵਿਚ ਰਹਿਣ ਵਾਲੇ ਲੋਕ ਸ਼ਕਲ-ਸੂਰਤ ਅਤੇ ਬੋਲੀ ਦੀ ਲਿਹਾਜ਼ ਨਾਲ ਇਕ ਜੈਸੇ ਹਨ। ਇਨ੍ਹਾਂ ਦੇ ਦਰਮਿਆਨ ਰੰਗ, ਨਸਲ ਜਾਂ ਭਾਸ਼ਾ ਦੀ ਕੋਈ ਵਿੱਥ ਨਹੀਂ ਹੈ। ਗੁਰੂਆਂ-ਪੀਰਾਂ, ਰਾਂਝਿਆਂ-ਹੀਰਾਂ ਅਤੇ ਦਰਵੇਸ਼-ਕਲੰਦਰਾਂ ਦਾ ਸਾਡਾ ਵਿਰਸਾ ਵੀ ਸਾਂਝਾ ਹੈ। ਅਸੀਂ ਲੋਕ ਸਦੀਆਂ ਤਕ ਇਕੱਠੇ ਰਹੇ ਹਾਂ। ਭਾਵੇਂ ਲੜਾਈ-ਝਗੜੇ ਵੀ ਹੁੰਦੇ ਰਹੇ ਪਰੰਤੂ ਮੁਹੱਬਤ ਵੀ ਜਾਰੀ ਰਹੀ। ਇਸ ਕਾਰਨ ਦੋਵੇਂ ਪੰਜਾਬਾਂ ਦੇ ਲੋਕਾਂ ਦੀਆਂ ਭਾਵਨਾਵਾਂ ਸਾਝੀਆਂ ਹਨ। ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸਫ਼ਰਨਾਮੇ ਵਿਚ ਭਾਵਨਾਤਮਕ ਸਾਂਝ ਨੂੰ ਖ਼ੂਬ ਉਭਾਰਿਆ ਹੈ। ਕਾਨਫਰੰਸ ਦੇ ਦਿਨਾਂ ਵਿਚ ਜਦੋਂ ਲੇਖਕ ਅਤੇ ਉਸਦੇ ਸਾਥੀ ਲਾਹੌਰ ਦੀ ਫੂਡ-ਸਟਰੀਟ ਵਿਚ ਘੁੰਮ ਫਿਰ ਰਹੇ ਸਨ ਤਾਂ ਇਕ ਨੌਜਵਾਨ ਬੜੇ ਉਤਸ਼ਾਹ ਨਾਲ ਉਨ੍ਹਾਂ ਨੂੰ ਮਿਲਿਆ ਅਤੇ ਕਹਿਣ ਲੱਗਾ :

> "ਸਰਦਾਰ ਜੀ ! ਤੁਹਾਡਾ ਇਥੇ ਫੂਡ ਸਟਰੀਟ ਵਿਚ ਇੰਜ ਫਿਰਨਾ ਮੈਨੂੰ ਬਹੁਤ ਹੀ ਚੰਗਾ ਲੱਗਾ ਹੈ। ਮੇਰੀ ਇਹ ਹਸਰਤ ਹੈ ਕਿ ਤੁਹਾਡੀਆਂ ਪੱਗਾਂ ਇੰਜ ਹੀ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਦੀ ਭੀੜ ਵਿਚੋਂ ਮੈਨੂੰ ਹਮੇਸ਼ਾ ਨਜ਼ਰ ਆਉਂਦੀਆਂ ਰਹਿਣ। ਮੈਨੂੰ ਲਗਦੈ ਇਨ੍ਹਾਂ ਪੱਗਾਂ ਵਾਲਿਆਂ ਦੇ ਲਾਹੌਰ ਵਿਚ ਫਿਰਦਿਆਂ ਹੀ ਲਾਹੌਰ ਸੋਹਣਾ ਲੱਗ ਸਕਦੈ। ਪੰਜਾਬ ਮੁਕੰਮਲ ਲਗਦੈ। ਤੁਸੀਂ ਇਥੇ ਆਓ ! ਜੰਮ ਜੰਮ ਆਓ !" (ਪੰਨਾ 66)

ਨਾ ਕੇਵਲ ਲਾਹੌਰ ਦੇ ਮਰਦ ਬਲਕਿ ਤ੍ਰੀਮਤਾਂ ਦੇ ਮਨਾਂ ਵਿਚ ਵੀ ਪੰਜਾਬ ਤੋਂ ਆਏ ਸਿੱਖ ਲੋਕਾਂ ਨੂੰ ਮਿਲਣ ਦਾ ਉਤਸ਼ਾਹ ਸੀ। ਇਸੇ ਫੂਡ-ਸਟਰੀਟ ਵਿਚ ਇਨ੍ਹਾਂ ਲੇਖਕਾਂ ਨੂੰ ਦੋ ਖ਼ੂਬਸੂਰਤ ਔਰਤਾਂ ਮਿਲੀਆਂ ਅਤੇ ਉਨ੍ਹਾਂ ਨੇ ਇਨ੍ਹਾਂ ਨਾਲ ਫੋਟੋ ਖਿਚਵਾਉਣ ਦੀ ਇੱਛਾ ਪ੍ਰਗਟ ਕੀਤੀ :

> ਦੋਹਾਂ ਵਿਚੋਂ ਉਮਰੋਂ ਵੱਡੀ ਜਾਪਦੀ ਔਰਤ ਨੇ ਮੈਨੂੰ ਆਖਿਆ, "ਪਲੀਜ਼ ! ਜੇ ਤੁਸੀਂ ਬੁਰਾ ਨਾ ਮਨਾਓ ਤਾਂ ਅਸੀਂ ਤੁਹਾਡੇ ਨਾਲ ਇਕ ਸਨੈਪ ਕਰਾਉਣਾ ਚਾਹੁੰਦੇ ਹਾਂ...।"
>
> "ਕਿਉਂ ਨਹੀਂ, ਕਿਉਂ ਨਹੀਂ.... ਸਾਡੇ ਧੰਨਭਾਗ !" ਮੈਂ ਤੇ ਸਰਵਣ ਸਿੰਘ ਉੱਠ ਕੇ ਖੜੇ ਹੋ ਗਏ। ਔਰਤ ਨੇ ਬੱਚੀ ਆਪਣੇ ਕੁੱਛੜ ਵਿਚ ਚੁੱਕ ਲਈ ਤੇ ਆਪਣੇ ਨਾਲ ਆਏ ਨੌਜਵਾਨ ਨੂੰ ਤਸਵੀਰ ਖਿੱਚਣ ਲਈ ਆਖਿਆ। ਦੋਵੇਂ ਬੀਬੀਆਂ, ਛੋਟੀ ਤੇ ਵੱਡੀ ਬੱਚੀ ਸਮੇਤ ਸਮੇਤ ਅਸੀਂ ਫੋਟੋ ਖਿਚਵਾਉਣ ਲਈ ਤਿਆਰ ਖੜੇ ਸਾਂ। 'ਕਲਿਕ' ਦੀ ਆਵਾਜ਼ ਨਾਲ ਫਲੈਸ਼ ਹੋਈ ਤੇ ਅਸੀਂ ਕੈਮਰੇ ਵਿਚ ਬੰਦ ਹੋ ਗਏ। (*ਉਹੀ*, ਪੰਨਾ 66)

ਲਾਹੌਰ ਅਤੇ ਪਾਕਿਸਤਾਨ ਦੇ ਕੁਝ ਹੋਰ ਸ਼ਹਿਰਾਂ ਵਿਚ ਘੁੰਮਦਿਆਂ ਉਥੋਂ ਦੇ ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਨੇ ਡੈਲੀਗੇਟਾਂ ਦੀ ਖੂਬ ਆਉਭਗਤ ਕੀਤੀ। ਆਪਣੇ ਸਾਰੇ ਕੰਮ ਛੱਡ ਕੇ ਇਨ੍ਹਾਂ ਨੂੰ ਘੁਮਾਇਆ-ਫਿਰਾਇਆ ਅਤੇ ਖੁਆਇਆ-ਪਿਆਇਆ। ਹੋਰ ਤਾਂ ਹੋਰ ਕਸਟਮ ਤੇ ਡਿਊਟੀ ਦੇਣ ਵਾਲੇ ਕਰਮਚਾਰੀਆਂ ਅਤੇ ਅਫ਼ਸਰਾਂ ਨੇ ਵੀ ਉਨ੍ਹਾਂ ਨਾਲ ਪੁਰਖ਼ਲੂਸ ਵਿਵਹਾਰ ਕੀਤਾ। ਪਾਕਿਸਤਾਨ ਵਿਚ ਪੈਂਦੇ ਵਾਘਾ ਬਾਰਡਰ ਦੇ ਅਫਸਰਾਂ ਨੇ ਪਿਛਲੀ ਸਾਂਝ ਨੂੰ ਬੜੇ ਹੇਰਵੇ ਨਾਲ ਯਾਦ ਕੀਤਾ। ਪਰ ਉਹ ਇਹ ਵੀ ਜਾਣਦੇ ਸਨ ਕਿ ਹਕੀਕਤ ਨੂੰ ਬਦਲਿਆ ਨਹੀਂ ਜਾ ਸਕਦਾ :

> ਜੋ ਹੋ ਗਿਆ ਸੋ ਹੋ ਗਿਆ। ਕਿਸਦਾ ਕਸੂਰ ਸੀ? ਕਿੰਨਾ ਕਸੂਰ ਸੀ? ਇਹ ਇਤਿਹਾਸ ਦਾ ਹਿੱਸਾ ਬਣ ਗਿਆ। ਭਾਵੁਕਤਾ ਆਪਣੀ ਥਾਂ ਸੀ ਪਰ ਹਕੀਕਤ ਇਹ ਸੀ ਕਿ ਦੋ ਵੱਖਰੇ ਮੁਲਕ ਸਨ। ਪਿਛਲਿਆਂ ਦਾਅਵਿਆਂ ਦੇ ਸਿਰ ਤੇ ਕੋਈ ਲਾਹੌਰ, ਰਾਵਲ ਪਿੰਡੀ ਜਾਂ ਲਾਇਲਪੁਰ ਨੂੰ ਆਪਣਾ ਬਣਾ ਨਹੀਂ ਸੀ ਸਕਦਾ, ਆਪਣਾ ਆਖ ਤਾਂ ਸਕਦਾ ਸੀ। ਪਰ ਇਹ ਵੀ ਨਿਰੋਲ ਭਾਵੁਕਤਾ ਸੀ। ਹਕੀਕਤ ਤਾਂ ਕੁਝ ਹੋਰ ਸੀ।
>
> (*ਸੁਪਨਿਆਂ ਦੀ ਧਰਤੀ ਤੇ*, ਪੰਨਾ 30)

ਪਾਕਿਸਤਾਨੀ ਲੋਕਾਂ ਦੀ ਭਾਵੁਕਤਾ ਦੇ ਕਈ ਦ੍ਰਿਸ਼ ਉਸ ਸਮੇਂ ਸਾਹਮਣੇ ਆਉਂਦੇ ਹਨ, ਜਦੋਂ ਉਹ ਲੋਕ ਭਾਰਤੀ ਲੇਖਕਾਂ ਦੀ ਆਉਭਗਤ ਕਰਨ ਲਈ ਆਪਣੇ ਸਾਰੇ ਕੰਮ ਛੱਡ ਦਿੰਦੇ ਹਨ। ਖਰਚ-ਖੇਚਲ ਤੋਂ ਵੀ ਕੋਈ ਸੰਕੋਚ ਨਹੀਂ ਕਰਦੇ। ਪੂੰਜੀਵਾਦੀ ਮਾਨਸਿਕਤਾ ਨੇ ਅਜੇ ਉਨ੍ਹਾਂ ਦੀ ਸੋਚ ਨੂੰ ਬਹੁਤਾ ਵਿਗਾੜਿਆ ਨਹੀਂ ਸੀ। ਅਮੀਨ ਮਲਿਕ ਅਤੇ ਰਾਣੀ ਮਲਿਕ ਇੰਗਲੈਂਡ ਤੋਂ ਲਾਹੌਰ ਆਏ ਸਨ। ਉਹ ਲੇਖਕ ਨੂੰ ਬੜਾ ਹੁੱਬ ਕੇ ਮਿਲੇ। ਉਸ ਦੀ ਸਿਹਤਯਾਬੀ ਵਾਸਤੇ ਦੁਆ ਮੰਗੀ। ਅਫਜ਼ਲ ਅਹਿਸਨ ਰੰਧਾਵਾ ਲੇਖਕ ਨੂੰ ਗਲੇ ਲੱਗ ਕੇ ਮਿਲਿਆ ਅਤੇ ਕਹਿਣ ਲੱਗਾ, "ਆ ! ਹਾਲ ਦੀ ਘੜੀ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਪਾਸੇ ਕਰ ਦੇਈਏ। ਰੰਧਾਵੇ ਨੂੰ ਸੰਧੂ ਨਾਲ ਮਿਲ ਲੈਣ ਦੇ। ਭਰਾ ਨੂੰ ਭਰਾ ਦੇ ਗਲ ਨਾਲ ਲੱਗ ਲੈਣ ਦੇ !" ਉਹ ਮੈਨੂੰ ਜੱਫ਼ੀ ਵਿਚ ਘੁੱਟ ਕੇ ਥਾਪੜੀ ਜਾ ਰਿਹਾ ਸੀ ਤੇ ਮੇਰੇ ਕੰਨਾਂ ਵਿਚ ਫੁਸਫੁਸਾ ਰਿਹਾ ਸੀ, "ਓਏ ਸੰਧੂ ! ਤੂੰ ਤਾਂ ਮੇਰੀ ਜਾਨ ਹੈਂ... ਜਾਨ ! ਮੇਰੀ ਆਪਣੀ ਜਾਨ।" ਪਹਿਲੇ ਦਿਨ ਦਾ ਸੈਸ਼ਨ ਖ਼ਤਮ ਹੋਣ ਪਿਛੋਂ ਇਕ ਲੇਖਕਾ ਜ਼ੋਇਆ ਮਿਲੀ। ਜਿਸ ਨੇ ਇਨ੍ਹਾਂ ਨਾਲ ਬਹੁਤ ਨਿੱਘਾ ਵਿਵਹਾਰ ਕੀਤਾ ਅਤੇ ਇਨ੍ਹਾਂ ਨੂੰ ਲਾਰੰਸ ਗਾਰਡਨ ਦੀ ਸੈਰ ਕਰਵਾਈ। ਇਹ ਪਾਕਿਸਤਾਨ ਇੰਟਰਨੈਸ਼ਨਲ ਏਅਰ ਲਾਈਨਜ਼ ਵਿਚ ਕੰਮ ਕਰਦੀ ਸੀ। ਕਾਨਫਰੰਸ ਦੇ ਦੂਜੇ ਦਿਨ ਰਾਇ ਅਜੀਜ਼ਉਲਾ (ਗੰਗਾ ਸਾਗਰ ਵਾਲਾ) ਮਿਲਿਆ। ਉਹ ਕਈ ਦਿਨ ਇਨ੍ਹਾਂ ਦੀ ਮੀਜ਼ਬਾਨੀ ਕਰਦਾ ਰਿਹਾ। ਜਗਤਾਰ ਦੇ ਦੋਸਤ ਉਮਰ ਗਨੀ ਅਤੇ ਰਿਜ਼ਵਾਨ ਅਹਿਮਦ (ਐਡੀਟਰ, ਰਵੇਲ) ਵੀ ਜਗਤਾਰ, ਵਰਿਆਮ ਸੰਧੂ ਅਤੇ ਰਘਬੀਰ ਸਿੰਘ ਸਿਰਜਣਾ ਨੂੰ ਇਧਰ-ਉਧਰ ਘੁਮਾਉਂਦੇ ਰਹੇ। ਉਹ ਜਿੱਥੇ ਵੀ ਜਾਂਦੇ ਸਨ, ਹੋਟਲਾਂ ਅਤੇ ਪਾਰਕਿੰਗ ਵਾਲੇ ਉਨ੍ਹਾਂ ਤੋਂ ਪੈਸੇ ਨਹੀਂ ਸਨ ਲੈਂਦੇ ਅਤੇ ਬੜੀ ਮੁਹੱਬਤ ਦਾ ਇਜ਼ਹਾਰ ਕਰਦੇ ਸਨ। ਲੇਖਕ ਦਾ ਇਹ ਸਫ਼ਰਨਾਮਾ ਪਰਸਪਰ ਮੁਹੱਬਤ ਅਤੇ ਸਦਭਾਵਨਾ ਦਾ ਇਕ ਸੱਚਾ-ਸੁੱਚਾ ਦਸਤਾਵੇਜ਼ ਹੈ।

**(ੲ) ਬਿਰਤਾਂਤ ਜੁਗਤਾਂ**

ਵਰਿਆਮ ਸਿੰਘ ਸੰਧੂ ਪੰਜਾਬੀ ਸਾਹਿਤ ਦਾ ਇਕ ਪ੍ਰਮੁਖ ਕਹਾਣੀਕਾਰ ਹੈ। 1980 ਈ. ਤੋਂ ਬਾਅਦ ਉਸ ਨੇ ਪੰਜਾਬੀ ਕਹਾਣੀ ਨੂੰ ਇਕ ਨਵੀਂ ਸ਼ਨਾਖਤ ਅਤੇ ਚਰਿਤਰ ਪ੍ਰਦਾਨ ਕੀਤਾ। ਉਹ ਇਕ ਸਫ਼ਲ ਬਿਰਤਾਂਤਕਾਰ ਹੈ। ਆਪਣੇ ਸਫ਼ਰਨਾਮੇ ਨੂੰ ਵੀ ਬਿਰਤਾਂਤ ਦੀਆਂ ਕੁਸ਼ਲ ਵਿਧੀਆਂ ਨਾਲ ਸ਼ਿੰਗਾਰਦਾ-ਸੰਵਾਰਦਾ ਹੈ। ਇਸ ਸਫ਼ਰਨਾਮੇ ਦਾ ਆਰੰਭ ਉਸ ਦਿਨ ਤੋਂ ਹੀ ਹੋ ਜਾਂਦਾ ਹੈ ਜਦੋਂ ਸਾਹਿਤ ਅਕਾਦਮੀ ਪੁਰਸਕਾਰ ਲੈਣ ਗਏ ਦੀ ਮੁਲਾਕਾਤ ਸੁਤਿੰਦਰ ਸਿੰਘ ਨੂਰ ਨਾਲ ਹੋ ਜਾਂਦੀ ਹੈ। ਨੂਰ ਉਸ ਨੂੰ ਅਪ੍ਰੈਲ ਦੇ ਮਹੀਨੇ, ਲਾਹੌਰ ਵਿਚ ਹੋਣ ਵਾਲੀ 'ਵਿਸ਼ਵ ਪੰਜਾਬੀ ਕਾਨਫਰੰਸ' ਲਈ ਤਿਆਰ ਹੋਣ ਦਾ ਸੱਦਾ ਦੇ ਦਿੰਦਾ ਹੈ। ਵਰਿਆਮ ਸੰਧੂ ਬਹੁਤ ਖ਼ੁਸ਼ ਹੋ ਕੇ ਤਿਆਰ ਹੋਣ ਲੱਗਦਾ ਹੈ। ਉਹ ਆਪਣਾ ਪਾਸਪੋਰਟ ਜਮ੍ਹਾ ਕਰਵਾ ਦਿੰਦਾ ਹੈ ਪਰ ਕਾਨਫਰੰਸ ਦੇ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਤੱਕ ਵੀਜ਼ੇ ਬਾਰੇ ਕੁਝ ਪਤਾ ਨਹੀਂ ਚਲਦਾ। ਆਖਰ 11 ਅਪ੍ਰੈਲ ਦੀ ਸ਼ਾਮ ਨੂੰ ਪਤਾ ਚਲਦਾ ਹੈ ਕਿ ਉਸਦਾ ਵੀਜ਼ਾ ਲੱਗ ਗਿਆ ਹੈ। ਜਗਤਾਰ ਅਤੇ

ਸੰਧੂ ਅਗਲੀ ਸਵੇਰ ਇਕੱਠੇ ਅਟਾਰੀ ਜਾਣ ਦਾ ਪ੍ਰੋਗਰਾਮ ਬਣ ਲੈਂਦੇ ਹਨ। ਪਰ ਇਸੇ ਦਿਨ ਰਾਤ ਦੇ ਵਕਤ, ਬਾਬਾ ਬੁੱਢਾ ਤੋਂ ਲੇਖਕ ਦੀ ਭਰਜਾਈ ਦਾ ਫੋਨ ਆਉਂਦਾ ਹੈ ਕਿ ਉਸਦਾ ਪਤੀ (ਸੰਧੂ ਦਾ ਭਰਾ) ਹਸਪਤਾਲ ਵਿਚ ਦਾਖਲ ਹੈ। ਉਹ ਸਵੇਰੇ ਜਲਦੀ ਤੋਂ ਜਲਦੀ ਹਸਪਤਾਲ ਪਹੁੰਚ ਜਾਵੇ। ਲੇਖਕ ਦੁਬਿਧਾ ਵਿਚ ਪੈ ਜਾਂਦਾ ਹੈ ਪਰ ਉਸਦੀ ਪਤਨੀ ਰਜਵੰਤ ਉਸ ਨੂੰ ਲਾਹੌਰ ਵੱਲ ਰਵਾਨਾ ਕਰ ਦਿੰਦੀ ਹੈ। ਇਉਂ ਇਹ ਸਫ਼ਰਨਾਮਾ ਆਰੰਭ ਤੋਂ ਹੀ ਉਤਸੁਕਤਾ ਭਰਪੂਰ ਬਣ ਜਾਂਦਾ ਹੈ। ਲੇਖਕ ਨੂੰ ਸਸਪੈਂਸ ਸਿਰਜਣ ਦੀ ਜਾਚ ਹੈ। ਭਰਜਾਈ ਦਾ ਫੋਨ ਆਉਣ ਉਪਰੰਤ ਉਹ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੰਦਾ ਹੈ। ਦੇਖੋ :

> ਪਾਕਿਸਤਾਨ ਜਾਣ ਦੇ ਸਾਰੇ ਉਤਸਾਹ ਤੇ ਪਾਣੀ ਪੈ ਗਿਆ। ਉਮਰਾਂ ਦੀ ਸਿੱਕ ਪੂਰੀ ਹੋਣ ਜਾ ਰਹੀ ਸੀ ਪਰ ਅਧਵਾਟੇ ਰਹਿ ਚੱਲੀ ਸੀ। ਤੇ ਉਤੋਂ ਮਾਂ-ਜਾਏ ਭਰਾ ਦੇ ਅਤਿ ਗੰਭੀਰ ਹਾਲਤ ਵਿਚ ਹੋਣ ਦਾ ਡੂੰਘਾ ਸਦਮਾ। ਇਹ ਦੋਹਰਾ ਸਦਮਾ ਸੀ ਮੇਰੇ ਲਈ। ਮੈਂ ਬੌਂਦਲ ਗਿਆ।
>
> ਮੇਰਾ ਅੰਦਰ ਦੋਹਾਂ ਸਿਰਿਆਂ ਤੋਂ ਖਿੱਚਿਆ ਜਾ ਰਿਹਾ ਸੀ। ਅੰਤਾਂ ਦੇ ਤਣਾਉ ਨੂੰ ਢਿੱਲਾ ਕਰਨ ਲਈ ਮੇਰੀ ਪਤਨੀ ਰਜਵੰਤ ਨੇ ਕੋਸ਼ਿਸ਼ ਕੀਤੀ, "ਫਿਕਰ ਨਾ ਕਰੋ। ਕਈ ਵਾਰ ਕੱਲਾ ਬੰਦਾ ਘਬਰਾ ਜਾਂਦੈ। ਬਹੁਤੀ ਗੱਲ ਹੈ ਤਾਂ ਮੈਂ ਸਵੇਰੇ ਪਹਿਲੀ ਬੱਸੇ ਉਥੇ ਚਲੀ ਜਾਊਂ। ਭਿੰਦੇ ਤੇ ਰਾਜੂ ਨੂੰ ਨਾਲ ਲੈ ਲਊਂ ਜੇ ਲੋੜ ਪਈ ਤਾਂ।" ਉਹ ਆਪਣੇ ਭਤੀਜਿਆਂ ਦੇ ਹਵਾਲੇ ਨਾਲ ਗੱਲ ਕਰ ਰਹੀ ਸੀ। ਬੀੜ ਬਾਬਾ ਬੁੱਢਾ ਸਾਹਿਬ ਦਾ ਹਸਪਤਾਲ ਮੇਰੇ ਸਹੁਰੇ ਪਿੰਡ ਝਬਾਲ ਦੀ ਜ਼ਮੀਨ ਵਿਚ ਹੀ ਸੀ। (*ਖੁਸ਼ੀ ਤੇ ਪੀੜ*, ਪੰਨਾ 18)

ਇਉਂ ਇਸ ਸਾਰੇ ਸਫ਼ਰਨਾਮੇ ਵਿਚ ਬਿਰਤਾਂਤ ਵਿਚ ਤਣਾਉ ਅਤੇ ਉਤਸੁਕਤਾ ਬਣੀ ਰਹਿੰਦੀ ਹੈ। ਕਈ ਪ੍ਰਕਾਰ ਦੀਆਂ ਚਿੰਤਾਵਾਂ ਅਤੇ ਸੰਸਿਆਂ ਵਿਚ ਡੁੱਬਿਆ ਵਰਿਆਮ ਸੰਧੂ ਜਗਤਾਰ ਦੇ ਨਾਲ ਅਟਾਰੀ ਵੱਲ ਰਵਾਨਾ ਹੋ ਜਾਂਦਾ ਹੈ। ਉਥੇ ਜਾ ਕੇ ਪਤਾ ਚਲਦਾ ਹੈ ਕਿ ਬਹੁਤ ਸਾਰੇ ਲੇਖਕਾਂ ਨੂੰ ਵੀਜ਼ੇ ਨਹੀਂ ਸਨ ਮਿਲੇ ਪਰ ਉਹ ਵੀਜ਼ਿਆਂ ਦੀ ਆਸ ਵਿਚ ਆਪਣਾ ਸਾਜ਼ੋ-ਸਾਮਾਨ ਲੈ ਕੇ ਅਟਾਰੀ ਪਹੁੰਚੇ ਹੋਏ ਸਨ। ਆਖਰ ਉਨ੍ਹਾਂ ਨੂੰ ਨਿਰਾਸ਼ ਹੀ ਵਾਪਸ ਵਰਤਣਾ ਪਿਆ। ਲੇਖਕ ਆਪਣੀ ਯਾਤਰਾ ਦੌਰਾਨ ਕਈ ਵਾਰ ਪਿਛਲ-ਝਾਤ ਪਾਉਂਦਾ ਹੋਇਆ ਪਾਕਿਸਤਾਨ ਬਾਰੇ ਪੜ੍ਹੀਆਂ-ਸੁਣੀਆਂ ਕਹਾਣੀਆਂ ਦਾ ਜ਼ਿਕਰ ਕਰਨ ਲੱਗ ਪੈਂਦਾ ਹੈ। ਇਸ ਵਿਧੀ ਨਾਲ ਬਿਰਤਾਂਤ ਬਹੁਪਰਤੀ ਅਤੇ ਸੰਘਦਾ ਹੋ ਜਾਂਦਾ ਹੈ। ਇਕ ਉਦਾਹਰਣ ਦੇਖੋ :

> ਲਿਖਤੀ ਜਾਂ ਜ਼ਬਾਨੀ ਸੁਣੀ ਕੋਈ ਵੀ ਕਥਾ-ਕਹਾਣੀ ਮੈਨੂੰ ਆਪਣੇ ਵੱਲ ਖਿੱਚ ਲੈਂਦੀ। ਸਾਹਿਤ ਵਿਚ ਅਤੇ ਪਾਕਿਸਤਾਨੋਂ ਉੱਜੜ ਕੇ ਆਏ ਲੋਕਾਂ ਕੋਲ ਆਪਸੀ ਸਾਂਝ, ਮੁਹੱਬਤ ਤੇ ਫਿਰ ਹੈਵਾਨੀ ਦੁਸ਼ਮਣੀ ਵਿਚ ਵਟ ਜਾਣ ਦੀਆਂ ਅਨੇਕ ਕਹਾਣੀਆਂ ਸਨ। ਇਕ ਅਤ੍ਰਿਪਤ ਤਾਂਘ ਸੀ ਮੇਰੇ ਅੰਦਰ। ਮੈਂ ਆਪਣੇ ਸੁਪਨਿਆਂ ਦੀ ਧਰਤੀ ਉਤੇ ਤੁਰਨਾ ਚਾਹੁੰਦਾ ਸਾਂ। ਲਾਹੌਰ ਦੇ ਬਾਜ਼ਾਰਾਂ ਵਿਚ, ਅਨਾਰਕਲੀ ਵਿਚ, ਰਾਵੀ ਦੇ ਪੱਤਣ ਤੇ। ਮੈਂ ਬਾਬੇ ਨਾਨਕ ਦੇ ਖੇਤਾਂ ਵਿਚ ਵਿਚਰਨਾ ਚਾਹੁੰਦਾ ਸਾਂ। ਬਾਬੇ ਬੁਲ੍ਹੇ, ਵਾਰਿਸ ਸ਼ਾਹ ਤੇ ਸ਼ਾਹ ਹੁਸੈਨ ਅੱਗੇ ਸਿਰ ਨਿਵਾਉਣਾ ਚਾਹੁੰਦਾ ਸਾਂ... ਮੈਂ ਕੀ-ਕੀ ਚਾਹੁੰਦਾ ਸਾਂ? ਪਰ ਰਸਤੇ ਵਿਚ ਵਾਘੇ ਦੀ ਲਹੂ-ਭਿੱਜੀ ਲੀਕ ਸੀ। ਮੇਰੇ ਰੂਪ ਵਿਚ ਪੰਜਾਬ ਅੱਧਕਟਿਆ ਘੜ, ਆਪਣੇ ਬਾਕੀ ਅੱਧੇ ਧੜ ਨਾਲ ਮਿਲ ਕੇ ਮੁਕੰਮਲ ਹੋਣ ਲਈ ਵਿਲਕ ਰਿਹਾ ਸੀ।
>
> (*ਨਦੀਓਂ ਪਾਰ ਰਾਂਝਣ ਦਾ ਠਾਣਾ*, ਪੰਨਾ 14)

ਵਾਰਤਾਲਾਪ ਦੀ ਵਿਧੀ ਇਸ ਸਫ਼ਰਨਾਮੇ ਦੀ ਇਕ ਹੋਰ ਪ੍ਰਮੁਖ ਜੁਗਤ ਹੈ। ਕਹਾਣੀਕਾਰ ਹੋਣ ਦੀ ਸੂਰਤ ਵਿਚ ਉਹ ਵੱਖ-ਵੱਖ ਵਿਅਕਤੀਆਂ ਦੀ ਵਾਰਤਾਲਾਪ ਵੱਲ ਪੂਰਾ ਧਿਆਨ ਦਿੰਦਾ ਹੈ ਅਤੇ ਫਿਰ ਉਸ ਨੂੰ ਕਲਾਤਮਕ ਵਿਉਂਤ ਵਿਚ ਬੰਨ੍ਹ ਕੇ ਬਿਰਤਾਂਤ ਵਿਚ ਟਿਕਾ ਦਿੰਦਾ ਹੈ। ਇਸ ਵਿਧੀ ਨਾਲ ਇਹ ਸਫ਼ਰਨਾਮਾ ਵਧੇਰੇ ਰੋਚਕ ਅਤੇ ਪ੍ਰਮਾਣਿਕ ਬਣ ਗਿਆ ਹੈ। ਪਾਠਕ ਨੂੰ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਬਹੁਤ ਸਾਰੀਆਂ ਘਟਨਾਵਾਂ ਉਸ ਦੇ ਸਨਮੁਖ ਵਾਪਰ ਰਹੀਆਂ ਹਨ। ਚੁਸਤ ਅਤੇ ਦਿਲਚਸਪ ਵਾਰਤਾਲਾਪ ਦੇ ਕੁਝ ਅੰਸ਼ ਵੇਖੋ :

> ਪ੍ਰੇਮ ਸਿੰਘ ਨੇ ਚੌਕੀਦਾਰ ਨੂੰ ਆਪਣੀ ਜੱਫੀ ਵਿਚ ਲਿਆ, "ਯਾਰ ! ਅਸੀਂ ਪਰਦੇਸੀਆਂ ਨੇ ਤੇਰੇ ਸਕੂਲ ਦਾ ਕੁਝ ਲਾਹ ਤਾਂ ਨਹੀਂ ਖੜਨਾ। ਕਦੀ ਇਹ ਸਾਡਾ ਵੀ ਸਕੂਲ ਹੁੰਦਾ ਸੀ...।"
>
> ਚੌਕੀਦਾਰ ਨਾਲ ਬੈਠੇ ਦੋ-ਚਾਰ ਬੰਦੇ ਕਹਿਣ ਲੱਗੇ, "ਵੇਖਣ ਦੇ ਯਾਰ ! ਵੇਖੋ ਜੀ, ਪੁਰਾਣੀ ਧਰਤੀ ਯਾਦ ਆ ਹੀ ਜਾਂਦੀ ਹੈ ਬੰਦੇ ਨੂੰ। ਆਏ ਵੀ ਕਿਉਂ ਨਾ?" ਚੌਕੀਦਾਰ ਢਿੱਲਾ ਪੈ ਗਿਆ।
>
> "ਐਥੇ ਮੇਰੀ ਛੇਵੀਂ ਦੀ ਕਲਾਸ ਹੁੰਦੀ ਸੀ। ਐਥੇ ਅੱਠਵੀਂ ਦੀ... ਮੈਂ ਐਥੇ ਬੈਂਚ ਤੇ ਬੈਠਦਾ ਹੁੰਦਾ ਸਾਂ।"

ਉਹ ਆਪਣੀ ਸੀਟ ਕੋਲ ਖਲੋਤਾ ਪੁਰਾਣੇ ਵੇਲਿਆਂ ਵਿਚ ਗੁਆਚ ਗਿਆ ਤੇ ਫਿਰ ਬੈਂਚ ਉਪਰ ਆਪਣੀ ਥਾਂ ਤੇ ਬੈਠ ਗਿਆ। (*ਸਾਂਦਲ ਬਾਰ : ਜਿਥੇ ਉਦੋਂ ਗੱਲ ਹੀ ਹੋਰ ਸੀ*, ਪੰਨਾ 168)

**(ਸ) ਦ੍ਰਿਸ਼-ਚਿਤ੍ਰਣ**

ਦ੍ਰਿਸ਼ ਚਿਤ੍ਰਣ ਸਫ਼ਰਨਾਮਾ ਸਾਹਿੱਤ ਦਾ ਸਭ ਤੋਂ ਪ੍ਰਮੁਖ ਲੱਛਣ ਹੁੰਦਾ ਹੈ। ਹਰ ਮੁਸਾਫ਼ਿਰ ਨਵੇਂ ਦੇਸਾਂ, ਪਰਦੇਸਾਂ ਵਿਚ ਜਾ ਕੇ ਪ੍ਰਕਿਰਤੀ ਅਤੇ ਸਮਾਜ ਦੇ ਨਵੇਂ-ਨਵੇਂ ਦ੍ਰਿਸ਼ ਵੇਖਦਾ ਹੈ, ਜਿਨ੍ਹਾਂ ਨੂੰ ਵੇਖ ਕੇ ਉਸ ਨੂੰ ਅਚੰਭਾ ਅਤੇ ਵਿਸਮਾਦੀ ਆਨੰਦ ਪ੍ਰਾਪਤ ਹੁੰਦਾ ਹੈ। ਸਫ਼ਰਨਾਮਾ ਲਿਖਣ ਸਮੇਂ ਉਸ ਦੀ ਇੱਛਾ ਹੁੰਦੀ ਹੈ ਕਿ ਉਹ ਆਪਣੀ ਸਿਰਜਣਾਤਮਕ ਪ੍ਰਤਿਭਾ ਦੁਆਰਾ ਉਨ੍ਹਾਂ ਦ੍ਰਿਸ਼ਾਂ ਨੂੰ ਏਨੇ ਸਜੀਵ ਢੰਗ ਨਾਲ ਚਿਤਰੇ ਕਿ ਪੜ੍ਹਨ ਵਾਲਿਆਂ ਨੂੰ ਇਉਂ ਪ੍ਰਤੀਤ ਹੋਵੇ, ਜਿਵੇਂ ਉਹ ਸਾਰੇ ਦ੍ਰਿਸ਼ਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਅਤੇ ਦਿਲ ਨਾਲ ਮਹਿਸੂਸ ਕਰ ਰਹੇ ਹੋਣ। ਵਰਿਆਮ ਸੰਧੂ ਇਸ ਕਲਾ ਵਿਚ ਨਿਪੁੰਨ ਹੈ। ਦੇਖੋ :

> ਬਾਜ਼ਾਰ ਦੇ ਵਿਚਕਾਰ ਹੀ ਇਕ ਛੋਟਾ ਜਿਹਾ ਤਕੀਆ ਸੀ ਜਿਥੇ ਦੋਹਾਂ ਮਿਤਰ ਪਿਆਰਿਆਂ (ਸ਼ਾਹ ਹੁਸੈਨ ਅਤੇ ਮਾਧੋ ਲਾਲ) ਦੀਆਂ ਕਬਰਾਂ ਸਨ। ਬਾਹਰ ਦਰਵਾਜ਼ੇ ਤੇ ਗੁਲਾਬ ਦੇ ਹਾਰ ਤੇ ਫੁੱਲ ਪੱਤੀਆਂ ਅਕੀਦਤ ਭੇਟ ਕਰਨ ਲਈ ਵਿਕ ਰਹੇ ਸਨ। ਅਸੀਂ ਫੁੱਲਾਂ ਦੇ ਹਾਰ ਲਏ ਤੇ ਬੜੀ ਸ਼ਰਧਾ ਨਾਲ ਵੀਹ-ਪੰਝੀ ਗਜ਼ ਦਾ ਲਾਂਘਾ ਲੰਘ ਕੇ ਜ਼ਮੀਨ ਤੋਂ ਪੰਜ-ਚਾਰ ਫੁੱਟ ਉਪਰ ਬਣੇ ਮਜ਼ਾਰ ਦੀਆਂ ਪੌੜੀਆਂ ਤੱਕ ਪੁੱਜੇ ਤੇ ਇਕ ਜਣੇ ਨੇ ਸਭ ਤੋਂ ਅੱਗੇ ਪੌੜੀਆਂ ਚੜ੍ਹ ਰਹੇ ਜਗਤਾਰ ਨੂੰ ਰੋਕ ਲਿਆ ਤੇ ਉਪਰ ਜਾਣੋਂ ਮਨ੍ਹਾ ਕੀਤਾ।
>
> (*ਪੰਜਾਬ ਦੀ ਸੁੱਚੀ ਆਤਮਾ ਨਾਲ ਮੁਲਾਕਾਤ*, ਪੰਨਾ 74)

ਲਾਹੌਰ ਸ਼ਹਿਰ ਬਹੁਤ ਰੌਣਕ ਵਾਲਾ ਸ਼ਹਿਰ ਹੈ। ਇਹ ਸ਼ਹਿਰ ਸਦੀਆਂ ਪੁਰਾਣਾ ਹੈ। ਕਦੇ ਇਹ ਸ਼ਹਿਰ ਉਸ ਸਾਂਝੇ ਪੰਜਾਬ ਦੀ ਰਾਜਧਾਨੀ ਹੁੰਦਾ ਸੀ, ਜਿਸ ਦੀਆਂ ਹੱਦਾਂ ਜਮਨਾ ਦਰਿਆ ਤੋਂ ਲੈ ਕੇ ਅਟਕ ਤਕ ਫੈਲੀਆਂ ਹੋਈਆਂ ਸਨ। ਦੇਸ਼-ਵੰਡ ਤੋਂ ਬਾਅਦ ਹੁਣ ਇਹ ਪੱਛਮੀ ਪੰਜਾਬ ਦੀ ਰਾਜਧਾਨੀ ਹੈ। ਸਮੇਂ-ਸਮੇਂ ਇਸ ਸ਼ਹਿਰ ਉਤੇ ਸੁਲਤਾਨਾਂ, ਪਠਾਣਾਂ, ਮੁਗ਼ਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਰਿਹਾ ਸੀ। ਇਸ ਕਾਰਨ ਇਸ ਸ਼ਹਿਰ ਵਿਚ ਬਹੁਤ ਵੰਨਸੁਵੰਨਤਾ ਅਤੇ ਸਭਿਆਚਾਰਕ ਵਿਵਿਧਤਾ ਹੈ। ਵਰਿਆਮ ਸਿੰਘ ਸੰਧੂ ਇਸ ਸ਼ਹਿਰ ਦੀ ਸੁੰਦਰਤਾ ਦੇ ਚਿਤਰ ਉਲੀਕਦਾ ਹੋਇਆ ਲਿਖਦਾ ਹੈ :

> ਲਾਹੌਰ ਦੀਆਂ ਖੁਲ੍ਹੀਆਂ ਚਾਨਣੀਆਂ ਸੜਕਾਂ, ਉੱਚੀਆਂ ਸ਼ਾਨਦਾਰ ਇਮਾਰਤਾਂ! ਲਾਹੌਰ ਪੂਰੇ ਜਲੌਅ ਵਿਚ ਚਮਕ ਰਿਹਾ ਸੀ। ਗੁਲਬਰਗ ਦੀ ਖ਼ੂਬਸੂਰਤੀ, ਮਾਡਲ ਟਾਊਨ ਦਾ ਪੌਸ਼ ਇਲਾਕਾ। ਸੱਜੇ ਹੱਥ ਵਗਦੀ ਨਹਿਰ, ਉਸ ਵਿਚੋਂ ਫੁਟਦੇ ਫੁਹਾਰੇ ਅਤੇ ਉਨ੍ਹਾਂ ਉਤੇ ਪੈਂਦੀਆਂ ਰੰਗ-ਬਰੰਗੀਆਂ ਰੌਸ਼ਨੀਆਂ। ਨਹਿਰ ਦੇ ਕੰਢੇ ਖਲੋਤੇ ਦਰਖਤਾਂ ਨੂੰ ਜਿਵੇਂ ਰੌਸ਼ਨੀਆਂ ਦੇ ਫ਼ਲ ਲੱਗੇ ਹੋਣ। ਬਿਜਲੀ ਦੇ ਛੋਟੇ-ਵੱਡੇ ਬਲਬਾਂ ਨਾਲ ਸ਼ਿੰਗਾਰੇ ਦਰਖ਼ਤ। ਰੌਸ਼ਨੀਆਂ ਨਾਲ ਬਣੇ ਪੰਛੀਆਂ ਅਤੇ ਜਾਨਵਰਾਂ ਦੇ ਵਿਭਿੰਨ ਆਕਾਰ ਝਮਝਮ ਕਰ ਰਹੇ ਸਨ। ਕਿਸੇ ਸਿਆਣੇ ਨੇ ਲਾਹੌਰ ਦੀਆਂ ਜ਼ੁਲਫਾਂ ਸੁਆਰ ਕੇ ਰੰਗ-ਬਰੰਗੇ ਫੁੱਲ ਪਾ ਕੇ ਉਸ ਦੀਆਂ ਦਰਸ਼ਨੀ ਮੀਢੀਆਂ ਕੀਤੀਆਂ ਹੋਈਆਂ ਸਨ। (*ਰੌਸ਼ਨੀਆਂ ਦਾ ਸ਼ਹਿਰ*, ਪੰਨਾ 106)

**(ਹ) ਸਥਾਨਕ ਰੰਗਣ**

ਸਥਾਨਕ ਰੰਗਣ ਦੇ ਮਾਧਿਅਮ ਦੁਆਰਾ ਕਿਸੇ ਵਿਅਕਤੀ, ਘਟਨਾ ਜਾਂ ਸਥਿਤੀ ਦਾ ਚਿਤ੍ਰਣ ਕੀਤਾ ਜਾਂਦਾ ਹੈ। ਕਿਸੇ ਵਿਅਕਤੀ ਦੇ ਚਰਿਤਰ ਦੀ ਜਾਣਕਾਰੀ ਇਨ੍ਹਾਂ ਵੇਰਵਿਆਂ ਤੋਂ ਵੀ ਮਿਲ ਜਾਂਦੀ ਹੈ ਕਿ ਉਹ ਕਿੱਥੇ ਰਹਿੰਦਾ ਹੈ। ਕੀ ਕੰਮ ਕਰਦਾ ਹੈ ਅਤੇ ਕਿਵੇਂ ਕਰਦਾ ਹੈ। ਇਸੇ ਪ੍ਰਕਾਰ ਘਟਨਾਵਾਂ ਜਾਂ ਸਥਿਤੀਆਂ ਨਾਲ ਜੁੜੇ ਹੋਏ ਸਥਾਨ, ਉਨ੍ਹਾਂ ਬਾਰੇ ਵਧੇਰੇ ਵਿਸ਼ਵਾਸਯੋਗ ਢੰਗ ਨਾਲ ਪ੍ਰਕਾਸ਼ ਪਾ ਸਕਦੇ ਹਨ। ਗਲਪ ਵਿਚ ਸਥਾਨਕ ਰੰਗਣ ਬੜੀ ਮਹਤਵਪੂਰਨ ਭੂਮਿਕਾ ਨਿਭਾਉਂਦੀ ਹੈ। ਵਰਿਆਮ ਸਿੰਘ ਸੰਧੂ ਮੂਲ ਰੁਪ ਵਿਚ ਇਕ ਗਲਪਕਾਰ ਹੈ। ਇਸ ਕਾਰਨ ਉਹ ਆਪਣੇ ਸਫ਼ਰਨਾਮੇ ਵਿਚ ਵੀ ਸਥਾਨਕ ਰੰਗਣ ਦਾ ਪ੍ਰਯੋਗ ਬਾਖ਼ੂਬੀ ਕਰ ਲੈਂਦਾ ਹੈ। ਇਕ ਉਦਾਹਰਣ ਦੇਖੋ :

> ਕੁਝ ਚਿਰ ਪਿਛੋਂ ਇਲਿਆਸ ਨੇ 'ਵਿਲੇਜ ਰੈਸਟੋਰੈਂਟ' ਦੇ ਬਾਹਰ ਕਾਰ ਖੜੀ ਕੀਤੀ। ਪਿੰਡ ਦਾ ਸਜਿੰਦ ਮਾਹੌਲ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਮਸ਼ੀਨੀ ਖੂਹ ਚੱਲ ਰਿਹਾ ਸੀ। ਟਿੰਡਾਂ ਦਾ ਪਾਣੀ ਪਾੜਛੇ ਵਿਚ ਡਿਗ ਰਿਹਾ... ਚਾਂਦੀ ਰੰਗਾ, ਵਾਣ ਦੀਆਂ, ਪਾਵਿਆਂ ਵਾਲੀਆਂ ਮੰਜੀਆਂ ਡੱਠੀਆਂ ਹੋਈਆਂ। ਡਿਉਢੀ ਤੇ ਖੜੋਤਾ ਦਰਬਾਨ ਕੋਈ ਚਿੱਟ ਕਪੜੀਆ ਪੇਂਡੂ ਨਜ਼ਰ ਆ ਰਿਹਾ ਸੀ। ਪੈਰੀਂ ਦੁਖੱਲੀ ਜੁੱਤੀ, ਗਲ ਚਿੱਟਾ ਕੁੜਤਾ, ਤੇੜ

> ਤਹਿਮਤ ਤੇ ਸਿਰ ਤੇ ਵਲਦਾਰ ਚਿੱਟੀ ਪੱਗ, ਜਿਸ ਦਾ ਕੰਨ ਤੇ ਛੱਡਿਆ ਹੋਇਆ ਲੰਮਾ ਲੜ।... ਪੁਰਾਣੀ ਤਰਜ਼ ਦਾ ਕੋਕਿਆਂ ਤੇ ਕਿੱਲਾਂ ਵਾਲਾ ਸ਼ਿੰਗਾਰਿਆਂ ਕੁੰਡੇ ਵਾਲਾ ਦਰਵਾਜ਼ਾ ਲੰਘ ਕੇ ਅਸੀਂ ਡਿਉਢੀ ਵਿਚ ਦਾਖਲ ਹੋਏ। ਡਿਉਢੀ ਵਿਚ ਪਈਆਂ ਵਸਤਾਂ ਪੇਂਡੂ ਸਭਿਆਚਾਰ ਦੀਆਂ ਨਿਸ਼ਾਨੀਆਂ ਵਜੋਂ ਸਾਂਭੀਆਂ ਹੋਈਆਂ। ਸਿਰ ਤੇ ਸਿਰਕੀ ਦੀਆਂ ਛੱਤਾਂ। (ਪੰਨਾ 106)

ਲੇਖਕ ਅਤੇ ਉਸਦੇ ਸਾਥੀ ਲਾਹੌਰ ਦੇ ਰੇਲਵੇ ਸਟੇਸ਼ਨ ਤੋਂ ਸਿੱਧੇ ਹੀ ਫਲੈਟੀਜ਼ ਹੋਟਲ ਪਹੁੰਚ ਗਏ ਸਨ, ਜਿਥੇ ਆਲਮੀ (ਵਿਸ਼ਵ) ਕਾਨਫਰੰਸ ਦਾ ਆਯੋਜਨ ਹੋਣਾ ਸੀ। ਇਸ ਤੋਂ ਬਾਅਦ ਅਗਲੇ ਦਿਨ ਸੁਵਖਤੇ ਹੀ ਕਾਨਫਰੰਸ ਸ਼ੁਰੂ ਹੋ ਗਈ। ਉਹ ਭੁੱਲ ਹੀ ਗਏ ਕਿ ਵਿਦੇਸ਼ ਵਿਚ ਜਾ ਕੇ ਸਭ ਤੋਂ ਪਹਿਲਾਂ ਇਹ ਕੰਮ ਕਰਨਾ ਹੁੰਦਾ ਹੈ ਕਿ ਪੁਲਸ ਸਟੇਸ਼ਨ (ਥਾਣੇ) ਵਿਚ ਜਾ ਕੇ ਆਪਣੇ ਪ੍ਰਵੇਸ਼ ਬਾਰੇ ਸੂਚਨਾ ਦਿੱਤੀ ਜਾਵੇ। ਇਸ ਨੂੰ ਰੀਕਾਰਡ ਕਰਵਾਇਆ ਜਾਵੇ। ਦੋ-ਤਿੰਨ ਦਿਨਾਂ ਬਾਅਦ ਥਾਣੇ ਵਲੋਂ ਉਨ੍ਹਾਂ ਦੀ ਇਸ ਕੋਤਾਹੀ ਬਾਰੇ ਸੂਚਿਤ ਕੀਤਾ ਗਿਆ। ਭੁੱਲ ਦੀ ਸੋਧ ਲਈ ਲੇਖਕ ਆਪਦੇ ਸਾਥੀਆਂ ਸਮੇਤ ਥਾਣੇ ਜਾ ਪਹੁੰਚਿਆ। ਵਰਿਆਮ ਸਿੰਘ ਸੰਧੂ ਨੇ ਇਸ ਸਫ਼ਰਨਾਮੇ ਵਿਚ ਥਾਣੇ ਦੇ ਦ੍ਰਿਸ਼ (ਸਥਾਨਕ ਰੰਗਣ) ਨੂੰ ਬੜੀ ਨਿਪੁੰਨ ਕਾਰੀਗਰੀ ਨਾਲ ਪੇਸ਼ ਕੀਤਾ ਹੈ। ਦੇਖੋ :

> ਅਸੀਂ ਦਫ਼ਤਰ ਵਿਚ ਵੜੇ। ਸਾਹਮਣੇ ਵੱਡੇ ਮੇਜ਼ ਉਤੇ ਇਕ ਹਵਾਲਦਾਰ ਪੁਲਸ ਦੀ ਵਰਦੀ ਵਿਚ ਸਜਿਆ ਬੈਠਾ ਸੀ। ਦੂਜੇ ਛੋਟੇ ਮੇਜ਼ ਉਤੇ ਇਕ ਹੋਰ ਕਰਮਚਾਰੀ ਬੈਠਾ ਸੀ। ਇਕ ਹੋਰ ਸਿਪਾਹੀ ਹੱਥ ਵਿਚ ਬੰਦੂਕ ਫੜੀ ਦਫ਼ਤਰ ਵਿਚ ਖਲੋਤਾ ਸੀ।
>
> ਹਵਾਲਦਾਰ ਦੇ ਮੇਜ਼ ਸਾਹਮਣੇ ਇਕ ਲੰਮਾ ਬੈਂਚ ਕੰਮ ਲਈ ਆਏ ਬੰਦਿਆਂ ਦੇ ਬੈਠਣ ਵਾਸਤੇ ਸੀ। ਪਹਿਲੀ ਨਜ਼ਰੇ ਮੈਨੂੰ ਇਹ ਦਫ਼ਤਰ ਪਾਕਿਸਤਾਨੀ ਟੀ.ਵੀ. ਸੀਰੀਅਲ 'ਅੰਧੇਰਾ ਉਜਾਲਾ' ਦੇ ਹਵਾਲਦਾਰ ਦੇ ਦਫ਼ਤਰ ਵਰਗਾ ਲੱਗਾ, ਜਿਸ ਦਾ ਕਲਾਕਾਰ ਇਰਫ਼ਾਨ ਖੂਸਟ ਆਪਣੇ ਅੰਦਾਜ਼ ਵਿਚ ਧੌਣ ਟੇਢੀ ਕਰ ਕੇ ਆਪਣੇ ਤੋਂ ਜੂਨੀਅਰ ਲੋਕਾਂ ਤੇ ਆਏ-ਗਏ ਨੂੰ ਆਖਦਾ ਹੈ, "ਦੈਹ ਜਮਾਤਾਂ ਪਾਸ ਹੂੰ। ਡਾਇਰੈਕਟ ਹਵਾਲਦਾਰ ਹੂੰ। ਕੋਈ ਮਜ਼ਾਖ਼ ਨਹੀਂ ਹੂੰ ਮੈਂ। ਪਰ ਆਪਣੇ ਤੋਂ ਸੀਨੀਅਰ ਅਫ਼ਸਰਾਂ ਅੱਗੇ "ਜੀ ਜਨਾਬ ! ਜੀ ਜਨਾਬ" ਕਹਿੰਦਿਆਂ ਉਸਦੀ ਜ਼ਬਾਨ ਨਹੀਂ ਥੱਕਦੀ। (*ਸਾਰੇ ਆਪਾਂ ਪੰਜਾਬੀ ਭਰਾ ਹਾਂ*, ਪੰਨਾ 132)

**(ਕ) ਬੋਲੀ ਅਤੇ ਸ਼ਬਦਾਵਲੀ**

ਵਰਿਆਮ ਸਿੰਘ ਸੰਧੂ ਪੰਜਾਬ ਦੇ ਕੇਂਦਰੀ ਖੇਤਰ ਮਾਝੇ ਦਾ ਰਹਿਣ ਵਾਲਾ ਹੈ। ਉਸ ਦੀਆਂ ਕਹਾਣੀਆਂ ਵੀ ਮਾਝੇ ਦੇ ਸਭਿਆਚਾਰ ਦਾ ਨਿਰੂਪਣ ਕਰਦੀਆਂ ਹਨ। ਇਸ ਕਾਰਨ ਉਸ ਦੇ ਕਈ ਪਾਤਰ ਮਾਝੀ ਉਪਭਾਸ਼ਾ ਵਿਚ ਗੱਲਬਾਤ ਕਰਦੇ ਹਨ। ਪਰੰਤੂ 'ਵਗਦੀ ਏ ਰਾਵੀ' ਲਿਖਣ ਸਮੇਂ ਉਸ ਦੇ ਮਨ ਵਿਚ ਮਾਝੇ ਨੂੰ ਸਮੂਰਤ ਕਰਨ ਦੀ ਕੋਈ ਭਾਵਨਾ ਨਹੀਂ ਸੀ, ਹਾਲਾਂਕਿ ਲਾਹੌਰ ਸ਼ਹਿਰ ਵੀ ਮਾਝੇ ਵਿਚ ਹੀ ਪੈਂਦਾ ਸੀ। ਲਾਹੌਰ ਵਿਚ ਸੈਰ ਕਰਦਿਆਂ ਉਸ ਨੂੰ ਬਹੁਤ ਸਾਰੇ ਮਝੈਲ ਲੋਕ ਮਿਲੇ ਪਰ ਉਸ ਨੇ ਉਨ੍ਹਾਂ ਦੀ ਬੋਲਚਾਲ ਉਪਰ ਮਾਝੀ ਬੋਲੀ ਦਾ ਉੱਘੜਵਾਂ ਪ੍ਰਭਾਵ ਨਹੀਂ ਪੈਣ ਦਿੱਤਾ। ਹਰ ਥਾਂ ਕੇਂਦਰੀ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਹੈ। ਦੇਖੋ :

> ਅਸੀਂ ਛੋਟੀ ਜਿਹੀ ਡਿਉਢੀ ਦੇ ਬਾਹਰ ਜੁੱਤੀਆਂ ਉਤਾਰੀਆਂ ਤੇ ਗੁਰਦੁਆਰੇ ਦੇ ਨਿੱਕੇ ਜਿਹੇ ਸਿਹਨ ਵਿਚ ਦਾਖ਼ਲ ਹੋਏ। ਗੁਰਦੁਆਰੇ ਵਿਚ ਪਾਠ ਹੋ ਰਿਹਾ ਸੀ। ਸੰਗਤਾਂ ਬਿਰਾਜਮਾਨ ਸਨ। ਮੈਂ ਮੱਥਾ ਟੇਕਿਆ ਤੇ ਸ਼ਾਹ ਹੁਸੈਨ ਦੀ ਮਜ਼ਾਰ ਉਤੇ ਸਾਈਂ ਵਲੋਂ ਭੇਟ ਕੀਤੀਆਂ ਗੁਲਾਬ ਦੀਆਂ ਫੁਲਪੱਤੀਆਂ ਵਾਲਾ ਲਿਫ਼ਾਫ਼ਾ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਮੂਧਾ ਕਰ ਦਿੱਤਾ। ਗੁਲਾਬ ਦੇ ਫੁੱਲਾਂ ਦੀ ਮਿੱਠੀ ਖੁਸ਼ਬੋ ਮਾਹੌਲ ਵਿਚ ਫੈਲ ਗਈ। ਮੈਨੂੰ ਲੱਗਾ ਸ਼ਾਹ ਹੁਸੈਨ ਅਤੇ ਗੁਰੂ ਅਰਜਨ ਦੇਵ ਇਕ ਦੂਜੇ ਦੀ ਸੰਗਤ ਵਿਚ ਇਕੱਠੇ ਬੈਠ ਕੇ ਬਚਨ ਬਿਲਾਸ ਕਰ ਰਹੇ ਹੋਣ। (*ਵਗਦੀ ਏ ਰਾਵੀ*, ਪੰਨਾ 83)

ਪਾਕਿਸਤਾਨੀ ਪੰਜਾਬੀ ਆਪਣੀ ਬੋਲਚਾਲ ਵਿਚ ਉਰਦੂ-ਫ਼ਾਰਸੀ ਸ਼ਬਦਾਵਲੀ ਦਾ ਕਾਫ਼ੀ ਪ੍ਰਯੋਗ ਕਰਦੇ ਹਨ। ਇਸ ਦਾ ਵੱਡਾ ਕਾਰਨ ਉਥੋਂ ਦੀ ਕੌਮੀ ਬੋਲੀ ਦਾ ਉਰਦੂ ਹੋਣਾ ਹੈ। ਸਾਡੇ ਇਧਰ ਹਿੰਦੀ-ਸੰਸਕ੍ਰਿਤ ਸ਼ਬਦਾਵਲੀ ਪੰਜਾਬੀ ਵਿਚ ਘੁਸੜਦੀ ਜਾ ਰਹੀ ਹੈ। ਉਰਦੂ-ਫ਼ਾਰਸੀ ਸ਼ਬਦਾਵਲੀ ਦੇ ਕੁਝ ਉਦਾਹਰਣ ਦੇਖੋ : ਇਸਤਕਬਾਲ, ਬੇਨਿਆਜ਼, ਨਾਮਵਰ, ਤਵੱਕੋ, ਮੁਖ਼ਤਲਿਫ਼, ਵਜ਼ੀਰੇ ਆਲ੍ਹਾ, ਕਦੂਰਤਾਂ, ਗੁਆਸ਼ਤੇ, ਜ਼ੇਰੇ-ਅਸਰ, ਪਰਵਰਦਗਾਰ, ਦਰੁਸਤ, ਰੋਜ ਮਰ੍ਹਾ, ਅਫ਼ਸਾਨਾ, ਖ਼ਿਦਮਤ, ਵਜਦ, ਮੁਹਾਜਰ, ਬਾਲਾਦਸਤੀ, ਮਕਸਦ, ਅੰਜਾਮ, ਆਲਮੀ ਕਾਨਫਰੰਸ, ਪੁਰਖ਼ਲੂਸ, ਤਾਅਸੁਰਾਤ, ਸਿਖ ਅਕਸੀਰੀਅਤ, ਅਕਲੀਅਤ, ਮੁਤਬਰਕ, ਸਹਾਫ਼ੀ ਆਦਿਕ।

**(ਖ) ਨਾਮਕਰਣ**

ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਦਰਿਆ ਰਾਵੀ ਦੇ ਹਵਾਲੇ ਨਾਲ ਜਾਣਿਆ ਜਾਂਦਾ ਹੈ। ਕਿਉਂਕਿ ਇਹ ਸ਼ਹਿਰ ਇਸ ਦਰਿਆ ਦੇ ਕਿਨਾਰੇ ਉਪਰ ਸਥਿਤ ਹੈ। ਪ੍ਰੋ. ਮੋਹਨ ਸਿੰਘ ਨੇ ਆਪਣੀ ਇਕ ਪ੍ਰਸਿੱਧ ਕਵਿਤਾ ਵਿਚ ਲਿਖਿਆ ਸੀ : ਸੱਕ ਮਲ ਕੇ ਰਾਵੀ ਦੇ ਪੱਤਣਾਂ ਨੂੰ ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ। ਡਾ. ਗੁਰਚਰਨ ਸਿੰਘ ਨੇ ਆਪਣੇ ਇਕੋ-ਇਕ ਨਾਵਲ ਦਾ ਨਾਮ 'ਵਗਦੀ ਸੀ ਰਾਵੀ' ਰੱਖਿਆ ਸੀ। ਇਸ ਨਾਵਲ ਦਾ ਮੁਖ ਪਾਤਰ ਰਾਵੀ ਦਰਿਆ ਵਿਚ ਛਾਲ ਮਾਰ ਕੇ ਆਪਣੇ ਜੀਵਨ ਦਾ ਅੰਤ ਕਰ ਲੈਂਦਾ ਹੈ। ਇਹੋ ਜਿਹੀ ਇਕ ਕਹਾਣੀ ਦੇਵਿੰਦਰ ਸਤਿਆਰਥੀ ਦੇ ਜੀਵਨ ਨਾਲ ਵੀ ਸੰਬੰਧਿਤ ਹੈ। ਪ੍ਰੇਮ ਵਿਚ ਅਸਫ਼ਲ ਅਤੇ ਰੁਸਵਾ ਹੋਣ ਤੋਂ ਬਾਅਦ ਉਸ ਨੇ ਵੀ ਰਾਵੀ ਦਰਿਆ ਵਿਚ ਛਾਲ ਮਾਰ ਕੇ ਆਪਦੀ ਜੀਵਨ-ਲੀਲ੍ਹਾ ਸਮਾਪਤ ਕਰਨ ਦਾ ਪ੍ਰਯਾਸ ਕੀਤਾ ਸੀ ਪਰ ਉਸ ਨੂੰ ਕੁਝ ਸੱਜਣਾਂ ਨੇ ਬਚਾ ਲਿਆ ਸੀ ਅਤੇ ਉਸ ਦੇ ਦਿਮਾਗ਼ ਵਿਚੋਂ ਆਤਮ-ਹੱਤਿਆ ਦਾ ਫ਼ਤੂਰ ਕੱਢਣ ਲਈ ਉਸ ਨੂੰ ਉਰਦੂ ਦੇ ਪ੍ਰਸਿੱਧ ਸ਼ਾਇਰ ਡਾ. ਮੁਹੰਮਦ ਇਕਬਾਲ ਪਾਸ ਲੈ ਗਏ ਸਨ। ਡਾ. ਇਕਬਾਲ ਨੇ ਉਸ ਦੇ ਮਨ ਵਿਚ ਜਿਉਂਦੇ ਰਹਿਣ ਦਾ ਉਤਸਾਹ ਭਰ ਦਿੱਤਾ ਅਤੇ ਬਾਅਦ ਵਿਚ ਉਹੀ ਅਦਨਾ ਜਿਹਾ ਦੇਵਿੰਦਰ ਸਤਿਆਰਥੀ ਪੰਜਾਬੀ ਸਾਹਿੱਤ ਦਾ ਸ਼ਿਰੋਮਣੀ ਕਵੀ, ਕਹਾਣੀਕਾਰ ਅਤੇ ਨਾਵਲਕਾਰ ਹੋ ਨਿੱਬੜਿਆ। ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸਫ਼ਰਨਾਮੇ ਵਿਚ ਰਾਵੀ ਦਰਿਆ ਨਾਲ ਸੰਬੰਧਿਤ ਲੋਕਗੀਤ ਵੀ ਪੇਸ਼ ਕੀਤੇ ਹਨ, ਜਿਨ੍ਹਾਂ ਤੋਂ ਇਸ ਦਰਿਆ ਦੇ ਮਹਤਵ ਅਤੇ ਲੋਕਪ੍ਰਿਅਤਾ ਦੀ ਜਾਣਕਾਰੀ ਮਿਲਦੀ ਹੈ। ਦੇਖੋ :

ਉੱਚੇ ਬੁਰਜ ਲਾਹੌਰ ਦੇ, ਤੇ ਹੇਠ ਵਗੇ ਦਰਿਆ।
ਮੈਂ ਮਛਲੀ ਦਰਿਆ ਦੀ, ਤੂੰ ਬਗਲਾ ਬਣ ਕੇ ਆ।

ਅਤੇ

ਵਗਦੀ ਏ ਰਾਵੀ ਵਿਚ ਬੂਟਾ ਫਲਾਹੀ ਦਾ ਢੋਲਾ।
ਜੇ ਮੈਂ ਨਾ ਜੰਮਦੀ ਤੂੰ ਕਿਦਾਂ ਵਿਆਹੀ ਦਾ ਢੋਲਾ।
ਵਗਦੀ ਏ ਰਾਵੀ ਵਿਚ ਦੋ ਫੁੱਲ ਪੀਲੇ ਢੋਲਾ।
ਇਕ ਫੁੱਲ ਮੰਗਿਆ ਕਿਉਂ ਪਿਉਂ ਦਲੀਲੇ ਢੋਲਾ।

ਦਰਿਆ ਰਾਵੀ, ਲਾਹੌਰ ਦਾ ਪਹਿਚਾਣ-ਚਿੰਨ੍ਹ ਹੈ, ਇਸ ਦੇ ਸਭਿਆਚਾਰ ਦੀ ਰਵਾਨੀ ਦਾ ਇਕ ਪ੍ਰਤੀਕ ਹੈ। ਹੁਣ ਭਾਵੇਂ ਇਹ ਸੁੱਕਦਾ ਜਾ ਰਿਹਾ ਹੈ। ਕਈ-ਕਈ ਮਹੀਨੇ ਇਸ ਵਿਚ ਖੜੋਤ ਆ ਜਾਂਦੀ ਹੈ ਪਰ ਤਾਂ ਵੀ ਇਸ ਦੇ ਭਰ ਕੇ ਉਛਲਣ ਦੀ ਆਸ ਬਣੀ ਰਹਿੰਦੀ ਹੈ। ਇਸ ਕਾਰਨ ਲੇਖਕ ਦੇ ਸਫ਼ਰਨਾਮੇ ਦਾ ਨਾਮ 'ਵਗਦੀ ਏ ਰਾਵੀ' ਪੂਰੀ ਤਰ੍ਹਾਂ ਨਾਲ ਢੁੱਕਵਾਂ, ਆਕ੍ਰਸ਼ਕ ਅਤੇ ਅਰਥਪੂਰਨ ਹੈ।

**ਪ੍ਰਸ਼ਨ : ਉਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉਤਰ ਦਿਉ।**

1. *'ਵਗਦੀ ਏ ਰਾਵੀ'* ਸਫ਼ਰਨਾਮੇ ਦੇ ਸਾਹਿਤਿਕ ਗੁਣਾਂ-ਲੱਛਣਾਂ ਉਪਰ ਇਕ ਵਿਸ਼ਲੇਸ਼ਣਾਤਮਕ ਨੋਟ ਲਿਖੋ।
2. ਕਿਹੜੇ-ਕਿਹੜੇ ਤੱਤਾਂ ਦੇ ਕਾਰਨ 'ਵਗਦੀ ਏ ਰਾਵੀ' ਇਕ ਸਾਹਿਤਿਕ ਸਫ਼ਰਨਾਮਾ ਕਿਹਾ ਜਾ ਸਕਦਾ ਹੈ ?
3. *'ਵਗਦੀ ਏ ਰਾਵੀ'* ਦੀਆਂ ਬਿਰਤਾਂਤ-ਜੁਗਤਾਂ ਅਤੇ ਬੋਲੀ-ਸ਼ਬਦਾਵਲੀ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

ਪਾਠ ਨੰ: 2.3 - ਪ੍ਰੋ. ਬ੍ਰਹਮਜਗਦੀਸ਼ ਸਿੰਘ

# ਵਗਦੀ ਏ ਰਾਵੀ : ਸ਼ਿਲਪ ਅਤੇ ਸ਼ੈਲੀਗਤ ਅਧਿਐਨ

## 2.3.1 ਉਦੇਸ਼

ਇਸ ਪਾਠ ਦਾ ਉਦੇਸ਼ ਸ. ਵਰਿਆਮ ਸਿੰਘ ਸੰਧੂ ਰਚਿਤ ਸਫ਼ਰਨਾਮੇ 'ਵਗਦੀ ਏ ਰਾਵੀ' ਦੇ ਸ਼ਿਲਪ ਅਤੇ ਸ਼ੈਲੀ ਦਾ ਅਧਿਐਨ ਕਰਨਾ ਹੈ। 'ਸਫ਼ਰਨਾਮਾ' ਪੰਜਾਬੀ ਸਾਹਿੱਤ ਦਾ ਇਕ ਪ੍ਰਮੁਖ ਅਤੇ ਲੋਕਪ੍ਰਿਆ ਰੂਪਾਕਾਰ ਹੈ। ਪੰਜਾਬ ਦੇ ਲੋਕ ਬੜੇ ਸਾਹਸੀ ਅਤੇ ਪਰਾਕ੍ਰਮੀ ਹੁੰਦੇ ਹਨ। ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਨਾਲ ਲੋਹਾ ਲੈਂਦੇ ਰਹਿਣ ਦੀ ਸੂਰਤ ਵਿਚ ਇਨ੍ਹਾਂ ਨੂੰ ਬਾਹਰਲੇ (ਵਿਦੇਸ਼ੀ) ਲੋਕਾਂ ਦਾ ਕੋਈ ਡਰ-ਭੈਅ ਨਹੀਂ ਰਿਹਾ। ਵੀਹਵੀਂ ਸਦੀ ਦੇ ਮਧ ਵਿਚ ਦੁਨੀਆਂ ਕਾਫ਼ੀ ਬਦਲ ਗਈ ਸੀ। ਹੁਣ ਦੂਰ-ਦੁਰਾਡੇ ਦੇ ਖੁਸ਼ਹਾਲ ਦੇਸ਼ਾਂ ਉਪਰ ਕਬਜ਼ਾ ਕਰਨ ਦੀ ਲੋੜ ਨਹੀਂ ਰਹੀ। ਤੁਸੀਂ ਆਪਣੇ ਦੇਸ਼ ਬੈਠੇ ਵੀ ਸਰਮਾਏ, ਅਰਥਚਾਰੇ ਅਤੇ ਉਤਪਾਦਨ ਵਰਗੀਆਂ ਸ਼ਕਤੀਆਂ ਦੇ ਮਾਧਿਅਮ ਨਾਲ ਦੁਨੀਆਂ ਉਪਰ ਰਾਜ ਕਰ ਸਕਦੇ ਹੋ। ਹੁਣ ਭਾਰਤ ਨੂੰ ਕਿਸੇ ਵਿਦੇਸ਼ੀ ਹਮਲੇ ਦਾ ਡਰ ਨਹੀਂ ਰਿਹਾ। ਇਸ ਸੂਰਤ ਵਿਚ ਸਾਡੇ ਲੋਕ ਪੂਰੀ ਬੇਫ਼ਿਕਰੀ ਨਾਲ ਪੂਰੀ ਦੁਨੀਆਂ ਦਾ ਸਫ਼ਰ ਕਰ ਸਕਦੇ ਹਨ। ਅਜਿਹੇ ਸਫ਼ਰਾਂ ਦੇ ਵੇਰਵੇ ਬਿਆਨ ਕਰਨ ਵਾਲੀਆਂ ਰਚਨਾਵਾਂ ਨੂੰ 'ਸਫ਼ਰਨਾਮੇ' ਕਿਹਾ ਜਾਂਦਾ ਹੈ। ਵਰਿਆਮ ਸਿੰਘ ਸੰਧੂ ਨੇ ਪਾਕਿਸਤਾਨ ਦਾ ਸਫ਼ਰਨਾਮਾ ਲਿਖਿਆ ਹੈ। ਇਸ ਪਾਠ ਵਿਚ ਅਸੀਂ ਇਸ ਰਚਨਾ ਦੇ ਸ਼ਿਲਪ ਅਤੇ ਸ਼ੈਲੀ ਆਦਿ ਪੱਖਾਂ ਬਾਰੇ ਆਪਣੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

## 2.3.2 ਰੂਪ ਰੇਖਾ

ਇਸ ਪਾਠ ਦੀ ਸਾਮਗਰੀ ਨੂੰ ਸੂਤਰਬੱਧ ਅਤੇ ਗ੍ਰਹਿਣ-ਯੋਗ ਬਣਾਉਣ ਲਈ ਅਸੀਂ ਇਸ ਨੂੰ ਹੇਠ-ਲਿਖਤ ਵਿਉਂਤ ਅਨੁਸਾਰ ਕੁਝ ਉਪਭਾਗਾਂ ਵਿਚ ਵੰਡ ਲਿਆ ਹੈ :

(ੳ) ਸਫ਼ਰਨਾਮੇ ਦਾ ਸੰਗਠਨ ਅਤੇ ਵਿਉਂਤਬੰਦੀ
(ਅ) ਵੱਖਰੇ-ਵੱਖਰੇ ਚੈਪਟਰਾਂ ਦਾ ਸਰੂਪ ਅਤੇ ਸ਼ਿਲਪ
(ੲ) ਬਿਆਨੀਆ ਸ਼ੈਲੀ
(ਸ) ਵਾਰਤਾਲਾਪਮਈ ਸ਼ੈਲੀ
(ਹ) ਕਾਵਿਕ ਸ਼ੈਲੀ
(ਕ) ਹਵਾਲੇ ਅਤੇ ਕਾਵਿ ਟੁਕੜੀਆਂ
(ਖ) ਪ੍ਰਕਿਰਤੀ ਚਿਤ੍ਰਣ ਅਤੇ ਦ੍ਰਿਸ਼ ਵਰਣਨ
(ਗ) ਬੋਲੀ, ਸ਼ਬਦਾਵਲੀ ਅਤੇ ਬਿਆਨ ਢੰਗ।

## 2.3.3 ਭੂਮਿਕਾ

'ਵਗਦੀ ਏ ਰਾਵੀ' ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਇਕ ਵਿਸ਼ੇਸ਼ ਅਤੇ ਵਿਲੱਖਣ ਸਥਾਨ ਰੱਖਦਾ ਹੈ। ਇਸ ਦੀ ਵਿਲੱਖਣਤਾ ਦਾ ਮੁਖ ਕਾਰਨ ਇਹ ਹੈ ਕਿ ਇਸ ਵਿਚ ਸਫ਼ਰਨਾਮਾ ਲੇਖਕ ਸ. ਵਰਿਆਮ ਸਿੰਘ ਸੰਧੂ ਨੇ ਸਾਹਿਤਿਕ ਸਰੋਕਾਰਾਂ ਨੂੰ ਅਗਰਭੂਮੀ ਵਿਚ ਰੱਖਿਆ ਹੈ। ਪਾਕਿਸਤਾਨ ਦੀ ਯਾਤਰਾ ਬਾਰੇ ਸ੍ਰੀ ਬਲਰਾਜ ਸਾਹਨੀ, ਸ. ਹਰਭਜਨ ਸਿੰਘ ਹੁੰਦਲ ਅਤੇ ਕੁਝ ਹੋਰ ਲੇਖਕਾਂ ਨੇ ਵੀ ਸਫ਼ਰਨਾਮੇ ਲਿਖੇ ਹਨ ਪਰ ਉਹ ਨਿਰੋਲ ਸਾਹਿਤਿਕ ਗਤੀਵਿਧੀਆਂ ਉਪਰ ਹੀ ਸੁਕੇਂਦ੍ਰਿਤ ਨਹੀਂ ਹਨ। ਵਰਿਆਮ ਸਿੰਘ ਸੰਧੂ ਦੀ ਵੱਡੀ ਦੇਣ ਇਹ ਹੈ ਕਿ ਉਸ ਨੇ ਇਧਰ-ਉਧਰ ਭਟਕਣ ਦੀ ਬਜਾਇ ਸਾਹਿਤ-ਸਮੱਸਿਆਵਾਂ ਨੂੰ ਕੇਂਦਰ ਵਿਚ ਰੱਖਿਆ ਹੈ। ਇਸ ਦ੍ਰਿਸ਼ਟੀ ਤੋਂ ਇਸ ਸਫ਼ਰਨਾਮੇ ਦੇ ਸ਼ਿਲਪ ਅਤੇ ਸ਼ੈਲੀ ਨੂੰ ਧਿਆਨ ਨਾਲ ਵਾਚਣ ਦੀ ਜ਼ਰੂਰਤ ਹੈ।

### (ੳ) ਸੰਗਠਨ ਅਤੇ ਵਿਉਂਤਬੰਦੀ

ਵਰਿਆਮ ਸਿੰਘ ਸੰਧੂ ਬਿਰਤਾਂਤ (narrative) ਦੀਆਂ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਦਾ ਅਤੇ ਪਹਿਚਾਣਦਾ ਹੈ।

ਆਪਣੇ ਇਸ ਸਫ਼ਰਨਾਮੇ ਦਾ ਆਰੰਭ ਉਹ ਸੁਤਿੰਦਰ ਸਿੰਘ ਨੂਰ ਦੀ ਇਸ ਚੇਤਾਵਨੀ ਨਾਲ ਕਰਦਾ ਹੈ, "ਵਰਿਆਮ ! ਤਿਆਰ ਰਹੀਂ... ਆਪਾਂ ਲਾਹੌਰ ਵੀ ਚਲਣੈ। ਫ਼ਖ਼ਰ ਜ਼ਮਾਂ ਕੋਸ਼ਿਸ਼ ਕਰ ਰਿਹੈ ਲਾਹੌਰ ਵਿਚ ਆਲਮੀ ਪੰਜਾਬੀ ਕਾਨਫਰੰਸ ਕਰਾਉਣ ਵਾਸਤੇ...।" ਇਹ ਕਹਿਕੇ ਉਸ ਨੇ ਵਰਿਆਮ ਸੰਧੂ ਨੂੰ ਅੰਦੋਲਿਤ ਕਰ ਦਿਤਾ। ਵਰਨਾ ਉਸ ਨੇ ਪਾਕਿਸਤਾਨ ਜਾਣ ਵਾਸਤੇ ਕਦੇ ਸੋਚਿਆ ਵੀ ਨਹੀਂ ਸੀ। ਬੇਸ਼ਕ ਇਸ ਤੋਂ ਪਹਿਲਾਂ ਉਹ ਇੰਗਲੈਂਡ ਅਤੇ ਉਤਰੀ ਅਮਰੀਕਾ ਵਿਚ ਜਾ ਚੁਕਿਆ ਸੀ ਪਰ ਪਾਕਿਸਤਾਨ ਜਾਣਾ ਉਸ ਦੇ ਏਜੰਡੇ ਵਿਚ ਕਦੇ ਨਹੀਂ ਸੀ ਰਿਹਾ। ਇਨ੍ਹਾਂ ਦਿਨਾਂ ਵਿਚ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਅਧਿਆਪਨ ਕਾਰਜ ਕਰ ਰਿਹਾ ਸੀ। ਜਲੰਧਰ ਦਾ ਹਰ ਦੂਜਾ-ਚੌਥਾ ਆਦਮੀ ਇੰਗਲੈਂਡ ਅਤੇ ਉੱਤਰੀ ਅਮਰੀਕਾ ਵਿਚ ਕੋਈ-ਨਾ-ਕੋਈ ਸਾਂਝ ਬਣਾਈ ਬੈਠਾ ਸੀ ਅਤੇ ਇਸ ਕਾਰਨ ਉਸਦਾ ਇਨ੍ਹਾਂ ਦੇਸ਼ਾਂ ਦੀ ਸੈਰ ਕਰਨਾ ਕੋਈ ਕਠਿਨ ਕੰਮ ਨਹੀਂ ਸੀ ਪਰ ਪਾਕਿਸਤਾਨ ਵਰਗੇ ਦੇਸ਼ਾਂ ਵਿਚ ਜਾਣ ਦੀ ਇੱਛਾ ਕਿਸੇ ਨੂੰ ਨਹੀਂ ਸੀ। ਪਰੰਤੂ ਵਰਿਆਮ ਸੰਧੂ ਇਕ ਲੇਖਕ ਸੀ ਅਤੇ ਉਸਦਾ ਪਿਛਲਾ ਪਿੰਡ ਵੀ ਲਾਹੌਰ ਦੇ ਆਸ-ਪਾਸ ਹੀ ਸੀ, ਇਸ ਕਾਰਨ ਜਿਵੇਂ ਹੀ ਉਸਨੂੰ ਪਾਕਿਸਤਾਨ ਜਾਣ ਦਾ ਨਿਮੰਤ੍ਰਣ ਮਿਲਿਆ, ਉਸਦੀਆਂ ਦਬੀਆਂ ਰੀਝਾਂ ਇਕਦਮ ਪ੍ਰਸਫੁਟਿਤ ਹੋ ਗਈਆਂ।

ਸੁਤਿੰਦਰ ਸਿੰਘ ਨੂਰ ਨਾਲ ਲੇਖਕ ਦੀ ਗੱਲ ਫਰਵਰੀ 2001 ਦੇ ਆਖਰੀ ਹਫ਼ਤੇ ਵਿਚ ਹੋਈ ਸੀ। ਆਖਰ ਫਖ਼ਰ ਜ਼ਮਾਂ ਆਪਣੇ ਇਰਾਦੇ ਵਿਚ ਸਫ਼ਲ ਹੋ ਗਿਆ ਅਤੇ 12 ਤੋਂ 19 ਅਪ੍ਰੈਲ 2001 ਵਿਚ ਕਾਨਫ਼ਰੰਸ ਦੀਆਂ ਤਾਰੀਖਾਂ ਤੈਅ ਹੋ ਗਈਆਂ। ਹੋਰ ਲੇਖਕਾਂ ਅਤੇ ਪ੍ਰਬੰਧਕਾਂ ਦੇ ਨਾਲ-ਨਾਲ ਵਰਿਆਮ ਸੰਧੂ ਨੇ ਵੀਜ਼ਾ ਲਗਵਾਉਣ ਲਈ ਆਪਣਾ ਪਾਸਪੋਰਟ ਜਮ੍ਹਾ ਕਰਵਾ ਦਿੱਤਾ ਅਤੇ ਬੇਸਬਰੀ ਨਾਲ ਲਾਹੌਰ ਜਾਣ ਦੀ ਇੰਤਜ਼ਾਰ ਸ਼ੁਰੂ ਕਰ ਦਿੱਤੀ। ਉਸ ਨੂੰ ਦਿਨ-ਰਾਤ ਪਾਕਿਸਤਾਨ ਦੀਆਂ ਯਾਦਾਂ ਸਤਾਉਣ ਲੱਗੀਆਂ।

> ਕੱਟੀਆਂ ਜੜ੍ਹਾਂ ਦਾ ਡੂੰਘਾ ਦਰਦ ਸਦਾ ਹੀ ਮੇਰੇ ਜਿਸਮ ਨੂੰ ਥਰਥਰਾਉਂਦਾ ਰਿਹਾ ਤੇ ਰੂਹ ਵਿਚ ਝਰਨਾਹਟ ਫੇਰਦਾ ਮੇਰੀਆਂ ਅੱਖਾਂ ਵਿਚੋਂ ਸਿੰਮਦਾ ਰਿਹਾ। ਮੈਂ ਸੁਰਤ ਸੰਭਾਲੀ ਤਾਂ ਦੇਸ਼ ਦੀ ਵੰਡ ਤੇ ਉਹਦਾ ਦਰਦ ਮੇਰੇ ਨਾਲ-ਨਾਲ ਤੁਰਨ ਲੱਗਾ। ਜਿਉਂ-ਜਿਉਂ ਵੱਡਾ ਹੁੰਦਾ ਗਿਆ, ਤਿਉਂ-ਤਿਉਂ ਇਹ ਦਰਦ ਵੀ ਵੱਡਾ ਹੁੰਦਾ ਗਿਆ। ਬਚਪਨ ਦੇ ਸਾਲਾਂ ਵਿਚ ਹਰ ਤਰਫ਼ ਇਸੇ ਦਰਦ ਦੀਆਂ ਗੱਲਾਂ ਸਨ। ਹੋਈ ਕਤਲੋਗ਼ਾਰਤ ਦੀਆਂ, ਅੰਨ੍ਹੀ ਵਹਿਸ਼ਤ ਤੇ ਦਹਿਸ਼ਤ ਦੀਆਂ...। (*ਨਦੀਓਂ ਪਾਰ ਰਾਂਝਣ ਦਾ ਠਾਣਾ*, ਪੰਨਾ 11)

ਲਾਹੌਰ ਪਹੁੰਚਣ ਤੋਂ ਬਾਅਦ ਵੀ ਲੇਖਕ ਦੀ ਉਤੇਜਨਾ ਅਤੇ ਹੇਰਵਾ ਬਣੇ ਰਹਿੰਦੇ ਹਨ। ਇਹ ਸ਼ਾਂਤ ਜਾਂ ਤ੍ਰਿਪਤ ਨਹੀਂ ਹੋ ਪਾਉਂਦੇ। ਅਸਲ ਵਿਚ ਸਾਡੀ ਦੁਨੀਆਂ ਵਿਚ ਵਾਸਤਵਿਕ (real) ਕੁਝ ਨਹੀਂ ਬਚਿਆ। ਅਸੀਂ ਆਪਣੇ ਬ੍ਰਹਿਮੰਡ ਦੀ ਜੈਵਿਕ ਏਕਤਾ (organic reality) ਨਾਲੋਂ ਟੁੱਟੇ ਹੋਏ ਹਾਂ। ਸਾਨੂੰ ਸਦਾ ਇਹ ਭਰਮ ਰਹਿੰਦਾ ਹੈ, ਕਿ ਕਿਸੇ ਇੱਛਾ ਦੀ ਪੂਰਤੀ ਹੋ ਜਾਣ ਤੋਂ ਅਸੀਂ ਇਸ ਏਕਤਾ ਨੂੰ ਪਾ ਲਵਾਂਗੇ। ਪਰ ਜਦੋਂ ਅਸੀਂ ਉਸ ਇੱਛਾ ਦੀ ਪ੍ਰਾਪਤੀ ਕਰ ਲੈਂਦੇ ਹਾਂ ਤਾਂ ਸਗੋਂ ਹੋਰ ਉਦਾਸ ਹੋ ਜਾਂਦੇ ਹਾਂ। ਦੇਖੋ :

> 19 ਅਪ੍ਰੈਲ 2001 ਦੀ ਸਵੇਰ : ਲਾਹੌਰ ਨਾਲੋਂ ਵਿਛੜਨ ਦਾ ਵਕਤ ਆ ਪਹੁੰਚਾ। ਹੋਟਲ ਨੂੰ ਛੱਡਣ ਦੀ ਪੂਰੀ ਤਿਆਰੀ ਪਿਛੋਂ ਮੈਂ ਜਗਤਾਰ ਨੂੰ ਕਿਹਾ, "ਇਕ ਮਿੰਟ ਠਹਿਰੋ, ਮੈਂ ਲਾਹੌਰ ਨੂੰ ਅਲਵਿਦਾ ਕਹਿ ਲਵਾਂ।... ਮੈਂ ਲਾਹੌਰ ਦੇ ਆਖਰੀ ਦਰਸ਼ਨ ਆਪਣੀਆਂ ਅੱਖਾਂ ਦੀਆਂ ਪੁਤਲੀਆਂ 'ਚ ਸਾਂਭ ਲੈਣਾ ਚਾਹੁੰਦਾ ਸਾਂ, ਜਿਵੇਂ ਕੋਈ ਆਪਣੇ ਮਹਿਬੂਬ ਤੋਂ ਆਖਰੀ ਵਾਰ ਵਿਛੜਨ ਸਮੇਂ ਉਹਨੂੰ ਨਜ਼ਰਾਂ ਹੀ ਨਜ਼ਰਾਂ 'ਚ ਡੀਕ ਲਾ ਕੇ ਪੀ ਜਾਣਾ ਚਾਹੁੰਦਾ ਹੋਵੇ। (*ਲਾਹੌਰ ਨੂੰ ਅਲਵਿਦਾ*, ਪੰਨਾ 200)

ਵਰਿਆਮ ਸਿੰਘ ਸੰਧੂ ਨੇ ਲਾਹੌਰ ਵੱਲ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਯਾਤਰਾ ਦਾ ਇਕ ਖ਼ਾਕਾ ਜਿਹਾ ਬਣਾ ਰੱਖਿਆ ਸੀ। ਕੀ-ਕੀ ਵੇਖਣਾ ਹੈ ਅਤੇ ਕਿੱਥੇ-ਕਿੱਥੇ ਜਾਣਾ ਹੈ। ਭਾਵੇਂ ਉਸ ਨੂੰ ਅਤੇ ਉਸਦੇ ਸਾਥੀਆਂ ਨੂੰ ਕੇਵਲ ਲਾਹੌਰ ਦਾ ਵੀਜ਼ਾ ਹੀ ਮਿਲਿਆ ਸੀ ਪਰ ਤਾਂ ਵੀ ਉਹ ਆਪਣੇ ਕੁਝ ਮਿਹਰਬਾਨ ਪਾਕਿਸਤਾਨੀ ਮਿੱਤਰਾਂ ਦੀ ਸਹਾਇਤਾ ਨਾਲ ਨਨਕਾਣਾ ਸਾਹਿਬ ਅਤੇ ਲਾਇਲਪੁਰ ਵਰਗੇ ਸਥਾਨਾਂ ਦੀ ਯਾਤਰਾ ਕਰ ਆਇਆ ਸੀ। ਭਾਵੇਂ ਪਾਕਪਟਨ ਸਾਹਿਬ ਅਤੇ ਝੰਗ ਸਿਆਲ ਜਾਣ ਦੀ ਉਸ ਦੀ ਰੀਝ ਪੂਰੀ ਨਾ ਹੋ ਸਕੀ। ਪਰ ਨਨਕਾਣਾ ਸਾਹਿਬ ਜਾਣ ਦੀ ਰੀਝ ਪੂਰੀ ਹੋ ਜਾਣ ਸਦਕਾ ਉਹ ਕਾਫ਼ੀ ਸੰਤੁਸ਼ਟ ਹੋ ਕੇ ਮੁੜਿਆ ਸੀ। ਹਰ ਗੁਰਸਿਖ ਸੁਬਹ-ਸ਼ਾਮ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਦੀ ਅਰਦਾਸ ਕਰਦਾ ਹੈ ਅਤੇ ਸੰਧੂ ਦੀ ਇਹ ਅਰਦਾਸ ਜ਼ਰੂਰ ਪੂਰੀ ਹੋ ਗਈ ਸੀ।

ਪੂਰੇ ਸਫ਼ਰਨਾਮੇ ਵਿਚ ਸਾਂਝੇ ਭਾਈਚਾਰੇ ਦੀ ਧੁਨੀ ਸਮਾਈ ਹੋਈ ਹੈ। ਪਾਕਿਸਤਾਨ ਵਿਚ ਵੱਸਣ ਵਾਲੇ ਅਤੇ ਭਾਰਤ ਵਿਚ ਰਹਿਣ ਵਾਲੇ ਸਾਰੇ ਪੰਜਾਬੀ ਸਾਂਝੇ ਭਾਈਚਾਰੇ ਦੀਆਂ ਤੰਦਾਂ ਨਾਲ ਜੁੜੇ ਹੋਏ ਹਨ। ਅਹਿਮਦ ਰਾਹੀ ਨੇ ਠੀਕ ਹੀ ਕਿਹਾ ਸੀ : ਦੇਸਾਂ ਵਾਲਿਓ ਆਪਣੇ ਦੇਸ ਅੰਦਰ, ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ। ਇਹ ਨਜ਼ਮ ਉਸਨੇ ਪਾਕਿਸਤਾਨ ਤੋਂ ਹਿੰਦੁਸਤਾਨ ਆਉਣ ਸਮੇਂ ਇਕ ਮੁਸ਼ਾਇਰੇ ਵਿਚ ਪੜ੍ਹੀ ਸੀ ਅਤੇ ਮੁਸ਼ਾਇਰਾ ਲੁੱਟ ਲਿਆ ਸੀ। ਉਸਤਾਦ ਚਰਾਗ਼ਦੀਨ ਦਾਮਨ ਨੇ ਇਕ ਹੋਰ ਨਜ਼ਮ ਵਿਚ ਪੰਜਾਬੀਆਂ ਦੀ ਇਸੇ ਦੁਖਦੀ ਰਗ਼ ਉਪਰ ਉਂਗਲ ਧਰਦਿਆਂ ਹੋਇਆਂ ਕਿਹਾ ਸੀ :

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

'ਵਗਦੀ ਏ ਰਾਵੀ' ਸੰਗਠਨ ਅਤੇ ਵਿਉਂਤਬੰਦੀ ਦੇ ਪੱਖੋਂ ਇਕ ਸਫ਼ਲ ਸਫ਼ਰਨਾਮਾ ਹੈ। ਲੇਖਕ ਨੇ ਪੂਰੇ ਬਿਰਤਾਂਤ ਨੂੰ 33 ਛੋਟੀਆਂ-ਛੋਟੀਆਂ ਇਕਾਈਆਂ ਵਿਚ ਵਿਭਾਜਿਤ ਕਰ ਕੇ ਬਿਆਨ ਕੀਤਾ ਹੈ। ਕੋਈ ਵੀ ਇਕਾਈ ਪੰਜ-ਸੱਤ ਪੰਨਿਆਂ ਤੋਂ ਵਧੇਰੇ ਲੰਬੀ ਨਹੀਂ ਹੈ। ਹਰ ਇਕ ਵਿਚ ਉਤਸੁਕਤਾ ਅਤੇ ਲਟਕਾਉ (suspense) ਬਰਕਰਾਰ ਰਿਹਾ ਹੈ। ਇਹ ਸਾਰੀਆਂ ਇਕਾਈਆਂ ਸਮੁੱਚੇ ਪ੍ਰਬੰਧ ਵਿਚ ਬੱਝ ਕੇ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੀਆਂ ਹਨ।

**(ਅ) ਵੱਖਰੇ-ਵੱਖਰੇ ਚੈਪਟਰਾਂ ਦਾ ਸਰੂਪ ਅਤੇ ਸ਼ਿਲਪ**

'ਵਗਦੀ ਏ ਰਾਵੀ' ਤੇਤੀ ਚੈਪਟਰਾਂ ਵਿਚ ਵਿਉਂਤਬਧ ਕੀਤਾ ਇਕ ਸਫ਼ਲ ਸਫ਼ਰਨਾਮਾ ਹੈ। ਇਸ ਰਚਨਾਂ ਦੇ ਸਮੁਚੇ ਬਿਰਤਾਂਤ ਨੂੰ ਵਿਸ਼ੈ-ਵਸਤੂ ਦੀ ਦ੍ਰਿਸ਼ਟੀ ਤੋਂ ਕਈ ਸ਼੍ਰੇਣੀਆਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ ਜਿਵੇਂ : 1. ਪਾਕਿਸਤਾਨੀ ਲੇਖਕਾਂ ਦੀਆਂ ਭਾਸ਼ਾਈ ਸਮੱਸਿਆਵਾਂ, 2. ਪਾਕਿਸਤਾਨੀ ਅਵਾਮ ਦੀ ਵਿਛੜੇ ਭਰਾਵਾਂ ਪ੍ਰਤੀ ਸਿੱਕ, 3. ਪੰਜਾਬੀ ਲੇਖਕਾਂ ਦਾ ਆਪਣੀ ਜਨਮਭੂਮੀ ਤੋਂ ਵਿਛੜਣ ਦਾ ਹੇਰਵਾ ਅਤੇ 4. ਪਾਕਿਸਤਾਨੀ ਪੰਜਾਬੀਆਂ ਦੀ ਬੇਮਿਸਾਲ ਪ੍ਰਾਹੁਣਾਚਾਰੀ। ਲੇਖਕ ਨੇ ਇਨ੍ਹਾਂ ਚੈਪਟਰਾਂ ਦੀ ਵਸਤੂ-ਸਾਮਗਰੀ ਨੂੰ ਪੇਸ਼ ਕਰਨ ਸਮੇਂ ਖਿਆਲ ਰੱਖਿਆ ਹੈ ਕਿ ਹਰ ਚੈਪਟਰ ਵਿਚ ਉਕਤ ਸ਼੍ਰੇਣੀਆਂ ਨਾਲ ਸੰਬੰਧਿਤ ਵਿਸ਼ਿਆਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੋ ਸਕੇ। ਕਾਨਫਰੰਸ ਦਾ ਮੁਖ ਥੀਮ ਪਾਕਿਸਤਾਨ ਵਿਚ ਰਹਿਣ ਵਾਲੇ ਲੇਖਕਾਂ ਦੀਆਂ ਭਾਸ਼ਾਈ ਸਮੱਸਿਆਵਾਂ ਨਾਲ ਸੰਬੰਧਿਤ ਸੀ। ਫਖਰ ਜ਼ਮਾਂ, ਇਲਿਆਸ ਘੁੰਮਣ, ਮਲਿਕ ਮੇਅਰਾਜ ਖ਼ਾਲਿਦ, ਅਫ਼ਜ਼ਲ ਅਹਿਸਨ ਰੰਧਾਵਾ, ਅਹਿਮਦ ਰਾਹੀ ਅਤੇ ਅਬਦੁੱਲਾ ਹੁਸੈਨ ਵਰਗੇ ਪ੍ਰਮੁਖ ਪਾਕਿਸਤਾਨੀ ਲੇਖਕਾਂ ਨੇ ਇਸ ਥੀਮ ਨੂੰ ਪੂਰੇ ਜ਼ੋਰ ਅਤੇ ਜੋਸ਼ ਨਾਲ ਉਭਾਰਿਆ। ਇਨ੍ਹਾਂ ਲੇਖਕਾਂ ਦੀ ਵਚਨਬੱਧਤਾ ਅਤੇ ਦ੍ਰਿੜ੍ਹਤਾ ਇਹ ਦਰਸਾਉਂਦੀ ਸੀ ਕਿ ਉਹ ਪੰਜਾਬੀ ਬੋਲੀ ਲਈ ਸਾਰੇ ਅਧਿਕਾਰ ਪ੍ਰਾਪਤ ਕਰ ਕੇ ਚੈਨ ਨਾਲ ਬੈਠਣਗੇ। ਭਾਰਤ ਵਾਂਗ ਪਾਕਿਸਤਾਨੀ ਲੇਖਕਾਂ ਦੇ ਵੀ ਕਈ ਧੜੇ ਬਣੇ ਹੋਏ ਹਨ। ਪ੍ਰਬੰਧਕਾਂ ਨੇ ਨਜ਼ਮ ਹੁਸੈਨ ਸੱਯਦ, ਸਿਬਤੁਲ ਹਸਮ ਜ਼ੈਗਮ ਅਤੇ ਅਬਾਸ ਅਤਹਰ ਵਰਗੇ ਕਦਾਵਰ ਲੇਖਕਾਂ ਨੂੰ ਜਾਂ ਤਾਂ ਬੁਲਾਇਆ ਹੀ ਨਹੀਂ ਅਤੇ ਜਾਂ ਫਿਰ ਉਹ ਵਿਰੋਧੀ ਗਰੁਪ ਦੀ ਪ੍ਰਤੀਨਿਧਤਾ ਕਰਨ ਕਰਕੇ ਖ਼ੁਦ ਹੀ ਨਹੀਂ ਆਏ। ਤਾਂ ਵੀ ਬਹੁਤ ਸਾਰੇ ਲੇਖਕ ਬਿਨ ਬੁਲਾਇਆਂ ਵੀ ਕਾਨਫਰੰਸ ਵਿਚ ਸ਼ਾਮਲ ਹੋ ਗਏ ਸਨ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਪੂਰੀ ਵਾਹ ਲਾ ਰਹੇ ਸਨ।

ਕੁਝ ਚੈਪਟਰਾਂ ਵਿਚ ਪੰਜਾਬੀ ਅਵਾਮ ਦੀ ਵਿੱਛੜੇ ਭਰਾਵਾਂ ਪ੍ਰਤੀ ਸਿੱਕ ਅਤੇ ਮੁਹੱਬਤ ਦਾ ਇਜ਼ਹਾਰ ਵੀ ਬੜੀ ਸ਼ਿੱਦਤ ਨਾਲ ਕੀਤਾ ਗਿਆ ਹੈ। ਰਾਇ ਅਜ਼ੀਜ਼ਉਲਾ ਆਪਣੇ ਪਰਿਵਾਰ ਸਮੇਤ ਲੇਖਕ ਅਤੇ ਉਸਦੇ ਸਾਥੀਆਂ ਨੂੰ ਲਾਹੌਰ ਦੀ ਫੂਡ-ਸਟਰੀਟ ਵਿਚ ਖਾਣ-ਪੀਣ ਲਈ ਲੈ ਤੁਰਿਆ। ਇਸ ਫੂਡ-ਸਟਰੀਟ ਵਿਚ ਫਿਰਦੇ ਹਰ ਪਾਕਿਸਤਾਨੀ ਔਰਤ-ਆਦਮੀ ਨੇ ਉਨ੍ਹਾਂ ਨਾਲ ਪੁਰਖ਼ਲੂਸ ਅਤੇ ਨਿੱਘਾ ਵਿਵਹਾਰ ਕੀਤਾ। ਜੇ ਕਿਸੇ ਨੇ ਕੋਈ ਫਬਤੀ ਵੀ ਕੱਸੀ ਤਾਂ ਉਹ ਵੀ ਸਦਭਾਵਨਾ ਨਾਲ ਭਰਪੂਰ ਸੀ। ਇਕ ਸ਼ਖਸ ਨੇ ਤਾਂ ਪੰਜਾਬੀ ਸਿੱਖਾਂ ਦੀ ਹਾਜ਼ਰੀ ਤੋਂ ਬਿਨਾਂ ਲਾਹੌਰ ਦੀ ਰੌਣਕ ਨੂੰ ਅਧੂਰਾ ਮੰਨਿਆ। ਉਸ ਨੇ ਕਿਹਾ :

> ਸਰਦਾਰ ਜੀ, ਤੁਹਾਡਾ ਇਥੇ ਫੂਡ ਸਟਰੀਟ ਵਿਚ ਇੰਜ ਫਿਰਨਾ ਮੈਨੂੰ ਬਹੁਤ ਹੀ ਚੰਗਾ ਲੱਗਾ ਹੈ। ਮੇਰੀ ਇਹ ਹਸਰਤ ਹੈ ਕਿ ਤੁਹਾਡੀਆਂ ਪੱਗਾਂ ਇੰਜ ਹੀ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਦੀ ਭੀੜ ਵਿਚੋਂ ਮੈਨੂੰ ਨਜ਼ਰ ਆਉਂਦੀਆਂ ਰਹਿਣ। ਮੈਨੂੰ ਲਗਦੈ ਇਨ੍ਹਾਂ ਪੱਗਾਂ ਵਾਲਿਆਂ ਦੇ ਲਾਹੌਰ ਵਿਚ ਫਿਰਦਿਆਂ ਹੀ ਲਾਹੌਰ ਸੋਹਣਾ ਲਗਦੈ। ਪੰਜਾਬ ਮੁਕੰਮਲ ਲਗਦੈ। ਤੁਸੀਂ ਇਥੇ ਆਓ। ਜੰਮ ਜੰਮ ਆਓ।

(*ਪੱਗਾਂ ਇੰਜ ਹੀ ਬਾਜ਼ਾਰ ਵਿਚ ਨਜ਼ਰ ਆਉਂਦੀਆਂ ਰਹਿਣ*, ਪੰਨਾ 66)

'ਵਗਦੀ ਏ ਰਾਵੀ' ਦਾ ਹਰ ਚੈਪਟਰ ਇਕ ਕਹਾਣੀ ਵਾਂਗ ਸੁਗਠਿਤ ਹੈ। ਇਸ ਨੂੰ ਹੋਰ ਚੈਪਟਰਾਂ ਨਾਲੋਂ ਨਖੇੜ ਕੇ ਇਕ ਕਹਾਣੀ ਵਾਂਗ ਵੀ ਪੜ੍ਹਿਆ ਜਾ ਸਕਦਾ ਹੈ। ਬਿਰਤਾਂਤ ਦੇ ਅਜਿਹੇ ਲਚਕਦਾਰ ਸਰੂਪ ਦੇ ਕਾਰਨ ਹੀ ਇਹ ਸਫ਼ਰਨਾਮਾ ਜਦੋਂ 'ਪੰਜਾਬੀ ਟ੍ਰਿਬਿਊਨ' ਵਰਗੀ ਅਖ਼ਬਾਰ ਵਿਚ ਲੜੀਵਾਰ ਪ੍ਰਕਾਸ਼ਿਤ ਹੋਇਆ ਸੀ ਤਾਂ ਇਸ ਦੀ ਬਹੁਤ ਪ੍ਰਸੰਸਾ ਹੋਈ ਸੀ। ਪਾਠਕਾਂ ਨੂੰ ਹਰ ਲੜੀ ਆਪਣੇ ਆਪ ਵਿਚ ਮੁਕੰਮਲ ਅਤੇ ਸੰਪੂਰਨ ਪ੍ਰਤੀਤ ਹੁੰਦੀ ਸੀ। ਲੇਖਕ ਹਰ ਚੈਪਟਰ ਵਿਚ ਮੂਡ ਵੀ ਤਬਦੀਲ ਕਰਦਾ ਰਿਹਾ ਹੈ। ਕਦੇ ਅਚੰਭਾ ਹਾਵੀ ਹੋ ਜਾਂਦਾ ਹੈ, ਕਦੇ ਹੇਰਵਾ, ਕਦੇ ਖੁਸ਼ੀ ਅਤੇ ਕਦੇ ਗ਼ਮੀ। ਇਸ ਸੂਰਤ ਵਿਚ ਇਹ ਸਫ਼ਰਨਾਮਾ ਮਨੁਖੀ ਭਾਵਾਂ ਅਤੇ

ਰਸਾਂ ਦਾ ਇਕ ਕੈਲੀਡੀਓਸਕੋਪ ਬਣ ਗਿਆ ਹੈ। ਫੁਲਾਂ ਦੇ ਗੁਲਦਸਤੇ ਵਾਂਗ ਹਰ ਫੁੱਲ ਦੀ ਇਕ ਵੱਖਰੀ ਹੋਂਦ ਵੀ ਹੈ ਅਤੇ ਇਹ ਇਕ ਵੰਨ-ਸੁਵੰਨੇ ਗੁਲਦਸਤੇ ਦਾ ਭਾਗ ਵੀ ਹਨ।

'ਵਗਦੀ ਏ ਰਾਵੀ' ਦੇ ਕੁਝ ਚੈਪਟਰ ਇਹੋ ਜਿਹੇ ਵੀ ਹਨ, ਜਿਨ੍ਹਾਂ ਵਿਚ ਲੇਖਕ ਨੂੰ ਇਤਿਹਾਸ ਅਤੇ ਦੰਤਕਥਾਵਾਂ ਵਿਚੋਂ ਸਾਮਗਰੀ ਲੈ ਕੇ ਇਨ੍ਹਾਂ ਨੂੰ ਅਰਥਪੂਰਨ ਬਣਾਉਣਾ ਪਿਆ। 'ਵਗਦੀ ਏ ਰਾਵੀ' ਨਾਮ ਦਾ ਵੀ ਇਕ ਚੈਪਟਰ ਇਸ ਸਫ਼ਰਨਾਮੇ ਵਿਚ ਹੈ। ਇਸ ਵਿਚ ਲੇਖਕ ਅਤੇ ਉਸ ਦੇ ਸਾਥੀ ਲਾਹੌਰ ਦੇ ਕੁਝ ਪ੍ਰਸਿੱਧ ਸਥਾਨਾਂ ਦੀ ਯਾਤਰਾ ਕਰਦੇ ਹਨ। ਜਦੋਂ ਉਹ ਰਾਵੀ ਦਰਿਆ ਦੀ ਸੈਰ ਨੂੰ ਨਿਕਲਦੇ ਹਨ ਤਾਂ ਲੇਖਕ ਨੂੰ ਪ੍ਰੋ. ਮੋਹਨ ਸਿੰਘ ਦੀ ਇਕ ਪ੍ਰਸਿੱਧ ਕਵਿਤਾ ਅਤੇ ਕੁਝ ਲੋਕਗੀਤ ਯਾਦ ਆ ਜਾਂਦੇ ਹਨ ਅਤੇ ਲੇਖਕ ਇਸ ਦਰਿਆ ਦੇ ਲੋਕਯਾਨਿਕ ਮਹਤਵ ਨੂੰ ਦ੍ਰਿੜ੍ਹਾਉਣ ਲਈ ਇਨ੍ਹਾਂ ਨੂੰ ਅੰਕਿਤ ਕਰ ਦਿੰਦਾ ਹੈ। ਅਪ੍ਰੈਲ ਦੇ ਦਿਨਾਂ ਵਿਚ ਜਦੋਂ ਇਹ ਲੋਕ ਰਾਵੀ ਦੇ ਤਟ ਉਪਰ ਪਹੁੰਚੇ ਤਾਂ ਰਾਵੀ ਖੁਸ਼ਕ ਸੀ। ਭਰ ਕੇ ਵਗਣ-ਉਛਲਣ ਵਾਲੇ ਦਰਿਆ ਦੀ ਇਹ ਸਥਿਤੀ ਵੇਖ ਕੇ ਲੇਖਕ ਉਦਾਸ ਹੋ ਗਿਆ। ਉਦਾਸੀ ਦੀ ਇਸ ਕੈਫ਼ੀਅਤ ਵਿਚ ਉਸਨੂੰ ਦੇਵਿੰਦਰ ਸਤਿਆਰਥੀ ਦੇ ਜੀਵਨ ਨਾਲ ਸੰਬੰਧਿਤ ਇਕ ਘਟਨਾ ਯਾਦ ਆ ਜਾਂਦੀ ਹੈ। ਲਾਹੌਰ ਰਹਿਣ ਸਮੇਂ ਉਸ ਨੇ ਕਿਸੇ ਗੱਲ ਤੋਂ ਨਿਰਾਸ਼ ਹੋ ਕੇ ਰਾਵੀ ਵਿਚ ਛਾਲ ਮਾਰ ਕੇ ਆਤਮਹੱਤਿਆ ਦਾ ਫੈਸਲਾ ਕਰ ਲਿਆ ਸੀ ਪਰ ਕੁਝ ਲੋਕਾਂ ਨੇ ਉਸ ਨੂੰ ਬਚਾ ਲਿਆ ਸੀ। ਇਸੇ ਤਰ੍ਹਾਂ ਭਾਈ ਬਿਧੀ ਚੰਦ ਦੀ ਬਹਾਦਰੀ ਦਾ ਇਕ ਪ੍ਰਸੰਗ ਇਤਿਹਾਸ ਵਿਚੋਂ ਲੈ ਕੇ ਬਿਆਨ ਕੀਤਾ ਗਿਆ ਹੈ। ਭਾਈ ਸਾਹਿਬ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਟ ਕੀਤੇ ਜਾਣ ਵਾਲੇ ਘੋੜੇ ਨੂੰ ਮੁਗ਼ਲਾਂ ਦੀ ਹਿਰਾਸਤ ਵਿਚੋਂ ਬਚਾਉਣ ਲਈ ਕਿਲ੍ਹੇ ਦੀ ਕੰਧ ਤੋਂ ਘੋੜੇ ਦੀ ਛਲਾਂਗ ਲਗਵਾ ਦਿੱਤੀ ਸੀ। ਉਸ ਦੇ ਇਸ ਸਾਹਸ ਅਤੇ ਬੀਰਤਾ ਨੂੰ ਦੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਸਨ। ਸਫ਼ਰਨਾਮੇ ਵਿਚ ਪੇਸ਼ ਕੀਤੇ ਗਏ ਇਹੋ ਜਿਹੇ ਵੇਰਵੇ ਇਸ ਨੂੰ ਹੋਰ ਸੰਘਣਾ ਅਤੇ ਜਾਣਕਾਰੀ ਭਰਪੂਰ ਬਣਾ ਦਿੰਦੇ ਹਨ।

**(ੲ) ਬਿਆਨੀਆ ਸ਼ੈਲੀ**

ਸਫ਼ਰਨਾਮੇ ਦੀ ਜ਼ਰੂਰਤ ਮੁਤਾਬਿਕ ਵਰਿਆਮ ਸਿੰਘ ਸੰਧੂ ਨੇ ਇਸ ਰਚਨਾ ਵਿਚ ਵਿਭਿੰਨ ਪ੍ਰਕਾਰ ਦੀਆਂ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਬਿਆਨੀਆਂ ਸ਼ੈਲੀ ਕਿਸੇ ਵੀ ਸਫ਼ਰਨਾਮੇ ਦਾ ਮੁਖ ਅੰਗ ਹੁੰਦੀ ਹੈ ਕਿਉਂਕਿ ਲੇਖਕ ਨੇ ਓਪਰੀਆਂ ਅਤੇ ਇਤਿਹਾਸਕ ਧਰਤੀਆਂ ਉਪਰ ਜਾ ਕੇ ਉਥੋਂ ਦੇ ਕੁਦਰਤੀ ਦ੍ਰਿਸ਼ਾਂ, ਸਮਾਜਿਕ ਰਹੁ ਰੀਤਾਂ ਅਤੇ ਇਤਿਹਾਸਕ ਸਥਾਨਾਂ ਦੇ ਵੇਰਵੇ ਦੇਣੇ ਹੁੰਦੇ ਹਨ, ਉਨ੍ਹਾਂ ਦੀ ਵਚਿਤਰਤਾ ਨੂੰ ਬਿਆਨ ਕਰਨਾ ਹੁੰਦਾ ਹੈ। ਬਹੁਤੇ ਲੇਖਕ ਬਿਆਨੀਆ ਸ਼ੈਲੀ ਨੂੰ ਨੀਰਸ ਅਤੇ ਅਨੁਕਰਣਮਈ ਬਣਾ ਦਿੰਦੇ ਹਨ ਪਰ ਵਰਿਆਮ ਸੰਧੂ ਆਪਣੀ ਸਾਹਿਤਿਕ ਪ੍ਰਤਿਭਾ ਦੇ ਜ਼ੋਰ ਨਾਲ ਬਿਆਨੀਆ ਸ਼ੈਲੀ ਨੂੰ ਬੜੀ ਰੋਚਕ ਅਤੇ ਰਸਭਰਪੂਰ ਬਣਾ ਦਿੰਦਾ ਹੈ। ਦੇਖੋ :

> ਨਾ ਕਿਲ੍ਹਾ ਸਾਡਾ ਸੀ, ਨਾ ਲਾਹੌਰ ਸਾਡਾ ਸੀ... ਪਰ ਗੁਰੂ ਤਾਂ ਸਾਡਾ ਸੀ। ਸ਼ਾਹ ਹੁਸੈਨ ਅਤੇ ਫ਼ਰੀਦ ਤਾਂ ਸਾਡੇ ਸਨ। ਰਾਵੀ ਸੁੱਕ ਚੱਲੀ ਸੀ ਪਰ ਸੁੱਕ ਕੇ ਵੀ 'ਵਗਦੀ' ਪਈ ਸੀ। ਘੁੱਗੀਆਂ ਦਾ ਜੋੜ ਬੇਸ਼ਕ ਵਿਛੜ ਗਿਆ ਸੀ ਪਰ ਰਾਵੀ ਵਿਚ ਦੋ ਪੀਲੇ ਫੁੱਲ 'ਸੂਫੀ ਮਤ' ਤੇ 'ਗੁਰਮਤਿ' ਤਰਦੇ ਪਏ ਸਨ। ਮੈਂ ਤੁਰਦਿਆਂ ਮਨ ਹੀ ਮਨ ਵਿਚ ਇਨ੍ਹਾਂ ਪੀਲੇ ਫੁੱਲਾਂ ਤੇ ਮੁਹੱਬਤ ਦੀ ਵਗਦੀ ਰਾਵੀ ਨੂੰ ਨਮਸਕਾਰ ਕੀਤੀ।
>
> (*ਵਗਦੀ ਏ ਰਾਵੀ*, ਪੰਨਾ 87)

ਬਿਆਨੀਆਂ ਸ਼ੈਲੀ ਨੂੰ ਸਾਹਿਤਿਕਤਾ ਨਾਲ ਪਰਿਪੂਰਨ ਕਰਨ ਵਾਸਤੇ ਵਰਿਆਮ ਸਿੰਘ ਸੰਧੂ ਸੰਭਾਸ਼ਣੀ ਜੁਗਤਾਂ (rhetories) ਦਾ ਵੀ ਸੁਚੱਜਾ ਪ੍ਰਯੋਗ ਕਰ ਲੈਂਦਾ ਹੈ। ਇਹ ਜੁਗਤਾਂ ਭਾਸ਼ਾ ਦੇ ਰਸਮੀ/ਉਚੇਚਮਈ ਰੂਪ ਦਾ ਪ੍ਰਯੋਗ ਕਰਦੀਆਂ ਹਨ। ਪੱਛਮ ਦੇ ਕਲਾਸਿਕੀ ਵਿਰਸੇ ਵਿਚ ਸੰਭਾਸ਼ਣ ਉਪਰ ਬਹੁਤ ਜ਼ੋਰ ਦਿਤਾ ਜਾਂਦਾ ਸੀ ਕਿਉਂਕਿ ਇਹ ਸ਼ਾਸਤਰ, ਭਾਸ਼ਾ ਨੂੰ ਇਸ ਦੇ ਰੋਜ਼-ਮਰ੍ਹਾ ਵਰਤੇ ਜਾਣ ਵਾਲੇ ਰੂਪ ਤੋਂ ਨਖੇੜ ਕੇ ਇਸ ਨੂੰ ਬਹੁਤ ਉੱਚਾ ਚੁਕ ਦਿੰਦਾ ਹੈ। ਇਹ ਭਾਸ਼ਾ ਨੂੰ ਸਾਹਿਤਿਕ ਸੰਸਕਾਰ ਪ੍ਰਦਾਨ ਕਰ ਦਿੰਦਾ ਹੈ। ਵਰਿਆਮ ਸੰਧੂ ਅਕਸਰ ਹੀ ਇਸ ਜੁਗਤ ਦਾ ਪ੍ਰਯੋਗ ਕਰਦਾ ਦੇਖਿਆ ਜਾ ਸਕਦਾ ਹੈ। ਜਿਵੇਂ :

> ਆਮ ਲੋਕਾਂ 'ਚ ਇਕ-ਦੂਜੇ ਪ੍ਰਤੀ ਡੁਲ੍ਹ-ਡੁਲ੍ਹ ਪੈ ਰਹੀ ਮੁਹੱਬਤ ਵੀ ਇਕ ਹਕੀਕਤ ਸੀ ਪਰ ਇਕ-ਦੂਜੇ ਪ੍ਰਤੀ ਵਿਰੋਧ ਅਤੇ ਨਫ਼ਰਤ ਦੇ ਕਈ ਆਧਾਰ ਵੀ ਮੌਜੂਦ ਸਨ। ਇਸ ਡੁਲ੍ਹਦੀ ਮੁਹੱਬਤ ਦਾ ਨਫ਼ਰਤ ਦੇ ਰੇਤਲੇ ਮਾਰੂਥਲ ਵਿਚ ਖੁਸ਼ਕ ਹੁੰਦੇ ਜਾਣ ਦਾ ਹਮੇਸ਼ਾ ਖ਼ਤਰਾ ਤੇ ਅੰਦੇਸ਼ਾ ਸੀ। ਮੁਹੱਬਤ ਦਾ ਉਭਰਿਆ ਇਹ ਜਜ਼ਬਾ ਵਕਤੀ ਉਬਾਲ ਬਣ ਕੇ ਰਹਿ ਸਕਦਾ ਹੈ, ਜੇ ਇਸ ਦੀ ਧਾਰਾ ਦੇ ਨਿਰੰਤਰ ਵਗਦੇ ਰਹਿਣ ਦਾ ਚਾਰਾ ਨਾ ਕੀਤਾ ਜਾਵੇ। (*ਮਸਲੇ ਦਾ ਹੱਲ*, ਪੰਨਾ 181)

**(ਸ) ਵਾਰਤਾਲਾਪਮਈ ਸ਼ੈਲੀ**

ਸਫ਼ਰਨਾਮੇ ਨੂੰ ਰੋਚਕ ਅਤੇ ਸਜੀਵ ਬਣਾਉਣ ਲਈ ਵਰਿਆਮ ਸੰਧੂ ਵਾਰਤਾਲਾਪਮਈ ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਇਸ ਵਿਧੀ ਨਾਲ ਇਸ ਰਚਨਾ ਵਿਚ ਆਏ ਵੱਖ-ਵੱਖ ਪਾਤਰਾਂ/ਇਤਿਹਾਸਕ ਵਿਅਕਤੀਆਂ ਦਾ ਚਰਿਤਰ ਉਭਰ ਆਉਂਦਾ ਹੈ। ਬਾਖ਼ਤਿਨ (Mikhail Bakhtin), ਇਸ ਵਿਧੀ ਨੂੰ 'ਡਾਇਆਲਾਜ਼ਿਮ' ਦਾ ਨਾਮ ਦਿੰਦਾ ਹੈ। ਉਸ ਦੇ ਕਥਨ ਅਨੁਸਾਰ ਇਸ ਵਿਧੀ ਦੁਆਰਾ ਕਿਸੇ ਰਚਨਾ ਵਿਚ ਬਹੁਤ ਸਾਰੀਆਂ ਆਵਾਜ਼ਾਂ ਸੁਣਾਈ ਦੇਣ ਲਗਦੀਆਂ ਹਨ; ਇਸ ਪ੍ਰਕਾਰ ਕੋਈ ਰਚਨਾ ਗਣਤਾਂਤਰਿਕ ਸਰੂਪ ਧਾਰਨ ਕਰ ਜਾਂਦੀ ਹੈ। ਵਰਿਆਮ ਸਿੰਘ ਸੰਧੂ ਪਾਤਰਾਂ ਦੇ ਸੁਭਾ ਬਾਰੇ ਜਾਣਕਾਰੀ ਦੇਣ ਲਈ ਇਸ ਵਿਧੀ ਦਾ ਪ੍ਰਯੋਗ ਕਰਦਾ ਹੈ :

> ਮੈਂ ਤੇ ਜਗਤਾਰ ਪਿਛਲੀਆਂ ਕਤਾਰਾਂ 'ਚ ਖਾਲੀ ਥਾਂ ਲੱਭ ਕੇ ਬੈਠਣ ਲਈ ਅਹੁਲ ਹੀ ਰਹੇ ਸਾਂ ਕਿ ਅਗੋਂ ਸਤਨਾਮ ਮਾਣਕ ਨੇ ਖੜੋ ਕੇ ਆਵਾਜ਼ ਮਾਰੀ, "ਸੰਧੂ ਯਾਰ ! ਐਥੇ ਅਗੇ ਆ ਜਾਵੋ। ਪਿਛੇ ਕਿਉਂ ਬੈਠੀ ਜਾਂਦੇ ਓ।"
>
> ਮੈਂ ਹੱਥ ਨਾਲ ਹੀ ਉਸ ਨੂੰ ਧੰਨਵਾਦੀ ਇਸ਼ਾਰਾ ਕੀਤਾ। ਪਰ ਉਹ, "ਨਹੀਂ, ਨਹੀਂ, ਅੱਗੇ ਆਓ ਕਹਿੰਦਾ ਰਿਹਾ।" ਉਸ ਨੇ ਦੋ ਕੁਰਸੀਆਂ ਸਾਡੇ ਲਈ ਬਚਾ ਕੇ ਰੱਖੀਆਂ ਸਨ।
>
> "ਤੁਸੀਂ ਯਾਰ ਐਵੇਂ ਪਿੱਛੇ-ਪਿੱਛੇ ਰਹਿੰਦੇ ਜੇ। ਤੁਸੀਂ ਹੀ ਤਾਂ ਸਾਡੇ ਅੱਗੇ ਬੈਠਣ ਵਾਲੇ ਬੰਦੇ ਹੋ।" ਉਹ ਸਾਡਾ ਮਾਣ ਰੱਖ ਰਿਹਾ ਸੀ ਪਰ ਮੇਰਾ ਤੇ ਜਗਤਾਰ ਦਾ ਸੁਭਾਅ ਇਸ ਪੱਖੋਂ ਮੇਲ ਖਾ ਗਿਆ ਸੀ। ਸਾਨੂੰ ਅੱਗੇ-ਅੱਗੇ ਹੋਣ ਦੀ ਕੋਈ ਤਾਂਘ ਹੀ ਨਹੀਂ ਸੀ।

ਵਰਿਆਮ ਸਿੰਘ ਸੰਧੂ ਵਿਅੰਗ-ਵਿਧੀ ਦਾ ਇਕ ਪਰਿਪੱਕ ਲੇਖਕ ਹੈ। ਉਹ 'ਅੱਗੇ ਅੱਗੇ ਹੋਣ ਦੀ ਤਾਂਘ ਨਾ ਹੋਣ' ਦਾ ਜ਼ਿਕਰ ਕਰਨ ਸਮੇਂ ਉਹ ਭਾਰਤੀ ਡੈਲੀਗੇਸ਼ਨ ਦੇ ਉਨ੍ਹਾਂ ਪ੍ਰਬੰਧਕਾਂ (ਨੂਰ, ਟਿਵਾਣਾ ਅਤੇ ਹਰਚਨ ਸਿੰਘ ਆਦਿ) ਉਪਰ ਵਿਅੰਗ ਕਰਦਾ ਹੈ ਕਿ ਇਨ੍ਹਾਂ ਨੇ ਵਰਿਆਮ ਸੰਧੂ ਅਤੇ ਜਗਤਾਰ ਵਰਗੇ ਕੱਦਾਵਰ ਕਹਾਣੀਕਾਰਾਂ ਅਤੇ ਕਵੀਆਂ ਨੂੰ ਕੇਵਲ ਸਾਧਾਰਣ ਡੈਲੀਗੇਟ ਵਜੋਂ ਹੀ ਲੈ ਆਂਦਾ ਸੀ; ਉਨ੍ਹਾਂ ਨੂੰ ਪਰਚਾ ਲਿਖਣ ਜਾਂ ਪੜ੍ਹਨ ਦੀ ਕੋਈ ਵੱਡੀ ਜ਼ਿੰਮੇਵਾਰੀ ਨਹੀਂ ਸੀ ਦਿੱਤੀ, ਜਿਸ ਦੇ ਉਹ ਹੱਕਦਾਰ ਸਨ। ਇਸ ਸੂਰਤ ਵਿਚ ਉਨ੍ਹਾਂ ਦਾ ਪਿਛਲੀ ਪੰਕਤੀ ਵਿਚ ਬੈਠਣਾ ਪ੍ਰਬੰਧਕਾਂ ਦੀ ਮਾਨਸਿਕਤਾ ਉਪਰ ਇਕ ਕਠੋਰ ਪ੍ਰਹਾਰ ਕਰਨਾ ਸੀ।

ਪਾਕਿਸਤਾਨ ਵਿਚ ਰਹਿਣ ਵਾਲੇ ਲੋਕਾਂ ਦਾ ਵਿਸ਼ਵਾਸ ਅਤੇ ਨਿਕਟਤਾ (intimacy) ਜਿੱਤਣ ਵਾਸਤੇ ਵਰਿਆਮ ਸਿੰਘ ਸੰਧੂ ਉਰਦੂ-ਮਿਸ਼ਰਿਤ ਵਾਰਤਾਲਾਪ ਦਾ ਪ੍ਰਯੋਗ ਕਰਦਾ ਹੈ। ਭਾਰਤੀ ਪੰਜਾਬੀਆਂ ਨੂੰ ਉਰਦੂ ਵਿਚ ਗੁਫ਼ਤਗੂ ਕਰਦਿਆਂ ਦੇਖ ਪਾਕਿਸਤਾਨ ਦੇ ਸਾਧਾਰਨ ਨਾਗਰਿਕ ਬੜੇ ਖ਼ੁਸ਼ ਹੋ ਜਾਂਦੇ ਸਨ। ਦੇਖੋ :

> 'ਜਲੰਧਰ' ਦਾ ਨਾਂ ਸੁਣ ਕੇ ਉਸ ਦੀਆਂ ਅੱਖਾਂ ਵਿਚ ਲਿਸ਼ਕ ਆਈ। ਉਸ ਨੇ ਦੁਹਰਾ ਕੇ ਪੁੱਛਿਆ, "ਅੱਛਾ ! ਜਲੰਧਰ ਰਹਿੰਦੇ ਹੋ ਤੁਸੀਂ ?"
>
> ਸਾਡੇ ਦੋਹਾਂ ਵਿਚਕਾਰ ਪਿਆ ਆਪਣਾ ਬੈਗ ਚੁੱਕ ਕੇ ਉਸ ਨੇ ਦੂਜੇ ਪਾਸੇ ਰੱਖ ਲਿਆ ਤੇ ਮੇਰੇ ਹੋਰ ਨੇੜੇ ਹੋ ਗਿਆ, "ਮੈਂ ਪਾਕਿਸਤਾਨ ਤੋਂ ਆਂ। ਸਾਡੇ ਵਡੇਰੇ ਵੀ ਪਿਛੋਂ ਜਲੰਧਰ ਦੇ ਨੇ। ਉਥੇ ਸਾਡਾ ਲੁਹਾਰੇ ਦਾ ਕੰਮ ਹੁੰਦਾ ਸੀ। ਮੇਰਾ ਦਾਦਾ ਉਹ ਬਣਾਉਂਦਾ ਸੀ ਜਿਸ ਨਾਲ ਅਸੀਂ ਫਸਲ ਕਟਦੇ ਆਂ... ਉਹ... ਹਾਂ ਦਾਤੀਆਂ ਤੇ ਖੁਰਪੇ।" ਉਹਨੂੰ ਵਡੇਰਿਆਂ ਦੇ ਕਿੱਤੇ ਦਾ ਮਾਣ ਸੀ।
>
> "ਤੁਹਾਡਾ ਇਸਮ ਸ਼ਰੀਫ ?" ਮੈਂ ਪੁੱਛਿਆ ਤਾਂ ਖੁਸ਼ੀ ਵਿਚ ਉਹਦੀਆਂ ਵਾਛਾਂ ਖਿਲ ਗਈਆਂ।
>
> "ਤੁਸੀਂ ਉਰਦੂ ਜਾਣਦੇ ਹੋ ?"
>
> "ਥੋੜਾ-ਥੋੜਾ...। ਸਾਡੀ ਆਪਣੀ ਬੜੀ ਅਮੀਰ ਜ਼ਬਾਨ ਹੈ... ਉਰਦੂ।"
>
> (*ਪੰਜਾਬੀਅਤ ਦੀ ਸਾਂਝ ਨੂੰ ਮੁਹੱਬਤ ਦਾ ਪਾਣੀ*, ਪੰਨਾ 51)

**(ਹ) ਕਾਵਿਕ ਸ਼ੈਲੀ**

ਵਾਰਤਕ ਰਚਨਾ ਕਰਨ ਦੌਰਾਨ ਜਦੋਂ ਕੋਈ ਭਾਵੁਕ ਵਿਸ਼ੈ ਸਾਹਮਣੇ ਆਉਂਦਾ ਹੈ ਤਾਂ ਲੇਖਕ ਦੀ ਗੱਦ-ਸ਼ੈਲੀ ਕਾਵਿਕ ਰੰਗ-ਰੂਪ ਅਖ਼ਤਿਆਰ ਕਰ ਜਾਂਦੀ ਹੈ। ਇਹ ਸ਼ੈਲੀ ਰਚਨਾ ਨੂੰ ਵਧੇਰੇ ਭਾਵਪੂਰਿਤ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਬਿਆਨੀਆਂ ਗਦ-ਸ਼ੈਲੀ ਵਿਵੇਕ ਅਤੇ ਅੰਦਾਜ਼ ਦੀ ਚੁਸਤੀ ਉਪਰ ਨਿਰਭਰ ਕਰਦੀ ਹੈ; ਇਸ ਸ਼ੈਲੀ ਦੌਰਾਨ ਵਾਰਤਕ ਵਿਚੋਂ ਸਾਹਿਤਿਕ ਗੁਣ-ਲੱਛਣ ਕਮਜ਼ੋਰ ਪੈਣ ਲਗਦੇ ਹਨ। ਘਟ ਪ੍ਰਤਿਭਾਸ਼ੀਲ ਲੇਖਕਾਂ ਦੀ ਸ਼ੈਲੀ ਨੀਰਸ ਵੀ ਹੋਣ ਲੱਗਦੀ ਹੈ ਪਰ ਕਾਵਿਕ ਸ਼ੈਲੀ ਦਾ ਆਕ੍ਰਸ਼ਣ ਅਤੇ

ਜਾਦੂ ਕਦੇ ਵੀ ਮੱਧਮ ਨਹੀਂ ਪੈਂਦਾ ਬਲਕਿ ਸਦਾ ਬਰਕਰਾਰ ਰਹਿੰਦਾ ਹੈ। ਦੇਖੋ :

> ਸ਼ਾਹ ਹੁਸੈਨ ਦੇ ਮਜ਼ਾਰ ਤੋਂ ਉਤਰਦਿਆਂ ਖੱਬੇ ਹੱਥ ਨਾਲ ਹੀ ਪੰਜ-ਛੇ ਗਜ਼ ਦੀ ਦੂਰੀ ਤੇ ਦੋਹਾਂ ਪੰਜਾਬਾਂ ਵਿਚ ਸਤਿਕਾਰੇ ਜਾਂਦੇ ਪੰਜਾਬੀ ਦੇ ਮਹਾਨ ਸ਼ਾਇਰ ਉਸਤਾਦ ਦਾਮਨ ਦੀ ਯਾਦਗਾਰ ਸੀ। ਅਸੀਂ ਇਸ ਬੁਲੰਦ ਆਤਮਾ ਵਾਲੇ ਨਿਡਰ ਸ਼ਾਇਰ ਅੱਗੇ ਸਿਰ ਝੁਕਾਇਆ ਤੇ ਉਸ ਦੀ ਫ਼ਕੀਰੀ ਦਾ ਜ਼ਿਕਰ ਸਾਂਝਾ ਕੀਤਾ ਜਿਸ ਨੇ ਹਨੇਰੇ ਸਿਲ੍ਹੇ ਘੁਰਨੇ ਵਰਗੇ ਹੁਜਰੇ ਵਿਚ ਉਮਰ ਬਤੀਤ ਕੀਤੀ ਪਰ ਉਸ ਦੀ ਸ਼ਾਇਰੀ ਹਮੇਸ਼ਾ ਹੱਕ ਸੱਚ ਦਾ ਚਾਨਣ ਵੰਡਦੀ ਵੱਡੇ ਤੋਂ ਵੱਡੇ ਹਾਕਮਾਂ ਨਾਲ ਆਢਾ ਲਾਉਣ ਤੋਂ ਨਹੀਂ ਸੀ ਟਲੀ। ਥਾਂ-ਥਾਂ ਵਿਕਦੀਆਂ ਤੇ ਛੋਟੇ-ਮੋਟੇ ਇਨਾਮਾਂ-ਸਨਮਾਨਾਂ ਲਈ ਲਿਲਕੜੀਆਂ ਕਢਦੀਆਂ ਕਲਮਾਂ ਵਾਲੇ ਇਸ ਦੌਰ ਵਿਚ ਉਸਤਾਦ ਦਾਮਨ ਧਰੂ ਤਾਰੇ ਵਾਂਗ ਚਮਕ ਰਿਹਾ ਸੀ। ਅਡਿੱਗ, ਅਡੋਲ, ਸਥਿਰ। ਸੱਚ ਤੇ ਜ਼ਮੀਰ ਦੀ ਆਵਾਜ਼ ਤੇ ਪਹਿਰਾ ਦੇਣ ਵਾਲਾ।
>
> (*ਪੰਜਾਬ ਦੀ ਸੁੱਚੀ ਆਤਮਾ ਨਾਲ ਮੁਲਾਕਾਤ*, ਪੰਨਾ 75)

ਇਸ ਸਫ਼ਰਨਾਮੇ ਦੀ ਰਚਨਾ ਦੌਰਾਨ ਲੇਖਕ ਇਹ ਗੱਲ ਦੱਸਣ ਤੋਂ ਕਦੇ ਸੰਕੋਚ ਨਹੀਂ ਕਰਦਾ ਕਿ ਦੋਵੇਂ ਪੰਜਾਬਾਂ ਵਿਚ ਰਹਿਣ ਵਾਲੇ ਲੋਕ ਇਕ ਦੂਜੇ ਨਾਲ ਮਿਲਣ ਵਾਸਤੇ ਹਾਬੜੇ ਪਏ ਹਨ। ਇਸ ਕਾਰਨ ਜਦੋਂ ਵੀ ਉਨ੍ਹਾਂ ਨੂੰ ਦੂਸਰੇ ਪੰਜਾਬ ਵਿਚ ਰਹਿਣ ਵਾਲਾ ਕੋਈ ਸ਼ਖਸ ਦਿਖਾਈ ਦਿੰਦਾ ਹੈ ਤਾਂ ਉਹ ਉੱਡ ਕੇ ਇਕ-ਦੂਜੇ ਨੂੰ ਮਿਲਦੇ ਹਨ। ਵਰਿਆਮ ਸੰਧੂ ਅਤੇ ਉਸਦੇ ਸਾਥੀਆਂ ਨੂੰ ਲਾਹੌਰ, ਲਾਇਲਪੁਰ ਅਤੇ ਨਨਕਾਣਾ ਸਾਹਿਬ ਵਿਖੇ ਘੁੰਮਦਿਆਂ ਨੂੰ ਅਨੇਕ ਇਸਤ੍ਰੀਆਂ-ਪੁਰਖ ਅਤੇ ਬਾਲ-ਬੱਚੇ ਮਿਲੇ ਜਿਨ੍ਹਾਂ ਨੇ ਬੜੇ ਚਾਅ ਨਾਲ ਆਪਣੀ ਮੁਹੱਬਤ ਦਾ ਇਜ਼ਹਾਰ ਕੀਤਾ। ਵਰਿਆਮ ਸੰਧੂ ਦਾ ਇਕ ਸੀਨੀਅਰ ਸਾਥੀ ਸ. ਪ੍ਰੇਮ ਸਿੰਘ ਲਾਇਲਪੁਰ ਸ਼ਹਿਰ ਦਾ ਰਹਿਣ ਵਾਲਾ ਸੀ। ਇਸ ਕਾਰਨ ਉਸਦੇ ਮਨ ਵਿਚ ਲਾਇਲਪੁਰ ਵਿਖੇ ਆਪਣਾ ਘਰ, ਸਕੂਲ ਅਤੇ ਕਾਲਜ ਆਦਿਕ ਦੇਖਣ ਦੀ ਤੀਬਰ ਤਾਂਘ ਸੀ। ਸਕੂਲ ਅਤੇ ਕਾਲਜ ਤਾਂ ਉਸ ਨੂੰ ਆਸਾਨੀ ਨਾਲ ਲੱਭ ਗਏ ਕਿਉਂਕਿ ਉਹ ਅਜੇ ਵੀ ਉਸੇ ਤਰ੍ਹਾਂ ਨਾਲ ਚੱਲ ਰਹੇ ਸਨ ਪਰੰਤੂ ਆਪਣਾ ਘਰ ਲੱਭਣ ਲਈ ਉਸਨੂੰ ਬਹੁਤ ਮਿਹਨਤ ਕਰਨੀ ਪਈ। ਪਰ ਜਦੋਂ ਉਹ ਆਪਣੀ ਮਿਹਨਤ ਵਿਚ ਸਫ਼ਲ ਹੋ ਗਿਆ ਤਾਂ ਉਸਦੀਆਂ ਅੱਖਾਂ ਵਿਚੋਂ ਹੰਝੂ ਫੁੱਟ ਨਿਕਲੇ। ਇਸ ਪ੍ਰਸੰਗ ਨੂੰ ਬਿਆਨ ਕਰਨ ਲਈ ਲੇਖਕ ਨੇ ਕਾਵਿਕ-ਸ਼ੈਲੀ ਦਾ ਪ੍ਰਯੋਗ ਕੀਤਾ ਹੈ :

> ਉਹ ਪਲੰਘ ਉਤੇ ਲੇਟ ਕੇ ਉਨ੍ਹਾਂ ਸਮਿਆਂ ਵਿਚ ਗਵਾਚਣਾ ਚਾਹੁੰਦਾ ਸੀ। ਲੇਟ ਕੇ ਉਸ ਨੇ ਮੱਥੇ ਉਤੇ ਬਾਂਹ ਰੱਖੀ। ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਦੀ ਧਾਹ ਨਿਕਲ ਗਈ ਤੇ ਉਹ ਫੁੱਟ-ਫੁੱਟ ਕੇ ਬੱਚਿਆਂ ਵਾਂਗ ਰੋਣ ਲੱਗਾ। ਰੋਂਦਿਆਂ ਹੋਇਆ ਉਸਦਾ ਸਾਰਾ ਸਰੀਰ ਕੰਬ ਰਿਹਾ ਸੀ। ਇਕ ਅਜੀਬ ਦਰਦਮੰਦ ਨਜ਼ਾਰਾ... ਦਿਲ ਨੂੰ ਛੂਹ ਲੈਣ। ਉਸ ਨੂੰ ਚੁੱਪ ਕਰਾਉਣ ਜਾਂ ਕੁਝ ਕਹਿਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਕੋਈ ਉਥੇ ਹਾਜ਼ਰ ਹੀ ਕਦੋਂ ਸੀ। ਸਭ ਆਪਣੇ ਅੰਦਰ ਡੁੱਬ ਚੁੱਕੇ ਸਨ।
>
> (*ਅਸਮਾਨੋਂ ਉੱਤਰੇ ਲੋਕਾਂ ਵਰਗੇ ਅਜਨਬੀ*, ਪੰਨਾ 175)

**(ਕ) ਹਵਾਲੇ ਅਤੇ ਕਾਵਿ-ਟਿੱਪਣੀਆਂ**

ਸਾਹਿਤਿਕ-ਸਭਿਆਚਾਰਕ ਸਰੋਕਾਰਾਂ ਨਾਲ ਸੰਬੰਧਿਤ ਹੋਣ ਕਾਰਨ 'ਵਗਦੀ ਏ ਰਾਵੀ' ਹਵਾਲੇ ਅਤੇ ਕਾਵਿਕ ਟਿੱਪਣੀਆਂ ਨਾਲ ਭਰਪੂਰ ਸਫ਼ਰਨਾਮਾ ਹੈ। ਲੇਖਕ ਜਦੋਂ ਕਿਸੇ ਸਭਿਆਚਾਰਕ ਘਟਨਾ ਦਾ ਨਿਰੂਪਣ ਕਰਨ ਲੱਗਦਾ ਹੈ ਤਾਂ ਉਸ ਨੂੰ ਕੋਈ-ਨਾ-ਕੋਈ ਸਾਹਿਤਿਕ ਹਵਾਲਾ ਯਾਦ ਆ ਜਾਂਦਾ ਹੈ ਅਤੇ ਉਹ ਉਸ ਦਾ ਉਲੇਖ ਕਰ ਦਿੰਦਾ ਹੈ। ਲੇਖਕ ਨੂੰ ਜਦੋਂ ਪਾਕਿਸਤਾਨ ਜਾਣ ਦਾ ਅਵਸਰ ਪ੍ਰਾਪਤ ਹੁੰਦਾ ਹੈ ਤਾਂ ਉਸਦੇ ਜ਼ੇਹਨ ਵਿਚ 1947 ਸਮੇਂ ਹੋਏ ਹਿੰਦੂ-ਮੁਸਲਿਮ ਫ਼ਸਾਦ ਉੱਭਰ ਆਉਂਦੇ ਹਨ। ਸਮੂਹ ਪੰਜਾਬੀਆਂ ਲਈ ਆਜ਼ਾਦੀ ਦਾ ਅਰਥ ਸੀ ਵੰਡ-ਵੰਡਾਰਾ। ਪੰਜਾਬ ਵਿਚ ਅਜੇ ਤਕ, ਹਿੰਦ-ਪਾਕਿ ਵਿਭਾਜਨ ਹੋਏ ਨੂੰ 70 ਵਰ੍ਹਿਆਂ ਤੋਂ ਬਾਅਦ ਵੀ ਫਸਾਦਾਂ ਬਾਰੇ ਕਵਿਤਾਵਾਂ-ਕਹਾਣੀਆਂ ਲਿਖੀਆਂ ਤੇ ਸੁਣੀਆਂ ਜਾ ਰਹੀਆਂ ਹਨ। ਦੇਖੋ :

> ਵੇ ਇਨ੍ਹਾਂ ਖਸਮਾਂ ਖਾਣਿਆਂ ਲੀਡਰਾਂ ਨੇ
> ਜਦੋਂ ਵੰਡ ਦੇਸ਼ ਦੀ ਪਾਈ ਸੀ।
> ਸਾਡੀ ਜਨਮਾਂਤਰ ਭੂਮੀ ਜੋ
> ਉਹ ਹੱਥ ਮੋਮਿਨਾਂ ਆਈ ਸੀ।
> ਸਾਰੇ ਇਕ ਦਿਨ 'ਕੱਠੇ ਹੋ ਕੇ
> ਉਹ ਸਾਡੇ ਪਿੰਡ ਤੇ ਟੁੱਟ ਪਏ।

ਹੁਣ ਚਾਰਾ ਕੋਈ ਵੀ ਚੱਲਣਾ ਨਹੀਂ
ਸਾਡੇ ਵੀ ਅੱਗੋਂ ਜੁੱਟ ਪਏ।
ਲੋਹੇ ਤੇ ਲੋਹਾ ਵੱਜਿਆ ਜਾਂ
ਵੱਢੇ ਗਏ ਸਿਰ ਜਵਾਨਾਂ ਦੇ।
ਹੋ ਗਈ ਤਬਾਹੀ ਨਗਰ ਦੀ
ਖੋਲੇ ਹੋ ਗਏ ਮਕਾਨਾਂ ਦੇ।

(*ਨਦੀਓਂ ਪਾਰ ਰਾਂਝਣ ਦਾ ਠਾਣਾ*, ਪੰਨੇ 13-14)

ਲਾਹੌਰ ਕਾਨਫਰੰਸ ਦੇ ਉਦਘਾਟਨੀ ਸਮਾਰੋਹ ਤੇ ਵਰਿਆਮ ਸੰਧੂ ਦੀ ਅਮੀਨ ਮਲਿਕ ਅਤੇ ਉਸਦੀ ਪਤਨੀ ਰਾਣੀ ਮਲਿਕ ਨਾਲ ਵੀ ਮੁਲਾਕਾਤ ਹੋਈ। ਵਰਿਆਮ ਸੰਧੂ ਦੀ ਇਸ ਜੋੜੀ ਨਾਲ ਪਹਿਲੀ ਮੁਲਾਕਾਤ 1997 ਈ. ਵਿਚ ਕੀਤੀ ਇੰਗਲੈਂਡ ਯਾਤਰਾ ਸਮੇਂ ਹੋਈ ਸੀ। ਉਨ੍ਹਾਂ ਦਿਨਾਂ ਵਿਚ ਅਮੀਨ ਮਲਿਕ ਨਾਲ ਗੱਲਬਾਤ ਕਰਦਿਆਂ ਉਸ ਨੇ ਮਲਿਕ ਨੂੰ ਕਹਾਣੀ ਲਿਖਣ ਵਾਸਤੇ ਪ੍ਰੇਰਿਤ ਕੀਤਾ। ਉਸ ਤੋਂ ਬਾਅਦ ਮਲਿਕ ਚੰਗੀਆਂ ਕਹਾਣੀਆਂ ਲਿਖਣ ਲੱਗ ਪਿਆ। ਉਸਦਾ ਇਕ ਕਹਾਣੀ ਸੰਗ੍ਰਹਿ 'ਗੁੰਗੀ ਤ੍ਰੇਹ' ਪ੍ਰਕਾਸ਼ਿਤ ਹੋ ਚੁੱਕਾ ਸੀ। ਲੇਖਕ ਨੇ ਉਸ ਮਿਲਣੀ ਦਾ ਭਰਪੂਰ ਹਵਾਲਾ ਆਪਣੇ ਇਸ ਸਫ਼ਰਨਾਮੇ ਵਿਚ ਦਿੱਤਾ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਕਾਵਿ-ਟੁਕੜੀਆਂ ਅਤੇ ਹਵਾਲੇ ਇਸ ਰਚਨਾ ਦੀ ਸ਼ੋਭਾ ਨੂੰ ਵਧਾਉਂਦੇ ਹਨ।

**(ਖ) ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ**

ਕੋਈ ਵੀ ਸਫ਼ਰਨਾਮਾ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਤੋਂ ਬਿਨਾਂ ਮੁਕੰਮਲ ਨਹੀਂ ਹੁੰਦਾ। ਜੇ ਕੋਈ ਲੇਖਕ ਇਨ੍ਹਾਂ ਤੱਤਾਂ ਤੋਂ ਬਗ਼ੈਰ ਹੀ ਆਪਣੇ ਸਫ਼ਰਨਾਮੇ ਨੂੰ ਮੁਕੰਮਲ ਕਰਨ ਦੀ ਜ਼ਿਦ ਕਰਦਾ ਹੈ ਤਾਂ ਉਸਦਾ ਸਫ਼ਰਨਾਮਾ ਨਿਰਜੀਵ ਅਤੇ ਫਿੱਕਾ-ਫਿੱਕਾ ਪ੍ਰਤੀਤ ਹੁੰਦਾ ਹੈ। ਇਤਿਹਾਸ ਅਤੇ ਭੂਗੋਲ ਦੀਆਂ ਪੁਸਤਕਾਂ ਵਿਚ ਦੇਸ਼ਾਂ-ਵਿਦੇਸ਼ਾਂ ਦੇ ਵੇਰਵੇ ਅੰਕਿਤ ਹੁੰਦੇ ਹਨ ਪਰ ਉਨ੍ਹਾਂ ਨੂੰ ਪੜ੍ਹ ਕੇ ਕਿਸੇ ਪ੍ਰਕਾਰ ਦਾ ਸਾਹਿਤਿਕ ਆਨੰਦ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੇ ਲੇਖਕ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਵਰਗੀਆਂ ਵਿਧੀਆਂ ਦਾ ਪ੍ਰਯੋਗ ਨਹੀਂ ਕਰਦੇ। ਉਹ ਲੋਕ ਵੇਰਵਿਆਂ ਬਾਰੇ ਕੇਵਲ ਦੱਸਦੇ ਹਨ, ਉਨ੍ਹਾਂ ਨੂੰ ਦਿਖਾਉਂਦੇ ਨਹੀਂ। ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸਫ਼ਰਨਾਮੇ ਵਿਚ ਦੋਹਾਂ ਵਿਧੀਆਂ ਦਾ ਬੜਾ ਕਲਾਤਮਕ ਪ੍ਰਯੋਗ ਕੀਤਾ ਹੈ। ਦੇਖੋ :

> ਅਸੀਂ ਟਰਾਲੀਆਂ ਤੇ ਸਮਾਨ ਲੱਦਿਆ ਤੇ ਕਸਟਮ ਵਾਲਿਆਂ ਤੋਂ ਨਿਸ਼ਾਨ ਲਵਾ ਕੇ ਪਲੇਟ ਫਾਰਮ ਤੇ ਪੁੱਜ ਗਏ। ਇਕ ਜੇਤੂ ਅਹਿਸਾਸ ਨਾਲ ਅਸੀਂ ਚੁਫ਼ੇਰੇ ਵੇਖਿਆ। ਜੰਗਲਿਆਂ ਤੋਂ ਪਾਰ-ਉਰਾਰ ਵੱਡੀ ਗਿਣਤੀ ਵਿਚ ਮੁਸਲਿਮ ਆਦਮੀ, ਔਰਤਾਂ ਤੇ ਬੱਚੇ ਆਪਣੇ ਸਮਾਨ ਨਾਲ ਆਪਣਾ ਹਥਲਾ ਕੰਮ ਨਿਪਟਾਉਣ ਵਿਚ ਰੁੱਝੇ ਹੋਏ ਸਨ। ਕੱਪੜਿਆਂ ਤੇ ਦਿੱਖ ਤੋਂ ਗਰੀਬ ਇਹ ਲੋਕ ਹੀ ਸ਼ਾਇਦ ਟਰੇਨ ਦੀਆਂ ਸਵਾਰੀਆਂ ਬਣਨ ਦੇ ਯੋਗ ਸਨ। ਅਮੀਰਾਂ ਲਈ ਤਾਂ ਮਹਿੰਗੀ ਬੱਸ ਜਾਂ ਹਵਾਈਜਹਾਜ਼ ਸਨ। ਲੋਹੇ ਦੇ ਟਰੰਕਾਂ ਤੇ ਵੱਡੀਆਂ-ਛੋਟੀਆਂ ਗੰਢਾਂ ਵਿਚ ਸੀ ਇਨ੍ਹਾਂ ਦਾ ਸਮਾਨ। ਵਿਦੇਸ਼ਾਂ ਨੂੰ ਜਾਣ ਵਾਲੇ ਲੋਕਾਂ ਵਾਂਗ ਉਨ੍ਹਾਂ ਕੋਲ ਵੱਡੇ ਤੇ ਵਧੀਆ ਸੂਟਕੇਸ ਨਹੀਂ ਸਨ। (*ਖ਼ੁਸ਼ੀ ਤੇ ਪੀੜ*, ਪੰਨਾ 21)

ਬੇਸ਼ਕ ਪ੍ਰਕਿਰਤੀ-ਚਿਤ੍ਰਣ ਦੀ ਦ੍ਰਿਸ਼ਟੀ ਤੋਂ ਇਹ ਸਫ਼ਰਨਾਮਾ ਕੁਝ ਕਮਜ਼ੋਰ ਦਿਖਾਈ ਦਿੰਦਾ ਹੈ। ਅਸਲ ਵਿਚ ਪੱਛਮੀ ਪੰਜਾਬ (ਪਾਕਿਸਤਾਨ) ਦੇ ਕੁਦਰਤੀ ਨਜ਼ਾਰੇ ਉਸ ਦੀ ਪਕੜ ਵਿਚ ਨਹੀਂ ਆ ਸਕੇ। ਕਾਰਾਂ ਤੇ ਸਵਾਰ ਹੋ ਕੇ ਵੱਖ-ਵੱਖ ਥਾਵਾਂ ਨੂੰ ਗਾਹੁਣ ਵਾਲੇ ਸੈਲਾਨੀ ਦੀ ਨਜ਼ਰ ਪ੍ਰਕਿਰਤੀ ਵਲ ਜਾਂਦੀ ਹੀ ਨਹੀਂ। ਉਸ ਵਾਸਤੇ ਹੋਰ ਵੇਰਵੇ ਵਧੇਰੇ ਜ਼ਰੂਰੀ ਅਤੇ ਪ੍ਰਾਸੰਗਿਕ ਹੁੰਦੇ ਹਨ। ਤਾਂ ਵੀ ਕਿਧਰੇ-ਕਿਧਰੇ ਪ੍ਰਕਿਰਤੀ ਦੇ ਨਜ਼ਾਰੇ ਵਰਣਨ ਵਿਚ ਆ ਹੀ ਗਏ ਹਨ। ਦੇਖੋ :

> ਸ਼ੀਸ਼ ਮਹਿਲ ਤੇ ਹੋਰ ਮਹਿਲਾਂ ਵੱਲ ਚਲਾਵੀਂ ਜਿਹੀ ਨਜ਼ਰ ਮਾਰਦੇ ਅਸੀਂ ਅੱਗੇ ਤੋਂ ਅੱਗੇ ਤੁਰੇ ਜਾ ਰਹੇ ਸਾਂ। ਗਰਮੀ ਦਾ ਮੌਸਮ ਸੀ ਤੇ ਜਗਤਾਰ ਥਕਾਵਟ ਮਹਿਸੂਸ ਕਰ ਰਿਹਾ ਸੀ। ਅਸੀਂ ਆਰਾਮ ਕਰਨ ਲਈ ਕਿਲ੍ਹੇ ਦੇ ਵੱਡੇ ਬਾਗ਼ ਦੇ ਕਿਨਾਰੇ ਬਣੀ ਖਾਣ-ਪਾਨ ਦੀ ਦੁਕਾਨ ਤੇ ਗਏ। ਪਿੱਪਲ ਦੇ ਵੱਡੇ ਦਰਖਤਾਂ ਦੀ ਛਾਵੇਂ ਬੈਠ ਗਏ। ਠੰਡਾ ਪਾਣੀ ਪੀਤਾ ਤੇ ਕੁਝ ਚਿਰ ਵਿਸਰਾਮ ਕੀਤਾ। ਰਿਜ਼ਵਾਨ ਨੂੰ ਗਿਆਂ ਦੋ ਘੰਟੇ ਹੋ ਗਏ ਸਨ। ਕਿਤੇ ਬਾਹਰ ਆ ਕੇ ਸਾਨੂੰ ਉਡੀਕ ਹੀ ਨਾ ਰਿਹਾ ਹੋਵੇ। ਅਸੀਂ ਛੇਤੀ-ਛੇਤੀ ਬਾਹਰ ਆ ਗਏ ਪਰ ਨਾ ਤਾਂ ਰਿਜ਼ਵਾਨ ਅਤੇ ਨਾ ਹੀ ਕਿਧਰੇ ਕਾਰ ਦਿਖਾਈ ਦਿੱਤੀ। (*ਥਾਵਾਂ ਤੇ ਮਨਾਂ ਦੀ ਯਾਤਰਾ*, ਪੰਨਾ 122)

**(ਗ) ਬੋਲੀ, ਸ਼ਬਦਾਵਲੀ ਅਤੇ ਬਿਆਨ-ਢੰਗ**

ਵਰਿਆਮ ਸਿੰਘ ਸੰਧੂ ਮਾਝੇ ਦਾ ਵਸਨੀਕ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਅਕਸਰ ਮਾਝੀ ਬੋਲੀ ਦਾ ਪ੍ਰਯੋਗ ਕਰਦੇ ਹੋਏ ਦੇਖੇ ਜਾ ਸਕਦੇ ਹਨ। ਜੀਵਨ ਦੇ ਅੰਤਲੇ ਦਸ-ਬਾਰ੍ਹਾਂ ਵਰ੍ਹੇ ਉਸਨੇ ਦੁਆਬੇ ਦੇ ਪ੍ਰਸਿੱਧ ਨਗਰ ਜਲੰਧਰ ਵਿਚ ਗੁਜ਼ਾਰੇ ਸਨ। ਹੁਣ ਤਾਂ ਖ਼ੈਰ ਉਹ ਅੰਤਰ-ਰਾਸ਼ਟਰੀ ਹਸਤੀ ਬਣ ਚੁਕਾ ਹੈ। ਹਥਲੇ ਸਫ਼ਰਨਾਮੇ ਵਿਚ ਉਸ ਨੇ ਕੇਂਦਰੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਉਸਨੇ ਠੇਠ ਅਤੇ ਮੁਹਾਵਰੇ ਭਰਪੂਰ ਪੰਜਾਬੀ ਭਾਸ਼ਾ ਦੁਆਰਾ ਇਸ ਸਫ਼ਰਨਾਮੇ ਦਾ ਪਾਠ ਤਿਆਰ ਕੀਤਾ ਹੈ। ਨਾਟਕੀਅਤਾ, ਵਾਰਤਾਲਾਪਮਈ ਸ਼ੈਲੀ ਅਤੇ ਸਜਵੀ ਵਰਣਨ ਉਸ ਦੀ ਬੋਲੀ ਅਤੇ ਸ਼ੈਲੀ ਦੇ ਕੁਝ ਪ੍ਰਮੁਖ ਲੱਛਣ ਹਨ। ਦੇਖੋ :

> ਅਸੀਂ ਸ਼ੇਖੂਪੁਰੇ ਪੁੱਜੇ ਤਾਂ ਬੱਦਲਾਂ ਨੇ ਅਸਮਾਨ ਪੂਰੀ ਤਰ੍ਹਾਂ ਢਕ ਲਿਆ ਸੀ। ਮੌਸਮ ਦਿਲ ਨੂੰ ਮੋਹ ਲੈਣ ਵਾਲਾ ਸੀ। ਪਿਛਲੇ ਦਿਨੀਂ ਪੈ ਕੇ ਹਟੇ ਮੀਂਹ ਸਦਕਾ ਰੁਮਕ ਰਹੀ ਹਵਾ ਵਿਚ ਨਮੀ ਸੀ। ਸ਼ੇਖੂਪੁਰਾ ਬਚਪਨ ਤੋਂ ਹੀ ਬਹੁਤ ਪੜ੍ਹਿਆ ਅਤੇ ਜਾਣਿਆ ਜਾਂਦਾ ਨਾਮ ਸੀ। ਗੁਰੂ ਨਾਨਕ ਦੇਵ ਦਾ ਲੇਖਕ ਲਿਖਦਿਆਂ ਪਹਿਲੀ ਸਤਰ ਅਕਸਰ ਇਹੋ ਹੀ ਹੁੰਦੀ ਸੀ, "ਆਪ ਦਾ ਜਨਮ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲਾ ਸ਼ੇਖੂਪੁਰਾ ਵਿਚ ਹੋਇਆ।

(*ਅਣਪੀਤੇ ਪਾਣੀ ਦਾ ਸੁਆਦ*, *ਪੰਨਾ* 144)

ਪੱਛਮੀ ਪੰਜਾਬ ਦੇਲੋਕਾਂ ਦੀ ਬੋਲੀ ਵਿਚ ਉਰਦੂ-ਫ਼ਾਰਸੀ ਸ਼ਬਦਾਵਲੀ ਦੇ ਅਨੇਕ ਸ਼ਬਦ ਪ੍ਰਵੇਸ਼ ਕਰ ਗਏ ਹਨ। ਸਾਡੇ ਇਧਰ ਵੀ ਇਹੋ ਜਿਹੀ ਸ਼ਬਦਾਵਲੀ ਵਰਤੀ ਜਾਂਦੀ ਹੈ ਪਰ ਬਹੁਤ ਘੱਟ ਗਿਣਤੀ ਵਿਚ। ਪੱਛਮੀ ਪੰਜਾਬ ਦੇ ਲੋਕਾਂ ਦੀ ਕੌਮੀ ਬੋਲੀ ਉਰਦੂ ਹੈ। ਇਸ ਵਾਸਤੇ ਉਧਰ ਇਹ ਸ਼ਬਦ ਭਾਰੀ ਗਿਣਤੀ ਵਿਚ ਸ਼ਾਮਲ ਹੋ ਗਏ ਹਨ। ਇਕ ਵੰਨਗੀ ਦੇਖੋ :

> "ਅੰਗਰੇਜ਼ੀ ਸਕੂਲਾਂ ਵਿਚ ਸਾਡੀ ਸਕਾਫ਼ਤ ਦੀ ਨਫ਼ੀ ਹੁੰਦੀ ਹੈ ਤੇ ਅਸੀਂ ਅੱਜ ਵੀ ਸਾਮਰਾਜ ਦੇ ਜ਼ੇਰੇ-ਅਸਰ ਹਾਂ। ਸਾਡੇ ਆਜ਼ਾਦੀ ਅੱਗੇ ਸੁਆਲੀਆ ਨਿਸ਼ਾਨ ਲੱਗ ਗਏ ਨੇ। ਸਾਮਰਾਜ ਦੇ ਗੁਮਾਸ਼ਤੇ ਸਾਨੂੰ ਅੰਗਰੇਜ਼ੀ ਰਿਆਇਆ ਵਾਂਗ ਹੀ ਸਮਝਦੇ ਨੇ। ਅਸੀਂ ਇਨਸਾਨ ਬਣਾਉਣਾ ਹੈ ਰਿਆਇਆ ਨੂੰ।" ਮਲਿਕ ਮੇਅਰਾਜ ਖ਼ਾਲਿਦ ਨੇ ਕਿਹਾ।

(*ਤਖ਼ਤ ਹਜ਼ਾਰੇ ਤੋਂ ਝੰਗ ਸਿਆਲ ਵੱਲ*, *ਪੰਨਾ* 45)

ਪੜ੍ਹੇ-ਲਿਖੇ ਲੋਕਾਂ ਦੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ ਵੀ ਕਾਫ਼ੀ ਆ ਗਈ ਹੈ। ਵਰਿਆਮ ਸਿੰਘ ਸੰਧੂ ਨੇ ਬਹੁਤ ਸਾਰੇ ਲੇਖਕਾਂ ਨੂੰ ਇਸ ਸ਼ਬਦਾਵਲੀ ਦਾ ਪ੍ਰਯੋਗ ਕਰਦਿਆਂ ਦਿਖਾਇਆ ਹੈ :

> "ਹੁਣ ਆਪਾਂ ਸੇਫ਼ ਆਂ। ਲਾਹੌਰ ਆ ਗਿਐ। ਲੈ ਬਈ, ਇਛਰਾਂ ਬਾਜ਼ਾਰ ਦੇ ਬਾਹਰ ਕਾਰ ਰੋਕੀਂ। ਸੁਲੇਖ ਨਾਲੇ ਆਪ ਸ਼ਾਪਿੰਗ ਕਰ ਲਵੇਗੀ ਅਤੇ ਨਾਲੇ ਮੈਨੂੰ ਬੱਚਿਆਂ ਵਾਸਤੇ ਸੂਟ ਖ਼ਰੀਦ ਲਵੇਗੀ।" ਜਗਤਾਰ ਨੇ ਤਸੱਲੀ ਨਾਲ ਕਿਹਾ।
>
> ਇੱਛਰਾਂ ਬਾਜ਼ਾਰ ਦੇ ਬਾਹਰ ਗੱਡੀ ਪਾਰਕ ਕਰ ਕੇ ਅਸੀਂ ਬਾਹਰ ਨਿਕਲੇ ਤਾਂ ਪਾਰਕਿੰਗ ਲਈ ਪੈਸੇ ਉਗਰਾਹੁਣ ਵਾਲਾ ਆਦਮੀ ਸਾਡੇ ਕੋਲ ਆਇਆ।

(*ਬੰਦਾ ਸਭ ਤੋਂ ਵੱਡਾ ਗੋਰਖਧੰਦਾ*, *ਪੰਨਾ* 194)

### 2.3.5 ਉਪਸੰਹਾਰ

ਸ਼ਿਲਪ ਅਤੇ ਸ਼ੈਲੀ ਦੇ ਪੱਖੋਂ 'ਵਗਦੀ ਏ ਰਾਵੀ' ਇਕ ਉਲੇਖਯੋਗ ਸਫ਼ਰਨਾਮਾ ਹੈ। ਵਰਿਆਮ ਸਿੰਘ ਸੰਧੂ ਪਿਛਲੇ 50 ਵਰ੍ਹਿਆਂ ਤੋਂ ਪੰਜਾਬੀ ਵਿਚ ਕਵਿਤਾ, ਕਹਾਣੀ ਅਤੇ ਲੇਖਕ ਆਦਿਕ ਲਿਖਦਾ ਆ ਰਿਹਾ ਹੈ। ਇਸ ਕਾਰਨ ਆਪਣੇ ਸਫ਼ਰਨਾਮੇ ਵਿਚਲੇ ਭਾਵ-ਅਭਿਵਿਅੰਜਨ ਲਈ ਉਸਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਪੰਜਾਬੀ ਸਫ਼ਰਨਾਮਾ-ਸਾਹਿਤ ਵਿਚ 'ਵਗਦੀ ਏ ਰਾਵੀ' ਦਾ ਇਕ ਅਹਿਮ ਸਥਾਨ ਹੈ।

ਪਾਠ ਨੰ: 2.4 - ਪ੍ਰੋ. ਬ੍ਰਹਮਜਗਦੀਸ਼ ਸਿੰਘ

# ਸਫ਼ਰਨਾਮਾ ਸਾਹਿਤ ਵਿਚ ਵਰਿਆਮ ਸਿੰਘ ਸੰਧੂ ਦਾ ਸਥਾਨ

## 2.4.1 ਉਦੇਸ਼

ਪੰਜਾਬੀ ਵਿਚ ਸਫ਼ਰਨਾਮਾ ਸਾਹਿੱਤ ਦੀ ਪਰੰਪਰਾ ਇਕ ਸੌ ਵਰ੍ਹੇ ਤੋਂ ਵੀ ਜ਼ਿਆਦਾ ਪੁਰਾਣੀ ਹੈ। ਪੰਜਾਬੀ ਦੇ ਮੁਢਲੇ ਸਫ਼ਰਨਾਮੇ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖੇ, ਜਿਨ੍ਹਾਂ ਨੂੰ ਨਾਭਾ-ਨਰੇਸ਼ ਦੇ ਕੇਸ ਦੀ ਪੈਰਵਾਈ ਕਰਨ ਲਈ ਇੰਗਲੈਂਡ ਜਾਣਾ ਪਿਆ ਸੀ। ਅਗਲਾ ਪ੍ਰਸਿਧ ਸਫ਼ਰਨਾਮਾ ਸ. ਲਾਲ ਸਿੰਘ ਕਮਲਾ ਅਕਾਲੀ ਨੇ ਲਿਖਿਆ, ਜੋ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਿਆ ਸੀ। ਸ. ਗੁਰਬਖਸ਼ ਸਿੰਘ ਪ੍ਰੀਤਲੜੀ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰਨ ਲਈ ਮਿਸ਼ੀਗਨ ਯੂਨੀਵਰਸਿਟੀ (ਯੂ.ਐਸ.) ਗਿਆ। ਉਸ ਨੇ ਉਥੋਂ ਦੇ ਜਨਜੀਵਨ ਬਾਰੇ ਇਕ ਸਫ਼ਰਨਾਮਾ ਲਿਖਿਆ। ਸ੍ਰੀ ਬਲਵੰਤ ਗਾਰਗੀ ਅਮਰੀਕਾ ਦੀ ਇਕ ਯੂਨੀਵਰਸਿਟੀ ਵਿਚ ਸੰਸਕ੍ਰਿਤ ਨਾਟਕ ਪੜ੍ਹਾਉਣ ਵਾਸਤੇ ਗਿਆ। ਅਮਰੀਕਾ ਬਾਰੇ ਆਪਣੇ ਪ੍ਰਭਾਵ ਉਸਨੇ 'ਪਾਤਾਲ ਦੀ ਧਰਤੀ' ਸਫ਼ਰਨਾਮੇ ਵਿਚ ਲਿਖੇ। ਸ. ਸ. ਅਮੋਲ, ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ, ਬਲਰਾਜ ਸਾਹਨੀ, ਡਾ. ਹਰਦਿਤ ਸਿੰਘ ਢਿਲੋਂ, ਹਰਭਜਨ ਸਿੰਘ ਹਲਵਾਰਵੀ, ਸ. ਬਰਜਿੰਦਰ ਸਿੰਘ ਹਮਦਰਦ, ਨਰਿੰਦਰ ਸਿੰਘ ਕਪੂਰ ਅਤੇ ਵਰਿਆਮ ਸਿੰਘ ਸੰਧੂ ਦੀ ਪੰਜਾਬੀ ਸਫ਼ਰਨਾਮਾ ਸਾਹਿੱਤ ਨੂੰ ਵਿਸ਼ੇਸ਼ ਦੇਣ ਹੈ। ਇਸ ਪਾਠ ਵਿਚ ਅਸੀਂ ਵਰਿਆਮ ਸਿੰਘ ਸੰਧੂ ਦਾ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਸਥਾਨ ਨਿਸ਼ਚਿਤ ਕਰ ਰਹੇ ਹਾਂ।

## 2.4.2 ਰੂਪ ਰੇਖਾ

ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਵਰਿਆਮ ਸੰਧੂ ਦਾ ਸਥਾਨ ਨਿਸ਼ਚਿਤ ਕਰਨ ਲਈ ਅਸੀਂ ਉਸ ਦੇ ਸਫ਼ਰਨਾਮੇ ਦਾ ਸਰਬਾਂਗੀ ਅਧਿਐਨ ਕਰਾਂਗੇ। ਇਸ ਅਧਿਐਨ ਦੀ ਰੌਸ਼ਨੀ ਵਿਚ ਅਸੀਂ ਉਸ ਦੀ ਦੇਣ ਅਤੇ ਸਥਾਨ ਬਾਰੇ ਵਿਚਾਰ ਕਰ ਰਹੇ ਹਾਂ। ਇਸ ਪਾਠ ਨੂੰ ਨਿਮਨਲਿਖਿਤ ਉਪਭਾਗਾਂ ਵਿਚ ਵੰਡਿਆ ਗਿਆ ਹੈ :

(ੳ) 'ਵਗਦੀ ਏ ਰਾਵੀ' : ਸਾਹਿਤਿਕ-ਸਮਾਜਿਕ ਸਰੋਕਾਰ
(ਅ) ਵਗਦੀ ਏ ਰਾਵੀ : ਸ਼ਿਲਪ ਵਿਧਾਨ
(ੲ) ਸ਼ੈਲੀਗਤ ਪਰਿਪੇਖ
(ਸ) ਬੋਲੀ ਅਤੇ ਸ਼ਬਦਾਵਲੀ
(ਹ) ਬਿਰਤਾਂਤ ਵਿਧੀਆਂ
(ਕ) ਸਮੁੱਚਾ ਪ੍ਰਭਾਵ ਅਤੇ ਸਫ਼ਰਨਾਮਾ ਸਾਹਿਤ ਵਿਚ ਸਥਾਨ।

## 2.4.3 ਭੂਮਿਕਾ

1947 ਈ. ਵਿਚ ਦੇਸ਼ ਦੀ ਆਜ਼ਾਦੀ ਦੇ ਅਵਸਰ ਉਤੇ ਪੰਜਾਬ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰ ਦਿੱਤਾ ਗਿਆ ਸੀ। ਮੁਸਲਮਾਨਾਂ ਦੇ ਨੇਤਾ ਕਾਇਦੇ ਆਜ਼ਿਮ ਮੁਹੰਮਦ ਅਲੀ ਜਿਨਾਹ ਨੇ ਮੁਸਲਮਾਨਾਂ ਲਈ ਇਕ ਵੱਖਰੇ ਦੇਸ਼ ਦੀ ਮੰਗ ਉਠਾਈ ਸੀ। ਭਾਰਤੀ ਨੇਤਾ ਇਸ ਮੰਗ ਨੂੰ ਅਨੁਚਿਤ ਠਹਿਰਾਉਣ ਲਈ ਇਕ ਮੱਤ ਨਹੀਂ ਸਨ। ਸਿੱਟੇ ਵਜੋਂ ਅੰਗਰੇਜ਼ਾਂ ਨੇ ਮੁਸਲਮਾਨਾਂ ਦੀ ਮੰਗ ਸਵੀਕਾਰ ਕਰ ਲਈ ਸੀ। ਪਾਕਿਸਤਾਨ ਅਤੇ ਬੰਗਾਲ ਵਿਚ ਮੁਸਲਮਾਨਾਂ ਦੀ ਵੱਡੀ ਗਿਣਤੀ ਸੀ। ਇਨ੍ਹਾਂ ਪ੍ਰਦੇਸ਼ਾਂ ਦੇ ਜਿਹੜੇ ਜ਼ਿਲਿਆਂ ਵਿਚ ਮੁਸਲਮਾਨਾਂ ਦੀ ਬਹੁਤੀ ਗਿਣਤੀ ਸੀ, ਉਹ ਪਾਕਿਸਤਾਨ ਦੇ ਹਿੱਸੇ ਆਏ ਅਤੇ ਘੱਟ ਗਿਣਤੀ ਵਾਲਾ ਇਲਾਕਾ ਹਿੰਦੁਸਤਾਨ ਨੂੰ ਮਿਲ ਗਿਆ। ਇਸ ਵਿਭਾਜਨ ਨੂੰ ਲਗਪਗ 70 ਵਰ੍ਹੇ ਗੁਜ਼ਰ ਗਏ ਹਨ ਪਰ ਅਜੇ ਤਕ ਦੋਹਾਂ ਹਿੱਸਿਆਂ ਵਿਚ ਰਹਿਣ ਵਾਲੇ ਲੋਕਾਂ ਦੇ ਮਨਾਂ ਵਿਚੋਂ ਕਸਕ ਨਹੀਂ ਗਈ। ਵੱਖ ਹੋਏ ਲੋਕ ਇਕ-ਦੂਜੇ ਨੂੰ ਮਿਲਣ ਵਾਸਤੇ ਤੜਪਦੇ-ਲੁੱਛਦੇ ਰਹਿੰਦੇ ਹਨ। 'ਵਗਦੀ ਏ ਰਾਵੀ' ਵਿਚ ਵਰਿਆਮ ਸਿੰਘ ਸੰਧੂ ਨੇ ਇਸੇ ਤੜਪ ਅਤੇ ਕਸਕ ਦਾ ਵਰਣਨ ਕੀਤਾ ਹੈ।

## 12.4 ਵਗਦੀ ਏ ਰਾਵੀ : ਸਫਰਨਾਮਾ ਸਾਹਿਤ ਵਿਚ ਸਥਾਨ

(ੳ) 'ਵਗਦੀ ਏ ਰਾਵੀ' ਪੰਜਾਬੀ ਦੇ ਪ੍ਰਸਿੱਧ ਕਵੀ-ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ ਦੀ ਰਚਨਾ ਹੈ। ਇਸ ਸਫ਼ਰਨਾਮੇ

ਵਿਚ ਉਸਨੇ ਪੱਛਮੀ ਪੰਜਾਬ (ਪਾਕਿਸਤਾਨ) ਦੀ ਰਾਜਧਾਨੀ ਅਤੇ ਸਾਂਝੇ ਪੰਜਾਬ ਦੇ ਪ੍ਰਸਿੱਧ ਸ਼ਹਿਰ ਲਾਹੌਰ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ (12 ਅਪ੍ਰੈਲ ਤੋਂ 19 ਅਪ੍ਰੈਲ 2001) ਦੇ ਹਵਾਲੇ ਨਾਲ ਪਾਕਿਸਤਾਨ ਦੀ ਯਾਤਰਾ ਦੇ ਸਮਾਚਾਰ ਬਿਆਨ ਕੀਤੇ ਹਨ। ਪਿਛਲੀਆਂ ਅੱਠ-ਦਸ ਸਦੀਆਂ ਤੋਂ ਲਾਹੌਰ ਪੰਜਾਬੀ ਰਾਜਨੀਤੀ, ਵਪਾਰ, ਸਭਿਆਚਾਰ ਅਤੇ ਸਾਹਿਤ ਦਾ ਕੇਂਦਰ ਬਣਿਆ ਰਿਹਾ ਹੈ। ਰਾਜਨੀਤਕ ਪਖੋਂ ਇਸ ਸ਼ਹਿਰ ਵਿਚ ਬਹੁਤ ਪਰਿਵਰਤਨ ਅਤੇ ਸਾਹਿਤ ਦਾ ਕੇਂਦਰ ਬਣਿਆ ਰਿਹਾ ਹੈ। ਰਾਜਨੀਤਕ ਪਖੋਂ ਇਸ ਸ਼ਹਿਰ ਵਿਚ ਬਹੁਤ ਪਰਿਵਰਤਨ ਵਾਪਰਦੇ ਰਹੇ ਹਨ। ਮੁਗ਼ਲ ਰਾਜ ਦੀ ਮਜ਼ਬੂਤੀ ਦੇ ਦਿਨਾਂ ਵਿਚ (ਸੋਲ੍ਹਵੀਂ-ਸਤਾਰ੍ਹਵੀਂ ਸਦੀ) ਜ਼ਰੂਰ ਇਹ ਸ਼ਹਿਰ ਕੁਝ ਸ਼ਾਂਤ ਅਤੇ ਸਥਿਰ ਬਣਿਆ ਰਿਹਾ ਸੀ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ 35-40 ਵਰ੍ਹੇ ਇਥੇ ਅਮਨ-ਅਮਾਨ ਰਿਹਾ। ਇਨ੍ਹਾਂ ਢਾਈ-ਤਿੰਨ ਸੌ ਵਰ੍ਹਿਆਂ ਤੋਂ ਬਿਨਾ ਇਥੋਂ ਦੀ ਰਾਜਨੀਤਕ ਸਥਿਤੀ ਹਮੇਸ਼ਾ ਅਸਥਿਰ ਬਣੀ ਰਹਿੰਦੀ ਸੀ। ਉੱਤਰ-ਪੱਛਮ ਤੋਂ ਆਉਣ ਵਾਲੇ ਹਮਲਾਵਰ ਇਥੋਂ ਦੇ ਹਾਕਮਾਂ ਨਾਲ ਲੋਹਾ ਲੈਣ ਤੋਂ ਉਪਰੰਤ ਹੀ ਅੱਗੇ ਦਿਲੀ ਤਕ ਪਹੁੰਚ ਸਕਦੇ ਸਨ। ਇਸ ਸੂਰਤ ਵਿਚ ਪੰਜਾਬ ਦੇ ਹਾਕਮਾਂ ਅਤੇ ਆਮ ਲੋਕਾਂ ਨੂੰ ਸਦਾ ਸਤਰਕ ਰਹਿਣਾ ਪੈਂਦਾ ਸੀ। ਦੱਖਣੀ ਏਸ਼ੀਆ ਦੀ ਰਾਜਨੀਤੀ ਦੇ ਅਨੇਕ ਪ੍ਰਮਾਣ ਇਸ ਸ਼ਹਿਰ ਨੇ ਦੇਖ ਰੱਖੇ ਹਨ ਅਤੇ ਅਜੇ ਵੀ ਇਹ ਸ਼ਹਿਰ ਘੁੱਗ ਵਸਦਾ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਨਹੀਂ। ਪੰਜਾਬੀ ਬੰਦਿਆਂ ਲਈ ਲਾਹੌਰ ਦੀ ਯਾਤਰਾ ਬੜੀ ਜ਼ਰੂਰੀ ਮੰਨੀ ਜਾਂਦੀ ਹੈ ਕਿਉਂਕਿ ਲਾਹੌਰ ਪਹੁੰਚ ਕੇ ਹੀ ਉਨ੍ਹਾਂ ਨੂੰ ਆਪਣੀ ਸ਼ਾਨਦਾਰ ਅਤੇ ਗੌਰਵਮਈ ਵਿਰਾਸਤ ਬਾਰੇ ਜ਼ਰੂਰੀ ਜਾਣਕਾਰੀ ਹਾਸਲ ਹੁੰਦੀ ਹੈ।

ਉਕਤ ਕਾਰਨਾਂ ਦੀ ਰੌਸ਼ਨੀ ਵਿਚ ਹਰ ਪੰਜਾਬੀ ਲਾਹੌਰ ਦੀ ਯਾਤਰਾ ਕਰਨਾ ਲੋਚਦਾ ਹੈ। ਵਰਿਆਮ ਸਿੰਘ ਸੰਧੂ ਦੇ ਮਨ ਵਿਚ ਇਹ ਲੋਚਾ ਇਸ ਕਾਰਨ ਵੀ ਤੀਬਰ ਸੀ ਕਿਉਂਕਿ ਲਾਹੌਰ ਦੇ ਜ਼ਿਲੇ ਵਿਚ ਉਸਦਾ ਪੁਰਾਣਾ ਪਿੰਡ ਭਡਾਣਾ ਸਥਿਤ ਸੀ। ਬੇਸ਼ਕ ਬਾਅਦ ਵਿਚ ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਸੁਰ ਸਿੰਘ ਵਿਚ ਆ ਵਸੇ ਸਨ; ਵਰਿਆਮ ਸੰਧੂ ਦਾ ਪੂਰਾ ਜੀਵਨ ਇਸੇ ਪਿੰਡ ਦੇ ਆਸ-ਪਾਸ ਬੀਤਿਆ ਪਰ ਤਾਂ ਵੀ ਉਸ ਦੇ ਵਡੇ-ਵਡੇਰੇ ਅਕਸਰ ਇਸ ਪਿੰਡ ਬਾਰੇ ਗੱਲਾਂ ਕਰਦੇ ਰਹਿੰਦੇ ਸਨ, ਇਸ ਲਈ ਜਿਵੇਂ ਹੀ ਉਸ ਨੂੰ ਲਾਹੌਰ ਜਾਣ ਦਾ ਅਵਸਰ ਪ੍ਰਾਪਤ ਹੋਇਆ, ਉਸ ਦੀ ਉਤਸੁਕਤਾ ਅਤੇ ਕੌਤੂਹਲ ਬਹੁਤ ਵਧ ਗਿਆ। ਲਾਹੌਰ ਜਾਣ ਤੋਂ ਇਕ ਦਿਨ ਪਹਿਲਾਂ ਉਸ ਦਾ ਭਰਾ ਛਿੰਦਾ (ਸੁਰਿੰਦਰ ਸਿੰਘ) ਗੰਭੀਰ ਰੂਪ ਵਿਚ ਬੀਮਾਰ ਪੈ ਗਿਆ, ਵਰਿਆਮ ਸਿੰਘ ਨੂੰ ਆਪਣੀ ਚਰੋਕਣੀ ਰੀਝ ਅਧੂਰੀ ਰਹਿੰਦੀ ਜਾਪੀ ਪਰ ਉਸਦੀ ਪਤਨੀ ਰਜਵੰਤ ਕੌਰ ਨੇ ਸੁਰਿੰਦਰ ਦੀ ਦੇਖ-ਭਾਲ ਕਰਨ ਦੀ ਜ਼ਿੰਮੇਵਾਰੀ ਓਟ ਲਈ ਅਤੇ ਇਸ ਪ੍ਰਕਾਰ ਵਰਿਆਮ ਸਿੰਘ ਸੰਧੂ ਪਾਕਿਸਤਾਨ ਦੀ ਯਾਤਰਾ ਦਾ ਸੁਪਨਾ ਪੂਰਾ ਕਰ ਸਕਿਆ।

ਪੰਜਾਬੀ ਵਿਚ ਸਫ਼ਰਨਾਮਾ ਲੇਖਣ ਦੀ ਪਰੰਪਰਾ ਇਕ ਸਦੀ ਪੁਰਾਣੀ ਹੈ। ਸਾਡੇ ਬਹੁਤੇ ਸਫ਼ਰਨਾਮੇ ਇੰਗਲੈਂਡ, ਕੈਨੇਡਾ, ਅਮਰੀਕਾ, ਸਿੰਘਾਪੁਰ, ਮਲਾਏਸ਼ੀਆ ਅਤੇ ਭਾਰਤ ਦੇ ਪ੍ਰਸਿੱਧ ਪ੍ਰਦੇਸ਼ਾਂ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਹਨ। ਇਨ੍ਹਾਂ ਸਫ਼ਰਨਾਮਿਆਂ ਵਿਚ ਲੇਖਕਾਂ ਨੇ ਵੱਖ-ਵੱਖ ਦੇਸ਼ਾਂ ਦੇ ਸਭਿਆਚਾਰ ਅਤੇ ਪ੍ਰਕਿਰਤੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਅਚੰਭਾ, ਖੁਸ਼ੀ ਅਤੇ ਉਤਸੁਕਤਾ ਦੇ ਭਾਵਾਂ ਨਾਲ ਲਿਖੇ ਇਹ ਸਫ਼ਰਨਾਮੇ ਪੰਜਾਬੀ ਪਾਠਕਾਂ ਨੇ ਬੜੀ ਦਿਲਚਸਪੀ ਨਾਲ ਪੜ੍ਹੇ ਸਨ। ਪਰੰਤੂ ਪਾਕਿਸਤਾਨ ਦੀ ਯਾਤਰਾ ਸਮੇਂ ਹੇਰਵੇ ਅਤੇ ਵਿਛੋੜੇ ਦੇ ਭਾਵ ਅਗਰਭੂਮੀ ਵਿਚ ਰਹਿੰਦੇ ਹਨ। ਪੱਛਮੀ ਪੰਜਾਬ ਦੀ ਧਰਤੀ, ਜੋ ਕਦੇ ਏਧਰਲੇ ਪੰਜਾਬੀਆਂ ਦੀ ਆਪਣੀ ਹੁੰਦੀ ਸੀ, ਹੁਣ ਪਰਾਈ ਹੋ ਗਈ ਹੈ ਅਤੇ ਇਵੇਂ ਉਧਰਲੇ ਪੰਜਾਬੀਆਂ ਨਾਲ ਏਧਰਲੇ ਪੰਜਾਬ ਬਾਰੇ ਵਾਪਰਿਆ ਹੈ। ਇਸ ਸੂਰਤ ਵਿਚ ਏਧਰੋਂ-ਉਧਰੋਂ ਯਾਤਰਾ ਕਰਨ ਵਾਲੇ ਯਾਤਰੀਆਂ ਦੀਆਂ ਅੱਖਾਂ ਨਮ ਹੋਈਆਂ ਰਹਿੰਦੀਆਂ ਹਨ। ਨਮ ਅੱਖਾਂ ਦੇ ਕਾਰਨ ਉਨ੍ਹਾਂ ਨੂੰ ਸਾਰੇ ਦ੍ਰਿਸ਼ ਧੁੰਦਲੇ ਅਤੇ ਅਸਪਸ਼ਟ ਦਿਖਾਈ ਦਿੰਦੇ ਹਨ। ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ ਨਾਲ ਵੀ ਇਹੀ ਹੋਣੀ ਵਾਪਰੀ ਹੈ। ਉਸ ਦਾ ਇਹ ਸਫ਼ਰਨਾਮਾ ਲਾਹੌਰ ਅਤੇ ਸਮੁੱਚੇ ਪਾਕਿਸਤਾਨ ਬਾਰੇ ਸਾਫ਼ ਅਤੇ ਸਪਸ਼ਟ ਜਾਣਕਾਰੀ ਨਹੀਂ ਦਿੰਦਾ। ਭਾਵਨਾਵਾਂ ਦੀ ਅਨ੍ਹੇਰੀ ਵਿਚ ਉੱਡਦਾ ਹੋਇਆ ਲੇਖਕ ਅਟਾਰੀ ਤੋਂ ਚੱਲ ਕੇ ਲਾਹੌਰ ਪਹੁੰਚਿਆ ਸੀ ਅਤੇ ਉਸੇ ਤਰ੍ਹਾਂ ਵਾਪਸ ਆ ਗਿਆ।

ਪੱਛਮੀ ਪੰਜਾਬ ਮੁਸਲਮਾਨ ਪੰਜਾਬੀਆਂ ਦਾ ਵਤਨ ਹੈ। ਉਨ੍ਹਾਂ ਨੂੰ ਇਸ ਗੱਲ ਦਾ ਰੰਜ ਹੈ ਕਿ ਸੱਤ-ਅੱਠ ਸਦੀਆਂ ਮੁਸਲਮਾਨ ਕੌਮ ਪੂਰੇ ਹਿੰਦੁਸਤਾਨ ਉਪਰ ਰਾਜ ਕਰਦੀ ਰਹੀ ਹੈ ਪਰ ਹੁਣ ਉਨ੍ਹਾਂ ਨੂੰ ਹਿੰਦੁਸਤਾਨ ਦਾ ਇਕ ਛੋਟਾ ਜਿਹਾ ਹਿੱਸਾ ਹੀ ਮਿਲਿਆ ਹੈ। ਇਸ ਰੰਜਿਸ਼ ਦੇ ਕਾਰਨ ਉਹ ਹਿੰਦੁਸਤਾਨ ਨੂੰ ਨੀਵਾਂ ਵਿਖਾਉਣਾ ਚਾਹੁੰਦੇ ਹਨ ਅਤੇ ਇਸ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਕਦੇ ਕ੍ਰਿਕਟ ਮੈਚ ਦੇ ਬਹਾਨੇ, ਕਦੇ ਹਾਕੀ ਦੇ ਬਹਾਨੇ ਅਤੇ ਕਦੇ ਸਰਹੱਦਾਂ ਉਪਰ ਘੁਸ-ਪੈਠ ਕਰਨ ਦੇ ਬਹਾਨੇ ਉਹ ਇਹ ਐਲਾਨ ਕਰਨੋਂ ਬਾਜ਼ ਨਹੀਂ ਆਉਂਦੇ ਕਿ ਮੁਸਲਮਾਨ ਲੋਕ ਹਿੰਦੂ-ਸਿਖਾਂ ਨਾਲੋਂ ਸ੍ਰੇਸ਼ਠ ਹੁੰਦੇ ਹਨ। ਰਾਜਸੀ ਨੇਤਾਵਾਂ ਨੂੰ ਇਹੋ ਜਿਹੀਆਂ ਭਾਵਨਾਵਾਂ ਭੜਕਾਉਣ ਦਾ ਦੂਹਰਾ ਫਾਇਦਾ ਹੁੰਦਾ ਹੈ। ਇਕ ਤਾਂ ਉਹ ਇਸਲਾਮ ਦੀ ਸ੍ਰੇਸ਼ਠਤਾ ਦਾ ਢੰਡੋਰਾ ਫੇਰ ਲੈਂਦੇ ਹਨ ਅਤੇ ਦੂਜਾ ਅਵਾਮ ਦਾ ਧਿਆਨ, ਆਰਥਿਕ ਔਕੜਾਂ ਨਾਲੋਂ ਮੋੜ ਕੇ ਆਪਣੀ ਰਾਜ-ਗੱਦੀ ਸਥਿਰ ਕਰ ਲੈਂਦੇ ਹਨ। ਪਿਛਲੇ ਸੱਤਰ ਵਰ੍ਹਿਆਂ ਤੋਂ ਪਾਕਿਸਤਾਨ ਇਸੇ ਦੁਸ਼ਮਣੀ ਦੀ ਨੀਤੀ ਉਪਰ ਚੱਲ ਰਿਹਾ ਹੈ। ਉਥੋਂ ਦੇ ਬਹੁਤੇ ਪੰਜਾਬੀਆਂ ਦਾ ਏਧਰਲੇ ਪੰਜਾਬੀਆਂ ਨਾਲ

ਵਿਖਾਇਆ ਜਾਣ ਵਾਲਾ ਪਿਆਰ ਹਕੀਕੀ ਨਹੀਂ ਹੈ, ਓੜ੍ਹਿਆ ਹੋਇਆ ਜਾਂ ਮਸਨੂਈ ਹੈ। ਪਰ ਏਧਰੋਂ-ਉਧਰ ਜਾਣ ਵਾਲੇ ਪੰਜਾਬੀਆਂ ਨੂੰ ਇਸ ਹਕੀਕਤ ਦੀ ਸਮਝ ਨਹੀਂ ਆਉਂਦੀ। ਪਾਕਿਸਤਾਨ ਦੇ ਹਾਕਮਾਂ ਨੂੰ ਇਹ ਮਾਲੂਮ ਹੈ ਕਿ ਹਿੰਦੁਸਤਾਨ ਵਿਚ ਰਹਿਣ ਵਾਲੀ ਸਿਖ ਕੌਮ ਆਰਥਿਕ ਅਤੇ ਸਰੀਰਕ ਤੌਰ ਤੇ ਬਹੁਤ ਬਲਵਾਨ ਹੈ। ਉਨ੍ਹਾਂ ਦੇ ਹੁੰਦਿਆਂ-ਸੁੰਦਿਆਂ ਉਹ ਹਿੰਦੁਸਤਾਨ ਦਾ ਕੁਝ ਨਹੀਂ ਵਿਗਾੜ ਸਕਦੇ। ਇਸ ਕਾਰਨ ਉਹ ਸਿੱਖਾਂ ਨਾਲ ਮਸਨੂਈ (ਬਣਾਉਟੀ) ਪਿਆਰ ਜਤਲਾਉਂਦੇ ਹਨ। ਉਹ ਚਾਹੁੰਦੇ ਹਨ ਕਿ ਸਿੱਖ ਲੋਕ ਹਿੰਦੁਸਤਾਨ ਤੋਂ ਵੱਖ ਹੋ ਜਾਣ, ਆਪਣਾ ਖਾਲਿਸਤਾਨ ਹਾਸਲ ਕਰ ਲੈਣ ਤਾਂ ਕਿ ਉਹ ਹਿੰਦੁਸਤਾਨ ਨੂੰ ਕਮਜ਼ੋਰ ਕਰ ਕੇ ਇਸ ਤੋਂ ਬਦਲਾ ਲੈ ਸਕਣ। ਵਰਿਆਮ ਸੰਧੂ ਨੇ ਇਸ ਹਕੀਕਤ ਬਾਰੇ ਕੁਝ ਸੰਕੇਤ ਤਾਂ ਕੀਤੇ ਹਨ ਪਰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਨਾਲ ਦ੍ਰਿੜ੍ਹਤਾਪੂਰਵਕ ਕੁਝ ਨਹੀਂ ਲਿਖਿਆ। ਅਜਿਹੀ ਸੋਚ ਵਿਚ ਉਸ ਦੇ ਕੁਝ ਵਿਅਕਤੀਗਤ ਹਿਤ ਵੀ ਹੋ ਸਕਦੇ ਹਨ ਪਰੰਤੂ ਇਸ ਕਾਰਨ ਇਹ ਸਫ਼ਰਨਾਮਾ ਕਾਫ਼ੀ ਕਮਜ਼ੋਰ ਪੈ ਗਿਆ ਹੈ। ਹਰ ਸਫ਼ਰਨਾਮਾ ਲੇਖਕ ਨੂੰ ਰਾਜਨੀਤਕ ਅਤੇ ਇਤਿਹਾਸਕ ਤੌਰ ਤੇ ਪੂਰਨ ਚੇਤੰਨ ਹੋਣਾ ਚਾਹੀਦਾ ਹੈ ਨਹੀਂ ਤਾਂ ਉਸਦੀ ਲਿਖਤ ਐਵੇਂ ਇਕ ਭਾਵੁਕ ਕਿਸਮ ਦਾ ਅਪ੍ਰਾਸੰਗਿਕ ਦਸਤਾਵੇਜ਼ ਬਣ ਕੇ ਰਹਿ ਜਾਂਦੀ ਹੈ।

**(ਅ) ਸ਼ਿਲਪ ਵਿਧਾਨ**

ਵਰਿਆਮ ਸਿੰਘ ਸੰਧੂ ਨੇ ਆਪਣੇ ਸਿਰਜਣਾਤਮਕ ਜੀਵਨ ਦਾ ਆਰੰਭ ਇਕ ਕਵੀ ਵਜੋਂ ਕੀਤਾ ਸੀ। ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਉਸਨੇ ਬੜੀਆਂ ਇਨਕਲਾਬੀ ਅਤੇ ਆਕ੍ਰੋਸ਼ਮਈ ਕਵਿਤਾਵਾਂ ਲਿਖੀਆਂ ਸਨ। ਬਾਅਦ ਵਿਚ ਉਸਦਾ ਝੁਕਾਉ ਕਹਾਣੀ ਵੱਲ ਹੋ ਗਿਆ ਅਤੇ ਇਸ ਖੇਤਰ ਵਿਚ ਉਹ ਪੂਰੀ ਤਰ੍ਹਾਂ ਨਾਲ ਸਥਾਪਿਤ ਹੋ ਗਿਆ। ਆਧੁਨਿਕ ਪੰਜਾਬੀ ਕਹਾਣੀ ਆਮ ਆਦਮੀ ਦੇ ਸਰੋਕਾਰਾਂ ਦਾ ਉਲੇਖ ਕਰਦੀ ਹੈ। ਸੰਧੂ ਨੇ ਪੰਜਾਬ ਦੀ ਕਿਸਾਨੀ ਦੇ ਸੰਕਟ ਬਾਰੇ ਕਹਾਣੀਆਂ ਲਿਖੀਆਂ ਹਨ। ਪੰਜਾਬੀ ਦੇ ਬਹੁਤੇ ਪ੍ਰਸਿੱਧ ਲੇਖਕ ਕਿਸਾਨੀ ਦੇ ਸੰਕਟ ਨੂੰ ਹੀ ਮੁਖਾਤਿਬ ਰਹੇ ਹਨ। ਕਹਾਣੀ ਦੇ ਸ਼ਿਲਪ ਵਿਚ ਪ੍ਰਵੀਣ ਹੋਣ ਸਦਕਾ ਉਸ ਦੇ ਸਫ਼ਰਨਾਮੇ ਵਿਚ ਨਿੱਕੀ ਕਹਾਣੀ ਵਰਗੀ ਸੂਖਮਤਾ ਅਤੇ ਸੂਤਰਬੱਧਤਾ ਆ ਗਈ ਹੈ। 'ਵਗਦੀ ਏ ਰਾਵੀ' ਦਾ ਪੂਰਾ ਬਿਰਤਾਂਤ ਤੇਤੀ ਚੈਪਟਰਾਂ ਦੇ ਰੂਪ ਵਿਚ ਤੇਤੀ ਨਿੱਕੀਆਂ-ਨਿੱਕੀਆਂ ਕਹਾਣੀਆਂ ਦਾ ਹੀ ਇਕ ਕਲਾਤਮਕ ਸੰਗਠਨ ਹੈ। ਹਰ ਬਿਰਤਾਂਤ ਅਚਾਨਕ ਪਾਕਿਸਤਾਨ ਦੀ ਕਿਸੇ ਨਵੀਂ ਝਾਕੀ ਨਾਲ ਸ਼ੁਰੂ ਹੁੰਦਾ ਹੈ ਅਤੇ ਸੁਝਾਊ ਢੰਗ ਨਾਲ ਸਮਾਪਤ ਹੋ ਜਾਂਦਾ ਹੈ। ਇਸ ਨਵੀਂ ਵਿਧੀ ਦੇ ਕਾਰਨ ਉਸਦਾ ਸਫ਼ਰਨਾਮਾ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਵਿਸ਼ੇਸ਼ ਸਥਾਨ ਬਣਾ ਚੁਕਾ ਹੈ। ਹਰ ਇਕ ਪੰਜਾਬੀ ਪਾਠਕ ਨੂੰ ਉਸਦਾ ਇਹ ਅੰਦਾਜ਼ ਕਾਫ਼ੀ ਪਸੰਦ ਆਇਆ ਹੈ। ਉਦਾਹਰਣ ਲਈ ਉਸ ਦੇ ਇਕ ਚੈਪਟਰ ਦੀਆਂ ਆਰੰਭਿਕ ਪੰਕਤੀਆਂ ਦੇਖੋ :

> ਫਲੈਟੀਜ਼ ਹੋਟਲ ਪਹੁੰਚੇ ਤਾਂ ਪਤਾ ਲੱਗਾ ਪੁਲੀਸ ਨੇ ਸੁਨੇਹਾ ਭੇਜਿਆ ਸੀ ਕਿ ਨਿਯਮ ਅਨੁਸਾਰ ਭਾਰਤੀ ਡੈਲੀਗੇਟਾਂ ਨੇ ਪੁਲੀਸ ਕੋਲ ਆਪਣੀ ਹਾਜ਼ਰੀ ਕਿਉਂ ਨਹੀਂ ਲਗਵਾਈ। ਇਹ ਕੰਮ ਤਾਂ ਪਹਿਲੇ ਦਿਨ ਹੀ ਹੋਣਾ ਚਾਹੀਦਾ ਸੀ ਪਰ ਪ੍ਰਬੰਧਕਾਂ ਵਲੋਂ ਕੋਈ ਨਿਸ਼ਚਿਤ ਆਦੇਸ਼ ਨਾ ਮਿਲਣ ਕਾਰਨ ਸਾਰੇ ਕਾਨਫਰੰਸ ਦੇ ਮੇਲੇ-ਗੇਲੇ ਵਿਚ ਰੁੱਝ ਗਏ। ਹੁਣ ਇਕਦਮ ਸਿਰ ਆ ਬਣੀ...।

(*ਸਾਰੇ ਆਪਾਂ ਪੰਜਾਬੀ ਭਰਾ ਹਾਂ*, ਪੰਨਾ 126)

ਚੈਕਟਰ ਦਾ ਅਜਿਹਾ ਆਰੰਭ ਉਤਸੁਕਤਾ ਨੂੰ ਬਣਾਈ ਰਖਦਾ ਹੈ। ਲਟਕਾਉ (suspense) ਵੀ ਬਰਕਰਾਰ ਰਹਿੰਦਾ ਹੈ। ਪਾਠਕ, ਵਸਤੂ-ਸਾਮਗਰੀ ਅਤੇ ਚੈਪਟਰ ਵਿਚੋਂ ਨਿਕਲਣ ਵਾਲੇ ਸਿੱਟੇ ਬਾਰੇ ਇਕਾਗਰਚਿਤ ਹੋ ਜਾਂਦਾ ਹੈ। ਇਸ ਰਚਨਾ ਵਿਚ ਲੇਖਕ ਦੱਸਦਾ ਹੈ ਕਿ ਪਾਕਿਸਤਾਨ ਦੀ ਨੌਕਰਸ਼ਾਹੀ ਭਾਰਤੀ ਲੋਕਾਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦੀ ਰਹੀ। ਇਸ ਦੇ ਕਾਰਨਾ ਬਾਰੇ ਸੋਚਦਾ ਹੋਇਆ ਉਹ ਇਸ ਚੈਪਟਰ ਦਾ ਅੰਤ ਕਰ ਦਿੰਦਾ ਹੈ :

> ਇੰਜ ਲਗਦੈ ਕਿ ਇਨ੍ਹਾਂ ਨੂੰ ਸਰਕਾਰ ਵਲੋਂ ਖਾਸ ਹਦਾਇਤ ਹੋਈ ਲੱਗਦੀ ਐ ਕਿ ਇੰਡੀਅਨਜ਼ ਨਾਲ ਚੰਗਾ ਸਲੂਕ ਕਰਨਾ ਹੈ। ਪਰ ਮੇਰਾ ਆਪਣਾ ਹੀ ਮਨ ਇਸ ਦਲੀਲ ਨੂੰ ਪੂਰੀ ਤਰ੍ਹਾਂ ਮੰਨ ਨਹੀਂ ਸੀ ਰਿਹਾ ਕਿਉਂਕਿ ਸਿਰਫ਼ ਆਗਿਆ ਅਤੇ ਆਦੇਸ਼ ਬੰਦੇ ਦੇ ਅੰਦਰਲੇ ਨੂੰ ਇਸ ਹੱਦ ਤਕ ਨਰਮ, ਮਿਲਣਸਾਰ ਤੇ ਪਿਆਰ-ਵਿਗੁਤੇ ਨਹੀਂ ਬਣਾ ਸਕਦੇ...। (*ਉਹੀ*, ਪੰਨਾ 134)

ਚੈਪਟਰ ਵਿਚਲੀ ਸਾਮਗਰੀ ਨੂੰ ਵਿਸ਼ਵਅਯੋਗ ਅਤੇ ਪ੍ਰਮਾਣਿਕ ਬਣਾਉਣ ਲਈ ਵਰਿਆਮ ਸੰਧੂ ਪਾਤਰਾਂ ਦੀ ਪਰਸਪਰ ਗੱਲਬਾਤ ਰਾਹੀਂ ਉਨ੍ਹਾਂ ਦੀ ਅੰਦਰਲੀ ਮਾਨਸਿਕਤਾ/ਸੋਚ ਦੀਆਂ ਗਵਾਹੀਆਂ ਪੇਸ਼ ਕਰਦਾ ਹੈ। ਇਸ ਕਾਰਨ ਸਫ਼ਰਨਾਮਾ ਰੋਚਕ ਅਤੇ ਦਿਲਚਸਪ ਵੀ ਬਣ ਗਿਆ ਹੈ। ਇਕ ਉਦਾਹਰਣ ਦੇਖੋ :

> "ਠੇਕੇ ਵਾਲੇ ਨੂੰ ਤਾਂ ਜ਼ਮੀਨ ਵਾਰਾ ਹੀ ਨਹੀਂ ਖਾਂਦੀ। ਠੇਕਾ ਦੇਵੇ ਤਾਂ ਵਿਚੋਂ ਬਚਾਵੇ ਕੀ? ਡੀਜ਼ਲ ਹੋਰ

ਮਹਿੰਗਾ ਹੋ ਗਿਐ।... ਹਕੀਕਤ ਤਾਂ ਇਹ ਹੈ ਕਿ ਛੋਟਾ ਕਿਸਾਨ ਬੁਰੀ ਤਰ੍ਹਾਂ ਪਿਸ ਰਿਹੈ।" ਅਨਵਰ ਨੇ ਤੋੜਾ ਝਾੜਿਆ।

"ਮੁਆਫ਼ ਕਰਨਾ ਗੁੱਸਾ ! ਨਾ ਕਰਨਾ !" ਸਾਡੀ ਗੱਲਾਂ ਸੁਣ ਰਹੇ ਪ੍ਰੇਮ ਸਿੰਘ ਨੇ ਕਿਹਾ, "ਇਧਰ ਮਾੜੀ ਕਾਸ਼ਤ ਦਾ ਵੱਡਾ ਕਾਰਨ ਇਹ ਹੈ ਕਿ ਇਧਰ ਉਨ੍ਹਾਂ ਲੋਕਾਂ ਨੂੰ ਜ਼ਮੀਨ ਮਿਲੀ ਜਿਹੜੇ ਗ਼ੈਰ-ਕਾਸ਼ਤਕਾਰ ਸਨ। ਉਨ੍ਹਾਂ ਕੋਲ ਵਾਹੀ-ਖੇਤੀ ਦਾ ਤਜਰਬਾ ਕੋਈ ਨਹੀਂ ਸੀ। ਨਹੀਂ ਤਾਂ ਵੰਡ ਤੋਂ ਪਹਿਲਾਂ ਇਹੀ ਜ਼ਮੀਨਾਂ ਸੋਨਾ ਉਗਲਦੀਆਂ ਸਨ।" (*ਸਾਂਝ ਤੇ ਵਿਰੋਧ ਦੀ ਦੋ-ਰੰਗੀ*, ਪੰਨਾ 142)

ਸਫ਼ਰਨਾਮੇ ਦੇ ਹਰ ਅਧਿਆਇ ਨੂੰ ਇਕ ਆਕ੍ਰਸ਼ਕ ਸਿਰਲੇਖ ਦਿੱਤਾ ਹੋਇਆ ਹੈ। ਓਪਰੀ ਨਜ਼ਰੇ ਵੇਖਿਆਂ ਇਹ ਸਿਰਲੇਖ, ਅਧਿਆਇ ਵਿਚਲੀ ਸਾਮਗਰੀ ਨਾਲ ਮੇਲ ਨਹੀਂ ਖਾਂਦੇ ਪਰ ਅਸਲ ਵਿਚ ਇਹ ਬੜੀ ਡੂੰਘੀ ਤਰ੍ਹਾਂ ਇਸ ਸਾਮਗਰੀ ਨਾਲ ਜੁੜੇ ਹੋਏ ਹਨ। ਅਜਿਹੇ ਸਿਰਲੇਖ ਰੱਖਣ ਦੀ ਸੂਝ ਉਸ ਨੇ ਆਪਣੀ ਕਹਾਣੀ ਕਲਾ ਤੋਂ ਪ੍ਰਾਪਤ ਕੀਤੀ ਹੈ। ਕੁਝ ਇਕ ਸਿਰਲੇਖ ਦੇਖੋ :

* ਨਦੀਓਂ ਪਾਰ ਰਾਂਝਣ ਦਾ ਠਾਣਾ
* ਸ਼ਰੀਕ ਦੇ ਵਿਆਹ ਵਿਚ ਅਣਸੱਦੇ ਪ੍ਰਾਹੁਣੇ
* ਪੱਗਾਂ ਇੰਜ ਹੀ ਬਾਜ਼ਾਰ ਵਿਚ ਨਜ਼ਰ ਆਉਂਦੀਆਂ ਰਹਿਣ
* ਮਾਂ ਬੋਲੀ ਜੋ ਭੁੱਲ ਜਾਵਣਗੇ
* ਅਣਪੀਤੇ ਪਾਣੀ ਦਾ ਸੁਆਦ... ਇਤਿਆਦਿ।

ਸਫ਼ਰਨਾਮਾ ਉਤਮ-ਪੁਰਖ (First person) ਦੀ ਤਕਨੀਕ ਦੁਆਰਾ ਲਿਖਿਆ ਜਾਂਦਾ ਹੈ। ਇਸ ਵਿਚ 'ਨੈਰੇਟਰ' ਅਤੇ 'ਰਾਈਟਰ' ਇਕ ਹੀ ਹੁੰਦੇ ਹਨ। ਇਸ ਸੂਰਤ ਵਿਚ ਬਿਰਤਾਂਤ ਕੁਝ ਕਮਜ਼ੋਰ/ਦੋਸ਼ਪੂਰਨ ਹੋ ਜਾਂਦਾ ਹੈ। 'ਨੈਰੇਟਰ' ਖਾਹਮਖ਼ਾਹ ਆਪਣੇ ਆਪ ਨੂੰ ਮਹਤਵਪੂਰਨ ਬਣਾਉਣ ਦੀ ਕੋਸ਼ਿਸ਼ ਵਿਚ ਲਗ ਜਾਂਦਾ ਹੈ। ਵਰਿਆਮ ਸੰਧੂ ਦਾ ਨੈਰੇਟਰ ਵੀ ਇਸ ਦੋਸ਼ ਤੋਂ ਬਚ ਨਹੀਂ ਸਕਿਆ। ਉਹ ਇਹ ਦੱਸਣੋਂ ਕਦੇ ਨਹੀਂ ਖੁੰਝਦਾ ਕਿ ਮੈਂ ਵਿਨਿਮਰ ਹਾਂ, ਜਲਸੇ-ਜਲੂਸ ਵਿਚ ਅੱਗੇ-ਅੱਗੇ ਹੋਣ ਦੀ ਕੋਸ਼ਿਸ਼ ਨਹੀਂ ਕਰਦਾ, ਪਾਕਿਸਤਾਨੀ ਭਰਾਵਾ ਨੂੰ ਬਹੁਤ ਪਿਆਰ ਕਰਦਾ ਹਾਂ... ਇਤਿਆਦਿ। ਹਾਲਾਂਕਿ ਬਿਰਤਾਂਤ ਇਸ ਗੱਲ ਦੀ ਪੁਸ਼ਟੀ ਨਹੀਂ ਕਰਦਾ। ਨੈਰੇਟਰ ਪ੍ਰਧਾਨਗੀ ਕਰਨ ਲਈ ਫੌਰਨ ਸਟੇਜ ਉਤੇ ਪਹੁੰਚ ਜਾਂਦਾ ਹੈ, ਆਪਣੇ ਹੋਰ ਸਾਥੀਆਂ ਨੂੰ ਹੋਟਲ ਵਿਚ ਬੈਠਿਆਂ ਛੱਡ ਕੇ ਬਾਜ਼ਾਰ ਵਿਚ ਨਿਕਲ ਤੁਰਦਾ ਹੈ ਤਾਂ ਜੋ ਇਕੱਲਾ ਹੋਣ ਦੀ ਸੂਰਤ ਵਿਚ ਪਾਕਿਸਤਾਨੀ ਲੋਕਾਂ ਨਾਲ ਗੱਲਬਾਤ ਕਰ ਸਕੇ। ਇਸੇ ਤਰ੍ਹਾਂ ਉਹ ਇਹ ਦੱਸਣੋਂ ਵੀ ਨਹੀਂ ਉਕਦਾ ਕਿ ਉਹ ਮੀਟ-ਮੱਛੀ ਦਾ ਸੇਵਨ ਨਹੀਂ ਕਰਦਾ, ਸ਼ੁੱਧ ਸ਼ਾਕਾਹਾਰੀ ਹੈ। ਇਸ ਲਈ ਮੇਰੇ ਆਚਾਰ-ਵਿਹਾਰ ਦੀ ਕਦਰ ਕਰੋ। ਉਸ ਨੂੰ ਇਸ ਗੱਲ ਦਾ ਸਦਾ ਮਲਾਲ ਰਹਿੰਦਾ ਹੈ ਕਿ ਡੈਲੀਗੇਸ਼ਨ ਦੇ ਪ੍ਰਬੰਧਕਾਂ ਨੇ ਉਸ ਨੂੰ ਕੋਈ ਪੇਪਰ ਵਗੈਰਾ ਲਿਖਣ ਲਈ ਨਹੀਂ ਕਿਹਾ। ਇਸ ਕਾਰਨ ਉਦਘਾਟਨੀ ਸਮਾਗਮ ਵਿਚ ਜਦੋਂ ਡਾ. ਹਰਚਰਨ ਸਿੰਘ ਅਤੇ ਡਾ. ਦਲੀਪ ਕੌਰ ਟਿਵਾਣਾ ਵਲੋਂ ਕੋਈ ਉਕਾਈ ਹੁੰਦੀ ਹੈ ਅਤੇ ਪਾਕਿਸਤਾਨੀ ਸਰੋਤੇ ਉਨ੍ਹਾਂ ਦੀ ਖਿੱਲੀ ਉਡਾਉਂਦੇ ਹਨ ਤਾਂ 'ਨੈਰੇਟਰ' ਨੂੰ ਬਹੁਤ ਖੁਸ਼ੀ ਹੁੰਦੀ ਹੈ।

**(ੲ) ਸ਼ੈਲੀਗਤ ਪਰਿਪੇਖ**

ਇਸ ਸਫ਼ਰਨਾਮੇ ਦੀ ਸ਼ੈਲੀ ਉਪਰ ਬਫਨ (Buffon) ਦਾ ਇਹ ਕਥਨ ਪੂਰੀ ਤਰ੍ਹਾਂ ਨਾਲ ਢੁਕਦਾ ਹੈ : ਸ਼ੈਲੀ ਹੀ ਸ਼ਖ਼ਸੀਅਤ ਹੈ। (Style is the man himself.) ਵਰਿਆਮ ਸਿੰਘ ਸੰਧੂ ਇਕ ਨਿਪੁੰਨ ਸ਼ੈਲੀਕਾਰ ਹੈ। ਨਾ ਕੇਵਲ ਪੈਰਿਆਂ, ਵਾਕਾਂ ਅਤੇ ਵਾਕੰਸ਼ਾਂ ਦੀ ਸਿਰਜਣਾ ਅਤੇ ਵਿਉਂਤਬੰਦੀ ਬਾਰੇ ਉਹ ਪੂਰਨ ਭਾਂਤ ਚੇਤੰਨ ਰਹਿੰਦਾ ਹੈ ਬਲਕਿ ਇਕ-ਇਕ ਸ਼ਬਦ ਦੀ ਚੋਣ ਉਹ ਵਾਕ-ਪ੍ਰਬੰਧ ਵਿਚ ਪ੍ਰਗਟਾਈ ਜਾਣ ਵਾਲੀ ਕੈਫ਼ੀਅਤ ਦੇ ਅਨੁਸਾਰ ਕਰਦਾ ਹੈ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇਖੋ :

ਪੰਜਾਬ ਦਾ ਅੱਧ ਕਟਿਆ-ਧੜ ਆਪਣੇ ਬਾਕੀ ਅੱਧੇ ਕੱਟੇ ਧੜ ਨਾਲ ਮਿਲ ਕੇ ਮੁਕੰਮਲ ਹੋਣ ਲਈ ਵਿਲਕ ਰਿਹਾ ਸੀ। ਦੋਹੀਂ ਪਾਸੀਂ ਇਹ ਕੱਟੇ ਧੜ ਮਿਲਾਪ ਲਈ ਤੜਪ ਰਹੇ ਸਨ ਪਰ ਵਿਚਕਾਰਲੀ ਲਹੂ -ਭੱਜੀ ਲਕੀਰ ਤੇ ਦਿਨ-ਬ-ਦਿਨ ਦੀਵਾਰ ਉੱਸਰਦੀ ਜਾ ਰਹੀ ਸੀ ਅਤੇ ਇਸ 'ਤੇ ਹਰ ਸਾਲ ਹੋਰ ਉੱਚਾ 'ਵਾਰ' ਦਿੱਤਾ ਜਾ ਰਿਹਾ ਸੀ। ਦੋਵੇਂ ਮੁਲਕ ਜ਼ੋਰੋ-ਜ਼ੋਰ ਰਦੇ ਉਸਾਰੀ ਜਾ ਰਹੇ ਸਨ।

(*ਨਦੀਓਂ ਪਾਰ ਰਾਝਣ ਦਾ ਠਾਣਾ*, ਪੰਨਾ 14)

ਵਰਿਆਮ ਸਿੰਘ ਸੰਧੂ ਬਿਰਤਾਂਤ ਦੀ ਪ੍ਰਕਿਰਤੀ ਅਨੁਸਾਰ ਸ਼ੈਲੀ ਦਾ ਸਰੂਪ ਬਦਲਦਾ ਰਹਿੰਦਾ ਹੈ। ਬਿਆਨੀਆ ਸ਼ੈਲੀ ਦੇ ਪ੍ਰਯੋਗ ਸਮੇਂ ਉਹ ਵਸਤੂਗਤ (objective) ਵਿਧੀ ਦਾ ਪ੍ਰਯੋਗ ਕਰਦਾ ਹੈ। ਇਹ ਸ਼ੈਲੀ ਸਰਲ, ਸਪਸ਼ਟ ਅਤੇ ਵਿਆਕਰਣਿਕ ਨੇਮਾਂ

ਅਨੁਸਾਰ ਚਲਦੀ ਹੈ। ਜਿਵੇਂ :

> ਸ਼ਾਹੀ ਕਿਲ੍ਹੇ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਅਜਾਇਬ ਘਰ ਵੀ ਹੈ ਤੇ ਮੁਗ਼ਲ ਰਾਜ ਨਾਲ ਸੰਬੰਧਿਤ ਵੀ। ਜਦੋਂ ਕੋਈ ਸਿੱਖ ਜੱਥਾ ਆਉਂਦਾ ਹੈ ਤਾਂ ਮੁਗ਼ਲਾਂ ਵਾਲਾ ਅਜਾਇਬ ਘਰ ਬੰਦ ਕਰ ਦਿੱਤਾ ਜਾਂਦਾ ਹੈ ਤੇ ਸਿੱਖਾਂ ਵਾਲਾ ਖੋਲ੍ਹ ਦਿੱਤਾ ਜਾਂਦਾ ਹੈ। ਅਸੀਂ ਪੌੜੀਆਂ ਚੜ੍ਹ ਕੇ ਸਿੱਖ ਅਜਾਇਬ ਘਰ ਵਿਚ ਦਾਖ਼ਲ ਹੋਏ।

(*ਥਾਵਾਂ ਤੇ ਮਨਾਂ ਦੀ ਯਾਤਰਾ*, ਪੰਨਾ 120)

ਸ਼ੈਲੀ ਦੀ ਇਕ ਹੋਰ ਵੰਨਗੀ ਕਾਵਿਕ ਵਾਰਤਾਲਾਪ ਵਾਲੀ ਹੈ। ਲੇਖਕ ਨੇ ਜਦੋਂ ਕਿਸੇ ਭਾਵਨਾਤਮਕ ਪ੍ਰਸੰਗ ਨੂੰ ਬਿਆਨ ਕਰਨਾ ਹੁੰਦਾ ਹੈ ਤਾਂ ਉਹ ਕਾਵਿਕ ਸ਼ੈਲੀ ਦਾ ਸਹਾਰਾ ਲੈਂਦਾ ਹੈ। ਦੇਖੋ :

> ਮੈਂ ਆਪਣੇ ਸੁਪਨਿਆਂ ਦੀ ਧਰਤੀ ਉਤੇ ਤੁਰਨਾ ਚਾਹੁੰਦਾ ਸਾਂ। ਲਾਹੌਰ ਦੇ ਬਾਜ਼ਾਰਾਂ ਵਿਚ, ਅਨਾਰਕਲੀ ਵਿਚ, ਰਾਵੀ ਦੇ ਪੱਤਣ ਤੇ। ਮੈਂ ਬਾਬੇ ਨਾਨਕ ਦੇ ਖੇਤਾਂ ਵਿਚ ਵਿਚਰਨਾ ਚਾਹੁੰਦਾ ਸਾਂ। ਮੈਂ ਚਾਚੇ ਨਜ਼ਾਮੁਦੀਨ ਕੋਲ ਬੈਠ ਕੇ ਉਸਦੀ ਜ਼ਬਾਨ ਦੀ ਪਾਕੀਜ਼ਗੀ ਦਾ ਲੁਤਫ਼ ਲੈਣਾ ਚਾਹੁੰਦਾ ਸਾਂ। ਨੂਰ ਜਹਾਂ, ਇਕਬਾਲ ਬਾਨੋ, ਫ਼ਰੀਦਾ ਖਾਨਮ, ਤਾਹਿਰਾ ਸਈਅਦ, ਗੁਲਾਮ ਅਲੀ, ਮਹਿਦੀ ਹਸਨ ਤੇ ਰੇਸ਼ਮਾ ਦੇ ਅੰਗ-ਸੰਗ ਵਿਚਰਨਾ ਚਾਹੁੰਦਾ ਸਾਂ।

(*ਨਦੀਓਂ ਪਾਰ ਰਾਂਝਣ ਦਾ ਠਾਣਾ*, ਪੰਨਾ 15)

ਪੰਜਾਬੀ ਦੇ ਲੋਕ ਇਕ ਦੂਜੇ ਨਾਲ ਗਲਬਾਤ ਕਰਨ ਸਮੇਂ ਬੇਹੱਦ ਦੋਸਤਾਨਾ (Friendly) ਅਤੇ ਗ਼ੈਰ-ਰਸਮੀ (informal) ਬਣ ਜਾਂਦੇ ਹਨ। ਹੋਰ ਤਾਂ ਹੋਰ, ਉਹ ਆਪਣੇ ਕਿਸੇ ਦਲੀਲ ਉਪਰ ਜ਼ੋਰ ਦੇਣ ਲਈ ਜਾਂ ਇਕ-ਦੂਸਰੇ ਪ੍ਰਤੀ ਮੋਹ ਦਾ ਪ੍ਰਗਟਾਵਾ ਕਰਨ ਲਈ ਗਾਲੀ-ਗਲੋਚ ਦਾ ਪ੍ਰਯੋਗ ਕਰਨ ਤੋਂ ਵੀ ਨਹੀਂ ਝਿਜਕਦੇ। ਵਰਿਆਮ ਸਿੰਘ ਸੰਧੂ ਦੀ ਗੱਦ-ਸ਼ੈਲੀ ਵਿਚ ਇਹੋ ਜਿਹੇ ਗੁਣ-ਲੱਛਣ ਵੀ ਨਜ਼ਰ ਆ ਜਾਂਦੇ ਹਨ। ਜਿਵੇਂ :

> ਸਿਪਾਹੀ ਨੇ ਫੋਨ ਸੁਣ ਕੇ ਰਿਸੀਵਰ ਠਾਹ ਕਰਦਾ ਰੱਖਿਆ ਤੇ ਉੱਚੀ ਸਾਰੀ ਗਾਲ੍ਹ ਕੱਢੀ, "ਧੀ ਦੇ ਯਾਰ !... ਅਖੇ ਅੱਧਾ ਕਿਲੋ ਆਈਸਕਰੀਮ ਹੁਣੇ ਚਾਹੀਦੀ ਹੈ। ਇਨ੍ਹਾਂ ਨੂੰ ਪੁੱਛੋ ਭੈਣ ਦੇ ਖਸਮਾਂ ਨੂੰ ਅਸੀਂ ਐਥੇ ਆਈਸ ਕਰੀਮ ਜਮਾਈ ਬੈਠੇ ਆਂ।"
>
> "ਇਹ ਤਾਂ ਜੀ ਆਪੋ ਆਪਣੇ ਮਹਿਕਮੇ ਦਾ ਦਸਤੂਰ ਜੇ। ਹੁਣ ਤੁਸੀਂ ਤਾਂ ਸਾਡੇ ਮਹਿਮਾਨ ਓ। ਅਸੀਂ ਸੌ ਕੰਮ ਛੱਡ ਕੇ ਵੀ ਤੁਹਾਡੀ ਖ਼ਿਦਮਤ ਲਈ ਹਾਜ਼ਰ ਆਂ। ਤੁਹਾਨੂੰ ਇਜ਼ਤ ਨਾਲ ਕੁਰਸੀ ਤੇ ਬੈਠਣ ਲਈ ਕਿਹਾ ਹੈ। ਤੁਸੀਂ ਆਪ ਹੀ ਬੈਂਚ ਤੇ ਬੈਠ ਗਏ ਓ ! ਹੁਣ ਸਾਡੇ ਇਥੋਂ ਕੋਈ ਆਵੇ ਤਾਂ ਅਸੀਂ ਕਿਹੜਾ ਉਹਨੂੰ ਫਟਾਫਟ ਬੈਂਚ ਤੇ ਬਹਿਣ ਦੇਨੇ ਆਂ। ਉਹਨੂੰ ਆਖੀਦਾ ਏ, "ਪਰ੍ਹਾਂ ਨੁਕਰ 'ਚ ਔਥੇ ਹੋ ਕੇ ਖੜ੍ਹੋ ਉਇ... ਤੇਰੇ ਨਾਲ ਵੀ ਗੱਲ ਕਰਨੇ ਆਂ। ਆਪਾਂ ਝੂਠ ਨਹੀਂ ਬੋਲਦੇ...।"

(*ਸਾਰੇ ਆਪਾਂ ਪੰਜਾਬੀ ਭਰਾ ਆਂ*, ਪੰਨਾ 133)

**(ਸ) ਬੋਲੀ ਅਤੇ ਸ਼ਬਦਾਵਲੀ**

ਵਰਿਆਮ ਸਿੰਘ ਸੰਧੂ ਪੰਜਾਬ ਦੇ ਮਾਝੇ ਵਿਚ ਸਥਿਤ ਇਕ ਨਗਰ 'ਸੁਰਸਿੰਘ' ਦਾ ਰਹਿਣ ਵਾਲਾ ਹੈ। ਉਸ ਦੀਆਂ ਕਹਾਣੀਆਂ ਵਿਚ ਮਾਝੀ ਬੋਲੀ ਦਾ ਕਾਫ਼ੀ ਪ੍ਰਯੋਗ ਹੋਇਆ ਹੈ; ਉਸ ਦੀਆਂ ਕਹਾਣੀਆਂ ਦੇ ਬਹੁਤੇ ਪਾਤਰ ਮਾਝੀ ਬੋਲੀ ਦਾ ਪ੍ਰਯੋਗ ਕਰਦੇ ਹਨ। ਇਸ ਪ੍ਰਕਾਰ ਉਨ੍ਹਾਂ ਦਾ ਚਰਿਤਰ ਅਤੇ ਪਰਿਵੇਸ਼ ਦੀ ਆਂਚਲਿਕਤਾ ਖ਼ੂਬ ਉਘੜਦੀ ਹੈ ਪਰੰਤੂ ਇਸ ਸਫ਼ਰਨਾਮੇ ਵਿਚ ਉਸ ਨੂੰ ਬਹੁਤਾ ਕਰ ਕੇ ਟਕਸਾਲੀ ਪੰਜਾਬੀ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਹੈ। ਕਦੇ-ਕਦਾਈ ਉਸ ਦੇ ਪਾਤਰ ਜ਼ਰੂਰ ਸਥਾਨਕ ਰੰਗਣ ਵਾਲੀ ਪੰਜਾਬੀ ਦਾ ਪ੍ਰਯੋਗ ਕਰ ਜਾਂਦੇ ਹਨ। ਜਿਵੇਂ :

> ਤੂੰ ਤੇ ਖੁਸ਼ੀਆ ਹਾਣੀ ਸਓ। ਫਜ਼ਲਾਂ ਉਦੋਂ ਅਠਾਂ-ਦਸਾਂ ਸਾਲਾਂ ਦੀ ਸੀ। ਤੇਰੀ ਮਾਂ ਚੰਨੋ ਨੇ ਖੇਤਾਂ ਨੂੰ ਜਾਣਾ ਤਾਂ ਸਾਡੇ ਘਰ ਫੜਾ ਜਾਣਾ। ਫ਼ਜ਼ਲਾਂ ਨੇ ਤੁਹਾਨੂੰ ਦੋਹਾਂ ਨੂੰ ਢਾਕੇ ਲਾਈ ਫਿਰਨਾ। ਜਦੋਂ ਰੌਲਿਆਂ ਵਿਚ ਤੇਰੇ ਵਡੇਰੇ ਸਾਨੂੰ ਕਾਕੀ ਪਿੰਡ ਛੱਡ ਕੇ ਗਏ ਤਾਂ ਫ਼ਜ਼ਲਾਂ ਰੋਇਆ ਕਰੇ। ਅਖੇ, "ਮੈਂ ਨਿੰਮੇ ਨੂੰ ਮਿਲਣ ਜਾਣੈਂ...।" ਅਗੋਂ ਕਹਿਰ ਇਹ ਹੋਇਆ ਕਿ ਪਾਕਿਸਤਾਨ ਆਉਂਦਿਆਂ ਖੁਸ਼ੀਆ ਰਾਹ ਵਿਚ ਬੀਮਾਰ ਹੋ ਕੇ ਮਰ ਗਿਆ। ਤਾਂ ਫ਼ਜ਼ਲਾਂ ਨੇ ਦੁੱਖ ਆਪਣੀ ਹਿੱਕ ਨਾਲ ਲਾ ਲਿਆ।

(*ਆਪਣੇ ਵਿਛੜੇ ਪਿੰਡ ਦੀ ਫੇਰੀ*, ਪੰਨਾ 155)

ਪਾਕਿਸਤਾਨ ਵਿਚ ਰਹਿਣ ਵਾਲੇ ਬਹੁਤੇ ਲੋਕ ਉਰਦੂ-ਫਾਰਸੀ ਦਾ ਵੀ ਭਰਪੂਰ ਪ੍ਰਯੋਗ ਕਰਦੇ ਹਨ। ਕੁਝ ਸ਼ਬਦ ਦੇਖੋ : ਦੇਰੀਨਾ ਹਸਰਤ (ਚਰੋਕਣੀ ਤਾਂਘ), ਨਜ਼ਰੀਆ (ਦ੍ਰਿਸ਼ਟੀਕੋਣ), ਵਜ਼ੀਰੇ ਆਲਾ (ਮੁਖ ਮੰਤਰੀ), ਦਾਨਿਸ਼ਵਰ (ਬੁੱਧੀਮਾਨ), ਸ਼ਿਰਕਤ (ਸ਼ਾਮਲ), ਖੁਸ਼ਆਮਦੀਦ (ਜੀ ਆਇਆਂ), ਜਹੰਨੁਮ (ਨਰਕ), ਕਦੂਰਤਾਂ (ਸਾੜਾ), ਬਰੇ-ਸਗੀਰ (ਉਪ ਮਹਾਂਦੀਪ), ਮਕਸਦ (ਮੰਤਵ), ਜ਼ੇਰੇ ਅਸਰ (ਪ੍ਰਭਾਵ ਹੇਠ)... ਆਦਿਕ। ਏਧਰ-ਉਧਰ ਅੰਗਰੇਜ਼ੀ ਪੜ੍ਹੇ-ਲਿਖੇ ਲੋਕ ਜਾਣੇ-ਅਣਜਾਣੇ ਆਪਣੀ ਬੋਲੀ ਵਿਚ ਅੰਗਰੇਜ਼ੀ ਸ਼ਬਦਾਵਲੀ ਵੀ ਵਰਤ ਲੈਂਦੇ ਹਨ। ਦੇਖੋ : ਅੰਗਰੇਜ਼ੀ ਸ਼ਬਦਾਵਲੀ : ਕਲੀਅਰ, ਕਾਊਂਟਰ, ਪ੍ਰੈਸ ਰੀਪੋਰਟ, ਬੇਸਮੈਂਟ, ਬਾਥਰੂਮ, ਚੈਕਿੰਗ, ਸਲਿੱਪ, ਕਲਚਰ, ਡੌਮੀਨੇਟ, ਸ਼ੌਪਿੰਗ, ਚੈਲੰਜ, ਆਰਟਿਸਟ, ਟਰਸਟੀ, ਬਿਲਡਿੰਗ, ਇੰਡੀਅਨ ਰੇਲਵੇਜ਼, ਫੰਕਸ਼ਨ, ਵੇਲਕਮ, ਫੂਡ ਸਟਰੀਟ, ਪਲੀਜ਼, ਹੀਰੋਇਨ, ਅੰਕਲ, ਚੇਅਰ ਪਰਸਨ, ਪਾਰਕਿੰਗ, ਰੇਟ, ਵਿਲੇਜ ਰੈਸਟੋਰੈਂਟ, ਸਕਿਉਰਿਟੀ... ਆਦਿਕ।

ਵਰਿਆਮ ਸਿੰਘ ਸੰਧੂ ਬਿਰਤਾਂਤ ਵਿਚ ਹਾਸ-ਰਸ ਦੇ ਮਹਤਵ ਨੂੰ ਜਾਣਦਾ ਹੈ। ਉਸ ਦੀਆਂ ਕਹਾਣੀਆਂ ਵਿਚ ਥਾਂ-ਪੁਰ-ਥਾਂ ਹਾਸ ਰਸ ਛਿੜਕਿਆ ਹੁੰਦਾ ਹੈ ਪਰ ਇਸ ਸਫ਼ਰਨਾਮੇ ਵਿਚ ਹਾਸ-ਰਸ ਦੀ ਅਣਹੋਂਦ ਕਾਫ਼ੀ ਖਟਕਦੀ ਹੈ। ਇਸ ਪ੍ਰਸੰਗ ਵਿਚ ਸ. ਲਾਲ ਸਿੰਘ ਕਮਲਾ ਅਕਾਲੀ (ਮੇਰਾ ਵਲੈਤੀ ਸਫ਼ਰਨਾਮਾ), ਬਲਰਾਜ ਸਾਹਨੀ (ਮੇਰਾ ਪਾਕਿਸਤਾਨੀ ਸਫ਼ਰਨਾਮਾ) ਉਸ ਤੋਂ ਬਾਜ਼ੀ ਲੈ ਗਏ ਹਨ। ਬਲਵੰਤ ਗਾਰਗੀ ਦਾ ਸਫ਼ਰਨਾਮਾ 'ਪਾਤਾਲ ਦੀ ਧਰਤੀ' ਵੀ ਹਾਸ-ਵਿਅੰਗ ਨਾਲ ਭਰਪੂਰ ਹੈ। ਹਾਸ-ਰਸ ਤੋਂ ਬਿਨਾਂ ਵਾਰਤਕ ਨੀਰਸ ਹੋ ਜਾਂਦੀ ਹੈ।

**(ਹ) ਬਿਰਤਾਂਤ ਵਿਧੀਆਂ**

ਵਰਿਆਮ ਸਿੰਘ ਸੰਧੂ ਬਿਰਤਾਂਤ-ਵਿਧੀਆਂ ਦੇ ਪ੍ਰਸੰਗ ਵਿਚ ਨਵੇਂ-ਨਵੇਂ ਪ੍ਰਯੋਗ ਕਰਦਾ ਰਹਿੰਦਾ ਹੈ। 'ਵਗਦੀ ਏ ਰਾਵੀ' ਲਿਖਣ ਤੋਂ ਉਸਦਾ ਪ੍ਰਯੋਜਨ ਸਾਂਝੀ ਪੰਜਾਬੀਅਤ ਦੇ ਉਸ ਹੇਰਵੇ (nostaligia) ਨੂੰ ਬਿਆਨ ਕਰਨਾ ਸੀ, ਜੋ ਹਰ ਪੰਜਾਬੀ ਦੇ ਮਨ-ਮਸਤਿਕ ਵਿਚ ਮੌਜੂਦ ਰਿਹਾ ਹੈ। ਦੇਸ਼-ਵੰਡ ਦੇ ਕਾਰਨ ਲੱਖਾਂ ਪੰਜਾਬੀਆਂ ਨੂੰ ਏਧਰੋਂ, ਉਧਰ ਜਾਂ ਓਧਰੋਂ, ਇਧਰ ਆਉਣਾ ਪਿਆ ਸੀ। ਉਨ੍ਹਾਂ ਦੀਆਂ ਜੜ੍ਹਾਂ ਕਟੀਆਂ ਗਈਆਂ ਸਨ। ਉਹ ਸਾਰੀ ਉਮਰ ਆਪਣੇ-ਆਪਣੇ ਘਰਾਂ ਨੂੰ ਝੂਰਦੇ ਹੋਏ ਰੱਬ ਨੂੰ ਪਿਆਰੇ ਹੋ ਗਏ ਸਨ। ਹਿਜਰਤ ਕਰਨ ਵਾਲੇ ਲੋਕਾਂ ਦੀ ਆਬਾਦੀ ਉਨ੍ਹਾਂ ਦੇ ਪੁਤਰਾਂ-ਪੋਤਰਿਆਂ ਦੀ ਗਿਣਤੀ ਸਦਕਾ ਦੁਗਣੀ-ਤਿੱਗਣੀ ਹੋ ਗਈ ਹੈ। ਇਸ ਸੂਰਤ ਵਿਚ ਪੰਜਾਬੀਆਂ ਦੀ ਇਕ ਵਡੀ ਗਿਣਤੀ ਅਤੀਤ ਦੀਆਂ ਯਾਦਾਂ ਨੂੰ ਕੁਰੇਦਦੀ ਰਹਿੰਦੀ ਹੈ। ਲੇਖਕ ਖ਼ੁਦ ਇਸੇ ਮਨਸ਼ਾ ਨਾਲ ਪਾਕਿਸਤਾਨ ਵਿਚ ਗਿਆ ਸੀ ਤਾਂ ਕਿ ਉਹ ਆਪਣੇ ਪੁਰਾਣੇ ਪਿੰਡ ਅਤੇ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਦਰਸ਼ਨ ਕਰ ਸਕੇ। ਜਿਨ੍ਹਾਂ ਦੀਆਂ ਗਲਾਂ ਉਹ ਆਪਣੇ ਵਡੇ-ਵਡੇਰਿਆਂ ਤੋਂ ਸੁਣਦਾ ਆਇਆ ਸੀ। ਉਸਨੇ ਸਾਂਝੀ ਪੰਜਾਬੀਅਤ ਦੇ ਅਹਿਸਾਸ ਨੂੰ ਆਪਣੀ ਇਸ ਰਚਨਾ ਵਿਚ ਬੜੀ ਕੁਸ਼ਲਤਾ ਨਾਲ ਬਿਆਨ ਕੀਤਾ ਹੈ।

ਉਹ ਬਿਰਤਾਂਤ ਵਿਚ ਕਥਾਨਕ ਦੇ ਮਹਤਵ ਤੋਂ ਭਲੀ ਭਾਂਤ ਜਾਣੂ ਹੈ। ਬਿਰਤਾਂਤ ਵਿਚ ਉਤਸੁਕਤਾ ਜਾਂ ਕੌਤੂਹਲ ਨੂੰ ਬਣਾਈ ਰੱਖਣ ਵਾਸਤੇ ਉਹ ਹਰ ਚੈਪਟਰ ਵਿਚ ਕਿਸੇ ਮਹਤਵਪੂਰਨ ਵੇਰਵੇ ਨੂੰ ਕਾਫ਼ੀ ਦੇਰ ਤਕ ਛਿਪਾਈ ਰਖਦਾ ਹੈ। ਇਸ ਨਾਲ ਪਾਠਕ ਦੀ ਜਗਿਆਸਾ ਭੜਕੀ ਰਹਿੰਦੀ ਹੈ। ਸਫ਼ਰਨਾਮੇ ਦੇ ਆਰੰਭ ਤੋਂ ਲੈ ਕੇ ਅੰਤ ਤਕ 'ਅੱਗੇ ਕੀ ਹੋਇਆ' ਦੀ ਖੁਤਖੁਤੀ ਪਾਠਕ ਨੂੰ ਟੈਕਸਟ ਨਾਲ ਜੋੜੀ ਰੱਖਦੀ ਹੈ। ਉਦਾਹਰਣ ਲਈ ਜਿਸ ਦਿਨ ਸਵੇਰ ਦੇ ਵਕਤ ਉਸ ਨੇ ਆਪਣੇ ਮਿਤਰ ਡਾ. ਜਗਤਾਰ (ਪ੍ਰਸਿੱਧ ਕਵੀ) ਨਾਲ ਜਲੰਧਰ ਤੋਂ ਅਟਾਰੀ ਬਾਰਡਰ ਵੱਲ ਰਵਾਨਾ ਹੋਣਾ ਹੁੰਦਾ ਹੈ, ਉਸ ਤੋਂ ਪਿਛਲੀ ਰਾਤ ਉਸ ਨੂੰ ਬਾਬਾ ਬੁੱਢਾ ਹਸਪਤਾਲ ਤੋਂ ਆਪਣੀ ਭਾਬੀ ਦਾ ਫੋਨ ਆ ਜਾਂਦਾ ਹੈ ਕਿ ਵਰਿਆਮ ਦਾ ਵੱਡਾ ਭਰਾ ਸੁਰਿੰਦਰ ਗੰਭੀਰ ਰੂਪ ਵਿਚ ਬੀਮਾਰ ਹੈ ਅਤੇ ਉਹ ਫੌਰਨ ਹਸਪਤਾਲ ਪਹੁੰਚ ਜਾਵੇ। ਜਦੋਂ ਉਹ ਆਪਣੀ ਭਾਬੀ ਨੂੰ ਦੱਸਦਾ ਹੈ ਕਿ ਉਸ ਨੇ ਪਾਕਿਸਤਾਨ ਜਾਣਾ ਹੈ ਤਾਂ ਉਹ ਬੜੀ ਸਖ਼ਤੀ ਨਾਲ ਉਸ ਨੂੰ ਉਥੇ ਜਾਣ ਤੋਂ ਮਨ੍ਹਾਂ ਕਰ ਦਿੰਦੀ ਹੈ। ਇਸ ਵਕਤ ਅਚਾਨਕ ਲੇਖਕ ਦੀ ਪਤਨੀ ਰਜਵੰਤ ਕੌਰ ਉਸਦੀ ਸਹਾਇਤਾ ਵਾਸਤੇ ਬਹੁੜਦੀ ਹੈ ਅਤੇ ਉਸ ਨੂੰ ਜਾਣ ਵਾਸਤੇ ਤਿਆਰ ਕਰ ਦਿੰਦੀ ਹੈ। ਤਾਂ ਵੀ ਲੇਖਕ ਉਚਿਤ/ਅਨੁਚਿਤ ਦਰਮਿਆਨ ਲਟਕਦਾ (suspend) ਰਹਿੰਦਾ ਹੈ। ਇਹ ਲਟਕਾਉ ਪੂਰੇ ਸਫਰਨਾਮੇ ਵਿਚ ਬਰਕਰਾਰ ਰਹਿੰਦਾ ਹੈ। ਪੰਜਾਬੀ ਵਿਚ ਲਿਖੇ ਗਏ ਹੋਰ ਸਫ਼ਰਨਾਮਿਆਂ ਦੀ ਤੁਲਨਾ ਵਿਚ 'ਵਗਦੀ ਏ ਰਾਵੀ' ਇਸ ਪ੍ਰਸੰਗ ਵਿਚ ਇਕ ਵਧੇਰੇ ਸਫ਼ਲ ਰਚਨਾ ਹੈ ਕਿਉਂਕਿ ਪੰਜਾਬੀ ਦੇ ਬਹੁਤ ਸਾਰੇ ਸਫ਼ਰਨਾਮਾ ਲੇਖਕ ਬਿਰਤਾਂਤ ਪੱਖੋਂ ਇਸ ਪ੍ਰਕਾਰ ਦੀ ਉਤਸੁਕਤਾ ਅਤੇ ਲਟਕਾਉ ਨਹੀਂ ਸਿਰਜ ਸਕੇ।

ਵਰਿਆਮ ਸਿੰਘ ਸੰਧੂ ਨੇ ਆਪਣੇ ਸਫ਼ਰਨਾਮੇ ਨੂੰ ਵੱਖ-ਵੱਖ ਚੈਪਟਰਾਂ ਵਿਚ ਵੰਡ ਕੇ ਬਿਰਤਾਂਤ ਨੂੰ ਵਧੇਰੇ ਰੋਚਕ ਬਣਾ ਦਿਤਾ ਹੈ। ਹਰ ਚੈਪਟਰ ਦਾ ਆਪਣਾ ਵੱਖਰਾ ਕਥਾਨਕ ਹੈ ਜਿਨ੍ਹਾਂ ਦੀ ਆਪਣੀ-ਆਪਣੀ ਸਿਖਰ ਹੈ। ਇਉਂ ਇਹ ਸਫ਼ਰਨਾਮਾ ਬਹੁਤ ਸਾਰੀਆਂ ਕਹਾਣੀਆਂ ਦਾ ਇਕ ਸੰਜੁਗਤ ਅਤੇ ਸੰਗਠਿਤ ਸੰਗ੍ਰਹਿ ਬਣ ਗਿਆ ਹੈ। ਚੈਪਟਰਾਂ ਨੂੰ ਅੰਕਾਂ (1, 2, 3... ਆਦਿ) ਵਿਚ ਵਿਭਾਜਿਤ

ਕਰਨ ਦੀ ਰਵਾਇਤੀ ਵਿਧੀ ਨੂੰ ਤਿਆਗ ਕੇ ਉਸ ਨੇ ਇਨ੍ਹਾਂ ਨੂੰ ਨਿਸ਼ਚਿਤ ਸਿਰਲੇਖ ਦੇ ਦਿੱਤੇ ਹਨ ਅਤੇ ਇਹ ਸਿਰਲੇਖ ਏਨੇ ਆਕ੍ਰਸ਼ਕ ਅਤੇ ਪ੍ਰਤੀਕਮਈ ਹਨ ਕਿ ਪਾਠਕਾਂ ਦੀ ਦਿਲਚਸਪੀ ਟੁੰਬੀ ਜਾਂਦੀ ਹੈ। ਪਾਠਕਾਂ ਦੇ ਮਨ ਵਿਚ ਇਹ ਬੇਕਰਾਰੀ ਬਣੀ ਰਹਿੰਦੀ ਹੈ ਕਿ ਉਹ ਆਪਣੇ ਸਿਰਲੇਖ ਵਿਚ ਅੰਕਿਤ ਕੀਤੀ ਇਬਾਰਤ ਨੂੰ ਕਿਵੇਂ ਨਿਭਾਵੇਗਾ। ਉਦਾਹਰਣ ਲਈ 'ਵਗਦੀ ਏ ਰਾਵੀ' ਦੇ ਸਿਰਲੇਖ ਅਧੀਨ ਦਿੱਤੀ ਗਈ ਸਾਮਗਰੀ ਵਿਚ ਉਹ ਕੀ ਦੱਸੇਗਾ, ਕੀ ਦਿਖਾਵੇਗਾ ? ਸਿਰਲੇਖ ਰੱਖਣ ਦੀ ਇਹ ਵਿਧੀ ਉਸ ਦੇ ਇਸ ਸਫ਼ਰਨਾਮੇ ਦਾ ਇਕ ਹੋਰ ਵਿਲੱਖਣ ਤੱਤ ਹੈ।

ਉਸ ਦੇ ਸਫ਼ਰਨਾਮੇ ਵਿਚ ਨੈਰੇਟਰ ਜਿਤਨਾ ਆਪ ਬੋਲਦਾ ਹੈ, ਇਸ ਵਿਚ ਆਏ ਪਾਤਰ ਉਸ ਤੋਂ ਵਧੇਰੇ ਬੋਲਦੇ ਹਨ। ਅਸਲ ਵਿਚ ਪਾਤਰ ਹੀ ਉਸ ਦੇ ਸਫ਼ਰਨਾਮੇ ਦੇ ਬਿਰਤਾਂਤ ਨੂੰ ਅਗਿਓਂ-ਅਗੇਰੇ ਟੋਰੀ ਜਾਂਦੇ ਹਨ। ਪਾਤਰਾਂ ਦੀ ਪਰਸਪਰ ਵਾਰਤਾਲਾਪ ਇਸ ਰਚਨਾ ਨੂੰ ਬਹੁਵਚਨੀ (poliphonic) ਬਿਰਤਾਂਤ ਬਣਾ ਦਿੰਦੀ ਹੈ। ਦੇਖੋ :

> ਅਸੀਂ ਉਸ ਦਾ ਧੰਨਵਾਦ ਕਰ ਕੇ ਉਠਣਾ ਚਾਹਿਆ ਪਰ ਉਹ ਕਹਿਣ ਲੱਗਾ, "ਇਹ ਕਿਵੇਂ ਹੋ ਸਕਦਾ ਹੈ ? ਤੁਸੀਂ ਸਾਡੇ ਮਹਿਮਾਨ ਹੋ। ਚਾਹ ਪੀਤੇ ਤੋਂ ਬਿਨਾਂ ਅਸੀਂ ਨਹੀਂ ਜਾਣ ਦੇਣਾ।" ਉਸ ਨੇ ਉਸੇ ਵੇਲੇ ਕਿਸੇ ਨੂੰ ਚਾਹ ਲੈ ਕੇ ਆਉਣ ਨੂੰ ਕਿਹਾ।
>
> "ਇਨ੍ਹਾਂ ਪ੍ਰੋਫ਼ੈਸਰ ਸਾਹਿਬ ਨੂੰ ਵੀ ਅਸੀਂ ਬਹੁਤ ਜ਼ਰੂਰੀ ਕੰਮ ਜਾਂਦਿਆਂ ਨੂੰ ਆਪਣੇ ਨਾਲ ਖਿੱਚ ਲਿਆਏ ਹਾਂ। ਇਨ੍ਹਾਂ ਵੀ ਜਾਣੈ ਤੇ ਅਸੀਂ ਤਾਂ ਆਪਣੇ ਕੰਮ ਵਿਚ ਸਭ ਤੋਂ ਪਿਛੇ ਆਂ, ਅਜੇ ਥਾਣੇ ਵੀ ਜਾਣਾ ਐ।"
>
> ਪਰ ਉਸ ਨੂੰ ਸਾਡਾ ਸਪਸ਼ਟੀਕਰਣ ਪ੍ਰਵਾਨ ਨਹੀਂ ਸੀ।
>
> "ਜੇ ਬਹੁਤੀ ਕਾਹਲੀ ਐ ਤਾਂ ਅਸੀਂ ਪਾਸਪੋਰਟ ਆਪਣੇ ਕੋਲ ਰੱਖ ਲੈਂਦੇ ਆਂ ਤੇ ਦੇਂਦੇ ਹੀ ਨਹੀਂ।" ਉਹ ਪੁਰਖ਼ਲੂਸ ਹਾਸਾ ਹੱਸਿਆ, "ਚਾਹ ਤਾਂ ਭਾਈਜਾਨ ਪੀਣੀ ਹੀ ਪਊ।"
>
> (*ਸਾਰੇ ਆਪਾਂ ਪੰਜਾਬੀ ਭਰਾ ਹਾਂ*, ਪੰਨਾ 131)

ਰੋਚਕਤਾ, ਉਤਸੁਕਤਾ ਅਤੇ ਲਟਕਾਉ ਇਸ ਸਫ਼ਰਨਾਮੇ ਦੇ ਸ਼ਿਲਪ ਅਤੇ ਬਿਰਤਾਂਤ ਨੂੰ ਦਿਲਚਸਪ ਬਣਾਈ ਰੱਖਦੇ ਹਨ। ਹੋਰ ਸਫ਼ਰਨਾਮਿਆਂ ਦੀ ਤੁਲਨਾ ਵਿਚ 'ਵਗਦੀ ਏ ਰਾਵੀ' ਇਸ ਦ੍ਰਿਸ਼ਟੀ ਤੋਂ ਇਕ ਉਲੇਖਯੋਗ ਰਚਨਾ ਹੈ।

**(ਕ) ਸਮੁੱਚਾ ਪ੍ਰਭਾਵ ਅਤੇ ਸਾਹਿੱਤ ਵਿਚ ਸਥਾਨ**

ਇਸ ਸਫ਼ਰਨਾਮੇ ਦਾ ਸਮੁੱਚਾ ਪ੍ਰਭਾਵ ਬੜਾ ਬੱਝਵਾਂ ਅਤੇ ਸੁਕੇਂਦ੍ਰਿਤ ਹੈ। ਲੇਖਕ ਨੇ ਇਸ ਦਾ ਨਾਮ 'ਵਗਦੀ ਏ ਰਾਵੀ' ਬੜਾ ਸੋਚ ਸਮਝ ਕੇ ਰੱਖਿਆ ਹੈ। ਪ੍ਰਕਿਰਤੀ ਉਵੇਂ ਦੀ ਉਵੇਂ ਟਿਕੀ ਰਹਿੰਦੀ ਹੈ ਅਤੇ ਮਨੁੱਖੀ ਸਭਿਆਚਾਰ ਨਿਰੰਤਰ ਬਦਲਦਾ ਰਹਿੰਦਾ ਹੈ। ਪਾਕਿਸਤਾਨ ਵਿਚ ਰਹਿਣ ਵਾਲੇ ਲੱਖਾਂ ਹਿੰਦੂ-ਸਿਖ ਪਰਿਵਾਰ ਦੇਸ਼-ਵੰਡ ਦੇ ਕਾਰਨ ਉਧਰੋਂ-ਇਧਰ ਆ ਗਏ ਅਤੇ ਹਿੰਦੁਸਤਾਨ ਵਿਚ ਰਹਿਣ ਵਾਲੇ ਲੱਖਾਂ ਮੁਸਲਮਾਨਾਂ ਨੂੰ ਉਧਰ ਹਿਜਰਤ ਕਰਨੀ ਪਈ ਪਰ ਰਾਵੀ, ਸਤਲੁਜ ਅਤੇ ਬਿਆਸ ਉਵੇਂ ਹੀ ਉਥੇ-ਦੇ-ਉਥੇ ਵਗਦੇ ਰਹੇ। ਜ਼ਮਾਨੇ ਵਿਚ ਭਾਵੇਂ ਅਨੇਕ ਪਰਿਵਰਤਨ ਹੋ ਜਾਣ ਪਰ ਇਨ੍ਹਾਂ ਨੂੰ ਆਪਣੀ ਪੋਜ਼ੀਸ਼ਨ ਅਤੇ ਸਥਾਨ ਬਦਲਣ ਦੀ ਕੋਈ ਮਜ਼ਬੂਰੀ ਨਹੀਂ। ਮਨੁੱਖੀ ਸਭਿਆਚਾਰ ਦੀ ਇਸ ਵਡੰਬਨਾ ਨੂੰ ਲੇਖਕ ਨੇ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਹੈ।

ਹੇਰਵਾ (nostalgia) ਪੰਜਾਬੀ ਸਭਿਆਚਾਰ ਦਾ ਇਕ ਪ੍ਰਮੁਖ ਲੱਛਣ ਹੈ। ਇਥੋਂ ਦੇ ਲੋਕ ਪਿਛਲੀਆਂ ਅਨੇਕ ਸਦੀਆਂ ਤੋਂ ਚੰਗੇ ਰੁਜ਼ਗਾਰ, ਚੰਗੇਰੀਆਂ ਧਰਤੀਆਂ ਅਤੇ ਅਨੁਕੂਲ ਮੌਸਮਾਂ ਦੀ ਤਲਾਸ਼ ਵਿਚ ਇਕ ਸਥਾਨ ਨੂੰ ਛੱਡ ਕੇ ਦੂਜੇ ਸਥਾਨਾ ਵਲ ਨਿਕਲਦੇ ਰਹੇ ਹਨ। ਇਸ ਕਾਰਨ ਇਨ੍ਹਾਂ ਦੇ ਚਿੱਤ ਸਦਾ ਵਿਰਾਗੇ ਅਤੇ ਵਿਗੋਚੇ ਰਹੇ ਹਨ। ਇਕ ਅਜਿਹਾ ਸੱਖਣਾਪਣ ਮੌਜੂਦ ਰਹਿੰਦਾ ਹੈ, ਇਨ੍ਹਾਂ ਦੇ ਵਜੂਦ ਅੰਦਰ, ਜੋ ਕਦੇ ਭਰਨ ਵਿਚ ਨਹੀਂ ਆਉਂਦਾ। ਆਰੀਆਂ ਲੋਕਾਂ ਦੇ ਆਗਮਨ ਤੋਂ ਬਾਅਦ ਯੂਨਾਨੀ, ਹੂਣ, ਤੁਰਕ, ਮੰਗੋਲ, ਪਠਾਣ, ਮੁਗ਼ਲ ਅਤੇ ਹੋਰ ਕਈ ਕੌਮੀਅਤਾਂ-ਜਾਤੀਆਂ ਦੇ ਲੋਕ ਪੰਜਾਬ ਦੇ ਬਾਸ਼ਿੰਦੇ ਬਣਦੇ ਰਹੇ ਹਨ। ਹਰ ਇਕ ਦੇ ਦਿਲ ਵਿਚ ਪਿਛੇ ਰਹਿ ਗਈਆਂ ਧਰਤੀਆਂ ਦੀ ਹੂਕ ਸਮਾਈ ਰਹੀ ਹੈ। ਦੇਸ਼-ਵੰਡ ਦੇ ਸਮੇਂ ਆਬਾਦੀ ਦਾ ਵੱਡੀ ਪੱਧਰ ਉਤੇ ਸਥਾਨਾਂਤਰਣ ਹੋਇਆ। ਹੁਣ ਪਿਛਲੇ ਪੰਜ-ਛੇ ਦਹਾਕਿਆਂ ਤੋਂ ਵਿਕਸਿਤ ਦੇਸ਼ਾਂ ਵਲ ਹਿਜਰਤ ਕਰਨ ਦੀ ਰੀਤ ਚੱਲ ਪਈ ਹੈ। ਇਸ ਕਾਰਨ ਪੰਜਾਬ ਦੇ ਵਾਸੀ ਸਦਾ ਕਿਸੇ-ਨਾ-ਕਿਸੇ ਹੇਰਵੇ ਦੇ ਸ਼ਿਕਾਰ ਰਹੇ ਹਨ। ਇਸ ਹੇਰਵੇ ਨੇ ਇਨ੍ਹਾਂ ਨੂੰ ਸਾਹਸੀ ਅਤੇ ਪਰਾਕ੍ਰਮੀ ਬਣਾਉਣ ਦੇ ਨਾਲ-ਨਾਲ ਸੁਹਿਰਦ ਅਤੇ ਸੰਵੇਦਨਸ਼ੀਲ ਬਣਾ ਦਿੱਤਾ ਹੈ। ਵਰਿਆਮ ਸੰਧੂ ਨੇ ਪੰਜਾਬੀਆਂ ਦੀ ਇਸ ਸੁਹਿਰਦਤਾ ਅਤੇ ਸੰਵੇਦਨਸ਼ੀਲਤਾ ਨੂੰ ਬੜੀ ਸ਼ਿੱਦਤ ਨਾਲ ਰੂਪਮਾਨ ਕੀਤਾ ਹੈ।

ਇਸ ਸਫ਼ਰਨਾਮੇ ਦੇ ਬੱਝਵੇਂਪਣ ਨੇ ਲੇਖਕ ਉਪਰ ਕੁਝ ਸੀਮਾਵਾਂ ਵੀ ਲਗਾ ਦਿੱਤੀਆਂ ਹਨ। ਉਹ ਕਿਸੇ ਵੀ ਵਿਅਕਤੀ ਜਾਂ

ਸਥਾਨ ਬਾਰੇ ਪੂਰੇ ਵੇਰਵੇ ਸਹਿਤ ਕੁਝ ਨਹੀਂ ਦੱਸ ਸਕਿਆ। ਉਦਾਹਰਣ ਵਜੋਂ ਉਸ ਨੇ ਗੁਰਦੁਆਰਾ ਡੇਹਰਾ ਸਾਹਿਬ, ਨਨਕਾਣਾ ਸਾਹਿਬ, ਸ਼ਾਹ ਹੁਸੈਨ ਦੀ ਦਰਗਾਹ ਅਤੇ ਲਾਹੌਰ ਦੇ ਕੁਝ ਹੋਰ ਦਰਸ਼ਨੀ ਸਥਾਨਾਂ ਦੀ ਯਾਤਰਾ ਤਾਂ ਕੀਤੀ ਪਰ ਪਾਠਕ ਦੇ ਮਨ ਉਪਰ ਇਨ੍ਹਾਂ ਦਾ ਕੋਈ ਦੀਰਘ ਪ੍ਰਭਾਵ ਨਹੀਂ ਪੈਂਦਾ। ਕਿਸੇ ਵੀ ਸਥਾਨ ਦਾ ਕੋਈ ਸਮੂਰਤ ਖ਼ਾਕਾ ਉਜਾਗਰ ਨਹੀਂ ਹੁੰਦਾ। ਬਸ ਕੁਝ ਵੇਰਵੇ ਜਿਹੇ ਸੁਣਾਈ ਦਿੰਦੇ ਹਨ, ਤਸਵੀਰਾਂ ਨਹੀਂ ਬਣਦੀਆਂ। ਇਸ ਕਮਜ਼ੋਰੀ ਦਾ ਵੱਡਾ ਕਾਰਨ ਤਾਂ ਲੇਖਕ ਪਾਸ ਵਕਤ ਦੀ ਅਣਹੋਂਦ ਰਹੀ ਹੋਵੇਗੀ ਪਰ ਉਸ ਦੀ ਵਰਣਨ-ਸ਼ੈਲੀ ਵੀ ਸਥਿਤੀ ਦੀ ਲੋੜ ਅਨੁਸਾਰ ਫੈਲ ਨਹੀਂ ਸਕੀ। ਇਹ ਥੋੜੇ-ਬਹੁਤ ਇਸ਼ਾਰੇ ਕਰ ਕੇ ਹੀ ਅਗੇ ਵਧਦੀ ਰਹੀ ਹੈ। ਕਿਸੇ ਵੀ ਦ੍ਰਿਸ਼/ਸਥਾਨ ਨੂੰ ਬਿਆਨ ਕਰਨ ਸਮੇਂ ਜਿਸ ਠਰੰਮੇ, ਅਤੇ ਵਿਸਤਾਰ ਦੀ ਜ਼ਰੂਰਤ ਹੁੰਦੀ ਹੈ, ਉਸ ਦੀ ਇਸ ਸਫ਼ਰਨਾਮੇ ਵਿਚ ਘਾਟ ਰਹਿ ਗਈ ਹੈ। ਹੋਰ ਤਾਂ ਹੋਰ, ਲੇਖਕ ਨੇ ਪਾਕਿਸਤਾਨ ਦੇ ਪ੍ਰਸਿੱਧ ਅਦੀਬਾਂ ਦੀ ਜਾਣ-ਪਹਿਚਾਣ ਕਰਵਾਉਣ ਦੀ ਵੀ ਲੋੜ ਨਹੀਂ ਸਮਝੀ। ਫ਼ਖ਼ਰ ਜ਼ਮਾਂ, ਅਫ਼ਜ਼ਲ ਅਹਿਸਨ ਰੰਧਾਵਾ, ਇਲਿਆਸ ਘੁੰਮਣ, ਸਿਬਤੁਲ ਹਸਨ ਜ਼ੈਗਮ, ਅੱਬਾਸ ਅਤਹਰ ਅਤੇ ਨਜਮ ਹੁਸੈਨ ਵਰਗੀਆਂ ਸ਼ਖ਼ਸੀਅਤਾਂ ਕੌਣ ਸਨ, ਉਨ੍ਹਾਂ ਦੀ ਪੰਜਾਬੀ ਸਾਹਿੱਤ ਨੂੰ ਕੀ ਦੇਣ ਹੈ, ਇਸ ਬਾਰੇ ਕੋਈ ਮਹਤਵਪੂਰਨ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਇਧਰੋਂ ਭਾਰਤ ਤੋਂ ਡੈਲੀਗੇਸ਼ਨ ਵਿਚ ਗਏ ਲੇਖਕਾਂ ਬਾਰੇ ਵੀ ਇਕ ਧੁੰਦਲੀ ਜਿਹੀ ਤਸਵੀਰ ਹੀ ਸਾਹਮਣੇ ਆਉਂਦੀ ਹੈ। ਹਾਲਾਂਕਿ ਇਹ ਸਫ਼ਰਨਾਮਾ ਦੋ ਸੌ ਤੋਂ ਵੀ ਵੱਧ ਪੰਨਿਆਂ ਵਿਚ ਫੈਲਿਆ ਹੋਇਆ ਹੈ। ਇਸ ਦਾ ਆਕਾਰ ਕੋਈ ਛੋਟਾ ਨਹੀਂ ਪਰ ਸਫ਼ਰਨਾਮਾ ਲਿਖਣ ਦੀ ਕਾਹਲ ਅਤੇ ਉਤੇਜਨਾ ਵਿਚ ਲੇਖਕ ਇਹ ਫੈਸਲਾ ਨਹੀਂ ਕਰ ਸਕਿਆ ਕਿ ਕਿਹੜਾ ਵੇਰਵਾ ਚੰਗੀ ਤਰ੍ਹਾਂ ਬਿਆਨ ਕਰਨਾ ਹੈ ਅਤੇ ਕਿਸ ਬਾਰੇ ਮਾਤਰ ਸੂਚਨਾ ਹੀ ਦੇਣੀ ਹੈ।

'ਵਗਦੀ ਏ ਰਾਵੀ' ਪੰਜਾਬੀ ਸਫ਼ਰਨਾਮਾ ਸਾਤਿਹ ਦੀ ਪਰੰਪਰਾ ਨੂੰ ਇਕ ਨਵਾਂ ਵਿਸਤਾਰ ਦਿੰਦਾ ਹੈ। ਸ਼ੈਲੀ ਦਾ ਵਿਲੱਖਣਤਾ ਅਤੇ ਬਿਆਨ ਦਾ ਨਾਟਕੀ ਅੰਦਾਜ਼ ਇਸ ਸਫ਼ਰਨਾਮੇ ਦੇ ਉਘੜਵੇਂ ਲੱਛਣ ਹਨ। ਪਾਕਿਸਤਾਨ ਦੀ ਤਹਿਜ਼ੀਬ ਅਤੇ ਵੇਖਣਯੋਗ ਥਾਵਾਂ ਦੇ ਦਰਸ਼ਨ ਕਰਨ ਲਈ ਲੇਖਕ ਪਾਸ ਕੇਵਲ ਸੱਤ ਦਿਨਾਂ ਦਾ ਥੋੜਾ ਜਿਹਾ ਸਮਾਂ ਸੀ, ਇਸ ਕਾਰਨ ਉਸ ਦੀ ਇਹ ਰਚਨਾ ਪੇਤਲੀ ਅਤੇ ਮਾਤਰ ਖ਼ਾਕਾ ਜਿਹਾ ਬਣ ਕੇ ਰਹਿ ਗਈ ਹੈ। ਤਾਂ ਵੀ ਇਸ ਸਫ਼ਰਨਾਮੇ ਦਾ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਉਲੇਖਯੋਗ ਸਥਾਨ ਹੈ। ਪਾਠਕਜਨਾਂ ਨੂੰ ਇਹ ਰਚਨਾ ਨਵੇਂ ਭਾਵਬੋਧ ਅਤੇ ਸੰਵੇਦਨਾ ਨਾਲ ਜੋੜਨ ਵਿਚ ਸਫ਼ਲ ਸਿੱਧ ਹੋਵੇਗੀ।

### 2.4.5 ਉਪਸੰਹਾਰ

'ਵਗਦੀ ਏ ਰਾਵੀ' ਪੰਜਾਬੀ ਦੇ ਪ੍ਰਮੁਖ ਲੇਖਕ ਵਰਿਆਮ ਸਿੰਘ ਸੰਧੂ ਦੀ ਸਿਰਜਣਾਤਮਕ ਪ੍ਰਤਿਭਾ ਦਾ ਇਕ ਨਵਾਂ ਆਯਾਮ ਖੋਲ੍ਹਦੀ ਹੈ। ਵੀਹਵੀਂ ਸਦੀ ਦੇ ਅੰਤਿਮ ਵਰ੍ਹਿਆਂ ਵਿਚ ਉਹ ਕਹਾਣੀ ਕਲਾ ਉਪਰ ਸੁਕੇਂਦ੍ਰਿਤ ਰਹਿਣ ਦੀ ਬਜਾਇ ਦੇਸ਼-ਵਿਦੇਸ਼ ਵਿਚ ਘੁੰਮ ਕੇ ਆਪਣੇ ਭਾਵਬੋਧ ਨੂੰ ਵਿਸਤ੍ਰਿਤ ਅਤੇ ਡੂੰਘੇਰਾ ਬਣਾਉਂਦਾ ਰਿਹਾ ਹੈ। ਇਸ ਕਾਰਨ ਉਹ ਜੀਵਨੀ ਸਾਹਿਤ ਅਤੇ ਸਫ਼ਰਨਾਮੇ ਲਿਖਣ ਲੱਗਾ ਹੈ। ਵਾਰਤਕ ਸਾਹਿਤ ਦੇ ਇਨ੍ਹਾਂ ਨਵੇਂ ਰੂਪਾਂ ਵਿਚ ਵੀ ਉਸ ਨੇ ਮਹਤਵਪੂਰਨ ਯੋਗਦਾਨ ਪਾਇਆ ਹੈ। ਉਸਦਾ ਪਾਕਿਸਤਾਨੀ ਸਫ਼ਰਨਾਮਾ ਪੰਜਾਬੀ ਪਾਠਕਾਂ ਦੇ ਮਨ ਵਿਚ ਓਧਰਲੇ ਪੰਜਾਬ ਬਾਰੇ ਨਵੀਂ ਸਮਝ ਅਤੇ ਗਹਿਰੀ ਸੰਵੇਦਨਾ ਨੂੰ ਅੰਦੋਲਿਤ ਕਰਦਾ ਹੈ। ਇਹ ਸਾਡੇ ਸਾਹਿੱਤ ਦੀ ਇਕ ਨਵੀਂ ਉਪਲਬਧੀ ਹੈ।

**ਪ੍ਰਸ਼ਨ : ਉਪਰੋਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਢੁੱਕਵੇਂ ਉਪਰ ਲਿਖੋ :**

1. *'ਵਗਦੀ ਏ ਰਾਵੀ'* ਪੁਸਤਕ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਉਪਰ ਇਕ ਨੋਟ ਲਿਖੋ।
2. ਵਰਿਆਮ ਸਿੰਘ ਸੰਧੂ ਨੇ ਆਪਣੇ ਸਫ਼ਰਨਾਮੇ ਵਿਚ ਪਾਕਿਸਤਾਨੀ ਪੰਜਾਬ ਬਾਰੇ ਕਿਹੜੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਦਿੱਤੀਆਂ ਹਨ।
3. ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਵਰਿਆਮ ਸਿੰਘ ਸੰਧੂ ਦਾ ਸਥਾਨ ਸੁਨਿਸ਼ਚਿਤ ਕਰੋ।

ਪਾਠ ਨੰ: 2.5 — ਪ੍ਰੋ. ਬ੍ਰਹਮਜਗਦੀਸ਼ ਸਿੰਘ

# ਸੰਖੇਪ ਪ੍ਰਸ਼ਨ-ਉੱਤਰ

## 2.5.1 ਉਦੇਸ਼

ਇਸ ਪਾਠ ਦਾ ਉਦੇਸ਼ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਵਰਿਆਮ ਸਿੰਘ ਸੰਧੂ ਦੀ ਪਾਕਿਸਤਾਨ ਯਾਤਰਾ ਬਾਰੇ ਲਿਖੇ ਸਫ਼ਰਨਾਮੇ 'ਵਗਦੀ ਏ ਰਾਵੀ' ਦੇ ਕੁਝ ਪ੍ਰਮੁੱਖ ਵੇਰਵਿਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ। ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਦੀ ਇਕ ਬੜੀ ਲੰਬੀ ਅਤੇ ਮਜ਼ਬੂਤ ਪਰੰਪਰਾ ਹੈ। ਇਹ ਪਰੰਪਰਾ ਭਾਈ ਕਾਨ੍ਹ ਸਿੰਘ ਨਾਭਾ ਅਤੇ ਸ. ਲਾਲ ਸਿੰਘ ਕਮਲਾ ਅਕਾਲੀ ਦੁਆਰਾ ਲਿਖੇ ਸਫ਼ਰਨਾਮਿਆਂ ਨਾਲ ਸ਼ੁਰੂ ਹੋਈ ਸੀ। ਸ੍ਰੀ ਸ. ਸ. ਅਮੋਲ, ਡਾ. ਹਰਿਭਜਨ ਸਿੰਘ, ਬਲਰਾਜ ਸਾਹਨੀ ਅਤੇ ਡਾ. ਹਰਦਿਤ ਸਿੰਘ ਢਿਲੋਂ ਵਰਗੇ ਲੇਖਕਾਂ ਨੇ ਇਸ ਪਰੰਪਰਾ ਨੂੰ ਪੁਸ਼ਟ ਕੀਤਾ। ਸਮਕਾਲੀ ਦੌਰ ਵਿਚ ਸਰਦਾਰ ਬਰਜਿੰਦਰ ਸਿੰਘ ਹਮਦਰਦ, ਡਾ. ਸੁਰਜੀਤ ਸਿੰਘ ਢਿਲੋਂ, ਹਰਭਜਨ ਸਿੰਘ ਹਲਵਾਰਵੀ ਅਤੇ ਨਰਿੰਦਰ ਸਿੰਘ ਕਪੂਰ ਨੇ ਇਸ ਰੂਪਾਕਾਰ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਇਸ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਦੀ ਉਨ੍ਹਾਂ ਸੰਖੇਪ ਪ੍ਰਸ਼ਨ-ਉੱਤਰਾਂ ਨਾਲ ਜਾਣ ਪਹਿਚਾਣ ਕਰਵਾ ਰਹੇ ਹਨ, ਜਿਹੜੇ ਸਮੈਸਟਰ ਪਰੀਖਿਆਵਾਂ ਵਿਚ ਪੁੱਛੇ ਜਾ ਸਕਦੇ ਹਨ।

## 2.5.2 ਰੂਪ ਰੇਖਾ

*'ਵਗਦੀ ਏ ਰਾਵੀ'* ਵਿਚ ਸਫ਼ਰਨਾਮਾ ਲੇਖਕ ਨੇ ਅਪ੍ਰੈਲ 2001 ਵਿਚ ਆਲਮੀ ਪੰਜਾਬੀ ਕਾਨਫਰੰਸ ਲਾਹੌਰ ਵਿਚ ਸ਼ਮੂਲੀਅਤ ਲਈ ਕੀਤੀ ਪਾਕਿਸਤਾਨ ਯਾਤਰਾ ਦਾ ਵਰਣਨ ਕੀਤਾ ਹੈ। ਇਹ ਪੁਸਤਕ ਤੇਤੀ ਛੋਟੇ-ਛੋਟੇ ਕਾਂਡਾਂ ਵਿਚ ਵਿਭਾਜਿਤ ਹੈ। ਸਾਡੀ ਕੋਸ਼ਿਸ਼ ਹੈ ਕਿ ਹਰ ਕਾਂਡ ਵਿਚੋਂ ਇਕ-ਦੋ ਪ੍ਰਸ਼ਨਾਂ ਦੇ ਉੱਤਰ ਲਿਖ ਕੇ ਆਪਣੇ ਵਿਦਿਆਰਥੀਆਂ ਦੀ ਯੋਗ ਰਹਿਨੁਮਾਈ ਕੀਤੀ ਜਾਵੇ। ਹਰ ਸੰਖੇਪ ਪ੍ਰਸ਼ਨ ਦਾ ਉੱਤਰ ਪੰਜ-ਸੱਤ ਪੰਕਤੀਆਂ ਤੋਂ ਵੱਧ ਨਹੀਂ ਹੋਣਾ ਚਾਹੀਦਾ। ਵਿਦਿਆਰਥੀਆਂ ਨੂੰ ਸੰਖੇਪ, ਸੂਤਰਬੱਧ ਅਤੇ ਢੁੱਕਵੇਂ ਉੱਤਰ ਦੇਣ ਦੀ ਰੁਚੀ ਵਿਕਸਿਤ ਕਰ ਲੈਣੀ ਚਾਹੀਦੀ ਹੈ। ਗ਼ੈਰਜ਼ਰੂਰੀ ਵਿਸਤਾਰ ਅਤੇ ਲੰਬੇ ਉੱਤਰ ਵਿਦਿਆਰਥੀਆਂ ਦਾ ਵਕਤ ਵੀ ਖ਼ਰਾਬ ਕਰਨਗੇ ਅਤੇ ਪਰੀਖਿਅਕ ਵਾਸਤੇ ਕਈ ਮੁਸਕਿਲਾਂ ਵੀ ਖੜੀਆਂ ਕਰ ਦੇਣਗੇ। ਸੋ ਢੁੱਕਵੇਂ ਅਤੇ ਸੰਖੇਪ ਉੱਤਰ ਲਿਖਣ ਦੀ ਆਦਤ ਪਾਉ।

## 2.5.3 ਭੂਮਿਕਾ

*'ਵਗਦੀ ਏ ਰਾਵੀ'* 2011 ਵਿਚ ਪ੍ਰਕਾਸ਼ਿਤ ਹੋਇਆ ਇਕ ਪ੍ਰਸਿੱਧ ਸਫ਼ਰਨਾਮਾ ਹੈ। ਇਸ ਰਚਨਾ ਦਾ ਲੇਖਕ ਸ. ਵਰਿਆਮ ਸਿੰਘ ਸੰਧੂ ਪੰਜਾਬੀ ਦਾ ਪ੍ਰਸਿੱਧ ਕਥਾਕਾਰ ਹੈ। ਉਸ ਨੂੰ ਬਿਰਤਾਂਤ-ਵਿਧੀਆਂ ਉਪਰ ਪੂਰਾ ਅਧਿਕਾਰ ਪ੍ਰਾਪਤ ਹੈ। ਕਹਾਣੀਕਾਰ ਹੋਣ ਦੀ ਸੂਰਤ ਵਿਚ ਉਹ ਦੱਸਣ (telling) ਨਾਲੋਂ ਦਿਖਾਉਣ (showing) ਵਿਚ ਵਧੇਰੇ ਦਿਲਚਸਪੀ ਲੈਂਦਾ ਹੈ। ਪਾਠਕ ਜਦੋਂ ਇਸ ਸਫ਼ਰਨਾਮੇ ਨੂੰ ਪੜ੍ਹਦੇ ਹਨ ਤਾਂ ਉਨ੍ਹਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਆਪ ਵੀ ਲੇਖਕ ਦੇ ਨਾਲ-ਨਾਲ ਪਾਕਿਸਤਾਨ ਦੀ ਧਰਤੀ ਅਤੇ ਸਭਿਆਚਾਰ ਦੇ ਦਰਸ਼ਨ ਕਰ ਰਹੇ ਹੋਣ। ਉਤਸੁਕਤਾ, ਸਸਪੈਂਸ (ਲਟਕਾਉ), ਵਾਰਤਾਲਾਪੀ ਸ਼ੈਲੀ, ਪਾਤਰ-ਚਿਤ੍ਰਣ ਅਤੇ ਢੁੱਕਵੀਂ ਸ਼ਬਦਾਵਲੀ ਇਸ ਸਫ਼ਰਨਾਮੇ ਦੇ ਕੁਝ ਪ੍ਰਮੁਖ ਲੱਛਣ ਹਨ। ਸ੍ਰੀ ਬਲਰਾਜ ਸਾਹਨੀ ਦੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੋਂ ਬਾਅਦ ਇਹ ਇਕ ਮਿਆਰੀ ਅਤੇ ਭਰਪੂਰ ਰਚਨਾ ਹੈ। ਵਰਿਆਮ ਸਿੰਘ ਸੰਧੂ ਨੇ ਪੰਜਾਬੀ ਸਫ਼ਰਨਾਮਾ ਲੇਖਣ ਵਿਚ ਨਵੇਂ ਪ੍ਰਤੀਮਾਨ ਸਥਾਪਿਤ ਕੀਤੇ ਹਨ।

## 2.5.4 ਸੰਖੇਪ ਪ੍ਰਸ਼ਨ ਉੱਤਰ

**(ੳ) ਪ੍ਰਸ਼ਨ :** ਵਰਿਆਮ ਸਿੰਘ ਸੰਧੂ ਦਾ ਪਾਕਿਸਤਾਨ ਜਾਣ ਬਾਰੇ ਸਬਬ ਕਿਵੇਂ ਬਣਿਆ।

**ਉੱਤਰ :** 12 ਤੋਂ 19 ਅਪ੍ਰੈਲ 2011 ਵਿਚ ਲਾਹੌਰ ਵਿਖੇ ਆਲਮੀ (ਵਿਸ਼ਵ) ਪੰਜਾਬੀ ਕਾਨਫਰੰਸ ਦਾ ਆਯੋਜਨ ਹੋਣਾ ਸੀ। ਇਸ ਕਾਨਫਰੰਸ ਵਿਚ ਪੰਜਾਬੀ ਦੇ ਪ੍ਰਮੁਖ ਲੇਖਕਾਂ ਅਤੇ ਬੁਧੀਜੀਵੀਆਂ ਨੇ ਸ਼ਿਰਕਤ ਕਰਨੀ ਸੀ। ਪਾਕਿਸਤਾਨ ਵਿਚ ਇਸ ਕਾਨਫਰੰਸ ਦਾ ਸੰਚਾਲਕ ਫ਼ਖ਼ਰ ਜ਼ਮਾਂ ਸੀ ਅਤੇ ਇਧਰੋਂ ਡਾ. ਸੁਤਿੰਦਰ ਸਿੰਘ ਨੂਰ ਪਾਕਿਸਤਾਨ ਜਾਣ ਵਾਲੇ ਲੇਖਕਾਂ ਦਾ ਮੁਖ ਪ੍ਰਬੰਧਕ ਸੀ। ਸੁਤਿੰਦਰ ਸਿੰਘ ਨੂਰ ਨੇ ਹੀ ਵਰਿਆਮ ਸਿੰਘ ਸੰਧੂ ਦੇ ਨਾਮ ਦੀ ਚੋਣ ਅਤੇ ਸਿਫਾਰਿਸ਼ ਕੀਤੀ

ਸੀ। ਫਰਵਰੀ ਮਹੀਨੇ ਦੇ ਆਖਰੀ ਹਫ਼ਤੇ ਵਿਚ ਸੰਧੂ ਨੂੰ ਪਾਕਿਸਤਾਨ ਜਾਣ ਲਈ ਤਿਆਰ ਰਹਿਣ ਬਾਰੇ ਸੱਦਾ ਮਿਲ ਗਿਆ ਅਤੇ ਇਉਂ ਉਹ ਪਾਕਿਸਤਾਨ ਦੀ ਯਾਤਰਾ ਕਰ ਸਕਿਆ।

**(ਅ) ਪ੍ਰਸ਼ਨ :** ਪਾਕਿਸਤਾਨ ਦਾ ਵੀਜ਼ਾ ਲੱਗਣ ਤੋਂ ਬਾਅਦ ਲੇਖਕ ਦੇ ਸਾਹਮਣੇ ਕਿਹੜੀ ਮੁਸ਼ਕਿਲ ਆਈ ਅਤੇ ਉਸ ਨੂੰ ਕਿਵੇਂ ਨਜਿੱਠਿਆ ਗਿਆ।

**ਉੱਤਰ :** ਪਾਕਿਸਤਾਨ ਜਾਣ ਦਾ ਵੀਜ਼ਾ ਬੜੀ ਮੁਸ਼ਕਿਲ ਨਾਲ ਮਿਲਿਆ। ਜਲੰਧਰ ਤੋਂ ਵਰਿਆਮ ਸੰਧੂ ਦੇ ਨਾਲ ਡਾ. ਜਗਤਾਰ, ਸਤਨਾਮ ਸਿੰਘ ਮਾਣਕ ਅਤੇ ਪ੍ਰੇਮ ਸਿੰਘ (ਟਰਸਟੀ ਅਜੀਤ ਅਖ਼ਬਾਰ) ਨੂੰ ਵੀ ਵੀਜ਼ਾ ਮਿਲ ਗਿਆ ਸੀ। ਪਰ ਰਵਾਨਾ ਹੋਣ ਤੋਂ ਕੁਝ ਘੰਟੇ ਪਹਿਲਾਂ ਲੇਖਕ ਦੀ ਭਰਜਾਈ ਦਾ ਫੋਨ ਆ ਗਿਆ ਕਿ ਸੰਧੂ ਦਾ ਭਰਾ ਬਹੁਤ ਬੀਮਾਰ ਹੈ। ਉਹ ਬਾਬਾ ਬੁੱਢਾ ਸਾਹਿਬ ਹਸਪਤਾਲ ਵਿਚ ਦਾਖ਼ਲ ਹੈ। ਇਹ ਸੁਣ ਕੇ ਲੇਖਕ ਦੁਬਿਧਾ ਵਿਚ ਪੈ ਗਿਆ। ਪਰ ਉਸ ਦੀ ਪਤਨੀ ਰਾਜਵੰਤ ਕੌਰ ਨੇ ਉਸ ਨੂੰ ਹੌਂਸਲਾ ਦਿੱਤਾ ਕਿ ਉਹ ਅਗਲੇ ਦਿਨ ਸਵੇਰੇ ਕੁਝ ਰਿਸ਼ਤੇਦਾਰਾਂ ਨੂੰ ਲੈ ਕੇ ਝਬਾਲ ਪਿੰਡ ਵਿਚ ਬਣੇ ਹਸਪਤਾਲ ਪਹੁੰਚ ਜਾਵੇਗੀ। ਉਹ ਕੋਈ ਫਿਕਰ ਨਾ ਕਰੇ ਅਤੇ ਪਾਕਿਸਤਾਨ ਜ਼ਰੂਰ ਜਾਵੇ।

**(ੲ) ਪ੍ਰਸ਼ਨ :** ਪਾਕਿਸਤਾਨੀ ਲੋਕਾਂ ਵਿਚ ਭਾਰਤੀ ਸਿੱਖਾਂ ਬਾਰੇ ਕਿਹੋ ਜਿਹੀਆਂ ਧਾਰਨਾਵਾਂ ਫੈਲਾਈਆਂ ਗਈਆਂ ਹਨ ?

**ਉੱਤਰ :** ਵਿਵਸਥਾ ਵਲੋਂ ਪਾਕਿਸਤਾਨੀ ਲੋਕਾਂ ਵਿਚ ਇਹ ਧਾਰਨਾ ਫੈਲਾਈ ਗਈ ਹੈ ਕਿ ਭਾਰਤ ਵਿਚ ਰਹਿਣ ਵਾਲੇ ਸਿੱਖ, ਹਿੰਦੂਆਂ ਕੋਲੋਂ ਬਹੁਤ ਔਖੇ ਹਨ। ਹਿੰਦੂ ਬਹੁਗਿਣਤੀ ਸਿੱਖਾਂ ਉਪਰ ਅਤਿਆਚਾਰ ਕਰ ਰਹੀ ਹੈ। ਉਹ ਸਿੱਖਾਂ ਨੂੰ ਚੁੱਕਦੇ ਰਹਿੰਦੇ ਹਨ ਕਿ ਉਹ ਆਪਣੀ ਆਜ਼ਾਦੀ ਲਈ ਸੰਘਰਸ਼ ਕਰਦੇ ਰਹਿਣ ਅਤੇ ਉਹ ਲੋਕ ਵੀ ਸਿੱਖਾਂ ਦੀ ਹਿਮਾਇਤ ਕਰਨਗੇ। ਪਾਕਿਸਤਾਨ ਦੇ ਅਧਿਕਾਰੀ-ਕਰਮਚਾਰੀ ਭਾਰਤ ਵਿਚ ਗੜਬੜ ਦੇਖਣਾ ਚਾਹੁੰਦੇ ਹਨ ਕਿਉਂਕਿ ਹਕੂਮਤ ਨੇ ਉਨ੍ਹਾਂ ਨੂੰ ਇਹੀ ਸਿਖਾਇਆ ਹੈ।

**(ਸ) ਪ੍ਰਸ਼ਨ :** ਉਦਘਾਟਨੀ ਸੈਸ਼ਨ ਦੀ ਕਿਹੜੀ ਗੱਲ ਨੇ ਲੇਖਕ ਨੂੰ ਸਭ ਤੋਂ ਜ਼ਿਆਦਾ ਪ੍ਰਸੰਨ ਕੀਤਾ ?

**ਉੱਤਰ :** ਉਦਘਾਟਨੀ ਸੈਸ਼ਨ ਦਾ ਆਰੰਭ ਫ਼ਖ਼ਰ ਜ਼ਮਾਂ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਸ ਨੇ ਬੜੀ ਠੇਠ ਪੰਜਾਬੀ ਵਿਚ ਸਵਾਗਤੀ ਸ਼ਬਦ ਕਹੇ। ਭਾਰਤੀ ਪੰਜਾਬ ਵਲੋਂ ਡਾ. ਸੁਤਿੰਦਰ ਸਿੰਘ ਨੂਰ ਨੇ ਆਪਣਾ ਐਡਰੈਸ ਪੇਸ਼ ਕੀਤਾ। ਹੋਰ ਵੀ ਬਹੁਤ ਸਾਰੇ ਪਾਕਿਸਤਾਨੀ ਅਤੇ ਭਾਰਤੀ ਪੰਜਾਬੀ ਬੋਲੇ ਪਰ ਕਿਸੇ ਨੇ ਵੀ ਤਿੰਨ-ਚਾਰ ਮਿੰਟਾਂ ਤੋਂ ਵੱਧ ਸਮਾਂ ਨਾ ਲਿਆ। ਹਰ ਕੋਈ ਸੰਖੇਪ ਅਤੇ ਸਰਲ ਪੰਜਾਬੀ ਵਿਚ ਆਪਣੇ ਵਿਚਾਰਾਂ ਨੂੰ ਡੈਲੀਗੇਟਾਂ ਦੇ ਸਾਹਮਣੇ ਰੱਖਦਾ ਰਿਹਾ। ਵਕਤ ਦੀ ਪਾਬੰਦੀ ਰਖਣ ਦੀ ਰੁਚੀ ਨੇ ਉਸ ਨੂੰ ਸਭ ਤੋਂ ਜ਼ਿਆਦਾ ਪ੍ਰਸੰਨ ਕੀਤਾ।

**(ਹ) ਪ੍ਰਸ਼ਨ :** ਬੀਬੀ ਦਲੀਪ ਕੌਰ ਟਿਵਾਣਾ ਦੀ ਤਕਰੀਰ ਤੋਂ ਪਿਛੋਂ ਸਟੇਜ ਸਕੱਤਰ ਸੁਜ਼ਾਅਤ ਹਾਸ਼ਮੀ ਨੇ ਕੀ ਟਿੱਪਣੀ ਕੀਤੀ ?

**ਉੱਤਰ :** ਦਲੀਪ ਕੌਰ ਟਿਵਾਣਾ ਨੇ ਤਕਰੀਰ ਕਰਨ ਦੀ ਬਜਾਇ ਆਪਣੀ ਇਕ ਕਹਾਣੀ 'ਤੇਰਾ ਕਮਰਾ ਮੇਰਾ ਕਮਰਾ' ਪੜ੍ਹਨੀ ਸ਼ੁਰੂ ਕਰ ਦਿੱਤੀ। ਉਸ ਦਾ ਪੜ੍ਹਨ ਦਾ ਅੰਦਾਜ਼ ਬਹੁਤਾ ਪ੍ਰਭਾਵਸ਼ਾਲੀ ਨਹੀਂ ਸੀ। ਕਹਾਣੀ ਨੇ ਸਰੋਤਿਆਂ ਉਪਰ ਚੰਗਾ ਪ੍ਰਭਾਵ ਨਾ ਪਾਇਆ। ਇਹ ਵੇਖ ਕੇ ਸਟੇਜ ਸਕੱਤਰ ਸੁਜ਼ਾਅਤ ਹਾਸ਼ਮੀ ਨੇ ਚੁਟਕੀ ਲਈ ਕਿ ਜੇ ਜਣੇ-ਖਣੇ ਨੂੰ ਸਟੇਜ ਉਪਰ ਬੋਲਣ ਦਾ ਢੰਗ ਹੁੰਦਾ ਤਾਂ ਸਾਡੇ ਵਰਗਿਆਂ ਨੂੰ ਕੌਣ ਬੁਲਾਉਂਦਾ ? ਉਸ ਨੇ ਕਹਾਣੀ ਦੇ ਮਜ਼ਮੂਨ ਬਾਰੇ ਵੀ ਸਖ਼ਤ ਟਿੱਪਣੀ ਕਰ ਦਿੱਤੀ, ਜਿਸ ਕਾਰਨ ਭਾਰਤੀ ਡੈਲੀਗੇਟਾਂ ਨੂੰ ਕਾਫ਼ੀ ਸ਼ਰਮ ਮਹਿਸੂਸ ਹੋਈ।

**(ਕ) ਪ੍ਰਸ਼ਨ :** ਲੇਖਕ ਨੇ ਪਾਕਿਸਤਾਨੀ ਲੇਖਕ ਜ਼ੋਇਆ ਬਾਰੇ ਕੀ ਦੱਸਿਆ ਹੈ ?

**ਉੱਤਰ :** ਜ਼ੋਇਆ ਇਕ ਕਹਾਣੀਕਾਰ ਸੀ। ਉਹ ਪਾਕਿਸਤਾਨ ਏਅਰ ਲਾਈਨਜ਼ ਵਿਚ ਕੰਮ ਕਰਦੀ ਸੀ। ਸੁਭਾਅ ਪੱਖੋਂ ਉਹ ਬੜੀ ਨਿਮਰ, ਜ਼ਿੰਦਾਦਿਲ ਅਤੇ ਬੇਪ੍ਰਵਾਹ ਔਰਤ ਸੀ। ਉਸ ਨੂੰ ਸਾਹਿੱਤ ਦੇ ਖੇਤਰ ਵਿਚ ਪ੍ਰਸਿੱਧ ਹੋਣ ਦੀ ਕੋਈ ਲਾਲਸਾ ਨਹੀਂ ਸੀ। ਉਹ ਪਾਕਿਸਤਾਨ ਦੇ ਪ੍ਰਸਿੱਧ ਚਿੰਤਕ ਨਜਮ ਹੁਸੈਨ ਸੱਯਦ ਦੀ ਬਹੁਤ ਪ੍ਰਸ਼ੰਸਕ ਸੀ। ਉਹ ਕਦੇ ਉਤੇਜਿਤ ਨਹੀਂ ਸੀ ਹੁੰਦੀ। ਲੇਖਕ ਨੇ ਉਸ ਤੋਂ ਕੁਝ ਕਹਾਣੀਆਂ ਦੀ ਮੰਗ ਕੀਤੀ ਤਾਂ ਕਿ ਉਹ ਇਨ੍ਹਾਂ ਦਾ ਲਿਪੀਅੰਤਰਣ ਕਰ ਕੇ ਭਾਰਤੀ ਪੰਜਾਬ ਵਿਚ ਛਪਵਾ ਦੇਵੇ ਪਰ ਉਸ ਨੇ ਬੜੀ ਨਿਮਰਤਾ ਨਾਲ ਇਨਕਾਰ ਕਰ ਦਿੱਤਾ। ਉਸ ਨੇ ਵਰਿਆਮ ਸਿੰਘ ਸੰਧੂ ਅਤੇ ਰਘਬੀਰ ਸਿੰਘ ਸਿਰਜਣਾ ਨੂੰ ਲਾਹੌਰ ਦੇ ਲਾਰੰਸ ਗਾਰਡਨ ਦੀ ਖ਼ੂਬ ਸੈਰ ਕਰਵਾਈ।

**(ਖ) ਪ੍ਰਸ਼ਨ :** ਰਾਇ ਅਜੀਜ਼ ਉੱਲਾ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖ਼ਸ਼ੇ ਗਏ 'ਗੰਗਾ ਸਾਗਰ' ਬਾਰੇ ਕੀ ਦੱਸਿਆ ?

**ਉੱਤਰ :** ਲਾਹੌਰ ਵਿਚ ਲੇਖਕ ਦੀ ਰਾਇ ਅਜੀਜ਼ਉੱਲਾ ਨਾਲ ਮੁਲਾਕਾਤ ਹੋਈ। ਇਸ ਪਰਿਵਾਰ ਦੇ ਇਕ ਵੱਡੇ-ਵਡੇਰੇ ਰਾਇ

ਕੱਲ੍ਹਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਕੁਝ ਹੋਰ ਨਿਸ਼ਾਨੀਆਂ ਨਾਲ ਇਕ 'ਗੰਗਾ ਸਾਗਰ' (ਲੋਟਾ) ਵੀ ਭੇਟ ਕੀਤਾ ਸੀ। ਇਸ ਗੰਗਾ ਸਾਗਰ ਵਿਚ ਬਹੁਤ ਸਾਰੇ ਛੇਕ ਹਨ ਪਰ ਇਸਦੀ ਕਾਰੀਗਰੀ ਦਾ ਇਹ ਕਮਾਲ ਹੈ ਕਿ ਇਸ ਵਿਚ ਭਰਿਆ ਪਾਣੀ ਡੁਲ੍ਹਦਾ ਨਹੀਂ ਹੈ। ਇਸ ਪਰਿਵਾਰ ਦੀ ਗੰਗਾ ਸਾਗਰ ਪ੍ਰਤੀ ਬਹੁਤ ਸ਼ਰਧਾ ਹੈ। ਰਾਇ ਅਜੀਜ਼ਉੱਲਾ ਨੇ ਇਸ ਗੰਗਾ ਸਾਗਰ ਨੂੰ ਇੰਗਲੈਂਡ ਦੇ ਇਕ ਬੈਂਕ ਵਿਚ ਸੁਰੱਖਿਅਤ ਰੱਖਿਆ ਹੋਇਆ ਹੈ। ਜਦੋਂ ਸੰਗਤਾਂ ਨੂੰ ਇਸ ਦੇ ਦਰਸ਼ਨ ਕਰਵਾਉਣੇ ਹੋਣ, ਉਸ ਵਕਤ ਹੀ ਇਸ ਨੂੰ ਬੈਂਕ ਦੇ ਲਾਕਰ ਵਿਚੋਂ ਬਾਹਰ ਕੱਢਿਆ ਜਾਂਦਾ ਹੈ। ਹੁਣ ਤਕ ਇੰਗਲੈਂਡ, ਅਮਰੀਕਾ, ਸਿੰਘਾਪੁਰ, ਮਲਾਏਸ਼ੀਆ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਸੰਗਤਾਂ ਇਸ ਗੰਗਾ ਸਾਗਰ ਦੇ ਦਰਸ਼ਨ ਕਰ ਚੁੱਕੀਆਂ ਹਨ।

**(ਗ) ਪ੍ਰਸ਼ਨ :** ਲੇਖਕ ਨੇ ਲਾਹੌਰ ਦੀ 'ਫੂਡ ਸਟਰੀਟ' ਬਾਰੇ ਕੀ ਦੱਸਿਆ ਹੈ ?

**ਉੱਤਰ :** ਲਾਹੌਰ ਸ਼ਹਿਰ ਦੀ ਗਵਾਲ ਮੰਡੀ ਵਿਚ ਇਕ ਫੂਡ ਸਟਰੀਟ ਹੈ। ਇਥੇ ਸਿਰਫ਼ ਖਾਣ-ਪੀਣ ਦੀਆਂ ਵਸਤਾਂ ਮਿਲਦੀਆਂ ਹਨ। ਇਹ ਸਟਰੀਟ ਇਕ ਆਈ.ਏ.ਐਸ. ਅਧਿਕਾਰੀ ਮਿਸਟਰ ਲਾਸ਼ਾਰੀ ਦੇ ਦਿਮਾਗ਼ ਦੀ ਉਪਜ ਹੈ। ਇਸ ਸਟਰੀਟ ਵਿਚ ਕਾਰਾਂ ਵਗੈਰਾ ਦਾ ਦਾਖ਼ਲਾ ਬੰਦ ਹੈ। ਦੁਕਾਨਾਂ ਦੀ ਸ਼ਕਲ-ਸੂਰਤ ਤੋਂ ਪੁਰਾਤਨਤਾ ਦੀ ਝਲਕ ਪੈਂਦੀ ਹੈ। ਸਾਰੀ ਮਾਰਕਿਟ ਵਿਚ ਮੱਧਮ-ਮੱਧਮ ਸੰਗੀਤ ਗੂੰਜਦਾ ਰਹਿੰਦਾ ਹੈ। ਵਰਿਆਮ ਸਿੰਘ ਸੰਧੂ ਅਤੇ ਸਰਵਣ ਸਿੰਘ ਨੇ ਇਸ ਸਟਰੀਟ ਦਾ ਖ਼ੂਬ ਆਨੰਦ ਮਾਣਿਆ। ਰਾਇ ਅਜ਼ੀਜ਼-ਉੱਲਾ ਦਾ ਸਾਰਾ ਪਰਿਵਾਰ ਉਨ੍ਹਾਂ ਨੂੰ ਇਹ ਬਾਜ਼ਾਰ ਦਿਖਾਉਣ ਵਾਸਤੇ ਨਾਲ ਆਇਆ ਹੋਇਆ ਸੀ।

**(ਘ) ਪ੍ਰਸ਼ਨ :** ਪਾਕਿਸਤਾਨ ਵਿਚ ਲੇਖਕ ਨੇ ਕਿਹੜੇ-ਕਿਹੜੇ ਦਰਸ਼ਨੀ ਸਥਾਨ ਦੇਖੇ ?

**ਉੱਤਰ :** ਲੇਖਕ ਨੂੰ 'ਵਿਸ਼ਵ ਪੰਜਾਬੀ ਕਾਨਫਰੰਸ' ਵਿਚ ਸ਼ਾਮਲ ਹੋਣ ਲਈ ਕੇਵਲ ਲਾਹੌਰ ਸ਼ਹਿਰ ਦਾ ਹੀ ਵੀਜ਼ਾ ਮਿਲਿਆ ਸੀ। ਇਸ ਕਾਰਨ ਉਹ ਪੂਰੇ ਪਾਕਿਸਤਾਨ ਦੀ ਯਾਤਰਾ ਤਾਂ ਨਾ ਕਰ ਸਕਿਆ। ਲਾਹੌਰ ਸ਼ਹਿਰ ਵਿਚ ਉਸ ਨੇ ਸ਼ਾਲਾਮਾਰ ਬਾਗ਼, ਜਹਾਂਗੀਰ ਅਤੇ ਨੂਰ ਜਹਾਨ ਦਾ ਮਕਬਰਾ, ਸ਼ਾਹ ਹੁਸੈਨ ਦੀ ਦਰਗਾਹ, ਗੁਰਦੁਆਰਾ ਡੇਰਾ ਸਾਹਿਬ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹਜ਼ੂਰੀ ਬਾਗ਼ ਅਤੇ ਸ਼ਾਹੀ ਕਿਲ੍ਹਾ ਆਦਿਕ ਸਥਾਨਾਂ ਦੇ ਹੀ ਦਰਸ਼ਨ ਕਰ ਸਕਿਆ। ਇਸ ਤੋਂ ਬਿਨਾਂ ਉਹ ਸ੍ਰੀ ਨਨਕਾਣਾ ਸਾਹਿਬ ਅਤੇ ਲਾਇਲਪੁਰ ਵਿਚ ਵੀ ਘੁੰਮ ਆਇਆ ਸੀ।

**(ਙ) ਪ੍ਰਸ਼ਨ :** ਮੁਹੰਮਦ ਮਸਊਦ ਖਦਰਪੋਸ਼ ਕੌਣ ਸੀ ?

**ਉੱਤਰ :** ਮੁਹੰਮਦ ਮਸਊਦ ਖਦਰਪੋਸ਼ ਪੰਜਾਬੀ ਜ਼ਬਾਨ ਅਤੇ ਸਾਹਿਤ ਨੂੰ ਪਿਆਰ ਕਰਨ ਵਾਲਾ ਇਕ ਸੁਹਿਰਦ ਅਫ਼ਸਰ ਸੀ। ਉਸਦਾ ਜਨਮ 1916 ਈ. ਵਿਚ ਲਾਹੌਰ ਵਿਚ ਹੋਇਆ ਸੀ। ਉਸ ਨੇ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਲਾਅ ਕਾਲਜ ਤੋਂ ਐਲ.ਐਲ.ਬੀ., ਦੀ ਡਿਗਰੀ ਵੀ ਹਾਸਲ ਕਰ ਲਈ। 1941 ਈ. ਵਿਚ ਉਹ ਆਈ.ਏ.ਐਸ. ਸੇਵਾਵਾਂ ਲਈ ਚੁਣਿਆ ਗਿਆ। ਉਹ ਕਈ ਵਰ੍ਹੇ ਡਿਪਟੀ ਕਮਿਸ਼ਨਰ ਦੇ ਅਹੁਦੇ ਉਪਰ ਕੰਮ ਕਰਦਾ ਰਿਹਾ। ਉਹ ਗਰੀਬਾਂ ਅਤੇ ਲੋੜਵੰਦਾਂ ਦੇ ਹਿਤਾਂ ਲਈ ਵਚਨਬੱਧ ਸੀ। ਉਸ ਨੇ ਕਿਸਾਨਾਂ ਅਤੇ ਬੇਜ਼ਮੀਨਿਆਂ ਲਈ ਇਕ ਲੋਕ-ਤਹਿਰੀਕ ਸ਼ੁਰੂ ਕੀਤੀ : ਜਿਹੜਾ ਵਾਹੇ, ਓਹੀਓ ਖਾਏ। ਉਹ ਪਿੰਡਾਂ ਵਿਚ ਬੁਣਿਆ ਜਾਣ ਵਾਲਾ ਖੱਦਰ ਹੀ ਪਹਿਨਦਾ ਸੀ। ਉਹ ਪੰਜਾਬੀ ਬੋਲੀ ਦਾ ਜ਼ਬਰਦਸਤ ਮੁਦਈ ਸੀ ਅਤੇ ਕਿਹਾ ਕਰਦਾ ਸੀ; ਮਾਂ ਬੋਲੀ ਜੇ ਭੁੱਲ ਜਾਉਗੇ, ਕੱਖਾਂ ਵਾਂਗੂੰ ਰੁਲ ਜਾਵੋਗੇ। ਦਸੰਬਰ 1985 ਵਿਚ ਉਸਦੀ ਮੌਤ ਹੋ ਗਈ ਸੀ ਅਤੇ ਹੁਣ ਇਕ ਟਰਸਟ ਉਸਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਕਰ ਰਿਹਾ ਹੈ।

**(ਚ) ਪ੍ਰਸ਼ਨ :** ਅਨਾਰਕਲੀ ਬਾਜ਼ਾਰ ਵਿਚ ਜਾ ਕੇ ਲੇਖਕ ਨੇ ਕੀ ਕੀਤਾ ?

**ਉੱਤਰ :** ਅਨਾਰਕਲੀ ਬਾਜ਼ਾਰ ਵਿਚ ਜਾ ਕੇ ਉਸ ਨੇ ਇਕ ਪਾਕਿਸਤਾਨੀ ਸੂਟ (ਸਲਵਾਰ-ਕਮੀਜ਼) ਅਤੇ ਆਪਣੀ ਪਤਨੀ ਲਈ ਦੁਪੱਟਿਆਂ ਦਾ ਇਕ ਥਾਨ ਖਰੀਦਿਆ। ਰਘਬੀਰ ਸਿੰਘ ਅਤੇ ਉਸ ਦੀ ਪਤਨੀ ਸੁਲੇਖਾ ਉਸ ਦੇ ਨਾਲ ਸਨ। ਉਨ੍ਹਾਂ 1600 ਰੁਪਏ ਵਾਲਾ ਥਾਨ ਮੁੱਲ ਭਾਅ ਕਰ ਕੇ 850 ਰੁਪਏ ਵਿਚ ਖਰੀਦ ਲਿਆ। ਲੇਖਕ ਨੇ ਅਨਾਰਕਲੀ ਬਾਜ਼ਾਰ ਦੀ ਸੁੰਦਰਤਾ ਅਤੇ ਗਹਿਮਾ-ਗਹਿਮੀ ਬਾਰੇ ਬਹੁਤਾ ਕੁਝ ਨਹੀਂ ਲਿਖਿਆ। ਇਹ ਬਾਜ਼ਾਰ ਜਹਾਂਗੀਰ ਬਾਦਸ਼ਾਹ ਦੀ ਪ੍ਰੇਮਿਕਾ ਅਨਾਰਕਲੀ ਦੇ ਨਾਮ ਉਪਰ ਬਣਿਆ ਹੋਇਆ ਹੈ ਅਤੇ ਬਹੁਤ ਪ੍ਰਸਿੱਧ ਹੈ।

**(ਛ) ਪ੍ਰਸ਼ਨ :** 'ਵਿਲੇਜ ਰੈਸਟੋਰੈਂਟ' ਬਾਰੇ ਤੁਸੀਂ ਕੀ ਜਾਣਦੇ ਹੋ ?

**ਉੱਤਰ :** ਵਿਲੇਜ ਰੈਸਟੋਰੈਂਟ ਲਾਹੌਰ ਦਾ ਇਕ ਵੇਖਣਯੋਗ ਸਥਾਨ ਹੈ। ਇਥੇ ਪਿੰਡ ਦਾ ਸਜਿੰਦ ਮਾਹੌਲ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਕ ਮਸ਼ੀਨੀ ਖੂਹ ਚਲਦਾ ਰਹਿੰਦਾ ਹੈ, ਜਿਸ ਦਾ ਪਾਣੀ ਪਾੜਛੇ ਵਿਚ ਡਿਗਦਾ ਰਹਿੰਦਾ ਹੈ। ਚਾਰ ਚੁਫੇਰੇ ਵਾਣ ਦੀਆਂ ਮੰਜੀਆਂ ਡੱਠੀਆਂ ਰਹਿੰਦੀਆਂ ਹਨ। ਸਿਰਕੀ ਦੀਆਂ ਛੱਤਾਂ ਵਾਲਾ ਇਕ ਰੈਸਟੋਰੈਂਟ ਹੈ। ਜਿਸ ਵਿਚ ਫਾਈਵ ਸਟਾਰ ਹੋਟਲਾਂ ਦੇ ਪੱਧਰ ਦਾ ਖਾਣਾ-ਪਾਣ ਉਪਲਬਧ ਰਹਿੰਦਾ ਹੈ। ਲੇਖਕ ਅਤੇ ਉਸਦੇ ਸਾਥੀਆਂ ਦੀ ਮੇਜ਼ਬਾਨੀ ਪ੍ਰਸਿਧ ਲੇਖਕ ਇਲਿਆਸ ਘੁੰਮਣ ਕਰ ਰਿਹਾ ਸੀ। ਉਸ ਨੇ ਸਭ ਨੂੰ ਉਨ੍ਹਾਂ ਦੀ ਆਪਣੀ-ਆਪਣੀ ਪਸੰਦ ਮੁਤਾਬਿਕ ਖਾਣਾ ਖੁਆਇਆ।

**(ਜ) ਪ੍ਰਸ਼ਨ :** 15 ਅਪ੍ਰੈਲ ਦੀ ਸ਼ਾਮ ਨੂੰ ਹੋਣ ਵਾਲੇ ਸਭਿਆਚਾਰਕ ਪ੍ਰੋਗਰਾਮ ਵਿਚ ਫ਼ਖ਼ਰ ਜ਼ਮਾਂ ਨੇ ਪੰਜਾਬੀ ਬੋਲੀ ਦੇ ਵਿਕਾਸ ਲਈ ਕੀ ਅਹਿਦ ਕੀਤੇ ?

**ਉੱਤਰ :** 15 ਅਪ੍ਰੈਲ ਦੀ ਸ਼ਾਮ ਨੂੰ ਫ਼ਖ਼ਰ ਜ਼ਮਾਂ ਨੇ ਡੈਲੀਗੇਟਾਂ ਅਤੇ ਪਾਕਿਸਤਾਨੀ ਸਰੋਤਿਆਂ ਦੇ ਸਨਮੁਖ ਇਕ ਜੋਸ਼ੀਲੀ ਤਕਰੀਰ ਕੀਤੀ। ਉਸ ਨੂੰ ਰੰਗ ਸੀ ਕਿ ਪਾਕਿਸਤਾਨ ਦੇ ਕੁਝ ਕੱਟੜ ਮੁੱਲਾਂ-ਮੌਲਾਣੇ ਉਸ ਦੇ ਪੰਜਾਬੀ-ਪ੍ਰੇਮ ਨੂੰ ਭਾਰਤ-ਪ੍ਰੇਮ ਨਾਲ ਜੋੜ ਕੇ ਵੇਖ ਰਹੇ ਸਨ। ਉਸ ਨੇ ਕਿਹਾ ਕਿ ਉਹ ਕਿਸੇ ਵੀ ਕੱਟੜ ਸ਼ਖਸ ਨਾਲੋਂ ਆਪਣੇ ਵਤਨ ਨੂੰ ਵਧੇਰੇ ਮੁਹੱਬਤ ਕਰਦਾ ਹੈ। ਉਸ ਨੂੰ ਮਾਨ ਹੈ ਕਿ ਉਰਦੂ ਉਸ ਦੀ ਕੌਮੀ ਜ਼ਬਾਨ ਹੈ ਪਰ ਪੰਜਾਬੀ ਉਸ ਦੀ ਮਾਂ ਬੋਲੀ ਹੈ ਅਤੇ ਉਹ ਪੰਜਾਬੀ ਉੱਪਰ ਉਰਦੂ ਦੀ ਸਰਦਾਰੀ ਨਹੀਂ ਚੱਲਣ ਦੇਵੇਗਾ। ਉਸ ਨੂੰ ਪੰਜਾਬੀ ਹੋਣ ਅਤੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਆਖਣ ਉਪਰ ਫ਼ਖ਼ਰ ਹੈ। ਉਸ ਦੇ ਇਹ ਸ਼ਬਦ ਸੁਣ ਕੇ ਸਾਰੇ ਸਰੋਤਿਆਂ ਨੇ ਜੋਸ਼ ਵਿਚ ਆਪਣੀਆਂ ਬਾਹਾਂ ਖੜੀਆਂ ਕਰ ਕੇ ਉਸਦਾ ਸਮਰਥਨ ਕੀਤਾ।

**(ਝ) ਪ੍ਰਸ਼ਨ :** ਸਹਾਇਕੀ ਅਤੇ ਸਹਾਇਕਸਤਾਨ ਬਾਰੇ ਲੇਖਕ ਨੇ ਕੀ ਦੱਸਿਆ ਹੈ ?

**ਉੱਤਰ :** ਪਾਕਿਸਤਾਨ ਵਿਚ ਕੁਝ ਲੋਕਾਂ ਨੇ ਸਹਾਇਕੀ ਬੋਲੀ ਦੇ ਵਿਕਾਸ ਵਾਸਤੇ ਇਕ ਅੰਦੋਲਨ ਸ਼ੁਰੂ ਕਰ ਰੱਖਿਆ ਹੈ। ਸਹਾਇਕੀ ਲਹਿੰਦੀ ਭਾਸ਼ਾ ਦੀ ਹੀ ਇਕ ਵੰਨਗੀ ਹੈ ਅਤੇ ਇਹ ਵੀ ਪੰਜਾਬੀ ਦੀਆਂ ਕੁਝ ਹੋਰ ਉਪਭਾਸ਼ਾਵਾਂ ਵਾਂਗ ਇਕ ਉਪਭਾਸ਼ਾ ਹੀ ਹੈ। ਪਰ ਕੁਝ ਲੋਕ ਇਸ ਨੂੰ ਇਕ ਵੱਖਰੀ ਭਾਸ਼ਾ ਮੰਨਣ ਉਪਰ ਤੁਲੇ ਹੋਏ ਹਨ। ਉਨ੍ਹਾਂ ਨੇ ਉਸ ਖੇਤਰ ਦਾ ਇਕ ਨਕਸ਼ਾ ਵੀ ਬਣਾ ਰੱਖਿਆ ਹੈ, ਜਿਥੇ ਸਹਾਇਕੀ ਬੋਲੀ ਜਾਂਦੀ ਸੀ। ਇਸ ਖੇਤਰ ਨੂੰ ਉਹ ਲੋਕ 'ਸਹਾਇਕਸਤਾਨ' ਆਖਦੇ ਹਨ। ਸਹਾਇਕੀ ਦੇ ਸਮਰਥਕ ਮੁਲਤਾਨ ਡਵੀਯਨ ਦੇ ਛੇ ਜ਼ਿਲਿਆਂ, ਬਹਾਵਲਪੁਰ ਦੇ ਤਿੰਨ ਜ਼ਿਲ੍ਹਿਆ, ਡੇਰਾ ਗਾਜ਼ੀ ਖਾਨ ਤੇ ਸਰਗੋਧਾ ਡਵੀਯਨ ਦੇ ਚਾਰ-ਚਾਰ ਜ਼ਿਲ੍ਹਿਆਂ, ਓਕਾੜਾ ਅਤੇ ਝੰਗ ਨੂੰ ਸਹਾਇਕੀ ਭਾਸ਼ੀ ਖੇਤਰ ਮੰਨਦੇ ਸਨ। ਇਸ ਪ੍ਰਕਾਰ ਉਹ 19-20 ਜ਼ਿਲਿਆਂ ਉਪਰ ਆਪਣਾ ਹੱਕ ਜਮਾਉਂਦੇ ਹਨ। ਸਹਾਇਕੀ ਬੋਲਣ ਵਾਲਿਆਂ ਦੀ ਗਿਣਤੀ ਪੰਜ ਕਰੋੜ ਦੱਸੀ ਜਾਂਦੀ ਹੈ।

**(ਞ) ਪ੍ਰਸ਼ਨ :** ਸਹਾਇਕੀ ਬੋਲੀ ਬਾਰੇ ਲੇਖਕ ਦੇ ਆਪਣੇ ਕੀ ਵਿਚਾਰ ਹਨ ?

**ਉੱਤਰ :** ਲੇਖਕ ਅਨੁਸਾਰ ਸਹਾਇਕੀ ਅਤੇ ਲਹਿੰਦੀ ਬੋਲੀ ਨੂੰ ਪੰਜਾਬੀ ਤੋਂ ਵੱਖ ਮੰਨਣ ਦਾ ਝੰਮੇਲਾ ਗ੍ਰੀਅਰਸਨ ਨੇ ਭਾਰਤੀ ਭਾਸ਼ਾਵਾਂ ਦਾ ਸਰਵੇਖਣ (Linguistic Survey of India) ਕਰਦਿਆਂ ਖੜਾ ਕੀਤਾ ਸੀ। ਉਹ ਲਹਿੰਦੀ ਨੂੰ ਪੰਜਾਬੀ ਤੋਂ ਵੱਖਰੀ ਭਾਸ਼ਾ ਮੰਨਦਾ ਸੀ ਕਿਉਂਕਿ ਇਸ ਦੀ ਬੋਲਣ-ਸ਼ੈਲੀ ਅਤੇ ਸ਼ਬਦਾਵਲੀ ਕੁਝ ਵੱਖਰੀ ਸੀ। ਸੱਤਾ ਵਿਚ ਭਾਈਵਾਲੀ ਕਰਨ ਦੇ ਚਾਹਵਾਨ ਇਹੋ ਜਿਹੇ ਵਖਰੇਵਿਆਂ ਨੂੰ ਆਪਣੀ ਲੀਡਰੀ ਚਮਕਾਉਣ ਲਈ ਵਰਤਦੇ ਹਨ। 'ਸਹਾਇਕੀ' ਦਾ ਵਿਵਾਦ ਪੰਜਾਬੀ ਬੋਲੀ ਨੂੰ ਢਾਹ ਲਾਉਣ ਵਾਸਤੇ ਹੀ ਸ਼ੁਰੂ ਕੀਤਾ ਗਿਆ ਹੈ।

**(ਟ) ਪ੍ਰਸ਼ਨ :** 'ਵਗਦੀ ਏ ਰਾਵੀ' ਵਿਚ ਲਾਹੌਰ ਦੇ ਸ਼ਾਹੀ ਕਿਲ੍ਹੇ ਬਾਰੇ ਕੀ ਦੱਸਿਆ ਗਿਆ ਹੈ ?

**ਉੱਤਰ :** ਲੇਖਕ ਨੇ ਇਸ ਕਿਲ੍ਹੇ ਦੇ ਇਤਿਹਾਸ ਨੂੰ ਜਹਾਂਗੀਰ ਅਤੇ ਹੋਰ ਮੁਗ਼ਲ ਬਾਦਸ਼ਾਹਾਂ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਨਾਲ ਜੋੜ ਕੇ ਬਿਆਨ ਕੀਤਾ ਹੈ। ਇਥੇ ਹੀ ਸੰਮਣ ਬੁਰਜ ਵਿਚ ਇਕ ਘੜਿਆਲ ਟੰਗਿਆ ਹੁੰਦਾ ਸੀ, ਜਿਸ ਨੂੰ ਖੜਕਾ ਕੇ ਕੋਈ ਫ਼ਰਿਆਦੀ ਫ਼ਰਿਆਦ ਕਰ ਸਕਦਾ ਸੀ। ਚੇਤ ਸਿੰਘ ਦਾ ਕਤਲ ਇਥੇ ਹੋਇਆ ਸੀ। ਭਗਤ ਸਿੰਘ ਦੀ ਨੰਗੇ ਸਿਰ ਮੰਜੀ ਉਪਰ ਬੈਠੇ ਹੋਏ ਦੀ ਤਸਵੀਰ ਇਸੇ ਕਿਲ੍ਹੇ ਵਿਚ ਖਿੱਚੀ ਗਈ ਸੀ। ਅੰਗਰੇਜ਼ਾਂ ਦੇ ਸਮੇਂ ਇਸ ਕਿਲ੍ਹੇ ਨੂੰ ਤਸੀਹਾ ਕੇਂਦਰ (interrogation centre) ਵਜੋਂ ਵਰਤਿਆ ਜਾਂਦਾ ਸੀ। ਉਸਨੇ ਦੀਵਾਨੇ-ਆਮ ਅਤੇ ਸ਼ਾਹੀ ਹਰਮ ਬਾਰੇ ਵੀ ਲਿਖਿਆ ਹੈ। ਕਿਲ੍ਹੇ ਵਿਚ ਸਿਖ ਇਤਿਹਾਸ ਨਾਲ ਸੰਬੰਧਿਤ ਇਕ

ਅਜਾਇਬ ਘਰ ਵੀ ਹੈ।

**(ਠ) ਪ੍ਰਸ਼ਨ :** ਲੇਖਕ ਅਤੇ ਉਸਦੇ ਸਾਥੀਆਂ ਨੇ ਨਨਕਾਣਾ ਸਾਹਿਬ ਦੀ ਯਾਤਰਾ ਕਿਵੇਂ ਕੀਤੀ ?

**ਉੱਤਰ :** ਲੇਖਕ ਅਤੇ ਉਸ ਦੇ ਸਾਥੀਆਂ ਪਾਸ ਕੇਵਲ ਲਾਹੌਰ ਦਾ ਹੀ ਵੀਜ਼ਾ ਸੀ ਪਰ ਤਾਂ ਵੀ ਉਨ੍ਹਾਂ ਦੇ ਮਨਾਂ ਵਿਚ ਪਾਕਿਸਤਾਨ ਦੇ ਕੁਝ ਹੋਰ ਪ੍ਰਸਿੱਧ ਸਥਾਨ ਦੇਖਣ ਦੀ ਇੱਛਾ ਸੀ। ਉਨ੍ਹਾਂ ਨੇ ਇਹ ਸਥਾਨ ਵੇਖਣ ਦਾ ਮਨ ਬਣਾ ਲਿਆ। ਸਵੇਰ ਦੇ ਵਕਤ ਇਕ ਬੱਸ ਨੇ ਉਨ੍ਹਾਂ ਨੂੰ ਰਾਵਲਪਿੰਡੀ ਲੈ ਜਾਣਾ ਸੀ ਅਤੇ ਉਥੋਂ ਚੱਲ ਕੇ ਪੰਜਾ ਸਾਹਿਬ ਪੜਾਅ ਕਰਨਾ ਸੀ। ਰਾਤ ਉਥੇ ਕੱਟ ਕੇ ਅਗਲੇ ਦਿਨ ਸ਼ਾਮ ਤਕ ਲਾਹੌਰ ਦੇ ਫਲੈਟੀਜ਼ ਹੋਟਲ ਵਿਚ ਵਾਪਸ ਆ ਜਾਣਾ ਸੀ। ਉਥੋਂ ਰਾਤ ਨੂੰ ਨਨਕਾਣਾ ਸਾਹਿਬ ਜਾਣਾ ਸੀ ਅਤੇ ਦਰਸ਼ਨਾਂ ਉਪਰੰਤ ਸਿੱਧੇ ਰੇਲਵੇ ਸਟੇਸ਼ਨ ਉਪਰ ਪਹੁੰਚਣਾ ਸੀ। ਪਰ ਇਲਿਆਸ ਘੁੰਮਣ ਦੇ ਕਹਿਣ ਤੇ ਉਨ੍ਹਾਂ ਨੂੰ ਆਪਣਾ ਪ੍ਰੋਗਰਾਮ ਬਦਲਣਾ ਪਿਆ। ਸਿਰਫ਼ ਨਨਕਾਣਾ ਸਾਹਿਬ ਦੀ ਯਾਤਰਾ ਦਾ ਹੀ ਪ੍ਰੋਗਰਾਮ ਬਣ ਸਕਿਆ।

**(ਡ) ਪ੍ਰਸ਼ਨ :** ਲੇਖਕ ਨੇ ਸ਼ੇਖੂਪੁਰਾ ਬਾਰੇ ਕੀ ਦੱਸਿਆ ਹੈ।

**ਉੱਤਰ :** ਨਨਕਾਣਾ ਸਾਹਿਬ ਜਾਂਦੇ ਵਕਤ ਰਾਹ ਵਿਚ ਸ਼ੇਖੂਪੁਰੇ ਕਿਆਮ ਕੀਤਾ ਗਿਆ। ਇਹ ਸ਼ਹਿਰ ਜਹਾਂਗੀਰ ਦੇ ਨਾਮ ਉਪਰ ਬਣਿਆ ਹੋਇਆ ਹੈ, ਉਸ ਦਾ ਬਚਪਨ ਵਿਚ ਛੋਟਾ ਨਾਮ ਸ਼ੇਖੂ ਹੁੰਦਾ ਸੀ। ਪ੍ਰੇਮ ਸਿੰਘ ਐਡਵੋਕੇਟ ਦੇ ਇਥੇ ਸਹੁਰੇ ਹੁੰਦੇ ਸਨ। ਉਹ ਆਪਣਾ ਸਹੁਰਾ-ਘਰ ਵੇਖਣਾ ਚਾਹੁੰਦਾ ਸੀ। ਉਸ ਨੂੰ ਆਪਣੇ ਸਹੁਰੇ ਘਰ ਦੀਆਂ ਕਈ ਨਿਸ਼ਾਨੀਆਂ ਯਾਦ ਸਨ ਪਰ ਉਹ ਆਪਣਾ ਸਹੁਰਾ-ਘਰ ਨਾ ਲੱਭ ਸਕਿਆ। ਬਹੁਤ ਕੁਝ ਬਦਲ ਗਿਆ ਸੀ।

**(ਢ) ਪ੍ਰਸ਼ਨ :** ਨਨਕਾਣਾ ਸਾਹਿਬ ਦੀ ਯਾਤਰਾ ਬਾਰੇ ਲੇਖਕ ਨੇ ਕੀ ਲਿਖਿਆ ਹੈ ?

**ਉੱਤਰ :** ਸ਼ੇਖੂਪੁਰੇ ਤੋਂ ਚੱਲ ਕੇ ਲੇਖਕ ਅਤੇ ਉਸਦੇ ਸਾਥੀ ਨਨਕਾਣਾ ਸਾਹਿਬ ਪਹੁੰਚ ਗਏ। ਵੱਖਰੀਆਂ-ਵੱਖਰੀਆਂ ਕਾਰਾਂ ਰਾਹੀਂ ਰਘਬੀਰ ਸਿੰਘ, ਉਸਦੀ ਪਤਨੀ ਸੁਲੇਖਾ, ਸਰਵਣ ਸਿੰਘ, ਜਗਤਾਰ ਅਤੇ ਗੁਰਭਜਨ ਗਿੱਲ ਵੀ ਉਥੇ ਪਹੁੰਚੇ ਹੋਏ ਸਨ। ਮੱਥਾ ਟੇਕਣ ਉਪਰੰਤ ਪ੍ਰੇਮ ਸਿੰਘ 'ਵਾਕ' ਲੈਣ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਨਨਕਾਣਾ ਸਾਹਿਬ ਵਿਚ ਸਥਿਤ ਕੁਝ ਹੋਰ ਗੁਰਦੁਆਰਿਆਂ ਦੇ ਦਰਸ਼ਨ ਵੀ ਕੀਤੇ, ਜਿਵੇਂ : ਗੁਰਦੁਆਰਾ ਬਾਲ ਲੀਲ੍ਹਾ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਮਾਲ ਸਾਹਿਬ (ਜਿਥੇ ਫਣੀਅਰ ਨੈ ਛਾਂ ਕੀਤੀ ਸੀ)। ਇਥੇ ਉਹ ਵਣ ਅਜੇ ਤਕ ਮੌਜੂਦ ਸੀ, ਜਿਸ ਦੇ ਹੇਠਾਂ ਗੁਰੂ ਸਾਹਿਬ ਸੁੱਤੇ ਸਨ।

**(ਣ) ਪ੍ਰਸ਼ਨ :** ਲੇਖਕ ਲਾਇਲਪੁਰ ਯਾਤਰਾ ਨੂੰ ਕਿਵੇਂ ਬਿਆਨ ਕਰਦਾ ਹੈ?

**ਉੱਤਰ :** ਲਾਇਲਪੁਰ ਦਾ ਨਾਮ ਹੁਣ ਫੈਸਲਾਬਾਦ ਹੋ ਚੁੱਕਾ ਸੀ। ਇਥੇ ਟੈਕਸਟਾਈਲ ਦੇ ਬਹੁਤ ਸਾਰੇ ਕਾਰਖਾਨੇ ਹਨ। ਇਸ ਸ਼ਹਿਰ ਨੂੰ ਪਾਕਿਸਤਾਨ ਦਾ 'ਮਾਨਚੈਸਟਰ' ਕਿਹਾ ਜਾਂਦਾ ਹੈ। 1986 ਈ. ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਗਈ ਸੀ। ਇਹ ਸਾਂਦਲ ਬਾਰ ਦੇ ਇਲਾਕੇ ਵਿਚ ਸਥਿਤ ਹੈ। ਪੰਜਾਬ ਦੇ ਗਵਰਨਰ ਸਰ ਜੇਮਜ਼ ਲਾਇਲ ਦੇ ਨਾਮ ਉਪਰ ਇਸ ਸ਼ਹਿਰ ਦਾ ਨਾਮ ਲਾਇਲਪੁਰ ਰੱਖਿਆ ਗਿਆ ਸੀ। ਇਹ ਅੰਗਰੇਜ਼ਾਂ ਦੇ ਯੂਨੀਅਨ ਜੈਕ ਝੰਡੇ ਦੀ ਸ਼ਕਲ ਉਪਰ ਵਿਉਂਤਿਆ ਗਿਆ ਸੀ। 1977 ਵਿਚ ਇਸ ਸ਼ਹਿਰ ਦਾ ਨਾਮ ਸਾਊਦੀ ਅਰਬ ਦੇ ਬਾਦਸ਼ਾਹ ਫੈਸਲ ਦੇ ਨਾਮ ਉਤੇ ਫੈਸਲਾਬਾਦ ਕਰ ਦਿੱਤਾ ਗਿਆ। ਇਸ ਦੇ ਉੱਤਰ-ਪੱਛਮ ਵਿਚ 25 ਮੀਲ ਦੀ ਦੂਰੀ 'ਤੇ ਝਨਾਂ ਦਰਿਆ ਵਹਿੰਦਾ ਹੈ। ਇਥੇ ਇਕ ਐਗਰੀਕਲਚਰ ਯੂਨੀਵਰਸਿਟੀ, ਇਕ ਮੈਡੀਕਲ ਕਾਲਜ, ਤੇਰਾਂ ਡਿਗਰੀ ਕਾਲਜ ਅਤੇ ਬਹੁਤ ਸਾਰੇ ਸਕੂਲ ਹਨ। ਇਕ ਖਾਲਸਾ ਕਾਲਜ ਲਾਇਲਪੁਰ ਵੀ ਹੁੰਦਾ ਸੀ, ਜੋ ਵੰਡ ਪਿਛੋਂ ਜਲੰਧਰ ਤਬਦੀਲ ਹੋ ਗਿਆ ਸੀ। ਲੇਖਕ ਅਤੇ ਉਸ ਦੇ ਸਾਥੀਆਂ ਨੇ ਕਾਲਜ ਦੀ ਯਾਤਰਾ ਕੀਤੀ। ਇਹ ਕਾਲਜ 1908 ਈ. ਵਿਚ ਬਣਿਆ ਸੀ। ਹੁਣ ਉਥੇ ਪ੍ਰਿੰਸੀਪਲ ਨਿਆਜ਼ ਅਲੀ ਸ਼ਾਦ ਕੰਮ ਕਰ ਰਿਹਾ ਸੀ।

**(ਤ) ਪ੍ਰਸ਼ਨ :** ਕੀ ਪ੍ਰੇਮ ਸਿੰਘ ਨੂੰ ਲਾਇਲਪੁਰ ਵਿਚ ਆਪਣਾ ਘਰ ਲੱਭ ਪਿਆ ?

**ਉੱਤਰ :** ਪ੍ਰੇਮ ਸਿੰਘ ਨੇ ਆਪਣਾ ਬਚਪਨ ਲਾਇਲਪੁਰ ਵਿਚ ਬਿਤਾਇਆ ਸੀ। ਉਸ ਨੂੰ ਰੇਲਵੇ ਸਟੇਸ਼ਨ ਅਤੇ ਉਸ ਦੇ ਆਸ-ਪਾਸ ਬਣੀਆਂ ਸਾਰੀਆਂ ਦੁਕਾਨਾਂ ਯਾਦ ਸਨ। ਖਾਲਸਾ ਹਾਈ ਸਕੂਲ ਦੇ ਸਾਹਮਣੇ ਕਰ ਕੇ ਉਸਦਾ ਘਰ ਹੁੰਦਾ ਸੀ। ਕੁਝ ਸਮਾਂ ਇਧਰ-ਉਧਰ ਤਲਾਸ਼ ਕਰਨ ਪਿਛੋਂ ਆਖਰ ਉਸ ਨੂੰ ਆਪਣਾ ਘਰ ਮਿਲ ਗਿਆ। ਹੁਣ ਉਹ ਘਰ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਅਤੇ ਨਵੀਆਂ ਕੋਠੀਆਂ ਬਣ ਚੁੱਕੀਆਂ ਸਨ ਪਰ ਘਰ ਦਾ ਪਿਛਲਾ ਦਰਵਾਜ਼ਾ

ਅਜੇ ਉਸੇ ਤਰ੍ਹਾਂ ਮਹਿਫੂਜ਼ ਸੀ। ਉਸੇ ਨੂੰ ਪਛਾਣ ਕੇ ਪ੍ਰੇਮ ਸਿੰਘ ਨੇ ਆਪਣਾ ਘਰ ਲੱਭਿਆ। ਖੁਸ਼ੀ ਵਿਚ ਉਸ ਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲੱਗ ਗਈ। ਪ੍ਰੇਮ ਸਿੰਘ ਨੂੰ ਆਪਣਾ ਕਮਰਾ ਵੀ ਲੱਭ ਗਿਆ ਸੀ।

**(ਥ) ਪ੍ਰਸ਼ਨ :** ਲੇਖਕ ਅਤੇ ਉਸਦੇ ਸਾਥੀਆਂ ਦਾ ਲਾਹੌਰ ਵਿਚ ਆਖ਼ਰੀ ਦਿਨ ਕਿਵੇਂ ਰਿਹਾ ?

**ਉੱਤਰ :** ਆਖਰੀ ਦਿਨ ਸਭ ਤੋਂ ਪਹਿਲਾਂ ਪੁਲਸ ਵਲੋਂ ਰਵਾਨਗੀ ਸਰਟੀਫੀਕੇਟ ਪ੍ਰਾਪਤ ਕੀਤਾ। ਪੁਲਸ ਸਟੇਸ਼ਨ ਤੋਂ ਵਾਪਸ ਆਏ ਤਾਂ ਜਗਤਾਰ ਨੇ ਕਸੂਰ ਜਾਣ ਦਾ ਪ੍ਰੋਗਰਾਮ ਬਣਾ ਰੱਖਿਆ ਸੀ, ਬਾਬਾ ਬੁਲ੍ਹਾ ਸ਼ਾਹ ਦੇ ਮਜ਼ਾਰ ਦੀ ਜ਼ਿਆਰਤ ਕਰਨੀ ਸੀ। 'ਨਵਾਇ ਵਕਤ' ਅਖਬਾਰ ਦੇ ਮੁਖ ਕਾਲਮਨਵੀਸ ਸ਼ਾਹ ਜੀ ਨੇ ਇਸ ਯਾਤਰਾ ਲਈ ਆਪਣੀ ਕਾਰ ਭੇਜ ਦਿੱਤੀ ਸੀ। ਜਗਤਾਰ ਅਤੇ ਵਰਿਆਮ ਸੰਧੂ ਤੋਂ ਬਿਨਾਂ ਰਘਬੀਰ ਸਿੰਘ ਅਤੇ ਉਸਦੀ ਪਤਨੀ ਸੁਲੇਖਾ ਨੇ ਵੀ ਜਾਣਾ ਸੀ। ਕਸੂਰ ਸ਼ਹਿਰ ਲਾਹੌਰ ਤੋਂ ਫੀਰੋਜ਼ਪੁਰ ਨੂੰ ਜਾਣ ਵਾਲੀ ਸੜਕ ਉਤੇ ਸਥਿਤ ਸੀ। ਬਾਬਾ ਬੁਲ੍ਹੇ ਸ਼ਾਹ ਦੀ ਦਰਗਾਹ ਉਪਰ ਪਹੁੰਚ ਕੇ ਸਤਿਕਾਰ ਭੇਟ ਕੀਤਾ। ਦਰਗਾਹ ਦੀਆਂ ਦੀਵਾਰਾਂ ਉਪਰ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਲਿਖੀਆਂ ਹੋਈਆਂ ਸਨ।

**(ਦ) ਪ੍ਰਸ਼ਨ :** ਪਾਕਿਸਤਾਨ ਵਿਚ ਦਰਗਾਹਾਂ ਦਾ ਪ੍ਰਬੰਧ ਕਿਸ ਦੇ ਹੱਥ ਸੀ ?

**ਉੱਤਰ :** ਦਰਗਾਹਾਂ ਉਪਰ ਚੜ੍ਹਨ ਵਾਲੇ ਚੜ੍ਹਾਵੇ ਅਤੇ ਇਨ੍ਹਾਂ ਨਾਲ ਲੱਗੀਆਂ ਜ਼ਮੀਨਾਂ ਦੇ ਕਾਰਨ ਪਾਕਿਸਤਾਨ ਦੀ ਸਰਕਾਰ ਨੇ ਇਨ੍ਹਾਂ ਉਪਰ ਕਬਜ਼ਾ ਕਰ ਲਿਆ ਸੀ। ਇਸ ਕਾਰਨ ਕਈ ਪੀੜ੍ਹੀਆਂ ਤੋਂ ਇਨ੍ਹਾਂ ਦੀ ਦੇਖ-ਭਾਲ ਕਰਨ ਵਾਲੇ ਲੋਕਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਗੁੱਸਾ ਸੀ। ਉਨ੍ਹਾਂ ਨੂੰ ਇਹ ਜਾਣਕੇ ਬੜੀ ਹੈਰਾਨੀ ਹੋਈ ਕਿ ਹਿੰਦੁਸਤਾਨ ਵਿਚ ਸਿੱਖਾਂ ਦੀਆਂ ਚੁਣੀਆਂ ਹੋਈਆਂ ਕਮੇਟੀਆਂ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਦੀਆਂ ਹਨ।

**(ਧ) ਪ੍ਰਸ਼ਨ :** ਦਰਗਾਹ ਦੇ ਬਾਹਰ ਦਾ ਨਜ਼ਾਰਾ ਕਿਹੋ ਜਿਹਾ ਸੀ ?

**ਉੱਤਰ :** ਬਾਬਾ ਬੁਲ੍ਹੇ ਸ਼ਾਹ ਦੀ ਦਰਗਾਹ ਦੇ ਬਾਹਰ ਮੰਗਤਿਆਂ ਦੀ ਭੀੜ ਲੱਗੀ ਹੋਈ ਸੀ। ਲੇਖਕ ਅਤੇ ਉਸ ਦੇ ਸਾਥੀਆਂ ਨੇ ਇਨ੍ਹਾਂ ਤੋਂ ਮੁਸ਼ਕਿਲ ਨਾਲ ਖਹਿੜਾ ਛੁਡਾਇਆ। ਸੁਲੇਖਾ ਨੇ ਇਕ ਦੁਕਾਨ ਤੋਂ ਕਸੂਰੀ ਮੇਥੀ ਅਤੇ ਮਹਿੰਦੀ ਖਰੀਦੀ। ਬਾਅਦ ਵਿਚ ਇਹ ਕਾਫ਼ਲਾ ਕਸੂਰੀ ਜੁੱਤੀਆਂ ਖਰੀਦਣ ਲਈ ਤੁਰ ਪਿਆ। ਇਕ ਦੁਕਾਨ ਤੇ ਜਾ ਕੇ ਕੁਝ ਜੁੱਤੀਆਂ ਪਸੰਦ ਵੀ ਕਰ ਲਈਆਂ ਪਰ ਜਗਤਾਰ ਦੇ ਕਾਹਲੀ ਕਰਨ ਦੀ ਵਜ੍ਹਾ ਨਾਲ ਜੁੱਤੀਆਂ ਖਰੀਦੀਆਂ ਨਾ ਜਾ ਸਕੀਆਂ।

**(ਨ) ਪ੍ਰਸ਼ਨ :** ਲਾਹੌਰ ਦੇ ਇੱਛਰਾਂ ਬਜ਼ਾਰ ਬਾਰੇ ਲੇਖਕ ਨੇ ਕਿਹੜੇ ਵੇਰਵੇ ਬਿਆਨ ਕੀਤੇ ਹਨ ?

**ਉੱਤਰ :** ਇੱਛਰਾਂ ਬਜ਼ਾਰ ਵਿਚ ਗੱਡੀ ਪਾਰਕ ਕਰਨ ਪਿਛੋਂ ਇਹ ਟੋਲੀ ਖ਼ਰੀਦਦਾਰੀ ਕਰਨ ਲਈ ਨਿਕਲ ਪਈ। ਸੁਲੇਖਾ ਨੇ ਜਗਤਾਰ ਦੇ ਪਰਿਵਾਰ ਵਾਸਤੇ ਕੁਝ ਸੂਟ ਪਸੰਦ ਕਰ ਦਿੱਤੇ। ਰਘਬੀਰ ਅਤੇ ਵਰਿਆਮ ਪਾਕਿਸਤਾਨੀ ਗਾਇਕਾਂ ਦੀਆਂ ਕੈਸਟਾਂ ਖਰੀਦਣ ਤੁਰ ਗਏ। ਉਨ੍ਹਾਂ ਨੇ ਮੇਹਦੀ ਹਸਨ, ਗ਼ੁਲਾਮ ਅਲੀ, ਇਕਬਾਲ ਬਾਨੋ, ਆਬਿਦਾ ਪ੍ਰਵੀਣ ਅਤੇ ਫਰੀਦਾ ਖ਼ਾਨਮ ਦੀਆਂ ਪ੍ਰਸਿੱਧ ਕੈਸਟਾਂ ਖਰੀਦ ਲਈਆਂ। ਇਕ ਦੁਕਾਨ ਤੋਂ ਕੁਝ ਡਰਾਈ-ਫਰੂਟ ਵੀ ਖਰੀਦਿਆ ਗਿਆ। ਕੁਝ ਖਾਣ-ਪੀਣ ਲਈ ਇਕ ਦੁਕਾਨ ਉਪਰ ਰੁਕੇ ਤਾਂ ਇਕ ਸੁੰਦਰ ਤੇ ਉਚੀ-ਲੰਮੀ ਮੁਟਿਆਰ ਨੇ ਉਨ੍ਹਾਂ ਦਾ ਸਾਰਾ ਬਿਲ ਅਦਾ ਕਰ ਦਿੱਤਾ। ਪਾਕਿਸਤਾਨ ਵਿਚ ਲੋਕ ਬੜੇ ਮਹਿਮਾਨ ਨਿਵਾਜ਼ ਹਨ।

**(ਪ) ਪ੍ਰਸ਼ਨ :** ਕਾਨਫਰੰਸ ਖਤਮ ਹੋਣ ਤੋਂ ਬਾਅਦ ਦੇ ਸਮੇਂ ਦਾ ਬਿਲ ਕਿਸ ਨੇ ਅਦਾ ਕਰਨਾ ਸੀ।

**ਉੱਤਰ :** ਕਾਨਫਰੰਸ ਦੇ ਪ੍ਰਬੰਧਕਾਂ ਨੇ ਕਾਨਫਰੰਸ ਦੇ ਦਿਨਾਂ ਦਾ ਹੀ ਬਿਲ ਅਦਾ ਕਰਨਾ ਸੀ। ਬਾਅਦ ਦਾ ਬਿਲ ਲੇਖਕਾਂ ਨੂੰ ਆਪ ਹੀ ਭਰਨਾ ਪੈਣਾ ਸੀ। ਵਰਿਆਮ ਸੰਧੂ ਅਤੇ ਉਸ ਦੇ ਸਾਥੀ ਜਿਸ ਹੋਟਲ ਵਿਚ ਠਹਿਰੇ ਹੋਏ ਸਨ, ਉਹ ਹੋਟਲ 'ਨਵਾਇ ਵਕਤ' ਦੇ ਕਾਲਮਨਵੀਸ ਅਬਾਸ ਅਤਹਰ ਦੇ ਦਾਮਾਦ ਦਾ ਸੀ। ਅਬਾਸ ਅਤਹਰ ਜਗਤਾਰ ਦਾ ਕਰੀਬੀ ਮਿਤਰ ਸੀ। ਉਸ ਨੇ ਹੋਟਲ ਵਿਚ ਫੋਨ ਕਰਕੇ ਕਹਿ ਦਿੱਤਾ ਸੀ ਕਿ ਜਗਤਾਰ ਅਤੇ ਉਸਦੇ ਸਾਥੀਆਂ ਤੋਂ ਕੋਈ ਬਿਲ ਨਹੀਂ ਲੈਣਾ। ਉਹ ਉਸ ਦੇ ਮਹਿਮਾਨ ਹਨ। ਅਤਹਰ ਨੇ ਉਨ੍ਹਾਂ ਲਈ ਕੁਝ ਤੋਹਫ਼ੇ ਵੀ ਭੇਜੇ ਸਨ। ਵਿਸੰਗਤੀ ਦੇਖੋ ਕਿ ਇਕ ਤਰਫ਼ ਅਤਹਰ (ਸ਼ਾਹ) ਜਗਤਾਰ ਅਤੇ ਉਸ ਦੇ ਸਾਥੀ ਲੇਖਕਾਂ ਉਪਰ ਆਪਣੀ ਮੁਹੱਬਤ ਲੁਟਾ ਰਿਹਾ ਸੀ ਅਤੇ ਦੂਸਰੀ ਤਰਫ਼ ਉਸ ਦੀ ਅਖ਼ਬਾਰ ਡਟ ਕੇ ਇਸ ਕਾਨਫਰੰਸ ਦੇ ਵਿਰੁੱਧ ਲਿਖ ਰਹੀ ਸੀ।

**(ਫ) ਪ੍ਰਸ਼ਨ :** ਲਾਹੌਰ ਤੋਂ ਭਾਰਤ ਰਵਾਨਾ ਹੋਣ ਸਮੇਂ ਵਰਿਆਮ ਸਿੰਘ ਸੰਧੂ ਦੇ ਮਨ ਵਿਚ ਕਿਹੋ ਜਿਹੇ ਵਿਚਾਰ ਆ ਰਹੇ ਸਨ ?

**ਉੱਤਰ :** ਭਾਰਤ ਨੂੰ ਰਵਾਨਾ ਹੋਣ ਤੋਂ ਪਹਿਲਾਂ ਰਾਤ ਨੂੰ ਵਰਿਆਮ ਸੰਧੂ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਨੂੰ ਇਸ ਗੱਲ ਦਾ ਡੂੰਘਾ ਗ਼ਮ ਸੀ ਕਿ ਅਗਲੀ ਸਵੇਰ ਉਸ ਨੇ ਭਾਰਤ ਵੱਲ ਤੁਰ ਜਾਣਾ ਹੈ। ਲੇਖਕ ਦੇ ਮਨ ਵਿਚ ਇਸ ਯਾਤਰਾ

ਨੂੰ ਲੈ ਕੇ ਕਈ ਗਿਲੇ ਸਨ। ਪਹਿਲਾ ਗਿਲਾ ਇਹ ਸੀ ਕਿ ਉਹ ਪਾਕਿਸਤਾਨ ਵਿਚ ਆ ਕੇ ਵੀ ਆਪਣੇ ਪਿੰਡ ਦਾ ਗੇੜਾ ਨਹੀਂ ਸੀ ਲਾ ਸਕਿਆ। ਉਸ ਦਾ ਪਿਛਲਾ ਪਿੰਡ ਭਡਾਨਾ ਜ਼ਿਲਾ ਲਾਹੌਰ ਵਿਚ ਹੀ ਪੈਂਦਾ ਸੀ। ਇਕ ਗਿਲਾ ਇਹ ਵੀ ਸੀ ਕਿ ਉਸ ਦਾ ਸਾਰਾ ਵਕਤ ਨੱਠ-ਭਜ ਵਿਚ ਹੀ ਲੰਘ ਗਿਆ ਸੀ ਅਤੇ ਉਹ ਕਿਸੇ ਵੀ ਸਥਾਨ ਜਾਂ ਨਗਰ ਨੂੰ ਚੱਜ ਨਾਲ ਵੇਖ ਨਹੀਂ ਸੀ ਸਕਿਆ। ਕਾਨਫਰੰਸ ਸਮੇਂ ਪਾਕਿਸਤਾਨੀ ਅਦੀਬਾਂ ਅਤੇ ਆਮ ਲੋਕਾਂ ਵੱਲੋਂ ਦਿੱਤਾ ਪਿਆਰ ਵੀ ਉਸ ਨੂੰ ਬਾਰ-ਬਾਰ ਯਾਦ ਆ ਰਿਹਾ ਸੀ।

**(ਬ) ਪ੍ਰਸ਼ਨ :** ਹੋਟਲ ਤੋਂ ਚਾਲੇ ਪਾਉਣ ਤੋਂ ਪਹਿਲਾਂ ਲੇਖਕ ਨੇ ਕੀਤਾ ?

**ਉੱਤਰ :** ਲੇਖਕ ਹੋਟਲ ਦੀ ਛੱਤ ਉਪਰ ਜਾ ਚੜ੍ਹਿਆ। ਸੂਰਜ ਅਜੇ ਚੜ੍ਹਿਆ ਨਹੀਂ ਸੀ। ਪੂਰਬ ਦੀ ਦਿਸ਼ਾ ਵਿਚ ਘਸਮੈਲਾ ਜਿਹਾ ਚਾਨਣ ਦਿਖਾਈ ਦੇ ਰਿਹਾ ਸੀ। ਉਚੇ-ਨੀਵੇਂ ਮਕਾਨਾਂ ਦੀਆਂ ਛੱਤਾਂ ਅਤੇ ਮਸੀਤਾਂ ਦੇ ਗੁੰਬਦ ਨਜ਼ਰ ਆ ਰਹੇ ਸਨ। ਲੇਖਕ ਇਸ ਸਾਰੇ ਦ੍ਰਿਸ਼ ਨੂੰ ਆਪਣੀ ਸਿਮ੍ਰਤੀ ਵਿਚ ਪੱਕੀ ਤਰ੍ਹਾਂ ਨਾਲ ਸਾਂਭ ਲੈਣਾ ਚਾਹੁੰਦਾ ਸੀ ਤਾਂ ਜੋ ਬਾਕੀ ਰਹਿੰਦੀ ਉਮਰ ਇਸ ਦ੍ਰਿਸ਼ ਨੂੰ ਆਪਣੀ ਕਲਪਨਾ ਦੁਆਰਾ ਸਾਕਾਰ ਕਰ ਸਕੇ।

**(ਭ) ਪ੍ਰਸ਼ਨ :** ਲਾਹੌਰ ਤੋਂ ਵਾਪਸੀ ਦੀਆਂ ਘਟਨਾਵਾਂ ਨੂੰ ਲੇਖਕ ਨੇ ਕਿਵੇਂ ਬਿਆਨ ਕੀਤਾ ਹੈ ?

**ਉੱਤਰ :** 'ਸਮਝੌਤਾ ਐਕਸਪ੍ਰੈਸ' ਅਟਾਰੀ ਸਟੇਸ਼ਨ ਲਈ ਅੱਠ ਵਜੇ ਸਵੇਰੇ ਚੱਲਣੀ ਸੀ। ਪਰ ਲੇਖਕ ਅਤੇ ਉਸਦੇ ਸਾਥੀ ਸਵੇਰੇ ਛੇ ਵਜੇ ਹੀ ਸਟੇਸ਼ਨ ਉਪਰ ਪਹੁੰਚ ਗਏ। ਕੁਲੀਆਂ ਨੇ ਸਮਾਨ ਸਟੇਸ਼ਨ ਦੇ ਪਲੇਟਫਾਰਮ ਉਪਰ ਪਹੁੰਚਾਉਣ ਲਈ ਤਿੰਨ ਸੌ ਰੁਪਏ ਮੰਗੇ। ਇਕ ਸਿਪਾਹੀ ਦੂਰ ਖੜਾ ਸਭ ਕੁਝ ਵੇਖ ਰਿਹਾ ਸੀ। ਉਸ ਨੇ ਕੁਲੀਆਂ ਨੂੰ ਡਾਂਟਿਆ ਅਤੇ ਲੇਖਕ ਨੂੰ ਕਿਹਾ ਕਿ ਇਨ੍ਹਾਂ ਨੂੰ ਪੰਜਾਹ ਰੁਪਇਆਂ ਤੋਂ ਵੱਧ ਨਹੀਂ ਦੇਣੇ। ਰਾਇ ਅਜ਼ੀਜ਼ਉੱਲਾ ਅਤੇ ਇਲਿਆਸ ਘੁੰਮਣ ਉਨ੍ਹਾਂ ਨੂੰ ਵਿਦਾ ਕਰਨ ਲਈ ਰੇਲਵੇ ਸਟੇਸ਼ਨ ਪਹੁੰਚੇ ਹੋਏ ਸਨ। ਗੁਰਭਜਨ ਗਿੱਲ ਦੇ ਹੱਥ ਵਿਚ ਗੌਰਮਿੰਟ ਕਾਲਜ ਲਾਹੌਰ ਤੋਂ ਲਿਆਂਦਾ ਹੋਇਆ ਇਕ ਪੌਦਾ ਫੜਿਆ ਹੋਇਆ ਸੀ। ਸਾਰੇ ਲੇਖਕ ਇਕ ਖਾਲੀ ਡੱਬੇ ਵਿਚ ਸਵਾਰ ਹੋ ਗਏ ਅਤੇ ਵਾਪਸੀ ਦਾ ਸਫ਼ਰ ਸ਼ੁਰੂ ਹੋ ਗਿਆ।

**(ਮ) ਪ੍ਰਸ਼ਨ :** ਵਾਪਸੀ ਤੇ ਜਗਤਾਰ ਨੂੰ ਪਾਕਿਸਤਾਨ ਫੇਰੀ ਦੀ ਕਿਹੜੀ ਗੱਲ ਯਾਦ ਆ ਰਹੀ ਸੀ ?

**ਉੱਤਰ :** ਜਗਤਾਰ ਨੂੰ ਸਰਦਾ ਖਾਣ ਦਾ ਬਹੁਤ ਸ਼ੌਕ ਸੀ। ਇਕ ਰੇੜ੍ਹੀ ਉਪਰ ਉਸ ਨੇ ਸਰਦੇ ਦੇਖੇ ਤਾਂ ਰੇੜ੍ਹੀ ਵਾਲੇ ਨੂੰ ਇਕ ਪਲੇਟ ਬਣਾਉਣ ਵਾਸਤੇ ਕਿਹਾ। ਜਗਤਾਰ ਸਰਦਾ ਖਾਂਦਾ ਹੋਇਆ ਰੇੜ੍ਹੀ ਵਾਲੇ ਨਾਲ ਗੱਲਾਂ ਕਰਨ ਲੱਗ ਪਿਆ। ਪੁੱਛਣ ਤੇ ਪਤਾ ਚਲਿਆ ਕਿ ਉਹ ਪਿਛੋਂ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ। ਜਗਤਾਰ ਨੇ ਦੱਸਿਆ ਕਿ ਉਹ ਹੁਸ਼ਿਆਰਪੁਰ ਵਿਚ ਪ੍ਰੋਫ਼ੈਸਰ ਲੱਗਾ ਹੋਇਆ ਹੈ। ਜਾਣ ਤੋਂ ਪਹਿਲਾਂ ਜਗਤਾਰ ਨੇ ਉਸ ਤੋਂ ਪੈਸੇ ਪੁੱਛੇ ਤਾਂ ਰੇੜ੍ਹੀ ਵਾਲਾ ਰੋਣ ਲੱਗ ਪਿਆ ਕਿ ਉਹ ਆਪਣੇ ਗਰਾਈਂ ਤੋਂ ਕਿਵੇਂ ਪੈਸੇ ਲੈ ਸਕਦਾ ਹੈ ? ਬਲਕਿ ਉਸ ਨੇ ਕੁਝ ਹੋਰ ਸਰਦੇ ਜਗਤਾਰ ਦੀ ਕਾਰ ਵਿਚ ਰੱਖ ਦਿੱਤੇ। ਏਨੇ ਮਹਿਮਾਨ ਨਿਵਾਜ਼ ਸਨ, ਪਾਕਿਸਤਾਨ ਦੇ ਪੰਜਾਬੀ ਭਰਾ।

................

**ਪ੍ਰਸ਼ਨ :** *'ਵਗਦੀ ਏ ਰਾਵੀ'* ਪੁਸਤਕ ਵਿਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

1. ਵਰਿਆਮ ਸਿੰਘ ਸੰਧੂ ਨੂੰ ਪਾਕਿਸਤਾਨੀ ਵੀਜ਼ੇ ਬਾਰੇ ਕਿਵੇਂ ਖ਼ਬਰ ਲੱਗੀ ?
2. ਲੇਖਕ ਜਲੰਧਰ ਤੋਂ ਅਟਾਰੀ ਬਾਰਡਰ ਉਪਰ ਕਿਵੇਂ ਪਹੁੰਚਿਆ ?
3. ਪਾਕਿਸਤਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਲੇਖਕ ਨੇ ਸਾਹਮਣੇ ਕਿਹੜੀ ਸਮੱਸਿਆ ਆ ਖੜੋਤੀ ਸੀ ?
4. ਵਰਿਆਮ ਸਿੰਘ ਸੰਧੂ ਨੇ ਲਾਹੌਰ ਪਹੁੰਚ ਕੇ ਇਕ ਪੱਤਰਕਾਰ ਨੂੰ ਆਪਣੇ ਭਾਵ ਕਿਵੇਂ ਵਿਅਕਤ ਕੀਤੇ ?
5. ਲਾਹੌਰ ਪਹੁੰਚ ਕੇ ਜਗਤਾਰ ਅਤੇ ਵਰਿਆਮ ਸੰਧੂ ਕਿਸ ਹੋਟਲ ਵਿਚ ਠਹਿਰੇ ਸਨ। ਹੋਟਲ ਉਨ੍ਹਾਂ ਨੂੰ ਕਿਹੋ ਜਿਹਾ ਲੱਗਿਆ ਸੀ ?
6. 'ਆਲਮੀ ਪੰਜਾਬੀ ਕਾਨਫਰੰਸ' ਦਾ ਉਦਘਾਟਨ ਕਿਸ ਦਿਨ ਹੋਇਆ ਸੀ ਅਤੇ ਕਿਸ ਨੇ ਕੀਤਾ ਸੀ ?
7. ਅਮੀਨ ਮਲਿਕ ਅਤੇ ਰਾਣੀ ਮਲਿਕ ਕੌਣ ਸਨ ? ਉਨ੍ਹਾਂ ਦੀ ਵਰਿਆਮ ਸੰਧੂ ਨਾਲ ਕਿਵੇਂ ਸਾਂਝ ਪਈ ਸੀ ?
8. ਇਧਰੋਂ ਡੈਲੀਗੇਸ਼ਨ ਦੇ ਨਾਲ ਗਏ ਡਾ. ਹਰਚਰਨ ਸਿੰਘ ਬਾਰੇ ਲੇਖਕ ਨੇ ਕੀ ਵਿਚਾਰ ਪੇਸ਼ ਕੀਤੇ ਹਨ ?

9. ਦਲੀਪ ਕੌਰ ਟਿਵਾਣਾ ਵਲੋਂ ਉਦਘਾਟਨੀ ਸਮਾਗਮ ਵਿਚ ਪੜ੍ਹੀ ਕਹਾਣੀ ਦਾ ਕਿਹੋ ਜਿਹਾ ਪ੍ਰਭਾਵ ਪਿਆ ?
10. ਦਿੱਲੀ ਦੇ ਹਰਸ਼ਰਨ ਸਿੰਘ ਬੱਲੀ ਨੇ ਪਾਕਿਸਤਾਨ ਵਿਚ ਆਪਣਾ ਪਿੰਡ ਵੇਖਣ ਦੀ ਹਸਰਤ ਨੂੰ ਕਿਵੇਂ ਬਿਆਨ ਕੀਤਾ ?
11. ਲੇਖਕ ਨੇ ਪਾਕਿਸਤਾਨੀ ਵਿਦਵਾਨ ਨਜ਼ਮ ਹੁਸੈਨ ਸਯਦ ਦੀ ਸ਼ਖਸੀਅਤ ਬਾਰੇ ਕੀ ਜਾਣਕਾਰੀ ਦਿੱਤੀ ਹੈ ?
12. ਰਾਇ ਅਜ਼ੀਜ਼ਉੱਲਾ ਨੇ ਆਪਣੇ ਖ਼ਾਨਦਾਨ ਅਤੇ ਪੁਰਾਣੇ ਪਿੰਡ ਰਾਏਕੋਟ ਬਾਰੇ ਕੀ ਜਾਣਕਾਰੀ ਦਿੱਤੀ ?
13. ਡਾ. ਜਗਤਾਰ ਨੇ ਸੂਫ਼ੀ ਦਰਵੇਸ਼ ਬਾਬਾ ਫ਼ਰੀਦ ਦੀ ਦਰਗਾਹ ਪਾਕਪਟਨ ਨਾ ਜਾ ਸਕਣ ਦਾ ਹੇਰਵਾ ਕਿਨ੍ਹਾ ਸ਼ਬਦਾਂ ਵਿਚ ਬਿਆਨ ਕੀਤਾ ?
14. ਗੁਰਦੁਆਰਾ ਡੇਰ੍ਹਾ ਸਾਹਿਬ ਵਿਖੇ ਲੇਖਕ ਨੇ ਗਜਿੰਦਰ ਸਿੰਘ ਨਾਮ ਦੇ ਇਕ ਸ਼ਖ਼ਸ ਨੂੰ ਵੇਖਿਆ। ਉਹ ਕੌਣ ਸੀ ਅਤੇ ਉਥੇ ਕੀ ਕਰ ਰਿਹਾ ਸੀ ?
15. ਸਾਈਂ ਮੀਆਂ ਮੀਰ ਜੀ ਦੀ ਯਾਦਗਾਰ ਉਪਰ ਜਾ ਕੇ ਲੇਖਕ ਨੇ ਕੀ ਮਹਿਸੂਸ ਕੀਤਾ ?

..............

## ਸਹਾਇਕ ਪੁਸਤਕਾਵਲੀ

ਜੀਤ ਸਿੰਘ ਸੀਤਲ, *ਵਾਰਤਕ ਅਤੇ ਵਾਰਤਕ ਸ਼ੈਲੀ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1980.

*ਪੰਜਾਬੀ ਸਾਹਿਤ ਦਾ ਇਤਿਹਾਸ : ਭਾਗ ਦੂਜਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

ਬਲਰਾਜ ਸਾਹਨੀ, *ਮੇਰਾ ਪਾਕਿਸਤਾਨੀ ਸਫ਼ਰਨਾਮਾ*, ਨਵਯੁਗ ਪਬਲਿਸ਼ਰਜ਼ ਦਿੱਲੀ, 1969.

ਬ੍ਰਹਮਜਗਦੀਸ਼ ਸਿੰਘ ਅਤੇ ਰਾਜਬੀਰ ਕੌਰ, *ਪੰਜਾਬੀ ਸਾਹਿਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2007.

ਬ੍ਰਹਮਜਗਦੀਸ਼ ਸਿੰਘ, *ਸਾਹਿਤ ਸੰਕਲਪ ਕੋਸ਼*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012.

ਰਾਜਬੀਰ ਕੌਰ, *ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ : ਸਿੱਧਾਂਤ ਤੇ ਵਿਹਾਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009.

ਰਤਨ ਸਿੰਘ ਜੱਗੀ, *ਸਾਹਿਤ ਦੇ ਰੂਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਵਰਿਆਮ ਸਿੰਘ ਸੰਧੂ, *ਵਗਦੀ ਏ ਰਾਵੀ*, ਸੰਗਮ ਪਬਲੀਕੇਸ਼ਨਜ਼, ਸਮਾਣਾ, 2011.

ਸ਼ੈੱਰੀ ਸਿੰਘ, *ਬਲਰਾਜ ਸਾਹਨੀ : ਜੀਵਨ ਤੇ ਰਚਨਾ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2010.

ਐਮ.ਏ. (ਪੰਜਾਬੀ) ਭਾਗ ਦੂਜਾ | ਪੇਪਰ ਚੌਥਾ
ਸਮੈਸਟਰ-ਚੌਥਾ | (ਆਧੁਨਿਕ ਪੰਜਾਬੀ ਵਾਰਤਕ)

ਪਾਠ ਨੰ: 2.6 | - ਰਾਜਬੀਰ ਕੌਰ

# ਨਰਿੰਦਰ ਸਿੰਘ ਕਪੂਰ ਰਚਿਤ ਪੁਸਤਕ *ਡੂੰਘੀਆਂ ਸਿਖਰਾਂ* : ਪ੍ਰਮੁੱਖ ਸਰੋਕਾਰ

## 2.6.1 ਉਦੇਸ਼

ਨਰਿੰਦਰ ਸਿੰਘ ਕਪੂਰ ਸਾਡਾ ਇਕ ਸਮਕਾਲੀ ਸ਼ਿਰੋਮਣੀ ਲੇਖਕ ਹੈ। ਪਿਛਲੇ ਚਾਰ-ਪੰਜ ਦਹਾਕਿਆਂ ਵਿਚ ਪੂੰਜੀਵਾਦ ਅਤੇ ਤਕਨਾਲੋਜੀ ਨੇ ਮਨੁੱਖੀ ਆਚਾਰ-ਵਿਹਾਰ ਉਪਰ ਜੋ ਪ੍ਰਭਾਵ ਪਾਏ ਹਨ, ਉਨ੍ਹਾਂ ਨੂੰ ਲੇਖਕ ਨੇ ਬੜੀ ਡੂੰਘੀ ਨਜ਼ਰ ਨਾਲ ਵੇਖਿਆ ਹੈ। ਉਹ ਇਕ ਅੰਤਰ-ਅਨੁਸ਼ਾਸਨੀ ਲੇਖਕ ਹੈ। ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਵਿਚ ਉੱਚ-ਡਿਗਰੀਆਂ ਪ੍ਰਾਪਤ ਕਰਨ ਦੇ ਨਾਲ-ਨਾਲ ਉਸਨੇ ਜਨਸੰਚਾਰ ਅਤੇ ਦਰਸ਼ਨ ਸ਼ਾਸਤਰ ਵਿਚ ਵੀ ਪੋਸਟਗਰੈਜੂਏਟ ਡਿਗਰੀਆਂ ਪ੍ਰਾਪਤ ਕਰ ਰੱਖੀਆਂ ਹਨ। ਇਹੀ ਕਾਰਨ ਹੈ ਕਿ ਉਸ ਦੇ ਲੇਖਾਂ ਵਿਚ ਇਨ੍ਹਾਂ ਸਾਰੇ ਅਨੁਸ਼ਾਸਨਾਂ ਵਿਚੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਉਜਾਗਰ ਹੁੰਦੀਆਂ ਰਹਿੰਦੀਆਂ ਹਨ। ਇਸ ਪਾਠ ਵਿਚ ਅਸੀਂ ਪੰਜਾਬੀ ਸਾਹਿੱਤ ਦੇ ਵਿਦਿਆਰਥੀਆਂ ਨੂੰ ਡਾ. ਕਪੂਰ ਦੁਆਰਾ ਉਠਾਏ ਸਰੋਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

## 2.6.2 ਰੂਪ ਰੇਖਾ

'ਡੂੰਘੀਆਂ ਸਿਖਰਾਂ' ਇਕ ਲੇਖ ਸੰਗ੍ਰਹਿ ਹੈ। ਲੇਖ ਵਾਰਤਕ ਦਾ ਇਕ ਅਜਿਹਾ ਰੂਪ ਹੁੰਦਾ ਹੈ, ਜਿਸ ਵਿਚ ਲੇਖਕ ਆਪਣੇ ਵਿਚਾਰਾਂ ਨੂੰ ਕਿਸੇ ਇਕ ਨਿਸ਼ਚਿਤ ਵਿਸ਼ੈ (ਸਰੋਕਾਰ) ਬਾਰੇ ਸੁਗਠਿਤ ਕਰ ਕੇ ਪੇਸ਼ ਕਰਦਾ ਹੈ। ਇਸ ਪੁਸਤਕ ਵਿਚ ਉਸ ਨੇ ਮਨੁੱਖੀ ਆਚਾਰ-ਵਿਹਾਰ ਵਿਚ ਆ ਰਹੇ ਬਦਲਾਵਾਂ ਬਾਰੇ ਆਪਣੇ ਪਾਠਕਾਂ ਨੂੰ ਸੁਚੇਤ ਕੀਤਾ ਹੈ। ਪੂੰਜੀਵਾਦ ਤੋਂ ਵੀ ਅੱਗੇ ਗੁਜ਼ਰ ਕੇ ਅਸੀਂ ਉੱਤਰ-ਪੂੰਜੀਵਾਦ ਤਕ ਵਧ ਗਏ ਹਾਂ। ਸਿੱਟੇ ਵਜੋਂ ਫਿਊਡਲ (ਜਾਗੀਰਦਾਰੀ) ਯੁਗ ਦੀਆਂ ਕਦਰਾਂ-ਕੀਮਤਾਂ ਨਹੀਂ ਬਚੀਆਂ। ਸਾਡੇ ਯੁਗ ਵਿਚ 'ਬਚੇ/ਜ਼ਿੰਦਾ ਰਹਿਣ' (survival) ਦੀ ਪ੍ਰਕਿਰਿਆ ਸੌਖੀ ਨਹੀਂ ਰਹੀ। ਪਿਛਲੇ ਦੌਰ ਵਿਚ ਲੋਕ, ਯੁੱਧ ਜਾਂ ਮਹਾਂਮਾਰੀ ਵਰਗੀਆਂ ਮੁਸੀਬਤਾਂ ਦੇ ਕਾਰਨ ਮਾਰੇ ਜਾਂਦੇ ਸਨ ਪਰ ਅਜ ਵਸੀਲਿਆਂ ਦੀ ਘਾਟ, ਤਿੱਖੀ ਪ੍ਰਤੀਯੋਗਤਾ ਅਤੇ ਹਉਮੈ ਦੇ ਖੰਡਿਤ ਹੋਣ ਦੇ ਕਾਰਨ ਵੀ ਮੌਤ ਦੇ ਮੂੰਹ ਵਿਚ ਪੈਂਦੇ ਜਾ ਰਹੇ ਹਨ। ਮਨੁੱਖ ਨੇ ਮੌਤ ਨੂੰ ਆਪ ਸਹੇੜ ਰੱਖਿਆ ਹੈ। ਇਸ ਸੂਰਤੇਹਾਲ ਵਿਚੋਂ ਬਚ ਨਿਕਲਣ ਲਈ ਸ. ਕਪੂਰ ਨੇ 'ਡੂੰਘੀਆਂ ਸਿਖਰਾਂ' ਵਿਚ 21 ਲੇਖ ਸੰਗ੍ਰਹਿਤ ਕੀਤੇ ਹਨ। ਅਸੀਂ ਆਪਣੇ ਵਿਦਿਆਰਥੀਆਂ ਲਈ ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਪ੍ਰਮੁਖ ਸਰੋਕਾਰਾਂ ਦਾ ਵਿਸ਼ਲੇਸ਼ਣ ਕਰ ਰਹੇ ਹਾਂ।

## 2.6.3 ਭੂਮਿਕਾ

ਪ੍ਰੋ. ਨਰਿੰਦਰ ਸਿੰਘ ਕਪੂਰ ਨੇ ਆਪਣੀ ਇਸ ਪੁਸਤਕ ਦੇ ਮਾਧਿਅਮ ਦੁਆਰਾ ਸਪਸ਼ਟ ਕਰ ਦਿੱਤਾ ਹੈ ਕਿ ਜੀਵਨ ਦੀਆਂ ਉਚ-ਸਿਖਰਾਂ ਉਪਰ ਪਹੁੰਚਣ ਲਈ ਅਸੀਂ ਸਤਹਿ ਤੋਂ ਹੀ ਸ਼ੁਰੂ ਨਹੀਂ ਕਰ ਸਕਦੇ। ਜਿਵੇਂ ਕਿਸੇ ਬਹੁਮੰਜ਼ਲੀ ਇਮਾਰਤ ਦਾ ਨਿਰਮਾਣ ਕਰਨ ਲਈ ਇਸ ਦੀਆਂ ਨੀਹਾਂ ਬਹੁਤ ਡੂੰਘੀਆਂ ਪੁੱਟਣੀਆਂ ਪੈਂਦੀਆਂ ਹਨ, ਇਸੇ ਪ੍ਰਕਾਰ ਮਨੁੱਖੀ ਸਮਾਜ ਦੀਆਂ ਵੱਖ-ਵੱਖ ਟੀਸੀਆਂ ਉਪਰ ਪਹੁੰਚਣ ਲਈ ਵੀ ਸਾਨੂੰ ਆਪਣੇ ਮਨ ਵਿਚ ਡੂੰਘਾ ਉੱਤਰਨਾ ਪੈਂਦਾ ਹੈ। ਮਨ ਵਿਚੋਂ ਲੁਪਤ ਸ਼ਕਤੀ (latent energy) ਹਾਸਲ ਕਰ ਕੇ ਹੀ ਅਸੀਂ ਸਫ਼ਲਤਾ ਦੀਆਂ ਟੀਸੀਆਂ ਨੂੰ ਸਰ ਕਰ ਸਕਦੇ ਹਾਂ। 'ਡੂੰਘੀਆਂ ਸਿਖਰਾਂ' ਇਕ ਪ੍ਰੇਰਨਾ ਭਰਪੂਰ ਪੁਸਤਕ ਹੈ ਜੋ ਪਾਠਕ ਨੂੰ ਹਰ ਪ੍ਰਕਾਰ ਦੀ ਨਕਾਰਾਤਮਕਤਾ ਤੋਂ ਮੁਕਤ ਕਰ ਕੇ ਉਸ ਨੂੰ ਸਕਾਰਾਤਮਕ ਸੋਚ (positive thinking) ਅਪਣਾਉਣ ਦੀ ਪ੍ਰੇਰਨਾ ਦਿੰਦੀ ਹੈ। ਯੁਵਾ-ਪੀੜ੍ਹੀ ਲਈ ਇਸ ਪੁਸਤਕ ਵਿਚ ਪੇਸ਼ ਕੀਤੇ ਸਰੋਕਾਰ ਨਿਹਾਇਤ ਉਪਯੋਗੀ ਸਿੱਧ ਹੋਣਗੇ।

## 2.6.4 ਡੂੰਘੀਆਂ ਸਿਖਰਾਂ : ਪ੍ਰਮੁਖ ਸਰੋਕਾਰ

'ਡੂੰਘੀਆਂ ਸਿਖਰਾਂ' ਵਿਚ ਅਜੋਕੇ ਦੌਰ ਦੀਆਂ ਵਿਸੰਗਤੀਆਂ ਅਤੇ ਅੰਤਰਵਿਰੋਧਾਂ ਨੂੰ ਨਜਿੱਠਣ ਲਈ ਮਨੁੱਖ ਨੂੰ ਕਾਰਗਰ ਉਪਾਅ ਦੱਸੇ ਗਏ ਹਨ। ਲੇਖਕ ਨੇ ਬੜੇ ਵਿਸ਼ਵਾਸਯੋਗ ਢੰਗ ਨਾਲ ਸਮਝਾਇਆ ਹੈ ਕਿ ਆਧੁਨਿਕ ਹੋਣ ਦਾ ਅਰਥ ਪਰੰਪਰਾ ਤੋਂ ਬੇਮੁਖ ਹੋ ਜਾਣਾ ਨਹੀਂ ਬਲਕਿ ਇਸ ਨੂੰ ਆਪਣੇ ਯੁਗ ਦੇ ਮਿਜ਼ਾਜ ਅਨੁਸਾਰ ਵਿਸਤਾਰਨਾ-ਨਿਖਾਰਨਾ ਹੈ। ਨਾਕਾਰਾਤਮਕ ਸੋਚ ਨਾਲ ਅਸੀਂ ਆਪਣੇ ਸਮਕਾਲੀ ਯੁਗ ਨੂੰ ਮੁਖ਼ਾਤਿਬ ਨਹੀਂ ਹੋ ਸਕਦੇ ਬਲਕਿ ਮਨੁੱਖੀ ਜੀਵਨ ਦੇ ਕਿਸੇ ਵੀ ਪੜਾਅ ਵਿਚ ਸਕਾਰਾਤਮਕ ਸੋਚ ਹੀ ਸਾਡੀ ਸਹਾਇਤਾ ਅਤੇ ਅਗਵਾਈ ਕਰ ਸਕਦੀ ਹੈ। ਇਹ ਪੁਸਤਕ ਇਕ ਪ੍ਰਕਾਰ ਦਾ 'ਸਦਾਚਾਰ-ਸੰਹਿਤਾ' (ਸੰਗ੍ਰਹਿ) ਹੈ, ਜਿਸ ਵਿਚ ਪੂੰਜੀਵਾਦੀ ਯੁਗ ਦੇ ਨੈਤਿਕ ਸ਼ਾਸਤਰ (Ethics) ਦਾ ਬੋਧ ਕਰਵਾਇਆ ਗਿਆ ਹੈ।

### 2.6.4.1 ਸਿਦਕ, ਸਿਰੜ ਅਤੇ ਦ੍ਰਿੜ੍ਹਤਾ

ਅਜੋਕੇ ਦੌਰ ਵਿਚ ਸਫ਼ਲਤਾ ਹਾਸਲ ਕਰਨ ਲਈ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਦੀ ਜ਼ਰੂਰਤ ਪੈਂਦੀ ਹੈ। ਪ੍ਰਕਿਰਤੀ/ਪਰਮਾਤਮਾ ਨੇ ਮਨੁਖ ਵਿਚ ਇਹ ਤਿੰਨੇ ਰੁਚੀਆਂ ਜਨਮ ਸਮੇਂ ਹੀ ਪਾ ਦਿੱਤੀਆਂ ਸਨ ਪਰ ਇਨ੍ਹਾਂ ਨੂੰ ਨਿਰੰਤਰ ਪੁਸ਼ਟ ਵੀ ਕਰਨਾ ਪੈਂਦਾ ਹੈ; ਸ੍ਵੈ-ਸੁਝਾਉ (auto-suggestion) ਵਰਗੀਆਂ ਵਿਧੀਆਂ ਦੁਆਰਾ ਨਿਰੰਤਰ ਆਪਣੇ ਆਪ ਨੂੰ ਉਤਸਾਹਿਤ ਅਤੇ ਪ੍ਰੇਰਿਤ ਕਰਨਾ ਪੈਂਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਜੀਵਨ ਵਿਚ ਨਾ ਕੇਵਲ ਕੋਈ ਨਿਸ਼ਾਨਾ ਬਣਾ ਲਵੇ ਬਲਕਿ ਇਸ ਉਪਰ ਸਿਦਕ/ਵਿਸ਼ਵਾਸ ਰੱਖੇ। ਸਿਦਕਦਿਲੀ ਨਾਲ ਹੀ ਔਖੀਆਂ ਮੰਜ਼ਲਾਂ ਨੂੰ ਸਰ ਕੀਤਾ ਜਾ ਸਕਦਾ ਹੈ। ਕਿਸੇ ਵੀ ਨਿਸ਼ਾਨੇ ਦੀ ਪ੍ਰਾਪਤੀ ਲਈ ਵਰ੍ਹਿਆਂ ਬੱਧੀ ਉਸ ਉਪਰ ਪਹਿਰਾ ਦੇਣਾ ਪੈਂਦਾ ਹੈ। ਸੰਘਰਸ਼ ਕਰਨਾ ਪੈਂਦਾ ਹੈ। ਇਸ ਪ੍ਰਕਿਰਿਆ ਨੂੰ 'ਸਿਰੜ' ਦਾ ਨਾਮ ਦਿੱਤਾ ਜਾਂਦਾ ਹੈ। ਖੇਤੀਬਾੜੀ ਕਰਨ ਵਾਲਾ ਕਿਸਾਨ ਕਈ-ਕਈ ਮਹੀਨੇ ਮੌਸਮ ਦੀਆਂ ਬੇਰਹਿਮੀਆਂ ਨੂੰ ਝੇਲਦਾ ਹੈ ਪਰ ਉਹ ਹਿੰਮਤ ਨਹੀਂ ਹਾਰਦਾ ਅਤੇ ਅੰਤ ਉਸ ਨੂੰ 'ਅਨਾਜ ਦੇ ਦਾਣੇ' ਪ੍ਰਾਪਤ ਹੋ ਜਾਂਦੇ ਹਨ। ਦ੍ਰਿੜ੍ਹਤਾ ਦਾ ਅਰਥ ਹੈ ਇਕ ਹੀ ਨਿਸ਼ਾਨੇ ਉਪਰ ਸੁਕੇਂਦ੍ਰਿਤ (focus) ਹੋਏ ਰਹਿਣਾ। ਕਈ ਮਨੁੱਖ ਦੋ-ਚਾਰ ਵਰ੍ਹਿਆਂ ਵਿਚ ਹੀ ਨਿਸ਼ਾਨਾ ਹੱਥ ਨਾ ਆਉਣ ਉਪਰ ਮਾਯੂਸ ਹੋ ਜਾਂਦੇ ਹਨ ਅਤੇ ਕਿਸੇ ਹੋਰ ਨਿਸ਼ਾਨੇ ਦੇ ਪਿੱਛੇ ਲੱਗ ਜਾਂਦੇ ਹਨ। ਅਜਿਹੇ ਕਮਜ਼ੋਰ ਚਰਿਤਰ ਦੇ ਮਾਲਕ ਲੋਕ ਉੱਚੇ ਨਿਸ਼ਾਨਿਆਂ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਹੋ ਜਿਹੇ ਲੋਕਾਂ ਨੂੰ ਪ੍ਰੇਰਿਤ ਕਰਦਾ ਹੋਇਆ ਲੇਖਕ ਲਿਖਦਾ ਹੈ :

> 'ਸਿਦਕ, ਸਿਰੜ ਅਤੇ ਦ੍ਰਿੜ੍ਹਤਾ, ਸਫ਼ਲ ਹੋਣ ਤਕ ਸਫ਼ਲਤਾ ਵਿਚ ਵਿਸ਼ਵਾਸ ਦੇ ਵੱਖ-ਵੱਖ ਨਾਮ ਹਨ। ਜਿਹੜਾ ਹਾਰ ਕੇ ਵੀ ਹਾਰ ਨਾ ਮੰਨੇ, ਉਹ ਸਿਦਕਵਾਨ ਹੈ, ਜੋ ਅਸਫ਼ਲ ਹੋ ਕੇ ਵੀ ਸਫ਼ਲਤਾ ਲਈ ਤਾਂਘ ਰੱਖੇ, ਉਹ ਸਿਰੜੀ ਹੈ ਅਤੇ ਜੋ ਆਪਣੇ ਉਦੇਸ਼ ਦੀ ਪੂਰਤੀ ਲਈ ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਸਾਹਮਣੇ ਡਟਿਆ ਰਹੇ, ਉਹ ਦ੍ਰਿੜ੍ਹ ਇਰਾਦੇ ਵਾਲਾ ਹੈ।...
>
> ਗੁਰੂ ਗੋਬਿੰਦ ਸਿੰਘ ਜੀ ਵਿਚ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਦੇ ਤਿੰਨੇ ਗੁਣ ਸਨ। ਇਸ ਕਾਰਨ ਉਨ੍ਹਾਂ ਦੇ ਹੱਥ ਵਿਚਲੀ ਤਲਵਾਰ ਜਦੋਂ ਲਲਕਾਰ ਬਣ ਕੇ ਉੱਠੀ ਸੀ ਤਾਂ ਕੁਰਬਾਨੀਆਂ ਦੇਣ ਵਾਲੇ ਸਿਰ ਵੀ ਉੱਚੇ ਹੋ ਗਏ ਸਨ। (*ਡੂੰਘੀਆਂ ਸਿਖਰਾਂ*, ਪੰਨਾ 9)

### 2.6.4.2. ਸੁੰਦਰਤਾ ਅਤੇ ਪਿਆਰ

'ਸੋਹਣੇ ਅਤੇ ਪਿਆਰੇ' ਲੇਖ ਵਿਚ ਡਾ. ਕਪੂਰ ਨੇ ਸੁੰਦਰਤਾ ਅਤੇ ਪਿਆਰ ਦੇ ਅੰਤਰ-ਸੰਬੰਧਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਅਨੁਸਾਰ ਸੁੰਦਰਤਾ ਹਰ ਇਕ ਦੇਖਣ ਵਾਲੇ ਨੂੰ ਆਕ੍ਰਸ਼ਿਤ ਕਰਦੀ ਹੈ ਪਰ ਕਿਸੇ ਨਾਲ ਪਿਆਰ ਉਸ ਦੇ ਗੁਣਾਂ ਹੁੰਦਾ ਹੈ। ਡਾ. ਕਪੂਰ ਲਿਖਦਾ ਹੈ :

> ਸੋਹਣਿਆਂ ਨੂੰ ਵੇਖਦੀਆਂ ਅੱਖਾਂ ਹਨ ਪਰ ਖਿੱਚ ਦਿਲ ਨੂੰ ਪੈਂਦੀ ਹੈ। ਪ੍ਰਸੰਨ ਮਨ ਹੁੰਦਾ ਹੈ, ਭਖ਼ਦਾ ਸਰੀਰ ਹੈ ਅਤੇ ਰੱਜਦਾ ਦਿਮਾਗ਼ ਹੈ।
>
> ਲੋਕ ਸੋਹਣੇ, ਨੈਣ-ਨਕਸ਼ਾਂ ਕਰ ਕੇ ਲੱਗਦੇ ਹਨ ਪਰ ਪਿਆਰ ਉਨ੍ਹਾਂ ਦੇ ਗੁਣਾਂ ਨਾਲ ਕੀਤਾ ਜਾਂਦਾ ਹੈ। ਪਿਆਰੇ ਸਾਨੂੰ ਚੰਗੇ ਲੱਗਣ ਕਰ ਕੇ ਸੋਹਣੇ ਪ੍ਰਤੀਤ ਹੁੰਦੇ ਹਨ ਅਤੇ ਸੋਹਣੇ ਆਪਣੀ ਸੁੰਦਰਤਾ ਕਰ ਕੇ ਸਾਨੂੰ ਪਿਆਰੇ ਲੱਭਦੇ ਹਨ। (ਪੰਨਾ 18)

ਲੇਖਕ ਦਾ ਵਿਚਾਰ ਹੈ ਕਿ ਕਿਸੇ ਵੀ ਵਿਅਕਤੀ, ਚੀਜ਼ ਜਾਂ ਸਥਾਨ ਵਿਚ ਸੁੰਦਰਤਾ ਨਹੀਂ ਹੁੰਦੀ। ਸੁੰਦਰਤਾ ਵੇਖਣਾ, ਵੇਖਣ ਵਾਲੇ ਦੇ ਮਨ ਦਾ ਗੁਣ ਹੈ। ਉਸ ਦਾ ਇਹ ਵਿਚਾਰ ਆਦਰਸ਼ਵਾਦੀ ਅਨੁਭਵ ਵਿਚੋਂ ਉਪਜਿਆ ਹੈ। ਉਸ ਦੁਆਰਾ ਰਚਿਤ ਹੋਰ ਸਾਰੇ ਲੇਖਾਂ ਵਾਂਗ ਇਹ ਲੇਖ ਵੀ ਉਸਦੀ ਆਦਰਸ਼ਵਾਦੀ ਬਿਰਤੀ ਦਾ ਸਬੂਤ ਪੇਸ਼ ਕਰਦਾ ਹੈ, ਹਾਲਾਂਕਿ ਆਦਰਸ਼ਵਾਦੀ ਚਿੰਤਨ ਅਜ ਦੇ ਯੁਗ ਵਿਚ ਬਹੁਤਾ ਪ੍ਰਾਸੰਗਿਕ ਨਹੀਂ ਰਿਹਾ। ਪਿਆਰੇ ਵਿਅਕਤੀ ਦੇ ਲੱਛਣ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ ਕਿ ਅਜਿਹੇ ਵਿਅਕਤੀ ਨਾਲ ਅਸੀਂ ਹਰ ਗੱਲ ਸਾਂਝੀ ਕਰ ਸਕਦੇ ਹਾਂ। ਪਿਆਰ ਇਕ ਅਜਿਹਾ ਰਿਸ਼ਤਾ ਹੈ ਜੋ ਮਨੁੱਖੀ ਮਨ ਉਪਰੋਂ ਹਉਮੈ ਦੀ ਮੈਲ ਧੋ ਦਿੰਦਾ ਹੈ। ਸੋਹਣੇ ਅਤੇ ਪਿਆਰੇ ਵਿਅਕਤੀ ਦੇ ਸਨਮੁਖ ਅਸੀਂ ਆਪਣਾ ਸਭ ਕੁਝ ਅਰਪਿਤ ਕਰ ਦਿੰਦੇ ਹਾਂ। ਉਸ ਨੂੰ ਆਪਣੇ ਨਾਲੋਂ ਚੰਗਾ ਅਤੇ ਉੱਚਾ ਤਸਲੀਮ (ਪ੍ਰਵਾਨ) ਕਰ ਲੈਂਦੇ ਹਾਂ। ਇਸ ਤਰ੍ਹਾਂ ਕਰਨ ਨਾਲ ਸਾਡਾ ਮਨ ਅਤੇ ਹਿਰਦੈ ਸਵੱਛ ਹੋ ਜਾਂਦਾ ਹੈ।

ਲੇਖਕ ਦਾ ਵਿਚਾਰ ਹੈ ਕਿ ਕੇਵਲ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਵਿਅਕਤੀ ਹੀ ਪਿਆਰ ਕਰ ਸਕਦੇ ਹਨ। ਕਮਜ਼ੋਰ ਅਤੇ ਬੀਮਾਰ ਲੋਕ ਪਿਆਰ ਨਹੀਂ ਕਰ ਸਕਦੇ। ਸ਼ਾਇਦ ਲੇਖਕ ਪਿਆਰ ਨੂੰ ਕਾਮ-ਸੰਬੰਧਾਂ ਦੇ ਹਵਾਲੇ ਨਾਲ ਵੇਖ ਰਿਹਾ ਹੈ। ਅਧਿਆਤਮਕ ਕਿਸਮ ਦੇ ਪਿਆਰ ਵਿਚ ਕਮਜ਼ੋਰੀ ਜਾਂ ਬੀਮਾਰੀ ਕੋਈ ਰੁਕਾਵਟ ਨਹੀਂ ਬਣਦੀ। ਲੇਖਕ ਦਾ ਇਕ ਹੋਰ ਵਿਚਾਰ ਵੀ ਵਿਵਾਦਮਈ ਹੈ

ਕਿ ਚੰਗੇ, ਪਿਆਰੇ ਅਤੇ ਸੋਹਣੇ ਵਿਅਕਤੀ ਅਕਸਰ ਦੁੱਖ ਪਾਉਂਦੇ ਹਨ। ਉਹ ਲਿਖਦਾ ਹੈ, "ਜਿਨ੍ਹਾਂ ਨੂੰ ਦੁਖਾਂ ਵਿਚੋਂ ਲੰਘਣਾ ਪੈਂਦਾ ਹੈ, ਉਹ ਵਿਸ਼ਾਲ ਅਤੇ ਮਿੱਠੇ ਹੋ ਜਾਂਦੇ ਹਨ। ਦੁਖਾਂ ਵਿਚੋਂ ਹੀ ਮਹਾਨ ਵਿਅਕਤੀਆਂ, ਅਮਰ ਰਚਨਾਵਾਂ, ਸਦਾ ਟੁੰਬਦੇ ਰਹਿਣ ਵਾਲੇ ਗੀਤਾਂ ਦਾ ਜਨਮ ਹੁੰਦਾ ਹੈ।" (ਪੰਨਾ 22) ਇਨ੍ਹਾਂ ਪੰਕਤੀਆਂ ਵਿਚ ਲੇਖਕ ਦਾ ਰੋਮਾਂਸਵਾਦ ਝਲਕ ਰਿਹਾ ਹੈ। ਲੇਖ ਦੇ ਅੰਤ ਵਿਚ ਡਾ. ਕਪੂਰ ਵਿਚ ਸੁਝਾਉ ਦਿੰਦਾ ਹੈ, "ਆਪਣੇ ਗੁਣ ਪਛਾਣੋ। ਆਪਣਾ ਮੁੱਲ, ਆਪਣੇ ਗੁਣਾਂ ਅਤੇ ਯੋਗਤਾ ਨਾਲ ਪੁਆਓ। ਤੁਹਾਡੇ ਗੁਣ ਤੁਹਾਨੂੰ ਹਰਮਨ ਪਿਆਰਾ ਬਣਾਉਣਗੇ ਅਤੇ ਤੁਹਾਨੂੰ ਆਪਣੇ ਸੋਹਣੇ ਹੋਣ ਦਾ ਭਰਪੂਰ ਅਹਿਸਾਸ ਹੋਵੇਗਾ।" (ਪੰਨਾ 25)

**2.6.4.3. ਕਾਰਨ-ਕਾਰਜ ਵਿਚ ਸੁਮੇਲ**

ਆਧੁਨਿਕ ਪੂੰਜੀਵਾਦੀ ਯੁਗ ਵਿਚ ਜੰਮਿਆ-ਪਲਿਆ ਹੋਣ ਕਾਰਨ ਲੇਖਕ ਦੀ ਸੋਚ ਵਿਗਿਆਨਕ ਬਣ ਗਈ ਹੈ। ਉਸ ਨੂੰ ਇਸ ਤੱਥ ਦਾ ਬੜਾ ਤੀਬਰ ਅਹਿਸਾਸ ਹੈ ਕਿ ਹਰ ਘਟਨਾ ਦਾ ਕੋਈ-ਨਾ-ਕੋਈ ਕਾਰਨ ਹੁੰਦਾ ਹੈ। ਕੋਈ ਵੀ ਘਟਨਾ ਦੈਵੀ ਇੱਛਾ ਜਾਂ ਕਿਸਮਤ ਦੇ ਪ੍ਰਕੋਪ ਦੁਆਰਾ ਨਹੀਂ ਵਾਪਰਦੀ। ਇਸ ਪ੍ਰਕਾਰ ਉਹ ਆਪਣੇ ਪਾਠਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦੀ ਪ੍ਰੇਰਨਾ ਕਰਦਾ ਹੈ। ਰਵਾਇਤੀ ਲੋਕਾਂ ਨੂੰ ਉਨ੍ਹਾਂ ਦੇ ਕਾਰ-ਵਿਹਾਰ ਪ੍ਰਤੀ ਸਚੇਤ ਕਰਦਾ ਹੋਇਆ ਉਹ ਲਿਖਦਾ ਹੈ, "ਅਸੀਂ ਬਹੁਤ ਕੁਝ ਅਜਿਹਾ ਕਰਦੇ ਹਾਂ ਅਤੇ ਕਰੀ ਜਾਂਦੇ ਹਾਂ ਪਰੰਤੂ ਅਸੀਂ ਆਪਣੇ ਕਾਰਜਾਂ ਦੇ ਕਾਰਨਾਂ ਪ੍ਰਤੀ ਸਚੇਤ ਨਹੀਂ ਹੁੰਦੇ।" (ਪੰਨਾ 26) 'ਇਵੇਂ ਕਿਉਂ ਹੁੰਦਾ ਹੈ ਲੇਖ ਵਿਚ ਉਹ ਮਨੁੱਖੀ ਜੀਵਨ ਦੇ ਕਈ ਜਟਿਲ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਸਿੱਧ ਕਰਦਾ ਹੈ ਕਿ ਸਾਡੀ ਹਰ ਧਾਰਨਾ ਦੇ ਪਿਛੇ ਕੁਝ ਠੋਸ ਜਾਂ ਵਿਗਿਆਨਕ ਕਾਰਨ ਕਾਰਜਸ਼ੀਲ ਹੁੰਦੇ ਹਨ।

ਲੇਖਕ ਪਿਆਰ ਨੂੰ ਜ਼ਿੰਦਗੀ ਦੀ ਮੂਲ ਪ੍ਰੇਰਕ ਸ਼ਕਤੀ ਮੰਨਦਾ ਹੈ। ਪਿਆਰ ਕਿਸੇ ਵੀ ਵਿਅਕਤੀ ਦਾ ਰੂਪਾਂਤਰਣ ਕਰ ਦਿੰਦਾ ਹੈ। ਪਰ ਪਿਆਰ ਦੀ ਵਿਡੰਬਨਾ ਇਹ ਹੈ ਕਿ ਪਿਆਰ-ਵਿਆਹ ਅਕਸਰ ਹੀ ਅਸਫ਼ਲ ਹੋ ਜਾਂਦੇ ਹਨ। ਇਹ ਰਹੱਸ ਦਾ ਉਦਘਾਟਨ ਕਰਦਾ ਹੋਇਆ ਉਹ ਲਿਖਦਾ ਹੈ ਕਿ ਪਿਆਰ-ਵਿਆਹਾਂ ਵਿਚ ਰਿਸ਼ਤਾ ਪੁਰਾਣਾ ਹੁੰਦਾ ਹੈ। ਮਰਦ ਅਤੇ ਔਰਤ ਇਕ-ਦੂਜੇ ਨੂੰ ਵਿਆਹ ਤੋਂ ਕਾਫ਼ੀ ਸਮਾਂ ਪਹਿਲਾਂ ਜਾਣਦੇ ਹੁੰਦੇ ਹਨ। ਇਸ ਕਾਰਨ ਦੋਹਾਂ ਦੇ ਦਰਮਿਆਨ ਕੋਈ ਨਵੀਨਤਾ, ਉਤਸੁਕਤਾ ਜਾਂ ਅਚੰਭਾ ਨਹੀਂ ਰਹਿੰਦਾ। ਇਸ ਸੂਰਤ ਵਿਚ ਮਰਦ-ਔਰਤ ਛੇਤੀ ਹੀ ਇਕ ਦੂਜੇ ਤੋਂ ਉਪਰਾਮ (ਬੋਰ) ਹੋ ਜੋਂਦ ਹਨ। ਉਪਰਾਮਤਾ ਦੀ ਵਜ੍ਹਾ ਨਾਲ ਛੋਟੀ-ਛੋਟੀ ਗੱਲ ਉਤੇ ਝਗੜੇ ਹੋਣ ਲੱਗਦੇ ਹਨ ਅਤੇ ਆਖਰ ਇਹ ਰਿਸ਼ਤਾ ਸਮਾਪਤ ਹੋ ਜਾਂਦਾ ਹੈ। ਲੇਖਕ ਰਵਾਇਤੀ ਵਿਆਹ ਦੀਆਂ ਰਸਮਾਂ ਨੂੰ ਮਧਕਾਲੀ ਕਬੀਲਾ ਯੁਗ ਨਾਲ ਜੋੜ ਕੇ ਵੇਖਦਾ ਹੈ। ਲਾੜੇ ਦਾ ਹੱਥ ਵਿਚ ਤਲਵਾਰ ਫੜ ਕੇ, ਘੋੜੀ ਉਪਰ ਸਵਾਰ ਹੋ ਕੇ ਬਹੁਤ ਸਾਰੇ ਬਾਰਾਤੀਆਂ ਦੀ ਫ਼ੌਜ ਨਾਲ ਦਨਦਨਾਉਂਦੇ ਹੋਏ ਆਉਣਾ ਅਤੇ ਅੱਗੋਂ ਕੁੜੀ ਵਾਲਿਆਂ ਦਾ ਤੋਹਫ਼ੇ ਵਗੈਰਾ ਲੈ ਕੇ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਮਿਲਣਾ, ਮਧਕਾਲੀਨ ਯੁਗ ਵਿਚ ਹੋਣ ਵਾਲੀਆਂ ਲੜਾਈਆਂ ਦਾ ਹੀ ਇਕ ਪ੍ਰਤੀਕ ਹੈ। ਪਰ ਕੀ ਇਨ੍ਹਾਂ ਰਸਮਾਂ ਨੂੰ ਛੱਡ ਦੇਣਾ ਚਾਹੀਦਾ ਹੈ, ਇਸ ਬਾਰੇ ਲੇਖਕ ਕੁਝ ਨਹੀਂ ਦੱਸਦਾ ? ਅਸਲ ਵਿਚ ਲੇਖਕ ਯਥਾਸਥਿਤੀਵਾਦ ਦਾ ਸਮਰਥਕ ਹੈ। ਉਹ ਕੋਈ ਕ੍ਰਾਂਤੀਕਾਰੀ (ਰੈਡੀਕਲ) ਚਿੰਤਕ ਨਹੀਂ ਹੈ। ਉਹ ਇਸਤ੍ਰੀ ਅਤੇ ਪੁਰਸ਼ ਦੇ ਸੁਭਾਵਾਂ ਦਾ ਸਰਲੀਕਰਣ ਕਰ ਕੇ ਆਪਣੀ 'ਸਿੱਧੜ ਬਿਰਤੀ' ਦਾ ਪਰਿਚਯ ਦੇਣੋਂ ਵੀ ਸੰਕੋਚ ਨਹੀਂ ਕਰਦਾ।

**2.6.4.4. ਯੋਗਤਾ ਅਤੇ ਸਮਰੱਥਾ**

ਯੋਗਤਾ ਅਤੇ ਸਮਰੱਥਾ ਤੋਂ ਬਿਨਾਂ ਕੋਈ ਵਿਅਕਤੀ ਆਪਣੇ ਜੀਵਨ ਵਿਚ ਸਫ਼ਲ ਨਹੀਂ ਹੋ ਸਕਦਾ। ਯੋਗਤਾ ਅਤੇ ਸਮਰੱਥਾ ਅੰਤਰ-ਸੰਬੰਧਿਤ ਹਨ। ਯੋਗਤਾ ਦਾ ਸੰਬੰਧ ਮਨੁੱਖ ਦੇ ਮਨ ਨਾਲ ਹੈ ਅਤੇ ਸਮਰੱਥਾ, ਸਰੀਰ ਨਾਲ ਸੰਬੰਧ ਰੱਖਦੀ ਹੈ। ਕੋਈ ਵੀ ਮਹਤਵਪੂਰਨ ਕੰਮ ਕਰਨ ਸਮੇਂ ਮਨ ਅਤੇ ਤਨ ਦਾ ਸੁਮੇਲ ਜ਼ਰੂਰੀ ਹੁੰਦਾ ਹੈ। ਲੇਖਕ ਅਨੁਸਾਰ ਸਾਡੇ ਸਮਾਜ ਵਿਚ 'ਬਾਣੀਆਂ' ਇਸ ਕਾਰਨ ਧਨਵਾਨ ਹੁੰਦਾ ਹੈ ਕਿਉਂਕਿ ਉਸ ਵਿਚ ਧਨ ਕਮਾਉਣ ਅਤੇ ਜੋੜਨ ਦੀ ਯੋਗਤਾ ਅਤੇ ਸਮਰੱਥਾ ਹੁੰਦੀ ਹੈ। ਉਸਦੀ ਤੁਲਨਾ ਵਿਚ ਇਕ 'ਕਿਸਾਨ' ਹਮੇਸ਼ਾ ਥੁੜਿਆ ਰਹਿੰਦਾ ਹੈ ਕਿਉਂਕਿ ਉਸ ਵਿਚ ਇਹ ਦੋਵੇਂ ਗੁਣ ਨਹੀਂ ਹੁੰਦੇ। ਆਪਣੇ ਵਿਚਾਰਾਂ ਦਾ ਸਾਧਾਰਣੀਕਰਨ ਕਰਦਾ ਹੋਇਆ ਉਹ ਲਿਖਦਾ ਹੈ :

> ਸਥਾਪਤ ਹੋ ਚੁਕੀ ਯੋਗਤਾ ਨੂੰ ਸਮਰੱਥਾ ਕਹਿੰਦੇ ਹਨ ਜਦੋਂ ਕਿ ਅਮਲ ਵਿਚ ਲਿਆਂਦੀ ਸਮਰੱਥਾ ਯੋਗਤਾ ਅਖਵਾਉਂਦੀ ਹੈ। ਯੋਗਤਾ ਅਤੇ ਸਮਰੱਥਾ ਦੋਹਾਂ ਦਾ ਆਧਾਰ, ਸਿਆਣਪ ਨਾਲ ਅਤੇ ਸਪਸ਼ਟ ਉਦੇਸ਼ ਅਧੀਨ ਕੀਤੀ ਮਿਹਨਤ ਹੁੰਦੀ ਹੈ। ਇਨ੍ਹਾਂ ਗੁਣਾਂ ਵਿਚੋਂ ਸਫ਼ਲਤਾ ਉਪਜਦੀ ਹੈ। (ਪੰਨਾ 36)

ਸਫ਼ਲ ਹੋਣ ਵਾਲੇ ਵਿਅਕਤੀਆਂ ਦੀ ਸੋਚ ਹਾਂ ਪੱਖੀ ਹੁੰਦੀ ਹੈ ਜਦੋਂ ਕਿ ਅਸਫ਼ਲ ਲੋਕ ਨਾਂਹਪੱਖੀ ਸੋਚ ਦੇ ਧਾਰਨੀ ਹੁੰਦੇ ਹਨ। ਸਫ਼ਲ ਹੋਣ ਵਾਲੇ ਵਿਅਕਤੀਆਂ ਦੀ ਕਾਰਗੁਜ਼ਾਰੀ ਵਿਚ ਇਕਸੁਰਤਾ ਅਤੇ ਨਿਰੰਤਰਤਾ ਹੁੰਦੀ ਹੈ। ਉਹ ਹਰ ਸਥਿਤੀ ਵਿਚ ਗੰਭੀਰ ਅਤੇ ਸ਼ਾਂਤ ਬਣੇ ਰਹਿੰਦੇ ਹਨ ਪਰੰਤੂ ਅਸਫ਼ਲ ਹੋਣ ਵਾਲੇ ਵਿਅਕਤੀ ਹਰ ਸਮੇਂ ਗੁੱਸੇ ਅਤੇ ਤਣਾਉ ਵਿਚ ਰਹਿੰਦੇ ਹਨ। ਉਹ ਕੋਈ

ਵੀ ਕੰਮ ਕਰਨ ਤੋਂ ਪਹਿਲਾਂ ਬਹਿਸ ਕਰਨ ਲੱਗਦੇ ਹਨ ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਵਿਚ ਲੱਗ ਜਾਂਦੇ ਹਨ ਕਿ ਇਹ ਕੰਮ ਉਨ੍ਹਾਂ ਦਾ ਨਹੀਂ ਹੈ। ਸੋ ਇਹ ਕੰਮ ਉਹ ਕਿਉਂ ਕਰਨ ? ਸਿੱਟੇ ਵਜੋਂ ਉਹ ਕਿਸੇ ਵੀ ਕੰਮ ਵਿਚ ਸਫ਼ਲ ਨਹੀਂ ਹੋ ਪਾਉਂਦੇ। ਯੋਗ ਅਤੇ ਸਮਰੱਥ ਵਿਅਕਤੀ ਬਣਨ ਵਾਸਤੇ ਚੰਗੀਆਂ ਪੁਸਤਕਾਂ ਦਾ ਅਧਿਐਨ ਬਹੁਤ ਜ਼ਰੂਰੀ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਨਹੀਂ ਹੁੰਦੀ, ਉਨ੍ਹਾਂ ਵਿਚ ਕੋਈ ਪਛਾਣਨਯੋਗ ਯੋਗਤਾ ਨਹੀਂ ਉੱਸਰ ਸਕਦੀ। ਪੁਸਤਕਾਂ ਸਾਡੇ ਵਿਚ ਜ਼ਿੰਮੇਵਾਰੀ ਦੀ ਭਾਵਨਾ ਸਿਰਜਦੀਆਂ ਹਨ। ਸਾਨੂੰ ਸਰਬੱਤ ਦਾ ਭਲਾ ਸੋਚਣਾ ਸਿਖਾਉਂਦੀਆਂ ਹਨ। ਲੇਖਕ ਅਨੁਸਾਰ ਬਹਾਦਰੀ, ਅਸੂਲਪ੍ਰਸਤੀ ਅਤੇ ਸੁਹਿਰਦਤਾ, ਯੋਗ ਅਤੇ ਸਮਰੱਥ ਵਿਅਕਤੀਆਂ ਦੇ ਸਦੀਵੀ ਗੁਣ ਹੁੰਦੇ ਹਨ।

**2.6.4.5. ਧਨ-ਦੌਲਤ**

ਅਜੋਕੇ ਪੂੰਜੀਵਾਦੀ ਯੁਗ ਵਿਚ ਧਨ-ਦੌਲਤ ਸਭ ਤੋਂ ਵੱਧ ਮਹਤਵਪੂਰਨ ਹੈ। ਰਿਸ਼ਤੇ-ਨਾਤੇ ਅਤੇ ਕਦਰਾਂ-ਕੀਮਤਾਂ ਪੂੰਜੀ ਦੀ ਕਸੌਟੀ ਨਾਲ ਪਰਖੀਆਂ ਜਾਣ ਲੱਗੀਆਂ ਹਨ। ਇਸ ਕਾਰਨ ਰਵਾਇਤੀ ਸੋਚ ਦੇ ਧਾਰਨੀ ਲੋਕ ਪੂੰਜੀਵਾਦ ਨੂੰ ਮਨੁੱਖੀ ਜੀਵਨ ਦਾ ਇਕ ਬੁਰਾ ਅਧਿਆਇ ਮੰਨਣ ਲੱਗੇ ਹਨ। ਪਰ ਪੂੰਜੀ ਤੋਂ ਬਿਨਾਂ ਕਿਸੇ ਵੀ ਵਿਅਕਤੀ ਦਾ ਨਹੀਂ ਸਰਦਾ। ਮਧਕਾਲ (ਜਾਗੀਰਦਾਰੀ ਵਿਵਸਥਾ) ਵਾਂਗ ਹੁਣ ਚੀਜ਼ਾਂ ਵਟਾਂਦਰੇ ਵਿਚ ਨਹੀਂ ਮਿਲਦੀਆਂ ਬਲਕਿ ਹਰ ਚੀਜ਼ ਪ੍ਰਾਪਤ (ਖਰੀਦਣ) ਲਈ ਪੂੰਜੀ ਦੀ ਜ਼ਰੂਰਤ ਪੈਂਦੀ ਹੈ। 'ਪੈਸੇ' ਦੇ ਮਹਤਵ ਨੂੰ ਬਿਆਨ ਕਰਦਾ ਹੋਇਆ ਡਾ. ਕਪੂਰ ਲਿਖਦਾ ਹੈ :

> ਧਰਤੀ ਉਤੇ ਜੀਵਨ ਨੂੰ ਚਲਾਉਂਦਾ ਤਾਂ ਸੂਰਜ ਹੈ ਪਰ ਘੁਮਾਉਂਦਾ ਪੈਸਾ ਹੈ। ਜਦੋਂ ਪੈਸਾ ਬੋਲਦਾ ਹੈ, ਸਾਰੇ ਧਿਆਨ ਨਾਲ ਸੁਣਦੇ ਹਨ। ਸਮਾਜਿਕ ਜੀਵਨ ਲਈ ਪੈਸਾ ਆਕਸੀਜਨ (ਦਾ ਕੰਮ ਕਰਦਾ) ਹੈ। ਪੈਸਾ ਮਨੁੱਖ ਦਾ ਤੀਜਾ ਨੇਤਰ ਹੈ। ਜਦੋਂ ਤਕ ਇਹ ਨਹੀਂ ਖੁਲ੍ਹਦਾ, ਬਾਕੀ ਦੇ ਨੇਤਰ ਵੀ ਕੰਮ ਨਹੀਂ ਕਰਦੇ।
>
> (ਪੰਨਾ 44)

ਸਾਡੇ ਦੇਸ਼ ਵਿਚ ਪੈਸੇ ਦੇ ਮਹਤਵ ਬਾਰੇ ਅੰਤਰਵਿਰੋਧੀ ਵਿਚਾਰ ਪ੍ਰਚਲਿਤ ਹਨ। ਲੋਕ ਉਪਰੋਂ-ਉਪਰੋਂ ਤਾਂ ਪੈਸੇ ਨਾਲ ਸੰਬੰਧਿਤ ਮਾਨਸਿਕਤਾ ਦੀ ਨਿੰਦਾ ਕਰਦੇ ਹਨ ਪਰ ਅੰਦਰਖਾਤੇ ਹਰ ਕੋਈ ਪੈਸੇ ਲਈ ਵਿਆਕੁਲ ਰਹਿੰਦਾ ਹੈ। ਪੈਸੇ ਦੇ ਵਿਰੋਧ ਦਾ ਕਾਰਨ ਸਾਡੀ ਧਾਰਮਿਕ ਪ੍ਰਣਾਲੀ ਹੈ। ਭਾਰਤੀ ਧਰਮਾਂ ਵਿਚ ਪੈਸੇ ਨੂੰ 'ਮਾਇਆ' ਕਹਿ ਕੇ ਇਸ ਨੂੰ ਅਰਥਹੀਨ ਸਿੱਧ ਕੀਤਾ ਗਿਆ ਹੈ। ਜਿਹੜੇ ਲੋਕ ਧਰਮ ਦੀਆਂ ਅਜਿਹੀਆਂ ਦਲੀਲਾਂ ਨੂੰ ਸਚੇ ਮਨੋਂ ਸਵੀਕਾਰ ਕਰ ਲੈਂਦੇ ਹਨ, ਉਹ ਗ਼ਰੀਬ ਹੋ ਜਾਂਦੇ ਹਨ ਅਤੇ ਸਮਾਜ ਵਿਚ ਉਨ੍ਹਾਂ ਦੀ ਪੁੱਛ-ਪ੍ਰਤੀਤ ਵੀ ਘਟ ਜਾਂਦੀ ਹੈ। ਗ਼ਰੀਬੀ ਬੜਾ ਦੁਖਦਾਈ ਅਨੁਭਵ ਹੈ। ਗ਼ਰੀਬਾਂ ਦਾ ਕੋਈ ਮਿੱਤਰ ਜਾਂ ਰਿਸ਼ਤੇਦਾਰ ਨਹੀਂ ਹੁੰਦਾ। ਗ਼ਰੀਬ ਲੋਕ ਬੌਧਿਕ ਵਿਕਾਸ ਵੀ ਨਹੀਂ ਕਰ ਸਕਦੇ। ਲੇਖਕ ਅਨੁਸਾਰ ਨਰਕ ਦਾ ਦੂਜਾ ਨਾਮ ਗ਼ਰੀਬੀ ਹੈ।

ਸਮਾਜਿਕ ਦਰਜੇ ਨਿਰਧਾਰਿਤ ਕਰਨ ਵਿਚ ਪੈਸੇ ਦੀ ਨਿਰਣਾਇਕ ਭੂਮਿਕਾ ਰਹਿੰਦੀ ਹੈ। ਸਮਾਜ ਦੇ ਸਭ ਤੋਂ ਹੇਠਲੇ ਦਰਜੇ ਤੇ ਉਹ ਲੋਕ ਹੁੰਦੇ ਹਨ, ਜਿਨ੍ਹਾਂ ਪਾਸ ਬਿਲਕੁਲ ਵੀ ਪੈਸਾ ਨਹੀਂ ਹੁੰਦਾ ਜਿਵੇਂ : ਮੰਗਤੇ ਅਤੇ ਗ਼ੁਲਾਮ ਲੋਕ। ਇਸ ਤੋਂ ਉਪਰ ਦਿਹਾੜੀਦਾਰ ਅਤੇ ਮਜ਼ਦੂਰ ਆਦਿ ਆ ਜਾਂਦੇ ਹਨ। ਤੀਜੇ ਦਰਜੇ ਉਪਰ ਦੁਕਾਨਦਾਰ ਅਤੇ ਛੋਟੀਆਂ ਨੌਕਰੀਆਂ ਵਾਲੇ ਮਧ ਸ਼੍ਰੇਣਿਕ ਲੋਕ ਆ ਜਾਂਦੇ ਹਨ। ਚੌਥੇ ਪੜਾਉ ਉਪਰ ਉਚ-ਅਫ਼ਸਰ, ਵਪਾਰੀ ਅਤੇ ਹਾਕਮ ਜਮਾਤ ਦੇ ਨੇੜੇ ਰਹਿਣ ਵਾਲੇ ਵੱਡੇ ਜ਼ਿਮੀਦਾਰ ਆ ਜਾਂਦੇ ਹਨ। ਸਭ ਤੋਂ ਉਪਰਲੇ (ਪੰਜਵੇਂ) ਪੜਾਅ ਉਪਰ ਵੱਡੇ ਉਦਯੋਗਪਤੀ, ਸੱਤਾਧਾਰੀ ਅਤੇ ਸਿਆਸਤਦਾਨ ਆਦਿ ਆ ਜਾਂਦੇ ਹਨ। ਇਹ ਪੈਸੇ ਦੇ ਸਰੋਤਾਂ ਉਪਰ ਕਾਬਜ਼ ਹੁੰਦੇ ਹਨ ਅਤੇ ਕੋਈ ਵੀ ਦੇਸ਼ ਇਨ੍ਹਾਂ ਦੇ ਇਸ਼ਾਰਿਆਂ ਉਪਰ ਚਲਦਾ ਹੈ। ਲੇਖਕ ਇਹ ਸੰਦੇਸ਼ ਦਿੰਦਾ ਹੈ ਕਿ ਪੈਸੇ ਪਿੱਛੇ ਪਾਗ਼ਲ ਹੋਣ ਦੀ ਲੋੜ ਨਹੀਂ। ਪਰੰਤੂ ਪੈਸੇ ਬਾਰੇ ਬੇਪਰਵਾਹ ਜਾਂ ਅਵੇਸਲਾ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਪੈਸਾ ਮਨੁੱਖ ਦੀ ਬੁਨਿਆਦੀ ਜ਼ਰੂਰਤ ਹੈ।

**2.6.4.6. ਸੇਵਾ, ਸਹਿਯੋਗ ਅਤੇ ਸਹਾਇਤਾ**

ਸੇਵਾ, ਸਹਿਯੋਗ ਅਤੇ ਸਹਾਇਤਾ ਕਿਸੇ ਮਨੁੱਖ ਦੇ ਬੁਨਿਆਦੀ ਗੁਣ-ਲੱਛਣ ਹੁੰਦੇ ਹਨ। ਹਰ ਮਨੁੱਖ ਇਕ ਸਮਾਜਿਕ ਇਕਾਈ ਹੁੰਦਾ ਹੈ। ਸਮਾਜ ਦਾ ਸੰਚਾਲਨ ਸੇਵਾ ਅਤੇ ਸਹਿਯੋਗ ਨਾਲ ਹੀ ਹੁੰਦਾ ਹੈ। ਜੇ ਕਿਸੇ ਸਮਾਜ ਵਿਚ ਰਹਿਣ ਵਾਲੇ ਲੋਕ ਇਨ੍ਹਾਂ ਬੁਨਿਆਦੀ ਗੁਣਾਂ-ਲੱਛਣਾਂ ਨੂੰ ਛੱਡ ਦੇਣ ਤਾਂ ਉਸ ਸਮਾਜ ਵਿਚ ਅਰਾਜਕਤਾ ਫੈਲ ਜਾਵੇਗੀ ਅਤੇ ਉਹ ਸਮਾਜ ਸਿਖਰ ਜਾਵੇਗਾ। ਅਜੋਕੇ ਪੂੰਜੀਵਾਦੀ ਯੁਗ ਵਿਚ ਹਰ ਮਨੁੱਖ ਇਕੱਲਾ ਹੁੰਦਾ ਜਾ ਰਿਹਾ ਹੈ। ਪੈਸੇ ਦੇ ਆਕ੍ਰਸ਼ਣ ਨੇ ਲੋਕਾਂ ਵਿਚ ਦੀਵਾਰਾਂ ਖੜੀਆਂ ਕਰ ਦਿੱਤੀਆਂ ਹਨ। ਇਸੇ ਕਾਰਨ ਮਨੁੱਖ ਅਸ਼ਾਂਤ, ਬੇਚੈਨ ਅਤੇ ਕੁੰਠਾਗ੍ਰਸਤ ਹੈ। ਸੋ ਅਜੋਕੇ ਪੂੰਜੀਵਾਦੀ ਦੌਰ ਵਿਚ ਸੇਵਾ, ਸਹਿਯੋਗ ਅਤੇ ਸਹਾਇਤਾ ਦੀਆਂ ਪ੍ਰਵਿਰਤੀਆਂ ਨੂੰ ਵਧੇਰੇ ਮਜ਼ਬੂਤ ਅਤੇ ਬਲਵਾਨ ਬਣਾਉਣ ਦੀ ਜ਼ਰੂਰਤ ਹੈ।

ਲੇਖਕ ਅਨੁਸਾਰ ਕਿਸੇ ਵੀ ਸਮਾਜ ਨੂੰ ਸੁਗਠਿਤ ਅਤੇ ਸੁਖਾਵਾਂ ਰੱਖਣ ਲਈ ਸੇਵਾ, ਸਹਿਯੋਗ ਅਤੇ ਸਹਾਇਤਾ ਮਹਤਵਪੂਰਨ

ਭੂਮਿਕਾ ਨਿਭਾਉਂਦੇ ਹਨ। ਉਸ ਅਨੁਸਾਰ ਸੇਵਾ ਇਕ ਧਾਰਮਿਕ ਸੰਕਲਪ ਹੈ। ਸਹਿਯੋਗ ਰਾਜਨੀਤਕ-ਆਰਥਿਕ ਸੰਕਲਪ ਹੈ ਅਤੇ ਸਹਾਇਤਾ ਇਕ ਸਮਾਜਿਕ ਸੰਕਲਪ ਹੈ। ਆਮ ਤੌਰ ਤੇ ਅਸੀਂ ਬਜ਼ੁਰਗਾਂ ਦੀ ਸੇਵਾ ਕਰਦੇ ਹਾਂ, ਬਰਾਬਰ ਦਿਆਂ ਨੂੰ ਸਹਿਯੋਗ ਦਿੰਦੇ ਹਾਂ ਅਤੇ ਆਪ ਤੋਂ ਛੋਟਿਆਂ ਦੀ ਸਹਾਇਤਾ ਕਰਦੇ ਹਾਂ। ਪੰਜਾਬੀਆਂ ਦੀ ਪ੍ਰਸ਼ੰਸਾ ਕਰਦਾ ਹੋਇਆ ਲੇਖਕ ਲਿਖਦਾ ਹੈ ਕਿ ਪੰਜਾਬੀ ਲੋਕ ਕਿਸੇ ਨਿਆਸਰੇ ਦੀ ਸਹਾਇਤਾ ਕਰਨ ਸਮੇਂ ਸੰਕੋਚ ਨਹੀਂ ਕਰਦੇ। ਕਿਸੇ ਰੋਂਦੀ ਹੋਈ ਇਸਤ੍ਰੀ ਦੀ ਮਦਦ ਲਈ ਪੰਜਾਬੀ ਲੋਕ ਆਪਣੀ ਜ਼ਿੰਦਗੀ ਨੂੰ ਦਾਉ ਤੇ ਲਾ ਦਿੰਦੇ ਹਨ। ਇਹ ਉਨ੍ਹਾਂ ਦਾ ਸੁਭਾਵਿਕ ਵਿਹਾਰ ਹੈ ਅਤੇ ਅਜਿਹਾ ਕਰਨ ਲਈ ਉਨ੍ਹਾਂ ਦਾ ਇਤਿਹਾਸ ਉਨ੍ਹਾਂ ਨੂੰ ਪ੍ਰੇਰਦਾ ਹੈ।

ਸਹਿਯੋਗ ਅਤੇ ਸਹਾਇਤਾ ਦੀ ਸਭ ਤੋਂ ਉੱਚੀ ਕਿਸਮ ਪਰਉਪਕਾਰ ਹੈ। ਪਰਉਪਕਾਰ ਕਰਨ ਵਾਲੇ ਲੋਕ ਆਪ ਤਾਂ ਨਿਸ਼ਚਿਤ ਵਕਤ 'ਤੇ ਨੂੰ ਦੁਨੀਆਂ ਨੂੰ ਛੱਡ ਕੇ ਚਲੇ ਜਾਂਦੇ ਹਨ ਪਰ ਉਨ੍ਹਾਂ ਦੇ ਪਰਉਪਕਾਰ ਦਾ ਫ਼ਲ ਆਉਣ ਵਾਲੀਆਂ ਕਈ ਪੀੜ੍ਹੀਆਂ ਮਾਣਦੀਆਂ ਰਹਿੰਦੀਆਂ ਹਨ। ਧਰਮਸ਼ਾਲਾਵਾਂ, ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਹਸਪਤਾਲ ਆਦਿਕ ਸੰਸਥਾਵਾਂ ਪਰਉਪਕਾਰੀ ਬਿਰਤੀ ਦਾ ਪ੍ਰਗਟਾਵਾ ਹਨ। ਪਰਉਪਕਾਰੀ ਲੋਕ ਬਿਨਾਂ ਕਿਸੇ ਇਵਜ਼ਾਨੇ ਜਾਂ ਫ਼ਲ ਦੀ ਝਾਕ ਵਿਚ ਆਪਣਾ ਕੰਮ ਕਰਦੇ ਰਹਿੰਦੇ ਹਨ। ਸੰਸਾਰ ਵਿਚ ਜੋ ਕੁਝ ਵੀ ਚੰਗਾ ਹੈ ਅਤੇ ਜਿਤਨੀ ਵੀ ਖੁਸ਼ੀ ਹੈ, ਉਹ ਚੰਗੇ ਲੋਕਾਂ ਵਲੋਂ ਰੱਖੇ ਧਿਆਨ, ਕੁਰਬਾਨੀਆਂ ਅਤੇ ਸਹਿਯੋਗ ਦਾ ਨਤੀਜਾ ਹੈ ਅਤੇ ਸੰਸਾਰ ਵਿਚ ਜਿਤਨਾ ਵੀ ਦੁੱਖ ਹੈ, ਉਹ ਸੇਵਾ-ਸਹਾਇਤਾ ਅਤੇ ਸਹਿਯੋਗ ਦੀ ਅਣਹੋਂਦ ਵਿਚੋਂ ਉਪਜੇ ਸੁਆਰਥ ਦੇ ਕਾਰਨ ਹੈ।

### 2.6.4.7. ਸੰਜੋਗ-ਵਿਜੋਗ

ਮਨੁੱਖੀ ਸਮਾਜ ਬਹੁਤ ਸਾਰੇ ਲੋਕਾਂ ਦੇ ਸਮੂਹ ਦੁਆਰਾ ਹੋਂਦ ਵਿਚ ਆਉਂਦਾ ਹੈ। ਕੋਈ ਵੀ ਸਮਾਜ ਇਕ ਹੀ ਸਥਾਨ ਉਪਰ ਖੜੋਤਾ ਨਹੀਂ ਰਹਿ ਸਕਦਾ। ਇਸ ਵਿਚ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਮਧਕਾਲ ਵਿਚ ਤਬਦੀਲੀ ਦੀ ਰਫ਼ਤਾਰ ਮੱਧਮ ਹੁੰਦੀ ਸੀ। ਪਿੰਡਾਂ ਵਿਚ ਰਹਿਣ ਵਾਲੇ ਸਾਰੇ ਲੋਕ ਪਿਤਾਪੁਰਖੀ ਕੰਮ ਕਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਆਪਣੇ ਪਿੰਡ ਵਿਚੋਂ ਹੀ ਪੂਰੀਆਂ ਹੋ ਜਾਂਦੀਆਂ ਸਨ ਪਰ ਆਧੁਨਿਕ ਪੂੰਜੀਵਾਦੀ ਯੁਗ ਵਿਚ ਇਉਂ ਨਹੀਂ ਰਿਹਾ। ਪੜ੍ਹਨ ਖਾਤਰ ਮੁੰਡਿਆਂ, ਕੁੜੀਆਂ ਨੂੰ ਆਪਣੇ ਪਿੰਡ ਛੱਡ ਕੇ ਵੱਡੇ ਸ਼ਹਿਰਾਂ ਵਿਚ ਜਾਣਾ ਪੈਂਦਾ ਹੈ। ਨੌਕਰੀ ਦੀ ਪ੍ਰਾਪਤੀ ਲਈ ਵੀ ਉਨ੍ਹਾਂ ਨੂੰ ਆਪਣਾ ਪਿੰਡ ਛੱਡਣਾ ਪੈਂਦਾ ਹੈ। ਨੌਕਰੀ ਦੌਰਾਨ ਤਬਾਦਲੇ ਵੀ ਹੁੰਦੇ ਰਹਿੰਦੇ ਹਨ। ਇਸ ਸੂਰਤ ਵਿਚ ਬਹੁਤ ਸਾਰੇ ਲੋਕ ਪਿੱਛੇ ਛੁੱਟ ਜਾਂਦੇ ਹਨ। ਨਵੀਆਂ ਥਾਵਾਂ ਉਪਰ ਨਵੇਂ ਲੋਕਾਂ ਨਾਲ ਮੇਲ ਹੁੰਦਾ ਹੈ। ਇਹੀ ਸੰਜੋਗ-ਵਿਜੋਗ ਹੈ।

ਡਾ. ਕਪੂਰ ਦਾ ਕਹਿਣਾ ਹੈ ਕਿ ਜੀਵਨ ਦੀਆਂ ਸਥਿਤੀਆਂ ਦਾ ਬਦਲਣਾ ਸੁਭਾਵਿਕ ਹੈ। ਕਈ ਅਨੁਭਵ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਮਿਲਣਾ ਅਤੇ ਵਿਛੜਨਾ ਇਕੋ ਸਮੇਂ ਵਾਪਰਦਾ ਹੈ। ਜਦੋਂ ਕਿਸੇ ਮੁਟਿਆਰ ਦਾ ਵਿਆਹ ਹੁੰਦਾ ਹੈ ਤਾਂ ਉਹ ਆਪਣੇ ਮਾਪਿਆਂ ਤੋਂ ਵਿਛੜ ਰਹੀ ਹੁੰਦੀ ਹੈ ਅਤੇ ਪਤੀ ਨਾਲ ਮਿਲ ਰਹੀ ਹੁੰਦੀ ਹੈ। ਘਰਾਂ ਵਿਚ ਬੱਚਿਆਂ ਦਾ ਜਨਮ ਹੁੰਦਾ ਹੈ ਜਦੋਂ ਕਿ ਬੁੱਢੇ ਜਾਂ ਬੀਮਾਰ ਲੋਕ ਵਿੱਛੜ ਜਾਂਦੇ ਹਨ। ਹਰ ਇਕ ਰਿਸ਼ਤਾ ਸੁਖ ਅਤੇ ਦੁਖ ਦੋਵੇਂ ਦਿੰਦਾ ਹੈ। ਦੋਸਤ ਵਿੱਛੜ ਕੇ ਦੁੱਖ ਦਿੰਦੇ ਹਨ ਜਦੋਂ ਕਿ ਦੁਸ਼ਮਣ ਮਿਲ ਕੇ ਦੁਖ ਦਿੰਦੇ ਹਨ। ਸੁਖ ਅਤੇ ਦੁਖ ਸਥਾਨ ਬਦਲਦੇ ਰਹਿੰਦੇ ਹਨ।

ਸਭ ਤੋਂ ਦੁਖਦਾਈ ਵਿਛੋੜਾ ਗੱਭਰੂ ਦੀ ਮੌਤ ਹੁੰਦੀ ਹੈ ਕਿਉਂਕਿ ਉਸ ਦੀ ਮੌਤ ਨਾਲ ਪਰਿਵਾਰ ਦੀਆਂ ਆਸਾਂ ਤੇ ਸੁਪਨੇ ਢਹਿਢੇਰੀ ਹੋ ਜਾਦੇ ਹਨ। ਪਰ ਵਕਤ ਚਲਦਾ ਰਹਿੰਦਾ ਹੈ ਅਤੇ ਇਸ ਚਲਦੇ ਹੋਏ ਵਕਤ ਨਾਲ ਵਿਛੋੜੇ ਦੇ ਜ਼ਖ਼ਮ ਭਰ ਜਾਂਦੇ ਹਨ। ਦਰਦ ਤਿੱਖਾ ਨਹੀਂ ਰਹਿੰਦਾ। ਆਲੇ-ਦੁਆਲੇ ਵਿਚ ਨਿੱਤ ਵਿਛੜਦਿਆਂ ਨੂੰ ਦੇਖ ਕੇ ਆਪਣਾ ਵਿਛੋੜਾ ਸਹਿਣਯੋਗ ਹੋ ਨਿਬੜਦਾ ਹੈ। ਸੰਜੋਗ ਅਤੇ ਵਿਜੋਗ ਬਾਰੇ ਆਪਦੇ ਵਿਚਾਰ ਪ੍ਰਗਟ ਕਰਦਾ ਡਾ. ਕਪੂਰ ਲਿਖਦਾ ਹੈ ਕਿ ਮਿਲਣਾ ਜ਼ਿੰਦਗੀ ਦੀ ਸ਼ਾਬਾਸ਼ ਹੈ, ਵਿਛੋੜਾ ਜ਼ਿੰਦਗੀ ਦਾ ਯਥਾਰਥ ਹੈ ਪਰ ਵਿਛੜਨ ਵਿਚ ਵੀ ਸਲੀਕਾ ਹੋਣਾ ਚਾਹੀਦਾ ਹੈ।

### 2.6.4.8. ਸੇਵਾਮੁਕਤੀ ਦਾ ਜੀਵਨ

ਮਧ ਸ਼੍ਰੇਣੀ ਦੇ ਬਹੁਤੇ ਲੋਕ ਨੌਕਰੀ ਪੇਸ਼ਾ ਹੁੰਦੇ ਹਨ। ਬਹੁਤ ਅਦਾਰਿਆਂ ਵਿਚ ਅਠਾਰਾਂ ਸਾਲ ਦੀ ਉਮਰ ਤੋਂ ਬਾਅਦ ਕਿਸੇ ਵਿਅਕਤੀ ਨੂੰ ਨੌਕਰੀ ਉਪਰ ਰੱਖਿਆ ਜਾਂਦਾ ਹੈ ਅਤੇ ਸੱਠ ਸਾਲ ਦੀ ਉਮਰ ਵਿਚ ਸੇਵਾ ਤੋਂ ਨਵਿਰਤ ਕਰ ਦਿੱਤਾ ਜਾਂਦਾ ਹੈ। ਨੌਕਰੀ ਦੇ ਦੌਰਾਨ ਹਰ ਵਿਅਕਤੀ ਪਾਸ ਕਾਫ਼ੀ ਅਧਿਕਾਰ ਹੁੰਦੇ ਹਨ। ਉਹ ਆਪਣੇ ਕੰਮ ਦੀ ਪ੍ਰਕਿਰਤੀ ਅਨੁਸਾਰ ਸਮਾਜ ਵਿਚ ਰਹਿਣ ਵਾਲੇ ਬੰਦਿਆਂ ਦਾ ਕਾਫ਼ੀ ਕੁਝ ਸੰਵਾਰ ਸਕਦਾ ਹੈ। ਇਸ ਕਾਰਨ ਉਸ ਦੀ ਸਮਾਜ ਵਿਚ ਇੱਜ਼ਤ ਅਤੇ ਰੋਅਬ-ਦਾਬ ਬਣ ਜਾਂਦਾ ਹੈ। ਇਸ ਤੋਂ ਬਿਨਾਂ ਉਸ ਨੂੰ ਹਰ ਮਹੀਨੇ ਦੇ ਆਰੰਭ ਵਿਚ ਤਨਖ਼ਾਹ ਵੀ ਮਿਲਦੀ ਹੈ। ਤਨਖਾਹ ਮਿਲਣ ਨਾਲ ਉਸ ਦੀਆਂ ਆਰਥਿਕ ਸਮੱਸਿਆਵਾਂ ਖ਼ਤਮ ਹੋ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਨੌਕਰੀ ਤੋਂ ਨਵਿਰਤ ਨਹੀਂ ਹੋਣਾ ਚਾਹੁੰਦਾ।

ਪਰ ਸਰਵਿਸ ਦੇ ਨੇਮਾਂ ਅਨੁਸਾਰ ਉਸ ਨੂੰ ਸੱਠ ਵਰ੍ਹੇ ਦੀ ਉਮਰ ਹੋ ਜਾਣ ਉਪਰ ਘਰੇ ਬੈਠਣਾ ਪੈ ਜਾਂਦਾ ਹੈ। ਉਸ ਦਾ ਰੋਅਬ-ਦਾਬ ਅਤੇ ਤਨਖਾਹ ਦੋਵੇਂ ਸਹੂਲਤਾਂ ਖ਼ਤਮ ਹੋ ਜਾਂਦੀਆਂ ਹਨ। ਇਸ ਲਈ ਕਿਸੇ ਵੀ ਕਰਮਚਾਰੀ ਨੂੰ ਸੇਵਾਮੁਕਤੀ ਜ਼ਹਿਰ ਵਰਗੀ ਪ੍ਰਤੀਤ ਹੁੰਦੀ ਹੈ। ਲੇਖਕ ਅਨੁਸਾਰ ਅਨੇਕਾਂ ਲੋਕ ਸੇਵਾਮੁਕਤੀ ਨੂੰ ਪ੍ਰਵਾਨ ਨਹੀਂ ਕਰਦੇ। ਉਹ ਸਮਝਦੇ ਹਨ ਕਿ ਉਨ੍ਹਾਂ ਨਾਲ ਅਣਹੋਣੀ ਹੋਈ ਹੈ। ਉਹ ਇਸ ਤੱਥ ਨੂੰ ਭੁੱਲ ਜਾਂਦੇ ਹਨ ਕਿ ਉਨ੍ਹਾਂ ਤੋਂ ਪਹਿਲਾਂ ਵੀ ਬਹੁਤ ਸਾਰੇ ਕਾਬਲ ਲੋਕ ਸਮੇਂ-ਸਮੇਂ ਸੇਵਾਮੁਕਤ ਹੁੰਦੇ ਰਹੇ ਹਨ ਪਰ ਇਸ ਦੇ ਬਾਵਜੂਦ ਦਫ਼ਤਰਾਂ ਅਤੇ ਹੋਰ ਅਦਾਰਿਆਂ ਦਾ ਕੰਮ ਉਸੇ ਤਰ੍ਹਾਂ ਚਲਦਾ ਰਿਹਾ ਹੈ। ਕੋਈ ਵੀ ਕਰਮਚਾਰੀ ਕਿਸੇ ਮਹਿਕਮੇ ਦੀ ਜਿੰਦ-ਜਾਨ ਨਹੀਂ ਹੋ ਸਕਦਾ।

ਸੇਵਾਮੁਕਤੀ ਤੋਂ ਬਾਅਦ ਮਨੁੱਖ ਦੀ ਜੀਵਨ-ਸ਼ੈਲੀ ਬਦਲ ਜਾਂਦੀ ਹੈ। ਉਸ ਨੂੰ ਸਵੇਰੇ ਜਲਦੀ ਉੱਠ ਕੇ ਤਿਆਰ ਹੋਣ ਉਪਰੰਤ ਦਫ਼ਤਰ ਵਿਚ ਜਾਣ ਦੀ ਜ਼ਰੂਰਤ ਨਹੀਂ ਰਹਿੰਦੀ। ਇਹ ਸਥਿਤੀ ਉਸ ਨੂੰ ਨਾਖ਼ੁਸ਼ਗਵਾਰ ਪ੍ਰਤੀਤ ਹੁੰਦੀ ਹੈ। ਉਸ ਨੂੰ ਪਤਾ ਨਹੀਂ ਚਲਦਾ ਕਿ ਉਹ ਖਾਲੀ ਸਮੇਂ ਦਾ ਉਪਯੋਗ ਕਿਵੇਂ ਕਰੇ ? ਹੁਣ ਹਰ ਰੋਜ਼ ਬਹੁਤ ਸਾਰੇ ਆਦਮੀ ਉਸ ਨੂੰ ਮਿਲਣ ਨਹੀਂ ਆਉਂਦੇ। ਉਹ ਆਪਣੇ ਆਪ ਨੂੰ ਫ਼ਾਲਤੂ ਸਮਝਣ ਲੱਗ ਪੈਂਦਾ ਹੈ ਅਤੇ ਇਹ ਸਥਿਤੀ ਉਸ ਨੂੰ ਉਦਾਸ ਕਰ ਦਿੰਦੀ ਹੈ। ਲੇਖਕ ਅਨੁਸਾਰ ਪੁਰਸ਼ਾਂ ਅਤੇ ਇਸਤਰੀਆਂ, ਦੋਹਾਂ ਲਈ ਸੇਵਾਮੁਕਤੀ ਦੇ ਇੱਕੋ ਜਿਹੇ ਅਰਥ ਨਹੀਂ ਹੁੰਦੇ। ਨੌਕਰੀਪੇਸ਼ਾ ਇਸਤ੍ਰੀ ਦੀ ਪਹਿਲੀ ਵਫ਼ਾਦਾਰੀ ਆਪਣੇ ਘਰ ਨਾਲ ਹੁੰਦੀ ਹੈ। ਇਸ ਲਈ ਅਜਿਹੀਆਂ ਇਸਤ੍ਰੀਆਂ ਸੇਵਾਮੁਕਤੀ ਦੇ ਦਿਨ ਨੂੰ ਬੜੇ ਉਤਸ਼ਾਹ ਨਾਲ ਉਡੀਕਦੀਆਂ ਹਨ ਜਦੋਂ ਕਿ ਪੁਰਸ਼ ਲੋਕ ਸੇਵਾਮੁਕਤੀ ਦਾ ਜ਼ਿਕਰ ਸੁਣਨਾ ਵੀ ਪਸੰਦ ਨਹੀਂ ਕਰਦੇ। ਡਾ. ਕਪੂਰ ਨੇ ਸੇਵਾਮੁਕਤ ਹੋਣ ਵਾਲੇ ਪੁਰਸ਼ ਨੂੰ ਬਹੁਤ ਸਾਰੇ ਨਿੱਗਰ ਸੁਝਾਉ ਦਿੱਤੇ ਹਨ, ਜਿਨ੍ਹਾਂ ਉਪਰ ਚੱਲ ਕੇ ਉਹ ਆਪਣੇ ਜੀਵਨ ਨੂੰ ਪਹਿਲਾਂ ਵਰਗਾ ਸਾਰਥਿਕ ਅਤੇ ਉਪਯੋਗੀ ਬਣਾ ਸਕਦਾ ਹੈ। ਉਸ ਅਨੁਸਾਰ ਸੇਵਾਮੁਕਤ ਜੀਵਨ ਦਾ ਲਕਸ਼ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ ਵਿਚ ਪ੍ਰਸੰਨਤਾ ਦੇ ਰੰਗ ਅਤੇ ਮੁਹੱਬਤ ਦੀ ਰੌਣਕ ਭਰਨ ਦੇ ਹਰੇਕ ਅਵਸਰ ਤੋਂ ਲਾਭ ਉਠਾਈਏ ਅਤੇ ਅਜਿਹਾ ਕਰਨ ਵਿਚ ਹੋਰਾਂ ਦੀ ਮਦਦ ਕਰੀਏ। (ਪੰਨਾ 124)

**2.6.4.9. ਚੰਗੇ ਲੱਗਣ ਦੀ ਰੀਝ**

ਹਰ ਇਕ ਵਿਅਕਤੀ ਚਾਹੁੰਦਾ ਹੈ ਕਿ ਉਸ ਦੀ ਸ਼ਖ਼ਸੀਅਤ (ਰੰਗ-ਰੂਪ ਅਤੇ ਆਚਾਰ-ਵਿਹਾਰ) ਦੂਜੇ ਲੋਕਾਂ ਨੂੰ ਪਸੰਦ ਆਵੇ। ਇਸ ਤਰ੍ਹਾਂ ਉਸ ਦਾ ਮੁੱਲ ਵਧਦਾ ਹੈ। ਲੇਖਕ ਦਾ ਵਿਚਾਰ ਹੈ ਕਿ ਚੰਗਿਆਈ ਕਿਸੇ ਬੰਦੇ ਦੇ ਸ਼ਖਸੀ ਗੁਣ ਨਹੀਂ ਹੈ ਬਲਕਿ ਚੰਗੇ ਵਿਅਕਤੀਆਂ ਦੀ ਸੰਗਤ ਵਿਚ ਰਹਿਣ ਨਾਲ ਹੀ ਕੋਈ ਬੰਦਾ ਚੰਗਾ ਬਣਦਾ ਹੈ। ਚੰਗਿਆਂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਲੋਕ ਉਨ੍ਹਾਂ ਦੀਆਂ ਗੱਲਾਂ ਕਰ ਕੇ 'ਆਪਣੇ' ਚੰਗੇ ਹੋਣ ਦਾ ਪ੍ਰਮਾਣ ਦਿੰਦੇ ਹਨ। ਚੰਗਿਆਂ ਨੂੰ ਹੋਰ ਚੰਗਾ ਸਿੱਧ ਕਰਨ ਲਈ ਲੋਕ ਆਪਣੀ ਕਲਪਨਾ ਨਾਲ ਅਨੇਕ ਚੰਗੀਆਂ ਕਹਾਣੀਆਂ ਉਨ੍ਹਾਂ ਨਾਲ ਜੋੜ ਦਿੰਦੇ ਹਨ। ਚੰਗੇ ਆਦਮੀ ਨੈਤਿਕ ਤੌਰ ਤੇ ਬਹੁਤ ਉੱਚੇ ਹੁੰਦੇ ਹਨ। ਉਹ ਕੇਵਲ ਆਪਣੇ ਆਪ ਲਈ ਹੀ ਨਹੀਂ ਜਿਉਂਦੇ ਬਲਕਿ ਪੂਰੇ ਸਮਾਜ, ਦੇਸ਼ ਜਾਂ ਵਿਸ਼ਵ ਲਈ ਜਿਉਂਦੇ ਹਨ। ਦੱਖਣੀ ਅਫ਼ਰੀਕਾ ਦਾ ਨੈਲਸਨ ਮੰਡੇਲਾ, ਅਮਰੀਕਾ ਦਾ ਅਬਰਾਹਮ ਲਿੰਕਨ, ਭਾਰਤ ਦਾ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਇਸ ਲਈ ਚੰਗੇ ਮੰਨੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਆਪਣਾ ਪੂਰਾ ਜੀਵਨ ਆਪਣੇ ਦੇਸ਼ ਅਤੇ ਕੌਮ ਲਈ ਅਰਪਿਤ ਕਰ ਦਿੱਤਾ ਸੀ। ਚੰਗੇ ਆਦਮੀਆਂ ਦੇ ਕੁਝ ਲੱਛਣ ਬਿਆਨ ਕਰਦਾ ਹੋਇਆ ਡਾ. ਕਪੂਰ ਲਿਖਦਾ ਹੈ :

> ਚੰਗਿਆਂ ਵਿਚ ਪਿਆਰ, ਬਰਕਤ ਅਤੇ ਖ਼ਿਮਾ ਹੁੰਦੀ ਹੈ। ਮੁਆਫ਼ ਕਰ ਦੇਣਾ ਚੰਗੇ ਅਤੇ ਬਹਾਦਰ ਵਿਅਕਤੀ ਦਾ ਗੁਣ ਹੁੰਦਾ ਹੈ ਜਦੋਂ ਕਿ ਭੈੜੇ, ਨਾਲਾਇਕ ਅਤੇ ਡਰਪੋਕ ਵਿਅਕਤੀ ਨਿੰਦਾ, ਗੁੱਸਾ ਅਤੇ ਹਿੰਸਾ ਪ੍ਰਗਟਾਉਂਦੇ ਹਨ।... ਚੰਗਿਆਂ ਦੀ ਸਾਰੇ ਸੰਸਾਰ ਨਾਲ ਸਾਂਝ ਹੁੰਦੀ ਹੈ। ਭੈੜਿਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਘੇਰਾ ਤੰਗ ਹੋਣ ਕਰਕੇ ਹੀ ਉਹ ਭੈੜੇ ਹੁੰਦੇ ਹਨ। (ਪੰਨਾ 126)

ਕਪੂਰ ਨੇ ਸੁਸ਼ਮਿਤਾ ਸੇਨ, ਪੋਰਸ ਅਤੇ ਰਾਗੀ ਮੁਨਸ਼ਾ ਸਿੰਘ ਵਰਗੇ ਵਿਅਕਤੀਆਂ ਨੂੰ ਚੰਗੇ ਆਦਮੀਆਂ ਵਿਚ ਗਿਣਿਆ ਹੈ। ਇਹ ਸਾਰੇ ਵਿਅਕਤੀ ਪਰਸਵਾਰਥੀ, ਨਿਡਰ ਅਤੇ ਲੀਕ ਤੋਂ ਹਟ ਕੇ ਵਿਹਾਰ ਕਰਨ ਵਾਲੇ ਸਨ। ਦਰਵੇਸ਼ੀ, ਸ਼ਾਇਰੀ, ਮਸਤੀ ਅਤੇ ਬੇਫ਼ਿਕਰੀ ਆਦਿ ਲੱਛਣ ਵੀ ਚੰਗੇ ਹੋਣ ਦੀਆਂ ਨਿਸ਼ਾਨੀਆਂ ਹਨ। ਚੰਗਾ ਆਦਮੀ ਬਣਨ ਲਈ ਬਹੁਤ ਸਾਰੇ ਧਨ-ਦੌਲਤ ਦੀ ਲੋੜ ਨਹੀਂ ਹੁੰਦੀ। ਆਪਣੇ ਨਿੱਘੇ ਸੁਭਾਅ ਦੇ ਕਾਰਨ ਵੀ ਚੰਗਾ ਅਤੇ ਲੋਕਪ੍ਰਿਅ ਵਿਅਕਤੀ ਬਣਿਆ ਜਾ ਸਕਦਾ ਹੈ।

ਚੰਗੇ ਬਣਨ ਦੀ ਪਹਿਲੀ ਲੋੜ ਇਹ ਸਵੀਕਾਰ ਕਰ ਲੈਣਾ ਹੈ ਕਿ ਮੈਂ ਚੰਗਾ ਨਹੀਂ ਹਾਂ ਪਰ ਮੈਂ ਚੰਗਾ ਵਿਅਕਤੀ ਬਣਨਾ ਹੈ ਅਤੇ ਦੂਜਿਆਂ ਨਾਲ ਚੰਗਾ ਵਿਹਾਰ ਕਰਨਾ ਹੈ, ਭਾਵੇਂ ਉਹ ਅਜਿਹੇ ਵਿਹਾਰ ਦੇ ਅਧਿਕਾਰੀ ਨਾ ਵੀ ਹੋਣ। ਚੰਗਾ ਬਣਨ ਦੀ ਕੋਸ਼ਿਸ਼ ਕਰਨ ਵਾਲਾ ਬੰਦਾ ਆਪਣੇ ਸਮਾਜ ਅਤੇ ਦੇਸ਼ ਲਈ ਸੋਚਦਾ ਹੈ। ਉਹ ਆਪਣੇ ਨਿਜੀ ਹਿਤਾਂ ਨੂੰ ਪਿੱਛੇ ਸੁੱਟ ਦਿੰਦਾ ਹੈ ਅਤੇ ਲੋੜਵੰਦਾਂ ਦੀ ਸਹਾਇਤਾ ਵਿਚ ਜੁਟ ਜਾਂਦਾ ਹੈ। ਮਿਹਨਤ ਚੰਗੇ ਵਿਅਕਤੀ ਦੀ ਪਹਿਚਾਣ ਹੁੰਦੀ ਹੈ। ਉਨ੍ਹਾਂ ਨੂੰ ਮਹਿੰਗੀਆਂ ਨਹੀਂ ਬਲਕਿ ਸਾਦੀਆਂ

ਅਤੇ ਗੁਣਕਾਰੀ ਵਸਤਾਂ ਦੀ ਤਾਂਘ ਰਹਿੰਦੀ ਹੈ। ਬੇਸ਼ਕ ਚੰਗੇ ਬਣਨ ਦਾ ਰਾਹ ਸੌਖਾ ਨਹੀਂ ਪਰ ਜੇ ਚੰਗਿਆਂ ਨੂੰ ਚੰਗੇ ਲੱਗਣ ਦੀ ਰੀਝ ਪੈਦਾ ਹੋ ਜਾਵੇ, ਜੇ ਅਸੀਂ ਚੰਗੇ ਬਣਨ ਦਾ ਉਪਰਾਲਾ ਕਰੀਏ ਤਾਂ ਇਹ ਰਾਹ ਔਖਾ ਵੀ ਨਹੀਂ ਹੈ।

**2.6.4.10. ਮੁਸਕ੍ਰਾਉਣਾ**

ਮੁਸਕ੍ਰਾਉਣਾ ਇਕ ਚੰਗੇ, ਸੰਤੁਸ਼ਟ ਅਤੇ ਪਰਸਵਾਰਥੀ ਵਿਅਕਤੀ ਦੀ ਨਿਸ਼ਾਨੀ ਹੈ। ਅਜੋਕੇ ਦੌਰ ਵਿਚ ਏਨਾ ਤਣਾਉ ਅਤੇ ਸਮੱਸਿਆਵਾਂ ਹਨ ਕਿ ਵਿਅਕਤੀ ਮੁਸਕ੍ਰਾਉਣਾ ਭੁੱਲ ਗਿਆ ਹੈ। ਅਸੀਂ ਭਾਰਤਵਾਸੀ ਵੈਸੇ ਵੀ ਮੁਸਕ੍ਰਾਉਂਦੇ ਰਹਿਣ ਨੂੰ ਚੰਗਾ ਨਹੀਂ ਸਮਝਦੇ। ਅਸੀਂ ਅੰਦਰੋਂ ਬੇਹੱਦ ਡਰੇ ਅਤੇ ਘਬਰਾਏ ਹੋਏ ਲੋਕ ਹਾਂ। ਜੇ ਕੋਈ ਆਦਮੀ ਸਾਨੂੰ ਵੇਖ ਕੇ ਮੁਸਕਰਾ ਪਵੇ ਤਾਂ ਸਾਨੂੰ ਲੱਗਦਾ ਹੈ ਕਿ ਉਹ ਸਾਡਾ ਮਜ਼ਾਕ ਉਡਾ ਰਿਹਾ ਹੈ। ਅਸੀਂ ਬੇਵਜ੍ਹਾ ਮੁਸਕ੍ਰਾਉਣ ਵਾਲੇ ਇਹੋ ਜਿਹੇ ਬੰਦੇ ਨਾਲ ਉਲਝ ਜਾਂਦੇ ਹਾਂ। ਜੇ ਕਲਾਸ-ਰੂਮ ਵਿਚ ਬੈਠਾ ਕੋਈ ਵਿਦਿਆਰਥੀ ਮੁਸਕਰਾ ਪਵੇ ਤਾਂ ਅਧਿਆਪਕ ਉਸ ਨੂੰ ਕਲਾਸ ਵਿਚੋਂ ਬਾਹਰ ਕੱਢ ਦਿੰਦਾ ਹੈ। ਪਰ ਮੁਸਕ੍ਰਾਹਟ ਆਚਾਰ-ਵਿਹਾਰ ਦਾ ਇਕ ਚੰਗਾ ਗੁਣ ਹੈ ਅਤੇ ਹਰ ਬੰਦੇ ਨੂੰ ਮੁਸਕ੍ਰਾਉਂਦੇ ਰਹਿਣਾ ਚਾਹੀਦਾ ਹੈ।

ਲੇਖਕ ਦਾ ਵਿਚਾਰ ਹੈ ਕਿ ਮੁਸਕ੍ਰਾਹਟ ਚਿਹਰੇ ਦਾ ਪਹਿਰਾਵਾ ਹੁੰਦੀ ਹੈ ਅਤੇ ਦਿਲ ਦਾ ਗਹਿਣਾ। ਚਿਹਰੇ ਉਤੇ ਜੋ ਮਰਜ਼ੀ ਲਾ ਲਓ ਪਰ ਜੇ ਮੁਸਕ੍ਰਾਹਟ ਨਹੀਂ ਹੈ ਤਾਂ ਲਾਇਆ-ਮਲਿਆ ਕਿਸੇ ਲੇਖੇ ਨਹੀਂ ਲੱਗਦਾ। ਮੁਸਕ੍ਰਾਉਣ ਨਾਲ ਦੋ ਵਿਅਕਤੀਆਂ ਵਿਚ ਫਾਸਲਾ ਘਟ ਜਾਂਦਾ ਹੈ। ਉਨ੍ਹਾਂ ਵਿਚ ਸਾਂਝ ਪੈਦਾ ਹੋ ਜਾਂਦੀ ਹੈ। ਜੇ ਕੋਈ ਸੋਹਣਾ ਵੀ ਹੋਵੇ ਅਤੇ ਮੁਸਕ੍ਰਾਵੇ ਵੀ ਤਾਂ ਉਸਦੀ ਸੁੰਦਰਤਾ ਵਿਚ ਅਨੇਕ ਗੁਣਾ ਵਾਧਾ ਹੋ ਜਾਂਦਾ ਹੈ। ਮੁਸਕ੍ਰਾਹਟ ਗਲੋਬਲ ਭਾਸ਼ਾ ਹੈ। ਇਹ ਹਰ ਦੇਸ਼ ਵਿਚ ਸਮਝੀ ਜਾ ਸਕਦੀ ਹੈ। ਹੱਸਣ ਦਾ ਢੰਗ ਹਰ ਸਮਾਜ ਵਿਚ ਵੱਖਰਾ-ਵੱਖਰਾ ਹੋ ਸਕਦਾ ਹੈ ਪਰ ਮੁਸਕ੍ਰਾਉਣ ਦਾ ਢੰਗ ਸਭ ਥਾਵਾਂ ਤੇ ਇਕੋ ਜਿਹਾ ਹੁੰਦਾ ਹੈ। ਇਸ ਕਾਰਨ ਕੋਸ਼ਿਸ਼ ਕਰੋ ਕਿ ਹਰ ਥਾਂ ਮੁਸਕ੍ਰਾਉਂਦੇ ਹੋਏ ਨਜ਼ਰ ਆਓ।

ਲੇਖਕ ਨੇ ਮੁਸਕ੍ਰਾਉਣ ਦੇ ਮਹਤਵ ਨੂੰ ਦਰਸਾਉਣ ਲਈ ਆਪਣੀ ਇਕ ਜਮਾਤਣ ਕੁੜੀ ਦਾ ਜ਼ਿਕਰ ਕੀਤਾ ਹੈ, ਜੋ ਹਰ ਸਮੇਂ ਮੁਸਕ੍ਰਾਉਂਦੀ ਰਹਿੰਦੀ ਸੀ। ਜਮਾਤ ਦੇ ਹਰ ਵਿਦਿਆਰਥੀ ਨੂੰ ਉਸ ਦੇ ਆਉਣ ਦੀ ਉਡੀਕ ਰਹਿੰਦੀ ਸੀ ਕਿਉਂਕਿ ਉਸ ਦੀ ਹਾਜ਼ਰੀ ਵਿਚ ਕੋਈ ਵੀ ਉਦਾਸ ਜਾਂ ਗ਼ਮਗੀਨ ਨਹੀਂ ਸੀ ਰਹਿੰਦਾ। ਪੁਰਸ਼ਾਂ ਨਾਲੋਂ ਇਸਤ੍ਰੀਆਂ ਵਧੇਰੇ ਮੁਸਕ੍ਰਾਉਂਦੀਆਂ ਹਨ। ਹੱਸਣ-ਮੁਸਕ੍ਰਾਉਣ ਨਾਲ ਸਿਹਤ ਠੀਕ ਰਹਿੰਦੀ ਹੈ। ਜਿਹੜੇ ਲੋਕ ਮੁਸਕ੍ਰਾਉਂਦੇ ਰਹਿੰਦੇ ਹਨ, ਉਹ ਛੇਤੀ-ਕਿਤੇ ਬੀਮਾਰ ਨਹੀਂ ਹੁੰਦੇ। ਮੁਸਕ੍ਰਾਹਟ ਉਨ੍ਹਾਂ ਦੇ ਜਿਸਮ ਨੂੰ ਸੁਡੌਲ ਅਤੇ ਮਜ਼ਬੂਤ ਬਣਾ ਦਿੰਦੀ ਹੈ। ਇਸ ਸੰਸਾਰ ਵਿਚ ਸਾਡੀ ਸਭ ਤੋਂ ਚੰਗੀ ਸੇਵਾ ਇਹੀ ਹੈ ਕਿ ਨਿੰਦਾ ਤੋਂ ਮੁਕਤ ਰਹੋ, ਸਰਬੱਤ ਦਾ ਭਲਾ ਸੋਚੋ ਅਤੇ ਮੁਸਕ੍ਰਾਉਂਦੇ ਮਿਲੋ। ਮੁਸਕ੍ਰਾਹਟ ਬਾਰੇ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਦੀ ਕੋਈ ਲਾਗਤ ਨਹੀਂ ਪਰ ਇਸ ਦਾ ਸਭਨੀ ਥਾਈਂ ਲਾਭ ਹੀ ਲਾਭ ਹੈ।

**2.6.4.11. ਵਿੱਦਿਆ**

ਅਜੋਕੇ ਦੌਰ ਵਿਚ ਵਿੱਦਿਆ ਇਕ ਮਹਤਵਪੂਰਨ ਅਤੇ ਜ਼ਰੂਰੀ ਵਿਸ਼ੈ ਹੈ। ਮਧਕਾਲ ਵਿਚ ਕੋਈ ਵਿਰਲਾ ਵਿਅਕਤੀ ਹੀ ਵਿੱਦਿਆ ਪ੍ਰਾਪਤ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਜੀਵਨ ਬੜਾ ਸਰਲ ਅਤੇ ਸਾਦਾ ਸੀ। ਕਿਸੇ ਨੇ ਜੀਵਨ ਵਿਚ ਕੋਈ ਨਵਾਂ ਪ੍ਰਯੋਗ ਨਹੀਂ ਸੀ ਕਰਨਾ ਹੁੰਦਾ। ਰਵਾਇਤ ਉਪਰ ਚਲਣਾ ਹੀ ਸਮੇਂ ਦਾ ਦਸਤੂਰ ਸੀ। ਪਰ ਅਜੋਕਾ ਦੌਰ ਵਿਸ਼ਿਸ਼ਟਤਾਵਾਂ ਅਤੇ ਨਵੇਂ-ਨਵੇਂ ਪ੍ਰਯੋਗਾਂ ਦਾ ਹੈ। ਵਿੱਦਿਆ ਸਾਡੀ ਬੁੱਧੀ ਨੂੰ ਪ੍ਰਚੰਡ ਕਰਦੀ ਹੈ। ਸਾਡੇ ਵਿਵੇਕ ਨੂੰ ਜਗਾਉਂਦੀ ਹੈ। ਇਹੀ ਕਾਰਨ ਹੈ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਪੜ੍ਹੇ-ਲਿਖੇ ਵਿਅਕਤੀ ਹਰ ਸਮੇਂ ਨਵੀਆਂ-ਨਵੀਆਂ ਕਾਢਾਂ ਕਢਦੇ ਰਹਿੰਦੇ ਹਨ। ਇਨ੍ਹਾਂ ਕਾਢਾਂ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਲਾ ਅਤੇ ਆਰਾਮਦਾਇਕ ਬਣਾ ਦਿੱਤਾ ਹੈ।

ਵਿੱਦਿਆ ਦਾ ਮੁਖ ਉਦੇਸ਼ ਸਾਨੂੰ ਗਿਆਨ ਪ੍ਰਦਾਨ ਕਰਨਾ ਹੈ। ਨਵਾਂ ਜਾਣਨ ਦੀ ਜਗਿਆਸਾ ਦਾ ਨਾਮ ਵਿੱਦਿਆ ਹੈ। ਜਿਵੇਂ-ਜਿਵੇਂ ਕੋਈ ਵਿਅਕਤੀ ਪੜ੍ਹਦਾ ਜਾਂਦਾ ਹੈ, ਤਿਵੇਂ-ਤਿਵੇਂ ਉਹ ਦਰਖਤ ਵਾਂਗ ਵਧਣ ਦੇ ਨਾਲ-ਨਾਲ ਫੈਲਦਾ ਵੀ ਜਾਂਦਾ ਹੈ। ਪੜ੍ਹੇ-ਲਿਖੇ ਵਿਅਕਤੀ ਦਾ ਸੁਭਾਅ ਇਕ ਵੱਡੇ ਦਰਖਤ ਵਾਲਾ ਹੁੰਦਾ ਹੈ। ਪੜ੍ਹਾਈ ਕਿਸੇ ਵਿਅਕਤੀ ਨੂੰ ਸੋਚਣਾ ਸਿਖਾਉਂਦੀ ਹੈ। ਜੀਵਨ ਵਿਚ ਕੀ-ਕੀ ਵਾਪਰ ਰਿਹਾ ਹੈ ਅਤੇ ਇਹ ਕਿਉਂ ਅਤੇ ਕਿਵੇਂ ਵਾਪਰ ਰਿਹਾ ਹੈ, ਇਹ ਗਿਆਨ ਪੜ੍ਹਾਈ ਦੁਆਰਾ ਹੀ ਹਾਸਲ ਹੁੰਦਾ ਹੈ। ਸੋਚਣ ਤੋਂ ਬਿਨਾਂ ਨਵੇਂ ਵਿਚਾਰ ਨਹੀਂ ਉਪਜਦੇ ਅਤੇ ਸਮਾਜ ਜਿੱਥੇ ਹੁੰਦਾ ਹੈ, ਉਥੇ ਹੀ ਘੁੰਮੀ ਜਾਂਦਾ ਹੈ। ਯੂਰਪ ਦੀ ਉਨਤੀ ਦਾ ਕਾਰਨ ਉਥੋਂ ਦੇ ਲੋਕਾਂ ਦਾ ਸੋਚਵਾਨ ਅਤੇ ਚਿੰਤਨਸ਼ੀਲ ਹੋਣਾ ਹੈ।

ਚੰਗੇ ਅਧਿਆਪਕ ਕਿਸੇ ਸਮਾਜ ਅਤੇ ਦੇਸ਼ ਦੇ ਨਿਰਮਾਤਾ ਹੁੰਦੇ ਹਨ। ਉਨ੍ਹਾਂ ਦੀ ਮਿਹਨਤ ਨਾਲ ਵਿਦਿਆਰਥੀ ਕੱਚੀ ਮਿੱਟੀ ਤੋਂ ਵਿਗਸ ਕੇ ਭਾਂਤ-ਸੁਭਾਂਤੇ ਬਰਤਨ ਬਣ ਜਾਂਦੇ ਹਨ। ਹਰ ਕੌਮ ਨੂੰ ਚੰਗੇ ਅਧਿਆਪਕਾਂ ਦੀ ਜ਼ਰੂਰਤ ਹੁੰਦੀ ਹੈ। ਸੁਕਰਾਤ, ਸੁਆਮੀ ਰਾਮ ਤੀਰਥ ਅਤੇ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਵਿਅਕਤੀ ਆਦਰਸ਼ਕ ਅਧਿਆਪਕ ਸਨ, ਜਿਨ੍ਹਾਂ ਨੇ ਆਪਣੇ ਵਰਗੇ ਅਨੇਕ ਹੋਰ

ਸਿਆਣੇ ਅਤੇ ਸੂਝਵਾਲ ਵਿਅਕਤੀਆਂ ਦੀ ਸਿਰਜਣਾ ਕੀਤੀ। ਜਿਤਨਾ ਗੂੜ੍ਹਾ ਅਤੇ ਗੰਭੀਰ ਚਿੰਤਨ ਕਿਸੇ ਜ਼ਮਾਨੇ ਵਿਚ ਮਹਾਤਮਾ ਬੁੱਧ ਨੇ ਕੀਤਾ ਸੀ, ਉਤਨਾ ਹੀ ਵਿਸ਼ਾਲ ਚਿੰਤਨ ਆਧੁਨਿਕ ਯੁਗ ਵਿਚ ਕਾਰਲ ਮਾਰਕਸ ਨੇ ਕੀਤਾ ਹੈ। ਦੋਹਾਂ ਨੇ ਸਮੁੱਚੇ ਸੰਸਾਰ ਦੇ ਸੰਦਰਭ ਵਿਚ ਸੋਚਣਾ ਸਿਖਾਇਆ। ਬੁੱਧ, ਸੁਕਰਾਤ, ਪਲੈਟੋ ਅਤੇ ਮਾਰਕਸ ਸਮੁੱਚੇ ਵਿਸ਼ਵ ਦੇ ਅਧਿਆਪਕ ਬਣੇ। ਸੰਕਟ ਦੇ ਸਮੇਂ ਇਨ੍ਹਾਂ ਚਿੰਤਕਾਂ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਸੰਕਟ ਵਿਚੋਂ ਨਿਕਲਣ ਦੇ ਰਸਤੇ ਢੂੰਡੇ ਜਾਂਦੇ ਹਨ। ਅਜੋਕਾ ਯੁਗ ਪੜ੍ਹਾਈ-ਲਿਖਾਈ ਦਾ ਹੈ। ਅਨਪੜ੍ਹਤਾ ਦਾ ਯੁਗ ਲੰਘ ਗਿਆ ਹੈ। ਭਵਿੱਖ ਦੀਆਂ ਸੱਭਿਆਤਾਵਾਂ ਗਿਆਨ ਦੀਆਂ ਸੱਭਿਆਤਾਵਾਂ ਹੋਣਗੀਆਂ।

**2.6.4.12. ਮਨੁੱਖੀ ਜੀਵਨ ਦੇ ਵਿਹਾਰਕ ਪੱਖ**

ਅਜੋਕਾ ਜੀਵਨ ਬਹੁਤ ਜਟਿਲ ਹੋ ਗਿਆ ਹੈ। ਪੂੰਜੀਵਾਦ ਨੇ ਮਨੁੱਖੀ ਜੀਵਨ ਵਿਚ ਬਹੁਤ ਸਾਰੇ ਅੰਤਰ ਵਿਰੋਧ ਪੈਦਾ ਕਰ ਦਿੱਤੇ ਹਨ। ਅਸੀਂ ਕਹਿੰਦੇ ਕੁਝ ਹੋਰ ਹਾਂ ਅਤੇ ਕਰਦੇ ਕੁਝ ਹੋਰ ਹਾਂ। ਸਾਡੀਆਂ ਸੋਚਾਂ ਅਤੇ ਕਰਮਾਂ ਵਿਚ ਦੁਫੇੜ ਪੈ ਗਈ ਹੈ। ਡਾ. ਕਪੂਰ ਆਧੁਨਿਕ ਵਿਅਕਤੀ ਦੇ ਵਿਹਾਰ ਨੂੰ ਸੰਤੁਲਿਤ ਅਤੇ ਵਿਵੇਕਸ਼ੀਲ ਵੇਖਣਾ ਚਾਹੁੰਦਾ ਹੈ। ਉਸ ਦੇ ਸੁਝਾਉ ਹਨ : ਕਾਹਲੀ ਕਰਨ ਤੋਂ ਬਚੋ। ਕਿਸੇ ਦੀ ਨਿੰਦਾ ਨਾ ਕਰੋ। ਸਦਾ ਕੋਈ ਨਾ ਕੋਈ ਕੰਮ ਕਰਦੇ ਰਹੋ। ਕੰਮ ਨੂੰ ਕਦੇ ਮੁਲਤਵੀ ਨਾ ਕਰੋ। ਆਪਣੀ ਜ਼ਿੰਮੇਵਾਰੀ ਨੂੰ ਨਿਭਾਓ। ਕਿਸੇ ਵੀ ਕੰਮ ਨੂੰ ਵਾਧੂ ਜਾਂ ਫਜ਼ੂਲ ਨਾ ਸਮਝੋ। ਹਰ ਕੰਮ ਮਹਤਵਪੂਰਨ ਹੁੰਦਾ ਹੈ। ਜੀਵਨ ਦਾ ਵਿਹਾਰਕ ਪੱਖ ਇਹ ਦੱਸਦਾ ਹੈ ਕਿ ਜਿਹੋ ਜਿਹਾ ਅਸੀਂ ਸੋਚਾਂਗੇ, ਉਹੋ ਜਿਹੇ ਬਣ ਜਾਵਾਂਗੇ ਅਤੇ ਜਿਹੋ ਜਿਹੇ ਅਸੀਂ ਹੋਵਾਂਗੇ, ਉਹੋ ਜਿਹਾ ਸਾਡਾ ਸੰਸਾਰ ਹੋਵੇਗਾ।

ਹਰ ਮਨੁੱਖ ਨੂੰ ਆਪਣਾ ਜੀਵਨ ਪੂਰੀ ਸਮਝ ਅਤੇ ਸ਼ਿੱਦਤ ਨਾਲ ਜਿਉਣਾ ਚਾਹੀਦਾ ਹੈ। ਅਨੁਭਵ ਅਤੇ ਗਿਆਨ, ਦੋ ਅਜਿਹੇ ਹਥਿਆਰ ਹਨ ਜਿਨ੍ਹਾਂ ਦੀ ਮਦਦ ਨਾਲ ਅਸੀਂ ਆਪਣੀ ਹਰ ਮੁਸ਼ਕਿਲ ਉਪਰ ਕਾਬੂ ਪਾ ਸਕਦੇ ਹਾਂ। ਆਪਣੇ ਅਨੁਭਵ ਤੋਂ ਸਿੱਖ ਕੇ ਗਿਆਨ ਦੀ ਮਦਦ ਨਾਲ ਅਸੀਂ ਜੀਵਨ ਦੀਆਂ ਸਿਖਰਾਂ ਨੂੰ ਛੋਹ ਸਕਦੇ ਹਾਂ। ਕੁਝ ਵੀ ਅਪਹੁੰਚ ਜਾਂ ਅਸੰਭਵ ਨਹੀਂ ਹੈ। ਵੱਧ ਤੋਂ ਵੱਧ ਗਿਆਨ ਹਾਸਲ ਕਰੋ ਅਤੇ ਸਮੇਂ-ਸਮੇਂ ਅੰਤਰ ਝਾਤ ਪਾਉਂਦੇ ਰਹੋ। ਮਹਾਨ ਵਿਅਕਤੀਆਂ ਨੇ ਆਪਣੇ ਜੀਵਨ ਵਿਚ ਜੋ ਕੁਝ ਵੀ ਪ੍ਰਾਪਤ ਕੀਤਾ ਹੈ, ਉਹ ਆਪਣੀਆਂ ਕੁਰਬਾਨੀਆਂ, ਹਿੰਮਤ ਅਤੇ ਸੰਘਰਸ਼ ਦੁਆਰਾ ਹੀ ਪ੍ਰਾਪਤ ਕੀਤਾ ਹੈ। ਜਿਨ੍ਹਾਂ ਨੂੰ ਆਪਣਾ ਜਿੱਤ ਵਿਚ ਨਿਸ਼ਚਾ ਹੁੰਦਾ ਹੈ, ਉਹ ਹਾਰ ਨੂੰ ਵੀ ਸਫ਼ਲਤਾ ਦਾ ਇਕ ਪੜਾਅ ਬਣਾ ਲੈਂਦੇ ਹਨ। (ਪੰਨਾ 190) ਮਨੁੱਖ ਨੂੰ ਹੌਸਲੇ, ਉਤਸਾਹ ਅਤੇ ਆਤਮ-ਵਿਸ਼ਵਾਸ ਦੀ ਲੋੜ ਹੁੰਦੀ ਹੈ। ਡਾ. ਕਪੂਰ ਨੇ 'ਡੂੰਘੀਆਂ ਸਿਖਰਾਂ' ਵਿਚ ਇਨ੍ਹਾਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਸੰਬੰਧੀ ਬੜੇ ਕਾਰਗਰ ਸੁਝਾਉ ਦਿੱਤੇ ਹਨ। ਇਨ੍ਹਾਂ ਨੂੰ ਨਿਰੰਤਰ ਵਾਚਦੇ ਰਹਿਣ ਦੀ ਜ਼ਰੂਰਤ ਹੈ।

**2.6.5 ਉਪਸੰਹਾਰ**

'ਡੂੰਘੀਆਂ ਸਿਖਰਾਂ' ਆਧੁਨਿਕ ਪੂੰਜੀਵਾਦੀ ਯੁਗ ਦਾ ਨੈਤਿਕ-ਸ਼ਾਸਤਰ ਹਨ। ਅਜੋਕੇ ਮਨੁੱਖ ਦੇ ਰਾਹ ਵਿਚ ਕਿਹੜੀਆਂ-ਕਿਹੜੀਆਂ ਮੁਸ਼ਕਿਲਾਂ ਆ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਨਜਿੱਠਣਾ ਕਿਵੇਂ ਹੈ, ਇਸ ਸੰਬੰਧੀ ਲੇਖਕ ਨੇ ਡੂੰਘੀ ਵਿਚਾਰ ਚਰਚਾ ਕੀਤੀ ਹੈ। ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਗਿਆਨ, ਉਸ ਦੇ ਆਪਣੇ ਅਨੁਭਵ ਵਿਚੋਂ ਉਪਜਿਆ ਹੈ। ਲੇਖਕ ਆਪ ਇਕ ਸਾਧਾਰਣ ਜਿਹੇ ਘਰ-ਪਰਿਵਾਰ ਵਿਚ ਪੈਦਾ ਹੋਇਆ ਸੀ ਪਰ ਆਪਣੀ ਮਿਹਨਤ ਅਤੇ ਪੁਰਸ਼ਾਰਥ ਨਾਲ ਉਹ ਯੂਨੀਵਰਸਿਟੀ ਦਾ ਇਕ ਪ੍ਰਸਿੱਧ ਪ੍ਰੋਫ਼ੈਸਰ ਬਣ ਗਿਆ। ਇਕ ਸਫ਼ਲ ਵਿਅਕਤੀ ਵਾਲੀਆਂ ਸਾਰੀਆਂ ਪ੍ਰਾਪਤੀਆਂ ਉਸ ਦੇ ਕੋਲ ਹਨ। ਉਹ ਸੁਝਾਉ ਦਿੰਦਾ ਹੈ ਕਿ ਮਿਹਨਤ ਕਰੋ, ਹਾਂ ਪੱਖੀ ਸੋਚ ਦੇ ਧਾਰਨੀ ਬਣੋ। ਆਪਣਾ ਨਿਸ਼ਾਨਾ ਬਣਾਈ ਰੱਖੋ ਅਤੇ ਇਸ ਦੀ ਪ੍ਰਾਪਤੀ ਲਈ ਪੂਰੀ ਵਾਹ ਲਾ ਦੇਵੋ। ਫੇਰ ਕੋਈ ਵੀ ਮੁਸ਼ਕਿਲ ਤੁਹਾਨੂੰ ਆਪਣੇ ਨਿਸ਼ਾਨੇ ਤੱਕ ਪਹੁੰਚਣ ਤੋਂ ਰੋਕ ਨਹੀਂ ਸਕੇਗੀ। ਯੁਵਾ-ਪੀੜ੍ਹੀ ਲਈ ਉਸ ਦੇ ਵਿਚਾਰ ਮਾਰਗ-ਦਰਸ਼ਕ ਦੀ ਭੂਮਿਕਾ ਨਿਭਾਉਣਗੇ।

**ਪ੍ਰਸ਼ਨ : ਉਪਰੋਕਤ ਪਾਠ ਵਿਚ ਦਿੱਤੀ ਗਈ ਸਾਮਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

1. 'ਡੂੰਘੀਆਂ ਸਿਖਰਾਂ' ਪੁਸਤਕ ਦੇ ਵਿਸ਼ੈ-ਪੱਖ ਉਪਰ ਇਕ ਨੋਟ ਲਿਖੋ।
2. 'ਡੂੰਘੀਆਂ ਸਿਖਰਾਂ' ਵਿਚ ਮਨੁੱਖੀ ਆਚਾਰ-ਵਿਹਾਰ ਬਾਰੇ ਕੀ ਸੁਝਾਉ ਦਿੱਤੇ ਗਏ ਹਨ ?
3. ਹੇਠ ਦਿਤੇ ਲੇਖਾਂ ਵਿਚੋਂ ਕਿਸੇ ਇੱਕ ਉਪਰ ਸੰਖੇਪ ਨੋਟ ਲਿਖੋ :
   (ੳ) ਸਿਦਕ, ਸਿਰੜ ਅਤੇ ਦ੍ਰਿੜ੍ਹਤਾ (ਅ) ਯੋਗਤਾ ਅਤੇ ਸਮਰੱਥਾ (ੲ) ਵਿੱਦਿਆ ਅਤੇ ਵਿੱਦਿਆਰਥੀ।

ਪਾਠ ਨੰ: 2.7 - ਰਾਜਬੀਰ ਕੌਰ

# ਡੂੰਘੀਆਂ ਸਿਖਰਾਂ : ਸਾਹਿਤਕ ਪਰਖ

## 2.7.1 ਉਦੇਸ਼

ਇਸ ਪਾਠ ਦਾ ਉਦੇਸ਼ ਐਮ.ਏ. II (ਪੰਜਾਬੀ ਸਾਹਿੱਤ) ਦੇ ਵਿਦਿਆਰਥੀਆਂ ਨੂੰ ਡਾ. ਨਰਿੰਦਰ ਸਿੰਘ ਕਪੂਰ ਰਚਿਤ ਲੇਕ ਸੰਗ੍ਰਹਿ 'ਡੂੰਘੀਆਂ ਸਿਖਰਾਂ' ਦੇ ਸਾਹਿਤਿਕ ਪੱਖ ਦੀ ਜਾਣ-ਪਹਿਚਾਣ ਕਰਵਾਉਣਾ ਹੈ। ਲੇਖਕ (essay) ਵਾਰਤਕ ਦਾ ਇਕ ਪ੍ਰਮੁਖ ਅਤੇ ਲੋਕਪ੍ਰਿਅ ਰੂਪ ਹੈ। ਲੇਖ ਵਿਚ ਕਿਸੇ ਸੰਕਲਪ, ਵਿਚਾਰ, ਵਸਤੂ ਜਾਂ ਘਟਨਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸਾਹਿਤ ਰੂਪ ਵਿਚ ਗਿਆਨ ਅਤੇ ਵਿਵੇਕ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਵ ਅਤੇ ਕਲਪਨਾ ਉਕਤ ਦੋਹਾਂ ਤੱਤਾਂ ਦੇ ਅਧੀਨ ਹੋ ਕੇ ਚਲਦੇ ਹਨ। ਇਸ ਸੂਰਤ ਵਿਚ ਕਈ ਵਾਰ ਖ਼ਤਰਾ ਪੈਦਾ ਹੋ ਜਾਂਦਾ ਹੈ ਕਿ ਲੇਖ ਕਿਧਰੇ ਸਮਾਜ ਵਿਗਿਆਨ (social science) ਦੇ ਘੇਰੇ ਵਿਚ ਹੀ ਨਾ ਪ੍ਰਵੇਸ਼ ਕਰ ਜਾਵੇ। ਪਰੰਤੂ ਪਰਿਪੱਕ ਗਦਕਾਰ, 'ਲੇਖ' ਦੀ ਸਾਹਿਤਿਕਤਾ ਨੂੰ ਬਰਕਰਾਰ ਰੱਖਦੇ ਹਨ। ਇਸ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਡਾ. ਕਪੂਰ ਦੁਆਰਾ ਵਰਤੀਆਂ ਉਨ੍ਹਾਂ ਵਿਧੀਆਂ/ਜੁਗਤਾਂ ਬਾਰੇ ਪਰਿਚਿਤ ਕਰਾਂਗੇ, ਜਿਨ੍ਹਾਂ ਦੇ ਪ੍ਰਯੋਗ ਦੁਆਰਾ ਉਸ ਨੇ 'ਡੂੰਘੀਆਂ ਸਿਖਰਾਂ' ਦੇ ਸਾਹਿਤਿਕ ਮਿਜ਼ਾਜ ਨੂੰ ਬਰਕਰਾਰ ਰੱਖਿਆ ਹੈ।

## 2.7.2 ਰੂਪ ਰੇਖਾ

ਵਿਦਿਆਰਥੀਆਂ ਦੀ ਸੁਵਿਧਾ ਲਈ ਅਸੀਂ ਇਸ ਪਾਠ ਨੂੰ ਕੁਝ ਉਪਭਾਗਾਂ ਵਿਚ ਵਿਭਾਜਿਤ ਕਰ ਲਿਆ ਹੈ। ਇਨ੍ਹਾਂ ਉਪਭਾਗਾਂ ਦੀ ਤਰਤੀਬ ਅਤੇ ਤਫ਼ਸੀਲ ਇਸ ਪ੍ਰਕਾਰ ਹੈ :

(ੳ) ਭਾਵੁਕਤਾ
(ਅ) ਕਲਪਨਾ
(ੲ) ਲੇਖਾਂ ਦਾ ਆਰੰਭ, ਮਧ ਅਤੇ ਅੰਤ
(ਸ) ਦਲੀਲਬਾਜ਼ੀ ਅਤੇ ਤਰਕ
(ਹ) ਵਿਅੰਗ
(ਕ) ਇਤਿਹਾਸ/ਮਿਥਿਹਾਸ ਵਿਚੋਂ ਪ੍ਰਮਾਣ
(ਖ) ਪੈਰਾ-ਵੰਡ
(ਗ) ਸ਼ੈਲੀ ਅਤੇ ਸ਼ਬਦਾਵਲੀ
(ਘ) ਅਲੰਕਾਰ, ਬਿੰਬ ਅਤੇ ਮੁਹਾਵਰੇ
(ਙ) ਸਿਰਲੇਖ।

## 2.7.3 ਭੂਮਿਕਾ

*'ਡੂੰਘੀਆਂ ਸਿਖਰਾਂ'* ਡਾ. ਨਰਿੰਦਰ ਸਿੰਘ ਕਪੂਰ ਦੀ ਇਕ ਪ੍ਰਮੁੱਖ ਰਚਨਾ ਹੈ। ਇਹ ਪਹਿਲੀ ਵਾਰ 2006 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਹੁਣ ਤੱਕ ਇਸ ਪੁਸਤਕ ਦੇ ਪੰਜ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੱਥ ਤੋਂ ਸਿੱਧ ਹੋ ਜਾਂਦਾ ਹੈ ਕਿ ਇਹ ਰਚਨਾ ਪਾਠਕਾਂ ਵਿਚ ਬਹੁਤ ਲੋਕਪ੍ਰਿਅ ਰਹੀ ਹੈ। ਲੋਕਪ੍ਰਿਅਤਾ ਦਾ ਵੱਡਾ ਕਾਰਨ ਇਸ ਰਚਨਾ ਦੇ ਸਾਹਿਤਿਕ ਗੁਣ ਹਨ। ਲੇਖਕ ਨੇ ਆਪਣੇ ਵਿਚਾਰਾਂ ਨੂੰ ਭਾਵਾਂ ਵਿਚ ਗੁੰਨ੍ਹ ਕੇ ਏਨੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ ਕਿ ਇਨ੍ਹਾਂ ਨੂੰ ਪੜ੍ਹਨ ਸਮੇਂ ਕਵਿਤਾ ਵਰਗਾ ਸੁਆਦ ਪ੍ਰਾਪਤ ਹੁੰਦਾ ਹੈ।

## 2.7.4 ਸਾਹਿਤਕ ਪਰਖ

**(ੳ) ਭਾਵੁਕਤਾ :** 'ਡੂੰਘੀਆਂ ਸਿਖਰਾਂ' ਦਾ ਹਰ ਲੇਖ ਭਾਵੁਕਤਾ ਵਿਚੋਂ ਉਪਜਿਆ ਹੈ। ਜਦੋਂ ਕੋਈ ਵਿਚਾਰ, ਭਾਵੁਕਤਾ ਦੀ ਪੱਧਰ ਉਤੇ ਪਹੁੰਚ ਕੇ ਲੇਖਕ ਨੂੰ ਅੰਦੋਲਿਤ ਕਰਨ ਲੱਗਦਾ ਹੈ ਤਾਂ ਸਾਹਿਤ ਪੈਦਾ ਹੁੰਦਾ ਹੈ। ਮਨੁੱਖੀ ਮਨ ਵਿਚ ਕਈ ਤਰ੍ਹਾਂ ਦੇ ਭਾਵ

ਨਿਵਾਸ ਕਰਦੇ ਹਨ। ਭਾਰਤੀ ਕਾਵਿ ਸ਼ਾਸਤਰੀਆਂ ਨੇ ਇਨ੍ਹਾਂ ਭਾਵਾਂ ਨੂੰ ਨੌਂ ਰਸ ਕਿਹਾ ਹੈ। ਸ਼ਿੰਗਾਰ, ਕਰੁਣਾ, ਵੀਰ, ਰੌਦਰ, ਭਿਆਨਕ, ਅਦਭੁਤ, ਹਾਸ, ਵੀਭਤਸ ਅਤੇ ਸ਼ਾਂਤ ਆਦਿ ਨੌ ਰਸ ਹਨ। ਇਨ੍ਹਾਂ ਦੁਆਰਾ ਪ੍ਰੇਮ, ਸ਼ੋਕ (ਉਦਾਸੀ), ਉਤਸਾਹ, ਗੁੱਸਾ, ਡਰ, ਹੈਰਾਨੀ (ਅਚੰਭਾ), ਖੁਸ਼ੀ, ਘ੍ਰਿਣਾ ਅਤੇ ਸਹਿਜ (ਸ਼ਾਂਤੀ) ਆਦਿ ਭਾਵਾਂ ਦਾ ਨਿਰੂਪਣ ਕੀਤਾ ਜਾਂਦਾ ਹੈ। ਇਹ ਭਾਵ ਮਨੁੱਖ ਨੂੰ ਸਾਧਾਰਣ ਅਵਸਥਾ ਵਿਚੋਂ ਉਠਾ ਕੇ ਭਾਵਾਂ ਅਤੇ ਜਜ਼ਬਿਆਂ ਦੀ ਦੁਨੀਆਂ ਵਿਚ ਲੈ ਜਾਂਦੇ ਹਨ ਜਿਨ੍ਹਾਂ ਸਦਕਾ ਪਾਠਕ ਆਨੰਦ-ਅਵਸਥਾ ਵਿਚ ਪਹੁੰਚ ਜਾਂਦਾ ਹੈ। ਆਚਾਰੀਆ ਭਰਤ ਮੁਨੀ ਨੇ ਇਸ ਸਥਿਤੀ ਦੀ ਵਿਆਖਿਆ ਕਰਦਿਆਂ ਹੋਇਆਂ ਲਿਖਿਆ ਸੀ :

> ਵਿਭਾਵਾਨੁਭਾਵ ਵਯਭਚਾਰੀ ਸੰਯੋਗਾਦਿ ਰਸ ਨਿਸ਼ਪਤੀ।। (*ਨਾਟ ਸ਼ਾਸਤ੍ਰ*)

ਅਰਥਾਤ : ਵਿਭਾਵ, ਅਨੁਭਾਵ ਅਤੇ ਵਯਭਚਾਰੀ (ਸੰਚਾਰੀ) ਭਾਵਾਂ ਦੇ ਸੁਮੇਲ ਨਾਲ ਰਸ ਦੀ ਨਿਸ਼ਪਤੀ (ਉਤਪੱਤੀ) ਹੁੰਦੀ ਹੈ। ਸਾਹਿੱਤ ਦਾ ਪ੍ਰਯੋਜਨ ਪਾਠਕ/ਸਰੋਤੇ ਦੇ ਮਨ-ਮਸਤਕ ਵਿਚ ਰਸ ਦੀ ਉਤਪੱਤੀ ਕਰਨਾ ਹੈ। ਡਾ. ਨਰਿੰਦਰ ਸਿੰਘ ਕਪੂਰ ਸਾਹਿਤ ਰਚਨਾ ਦੇ ਪਹਿਲੂ ਤੋਂ ਸੁਪਰਿਚਿਤ ਹੈ। ਇਹੀ ਕਾਰਨ ਹੈ ਕਿ 'ਡੂੰਘੀਆਂ ਸਿਖਰਾਂ' ਦੇ ਵਿਭਿੰਨ ਲੇਖਾਂ ਵਿਚ ਕਈ ਪ੍ਰਕਾਰ ਦੇ ਰਸਾਂ ਦੀ ਨਿਸ਼ਪਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਦੇ ਇਕ ਲੇਖ ਵਿਚੋਂ ਬੀਰ ਰਸ ਦੀ ਉਦਾਹਰਣ ਦੇਖੋ :

> ਗੁਰੂ ਗੋਬਿੰਦ ਸਿੰਘ ਵਿਚ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਦੇ ਗੁਣ ਸਨ। ਸਿਦਕ ਤੋਂ ਬਿਨਾਂ ਚਾਂਦਨੀ ਚੌਕ ਦਾ ਥਾਣਾ ਮੱਥਾ ਟੇਕਣ ਵਾਲੀ ਥਾਂ ਨਹੀਂ ਸੀ ਬਣਨਾ। ਸਿਰੜ ਤੋਂ ਬਿਨਾਂ ਚਮਕੌਰ ਅਤੇ ਫ਼ਤਹਿਗੜ੍ਹ ਨਾਲ 'ਸਾਹਿਬ' ਨਹੀਂ ਸੀ ਜੁੜਨਾ ਅਤੇ ਦ੍ਰਿੜ੍ਹਤਾ ਤੋਂ ਬਿਨਾਂ ਆਨੰਦਪੁਰ ਸਾਹਿਬ ਨੇ ਨਵਾਂ ਅਤੇ ਨਵੇਕਲਾ ਇਤਿਹਾਸ ਨਹੀਂ ਸੀ ਸਿਰਜਣਾ। ਗੁਰੂ ਗੋਬਿੰਦ ਸਿੰਘ ਦੇ ਹੱਥ ਵਿਚਲੀ ਤਲਵਾਰ ਜਦੋਂ ਲਲਕਾਰ ਬਣ ਕੇ ਉੱਠੀ ਸੀ ਤਾਂ ਕੁਰਬਾਨੀਆਂ ਦੇਣ ਵਾਲੇ ਸਿਰ ਵੀ ਉੱਚੇ ਹੋ ਗਏ ਸਨ।
>
> (*ਸਿਦਕ, ਸਿਰੜ ਅਤੇ ਦ੍ਰਿੜ੍ਹਤਾ*, ਪੰਨਾ 9)

ਇਸ ਪੁਸਤਕ ਦੇ ਲੇਖਾਂ ਵਿਚ ਸ਼ਿੰਗਾਰ ਰਸ ਦਾ ਵੀ ਭਰਪੂਰ ਪ੍ਰਯੋਗ ਹੋਇਆ ਹੈ। ਇਸ ਦੇ ਮਾਧਿਅਮ ਦੁਆਰਾ ਲੇਖਕ ਪਾਠਕ ਦੇ ਮਨ ਵਿਚ ਪ੍ਰੇਮ (ਰਤੀ) ਭਾਵ ਜਾਗ੍ਰਿਤ ਕਰਦਾ ਹੈ। ਦੇਖੋ :

> ਇਸਤ੍ਰੀ ਇਤਨੀ ਮੁਹੱਬਤ ਕਰਦੀ ਹੈ ਕਿ ਪੁਰਸ਼ ਇਕੱਲਾ ਰਹਿਣ ਜੋਗਾ ਹੀ ਨਹੀਂ ਰਹਿੰਦਾ। ਪ੍ਰੇਮਿਕਾ ਦੀ ਮੁਸਕ੍ਰਾਹਟ ਤੋਂ ਪਹਿਲਾਂ ਉਹ ਆਪ ਜਿਹਾ ਆਦਮੀ, ਆਪਣੇ ਆਪ ਨੂੰ ਸੰਸਾਰ ਦਾ ਕੇਂਦਰ ਸਮਝਣ ਲੱਗ ਪੈਂਦਾ ਹੈ। ਜਦੋਂ ਪਿਆਰ ਹੁੰਦਾ ਹੈ ਤਾਂ ਚਮਕੀਲੀ ਦੁਨੀਆਂ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ।
>
> (*ਆਵਾਜ਼ ਅਤੇ ਗੂੰਜ*, ਪੰਨਾ 63)

ਇਸ ਪੁਸਤਕ ਦੇ ਲੇਖਾਂ ਵਿਚ ਸ਼ਿੰਗਾਰ ਰਸ ਦਾ ਵੀ ਭਰਪੂਰ ਪ੍ਰਯੋਗ ਹੋਇਆ ਹੈ। ਇਸ ਦੇ ਮਾਧਿਅਮ ਦੁਆਰਾ ਲੇਖਕ ਪਾਠਕ ਦੇ ਮਨ ਵਿਚ ਪ੍ਰੇਮ (ਰਤੀ) ਭਾਵ ਜਾਗ੍ਰਿਤ ਕਰਦਾ ਹੈ। ਦੇਖੋ :

> ਇਸਤ੍ਰੀ ਇਤਨੀ ਮੁਹੱਬਤ ਕਰਦੀ ਹੈ ਕਿ ਪੁਰਸ਼ ਇਕੱਲਾ ਰਹਿਣ ਜੋਗਾ ਹੀ ਨਹੀਂ ਰਹਿੰਦਾ। ਪ੍ਰੇਮਿਕਾ ਦੀ ਮੁਸਕ੍ਰਾਹਟ ਤੋਂ ਪਹਿਲਾਂ ਉਹ ਆਮ ਜਿਹਾ ਆਦਮੀ, ਆਪਣੇ ਆਪ ਨੂੰ ਸੰਸਾਰ ਦਾ ਕੇਂਦਰ ਸਮਝਣ ਲੱਗ ਪੈਂਦਾ ਹੈ। ਜਦੋਂ ਪਿਆਰ ਹੁੰਦਾ ਹੈ ਤਾਂ ਚਮਕੀਲੀ ਦੁਨੀਆਂ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ।
>
> (*ਆਵਾਜ਼ ਅਤੇ ਗੂੰਜ*, ਪੰਨਾ 63)

**(ਅ) ਕਲਪਨਾ :** ਸਾਹਿਤ ਵਿਚ ਕਲਪਨਾ ਨੂੰ ਬੜਾ ਮਹਤਵਪੂਰਨ ਸਥਾਨ ਪ੍ਰਾਪਤ ਹੈ। ਐਸ.ਟੀ. ਕਾਲਰਿਜ, ਵਿਲੀਅਮ ਵਰਡਜ਼ਵਰਥ ਅਤੇ ਕੁਝ ਹੋਰ ਰੋਮਾਂਟਿਕ ਕਵੀਆਂ ਨੇ ਕਲਪਨਾ ਨੂੰ ਸਾਹਿੱਤ ਦਾ ਮੂਲ ਤੱਤ ਮੰਨਿਆ ਸੀ। ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਵੀ ਕਲਪਨਾ ਦਾ ਭਰਪੂਰ ਪ੍ਰਯੋਗ ਕਰਦੇ ਸਨ। ਕਲਪਨਾ ਦੇ ਖੰਭਾਂ ਉਪਰ ਸਵਾਰ ਹੋ ਕੇ ਲੇਖਕ ਅਤੇ ਕਲਾਕਾਰ ਲੋਕ ਅਣਦਿਸਦੀਆਂ ਅਤੇ ਅਣਗਾਹੀਆਂ ਵਾਦੀਆਂ ਵਿਚ ਜਾ ਪਹੁੰਚਦੇ ਹਨ। ਸਮੇਂ, ਸਥਾਨ ਅਤੇ ਵਿਵਸਥਾ ਦੀਆਂ ਜ਼ੰਜੀਰਾਂ ਵਿਚ ਬੱਝਾ ਵਿਅਕਤੀ ਜਿਹੜੇ ਫੈਸਲੇ ਨਹੀਂ ਲੈ ਸਕਦਾ, ਉਹ ਕਲਪਨਾ ਦੇ ਮਾਧਿਅਮ ਦੁਆਰਾ ਲੈ ਲੈਂਦਾ ਹੈ। ਇਸ ਪ੍ਰਕਾਰ ਕਵਿਤਾ ਮਨੁੱਖ ਨੂੰ ਆਜ਼ਾਦ ਕਰ ਦਿੰਦੀ ਹੈ। ਕਲਪਨਾ ਦੁਆਰਾ ਚਿਤਵੀਆਂ ਗਈਆਂ ਤਬਦੀਲੀਆਂ ਹੌਲੀ-ਹੌਲੀ ਯਥਾਰਥ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਸਭਿਆਚਾਰ ਮਨੁੱਖ ਦਾ ਹਿਤੈਸ਼ੀ ਬਣ ਜਾਂਦਾ ਹੈ ਅਤੇ ਆਮ ਆਦਮੀ ਦਾ ਜੀਵਨ ਕਾਫ਼ੀ ਸੌਖਾ ਹੋ ਜਾਂਦਾ ਹੈ। ਡਾ. ਕਪੂਰ ਕਲਪਨਾ ਦੇ ਹਾਂਪੱਖੀ ਪ੍ਰਪਾਵ ਤੋਂ ਜਾਣੂ ਹੈ। ਇਸ ਕਾਰਨ ਉਹ ਆਪਣੇ ਪਾਠਕਾਂ ਦੀ ਕਲਪਨਾ ਨੂੰ ਨਿਰੰਤਰ ਪ੍ਰਚੰਡ ਕਰਦਾ ਰਹਿੰਦਾ ਹੈ। ਦੇਖੋ :

> ਮੇਰੀ ਇਕ ਜਮਾਤਣ ਸੀ। ਹੋਰਾਂ ਲਈ ਉਹ ਚਾਨਣ-ਮੁਨਾਰਾ ਸੀ, ਮੇਰੇ ਲਈ ਉਹ ਬੰਦਰਗਾਹ ਵੀ ਸੀ। ਮੈਨੂੰ ਉਸਦਾ ਪਰਛਾਵਾਂ ਵੀ ਮੁਸਕ੍ਰਾਉਂਦਾ ਦਿਸਦਾ ਸੀ। ਉਸਦੀ ਆਵਾਜ਼ ਵਿਚ ਜਲਤਰੰਗ ਸੀ। ਉਸ ਦੀ ਤੱਕਣੀ ਆਲੇ-ਦੁਆਲੇ ਨੂੰ ਚਿਤਰ ਬਣਾ ਦਿੰਦੀ ਸੀ। ਉਹ ਇਕੱਲੀ ਹੀ ਬਹੁਸੰਮਤੀ ਸੀ। ਉਸਦੇ ਕਲਾਸ ਵਿਚ ਆਉਣ ਨਾਲ ਵਿਆਹ ਵਰਗੀ ਰੌਣਕ ਹੋ ਜਾਂਦੀ ਸੀ। ਉਹ ਆਪਣੀ ਰੋ ਰਹੀ ਸਹੇਲੀ ਨੂੰ ਚੁੱਪ ਕਰਾਉਂਦੀ-ਕਰਾਉਂਦੀ ਆਪ ਰੋਣ ਲੱਗ ਪੈਂਦੀ ਸੀ। (*ਮੁਸਕ੍ਰਾਹਟ ਦੀ ਵਿਆਕਰਣ*, ਪੰਨਾ 145)

ਨਰਿੰਦਰ ਸਿੰਘ ਕਪੂਰ ਦੁਨੀਆਂ ਵਿਚਲੇ ਵਿਭਿੰਨ ਪੁਰਸ਼-ਇਸਤ੍ਰੀਆਂ ਅਤੇ ਪਸ਼ੂ-ਪੰਛੀਆਂ ਦਾ ਜ਼ਿਕਰ ਕਰਦਾ ਹੋਇਆ ਉਨ੍ਹਾਂ ਨਾਲ ਭਾਵੁਕ ਸਾਂਝ (empathy) ਪਾ ਲੈਂਦਾ ਹੈ। ਇਸ ਪ੍ਰਕਿਰਿਆ ਵਿਚ ਉਸ ਦੀ ਕਲਪਨਾ ਬਹੁਤ ਸਹਾਇਤਾ ਕਰਦੀ ਹੈ। ਪਸ਼ੂ-ਪੰਛੀਆਂ ਦੇ ਦੁਖ ਨੂੰ ਉਹ ਆਪਣਾ ਦੁਖ ਸਮਝਣ ਲੱਗ ਪੈਂਦਾ ਹੈ ਅਤੇ ਉਨ੍ਹਾਂ ਦੀਆਂ ਸੋਚਾਂ ਉਸਦੀਆਂ ਆਪਣੀਆਂ ਸੋਚਾਂ ਬਣ ਜਾਂਦੀਆਂ ਹਨ। ਇਕ ਉਦਾਹਰਣ ਦੇਖੋ :

> ਇਕ ਦਿਨ ਮੈਂ ਆਪਣੇ ਘਰ ਦੇ ਬਰਾਂਡੇ ਵਿਚ ਬੈਠਾ ਸਾਂ ਕਿ ਅਚਾਨਕ ਇਕ ਲਹੂ-ਲੁਹਾਣ ਚਿੜੀ ਮੇਰੇ ਨੇੜੇ ਆਣ ਡਿੱਗੀ। ਜਿਵੇਂ-ਕਿਵੇਂ ਹੋਇਆ ਮੈਂ ਉਸ ਨੂੰ ਅੰਦਰ ਲੈ ਗਿਆ ਤਾਂ ਜੋ ਉਸ ਨੂੰ ਫੱਟੜ ਕਰਨ ਵਾਲਾ ਜਾਨਵਰ ਜਾਂ ਪੰਛੀ ਕਿਧਰੇ ਫਿਰ ਨਾ ਆ ਜਾਵੇ। ਪਾਣੀ ਦੀ ਕੌਲੀ ਕੋਲ ਰੱਖੀ, ਰੋਟੀ ਦੇ ਕੁਝ ਟੁਕੜੇ ਵੀ ਕੋਲ ਰੱਖੇ। ਮਨ ਦੁਚਿੱਤੀ ਵਿਚ ਸੀ, ਬਚੇਗੀ ਕਿ ਨਹੀਂ। ਮੈਨੂੰ ਨੇੜੇ ਵੇਖ ਕੇ ਵੀ ਉਹ ਡਰੀ ਹੋਈ ਸੀ। ਉਹ ਮੇਰੀ ਮੁੱਠੀ ਜਿਤਨੀ ਵੀ ਨਹੀਂ ਸੀ ਅਤੇ ਮੈਨੂੰ ਸੁੱਝ ਨਹੀਂ ਸੀ ਰਿਹਾ ਕਿ ਮੈਂ ਕੀ ਕਰਾਂ। ਆਪਣਾ ਜ਼ਖ਼ਮੀ ਦਿਲ-ਦਰਵਾਜ਼ਾ ਖੋਲ੍ਹ ਕੇ ਉਸ ਨੇ ਮੇਰੇ ਵੱਲ ਦੇਖਿਆ। ਸ਼ਾਇਦ ਉਸ ਨੇ ਮੇਰੀ ਸੇਵਾ ਪ੍ਰਵਾਨ ਕਰਨ ਦਾ ਮਨ ਬਣਾ ਲਿਆ ਸੀ। ਜ਼ਖਮੀ ਉਹ ਸੀ, ਵਿਆਕੁਲ ਮੈਂ ਸਾਂ। (*ਨਿੱਕੀਆਂ ਕਣੀਆਂ ਦਾ ਮੀਂਹ*, ਪੰਨਾ 99)

**(ੲ) ਲੇਖਾਂ ਦਾ ਆਰੰਭ, ਮੱਧ ਅਤੇ ਅੰਤ**

ਹਰ ਸਾਹਿਤ ਰੂਪ ਦੇ ਆਰੰਭ, ਮਧ ਅਤੇ ਅੰਤ ਬਾਰੇ ਸਾਹਿਤ-ਸ਼ਾਸਤਰੀਆਂ ਅਤੇ ਆਲੋਚਕਾਂ ਨੇ ਕੁਝ ਮਾਪਦੰਡ ਨਿਰਧਾਰਿਤ ਕਰ ਰੱਖੇ ਹਨ। ਸਾਹਿੱਤ ਦੇ ਕਿਸੇ ਵੀ ਰੂਪ ਦਾ ਆਰੰਭ ਬੇਲੋੜੀ ਭੂਮਿਕਾ ਦੁਆਰਾ ਨਹੀਂ ਹੋਣਾ ਚਾਹੀਦਾ ਕਿਉਂਕਿ ਭੂਮਿਕਾ ਪਾਠਕ ਨੂੰ ਅਕਾ ਦਿੰਦੀ ਹੈ। ਅਜ ਦਾ ਪਾਠਕ ਕਾਫ਼ੀ ਬੁੱਧੀਮਾਲ ਅਤੇ ਪਰੌਢ ਹੋ ਚੁਕਾ ਹੈ। ਉਸ ਵਿਚ ਕਿਸੇ ਵੀ ਸਾਹਿਤ-ਰੂਪ ਨੂੰ ਸਮਝਣ ਅਤੇ ਮਾਣਨ ਦੀ ਭਰਪੂਰ ਸਮਰੱਥਾ ਹੈ। ਕਿਸੇ ਰਸਮੀ ਭੂਮਿਕਾ ਦੁਆਰਾ ਉਸ ਨੂੰ ਲੇਖ ਦੇ ਮੰਤਵ ਦੁਆਰਾ ਜਾਣਕਾਰੀ ਦੇਣਾ, ਪਾਠਕ ਦਾ ਅਪਮਾਨ ਕਰਨਾ ਹੈ। ਨਰਿੰਦਰ ਸਿੰਘ ਕਪੂਰ ਦੇ ਹਰ ਲੇਖ ਦਾ ਆਰੰਭ ਬੜੇ ਨਾਟਕੀ ਢੰਗ ਨਾਲ ਇਕ ਦਮ ਹੋ ਜਾਂਦਾ ਹੈ। ਉਹ ਕੁਝ ਪਰਿਭਾਸ਼ਾਵਾਂ ਜਾਂ ਸ਼ਕਤੀਆਂ ਦੁਆਰਾ ਆਪਣੇ ਪਾਠਕਾਂ ਦੀ ਵਿਸ਼ੈ-ਵਸਤੂ ਨਾਲ ਸਾਂਝ ਪੁਆ ਲੈਂਦਾ ਹੈ ਅਤੇ ਫਿਰ ਦਲੀਲਾਂ, ਪ੍ਰਮਾਣਾਂ ਅਤੇ ਇਤਿਹਾਸਕ ਵੇਰਵਿਆਂ ਦੇ ਮਾਧਿਅਮ ਦੁਆਰਾ ਆਪਣੇ ਲੇਖ ਦਾ ਉਪਰ-ਉਸਾਰ ਕਰਦਾ ਚਲਾ ਜਾਂਦਾ ਹੈ। ਇਕ ਲੇਖ ਦੇ ਆਰੰਭ ਵਿਚ ਦਿੱਤੇ ਗਏ ਕੁਝ ਚੁਸਤ ਵਾਕ ਦੇਖੋ, ਜੋ ਲੇਖਕ ਦੇ ਰਚਨਾ-ਕੌਸ਼ਲ ਦਾ ਸਬੂਤ ਦਿੰਦੇ ਹਨ :

> ਧਰਤੀ ਉਤੇ ਜੀਵਨ ਨੂੰ ਚਲਾਉਂਦਾ ਤਾਂ ਸੂਰਜ ਹੈ ਪਰ ਘੁਮਾਉਂਦਾ ਪੈਸਾ ਹੈ।
> ਜਦੋਂ ਪੈਸਾ ਬੋਲਦਾ ਹੈ, ਸਾਰੇ ਧਿਆਨ ਨਾਲ ਸੁਣਦੇ ਹਨ।
> ਸਮਾਜਿਕ ਜੀਵਨ ਲਈ ਪੈਸਾ ਆਕਸੀਜਨ ਹੈ।
>
> (*ਪੈਸਾ, ਧਨ ਅਤੇ ਦੌਲਤ*, ਪੰਨਾ 44)

ਲੇਖ ਇਕ ਅਜਿਹਾ ਸਾਹਿਤ-ਰੂਪ ਹੈ, ਜਿਸ ਦੇ ਮਧ ਦੇ ਆਸ-ਪਾਸ ਸਿਖਰ (climax) ਉਸਾਰਨ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਇਸ ਨੂੰ ਵਿਚਾਰਾਂ ਦਾ ਇਕ ਢਿੱਲਾ ਪ੍ਰਵਾਹ ਵੀ ਆਖਿਆ ਗਿਆ ਹੈ। (An essay is a loose sally of mind.) ਡਾ. ਕਪੂਰ ਆਪਣੇ ਲੇਖਾਂ ਦਾ ਮਧਲਾ ਭਾਗ ਇਸ ਤਰ੍ਹਾਂ ਉਸਾਰਦਾ ਹੈ ਕਿ ਹਰ ਵਾਕ ਹੀ ਇਕ ਸਿਖਰ ਪ੍ਰਤੀਤ ਹੁੰਦਾ ਹੈ। ਆਮ ਤੌਰ ਤੇ ਮੱਧ ਵਿਚ ਉਹ ਕਿਸੇ ਵਿਸ਼ੈ ਦਾ ਐਂਟੀਥੀਸਿਜ਼ (anti-thesis) ਪੇਸ਼ ਕਰਦਾ ਹੈ। ਅਰਥਾਤ ਆਪਣੇ ਮਤਿ ਦੇ ਵਿਰੋਧ ਵਿਚ ਦਿੱਤੀਆਂ ਜਾ ਸਕਣ ਵਾਲੀਆਂ ਦਲੀਲਾਂ ਵੱਲ ਸੰਕੇਤ ਕਰਦਾ ਹੈ। ਰਵਾਇਤੀ ਲੋਕ ਪੈਸੇ ਦੇ ਮਹਤਵ ਬਾਰੇ ਗੱਲਬਾਤ ਕਰਨਾ ਪਸੰਦ ਨਹੀਂ ਕਰਦੇ। ਉਹ ਪੈਸੇ ਦੀ ਸਰਦਾਰੀ ਨੂੰ ਕਬੂਲ ਕਰਨ ਤੋਂ ਕਤਰਾਉਂਦੇ ਹਨ। ਅਜਿਹੇ ਲੋਕਾਂ ਨੂੰ ਸੰਬੋਧਨ ਕਰਦਾ ਹੋਇਆ ਡਾ. ਕਪੂਰ ਲਿਖਦਾ ਹੈ :

> ਆਮ ਕਿਹਾ ਜਾਂਦਾ ਹੈ ਕਿ ਜਿਥੇ ਧਨ ਹੈ, ਉਥੇ ਕਲੇਸ਼ ਹੈ ਪਰ ਕਲੇਸ਼ ਧਨ ਕਾਰਨ ਨਹੀਂ ਹੁੰਦਾ, ਬਿਨਾਂ

> ਕਮਾਏ ਧਨ ਨੂੰ ਹਥਿਆਉਣ ਕਾਰਨ ਹੁੰਦਾ ਹੈ। ਧੋਖੇ ਨਾਲ ਉਸਰੀ ਅਮੀਰੀ ਦੀ ਬੁਨਿਆਦ ਵਿਚ ਦੁਖ ਅਤੇ ਅਨਿਆਂ ਹੁੰਦਾ ਹੈ। ਇਸੇ ਕਰ ਕੇ ਚੋਰਾਂ-ਸਮਗਲਰਾਂ ਕੋਲ ਜੀਵਨ ਦੀ ਤਸੱਲੀ ਨਹੀਂ ਹੁੰਦੀ।
>
> (*ਉਹੀ*, ਪੰਨਾ 51)

ਡਾ. ਨਰਿੰਦਰ ਸਿੰਘ ਕਪੂਰ ਆਪਣੇ ਹਰ ਲੇਖ ਦਾ ਅੰਤ ਸੁਝਾਊ ਢੰਗ ਨਾਲ ਕਰਦਾ ਹੈ। ਉਹ ਆਪਣੇ ਵਿਚਾਰਾਂ ਨੂੰ ਪਾਠਕਾਂ ਉਪਰ ਠੋਸਣ ਦੀ ਹਿਮਾਇਤ ਨਹੀਂ ਕਰਦਾ। ਆਪਣੇ ਨਿਰਣਿਆਂ ਨੂੰ ਪਾਠਕ ਦੀ ਮਰਜ਼ੀ ਉਪਰ ਛੱਡ ਦਿੰਦਾ ਹੈ ਕਿ ਉਹ ਇਨ੍ਹਾਂ ਬਾਰੇ ਜੋ ਮਰਜ਼ੀ ਹੋਵੇ ਸੋਚਣ, ਕਰਨ। ਪਰ ਇਸ ਦੇ ਬਾਵਜੂਦ ਉਹ ਖੁਲ੍ਹੇ ਅੰਤ ਵਾਲੀਆਂ ਰਚਨਾਵਾਂ ਲਿਖਣ ਦੇ ਹੱਕ ਵਿਚ ਨਹੀਂ ਹੈ ਬਲਕਿ ਹਰ ਵਿਸ਼ੈ ਵਿਚੋਂ ਨਿਕਲਣ ਵਾਲੇ ਨਿਸ਼ਕਰਸ਼ (ਸਿੱਟੇ) ਨੂੰ ਜ਼ਰੂਰ ਪਾਠਕਾਂ ਦੇ ਸਨਮੁਖ ਰੱਖ ਦਿੰਦਾ ਹੈ। ਉਪਰ ਦਿੱਤੇ ਲੇਖ ਦੇ ਅੰਤਿਮ ਵਾਕ ਦੇਖੋ :

> ਪੈਸੇ ਲਈ ਪਾਗ਼ਲ ਹੋਣ ਦੀ ਲੋੜ ਨਹੀਂ ਪਰ ਪੈਸੇ ਪ੍ਰਤੀ ਅਵੇਸਲਾ ਅਤੇ ਲਾਪ੍ਰਵਾਹ ਹੋਣਾ ਵੀ ਯੋਗ ਨਹੀਂ ਕਿਉਂਕਿ ਪਿਆਰ ਅਤੇ ਪੈਸਾ ਜ਼ਿੰਦਗੀ ਦੀਆਂ ਮੁਢਲੀਆਂ ਤਾਂਘਾਂ ਹਨ ਅਤੇ ਇਹੀ ਮਨੁੱਖ ਦੀਆਂ ਬੁਨਿਆਦੀ ਭੁੱਖਾਂ ਹਨ। (*ਉਹੀ*, ਪੰਨਾ 52)

**(ਸ) ਦਲੀਲਬਾਜ਼ੀ ਅਤੇ ਤਰਕ**

ਡਾ. ਕਪੂਰ ਆਪਣੇ ਹਰ ਲੇਖ ਦੀ ਉਸਾਰੀ ਦਲੀਲਬਾਜ਼ੀ ਅਤੇ ਤਰਕ ਨਾਲ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਡੀਡੱਕਟਿਵ ਲਾਜਿਕ (deductive logic) ਦੀ ਬਜਾਇ ਇਨਡਕਟਿਵ ਲਾਜਿਕ (inductive logic) ਦਾ ਪ੍ਰਯੋਗ ਕਰਦਾ ਹੈ। ਇਸ ਦਾ ਭਾਵ ਇਹ ਹੈ ਕਿ ਕਿਸੇ ਵੀ ਵਿਸ਼ੈ ਬਾਰੇ ਨਿਰਣਾ ਉਸ ਨੇ ਪਹਿਲਾਂ ਹੀ ਬਣਾ ਰੱਖਿਆ ਹੁੰਦਾ ਹੈ ਐਤ ਲੇਖ-ਰਚਨਾ ਦੇ ਦੌਰਾਨ ਉਹ, ਉਸੇ ਨਿਰਣੈ ਦੀ ਸਿੱਧੀ ਵਾਸਤੇ ਦਲੀਲਾਂ ਦਿੰਦਾ ਰਹਿੰਦਾ ਹੈ। ਵਿਚਾਰ ਚਰਚਾ ਦਾ ਇਹ ਢੰਗ ਆਦਰਸ਼ਵਾਦੀ ਹੈ। ਆਧੁਨਿਕ ਢੰਗ ਦਵੰਦਾਤਮਕ (dialectical) ਅਤੇ ਡੀਡਕਟਿਵ ਹੈ। ਪਰ ਉਹ ਇਸ ਢੰਗ ਦਾ ਪ੍ਰਯੋਗ ਨਹੀਂ ਕਰਦਾ। ਇਸ ਸੂਰਤ ਵਿਚ ਕਈ ਵਾਰ ਉਸਦੀ ਦਲੀਲਬਾਜ਼ੀ ਉਪਭਾਵੁਕਤ ਅਤੇ ਉਪਹਾਸਜਨਕ ਵੀ ਹੋ ਜਾਂਦੀ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਕੁਝ ਦਲੀਲਾਂ/ਸਥਾਪਨਾਵਾਂ ਵੇਖੋ :

> ਇਸਤਰੀ ਨੂੰ ਆਪਣੀ ਭਰਮਾਉਣ ਦੀ ਸ਼ਕਤੀ ਉਤੇ ਬੜਾ ਮਾਣ ਹੁੰਦਾ ਹੈ ਪਰ ਜਦੋਂ ਚਾਹੁਣ ਦੇ ਬਾਵਜੂਦ ਉਹ ਕਿਸੇ ਪੁਰਸ਼ ਨੂੰ ਭਰਮਾ ਨਹੀਂ ਸਕਦੀ ਤਾਂ ਅਜਿਹੇ ਪੁਰਸ਼ ਨੂੰ ਉਹ ਅਕਸਰ ਨਫ਼ਰਤ ਕਰਦੀ ਹੈ।
>
> (*ਆਵਾਜ਼ ਅਤੇ ਗੂੰਜ*, ਪੰਨਾ 62)

ਲੇਖਕ ਦੀ ਉਕਤ ਸਥਾਪਨਾ ਨਾਰੀ-ਵਿਰੋਧੀ (anti-woman) ਹੋਣ ਦੇ ਨਾਲ-ਨਾਲ ਅਜੋਕੀ ਨਾਰੀ ਪ੍ਰਤੀ ਅਗਿਆਨਤਾ/ਬੇਸਮਝੀ ਦੀ ਸੂਚਕ ਵੀ ਹੈ। ਡਾ. ਕਪੂਰ ਨੂੰ ਇਉਂ ਲੱਗਦਾ ਹੈ ਜਿਵੇਂ ਨਾਰੀ ਪਾਸ ਪੁਰਸ਼ਾਂ ਨੂੰ ਭਰਮਾਉਣ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਾ ਹੋਵੇ। ਉਸ ਨੂੰ ਇਹ ਵੀ ਖੁਸ਼ਫਹਿਮੀ ਹੈ ਕਿ ਉਸ ਵਰਗੇ ਸਿਆਣੇ ਮਰਦ ਨਾਰੀ ਦੀ ਹਰ ਚਤੁਰਾਈ ਨੂੰ ਧਰਾਸ਼ਾਈ (ਖ਼ਤਮ ਕਰ ਦੇਣਾ) ਕਰ ਸਕਦੇ ਹਨ।

ਅਜੋਕੇ ਮਨੁੱਖ ਦੇ ਪ੍ਰਸੰਗ ਵਿਚ ਉਸ ਦੀ ਇਕ ਹੋਰ ਧਾਰਨਾ ਦੇਖੋ, "ਅਜੋਕੇ ਮਨੁੱਖ ਦਾ ਸੁਭਾਓ ਹੈ ਕਿ ਉਹ ਚੰਗਿਆਂ ਵੱਲ ਘੱਟ ਤੇ ਭੈੜਿਆਂ ਵੱਲ ਵੱਧ ਧਿਆਨ ਦਿੰਦਾ ਹੈ। ਅਸੀਂ ਕਿਸੇ ਦੀਆਂ ਕਈ ਚੰਗੀਆਂ ਗੱਲਾਂ ਭੁਲਾ ਕੇ ਉਸ ਦੀ ਕੋਈ ਇਕ ਭੈੜੀ ਗੱਲ ਘੁੱਟ ਕੇ ਫੜ ਲੈਂਦੇ ਹਾਂ।" (ਪੰਨਾ 129) ਇਹ ਧਾਰਨਾ ਅਜੋਕੇ ਮਨੁੱਖ ਉਪਰ ਲਾਗੂ ਨਹੀਂ ਹੁੰਦੀ। ਕਿਉਂਕਿ ਅਜੋਕਾ ਮਨੁੱਖ ਏਨਾ ਮਾਸੂਮ ਜਾਂ ਨਿਰਛਲ ਨਹੀਂ ਹੈ ਕਿ ਉਹ ਕਿਸੇ ਦੀ ਰੀਸ ਕਰਨ ਲੱਗ ਪਵੇ। ਬਲਕਿ ਅਜੋਕਾ ਮਨੁੱਖ ਪੂਰੀ ਤਰ੍ਹਾਂ ਨਾਲ ਆਤਮ-ਕੇਂਦ੍ਰਿਤ ਅਤੇ ਸਵਾਰਥੀ ਬੰਦਾ ਬਣ ਚੁੱਕਾ ਹੈ। ਉਹ ਆਪਣੇ ਫ਼ਾਇਦੇ ਜਾਂ ਹਿਤ ਤੋਂ ਬਿਨਾਂ ਕੋਈ ਗੱਲ ਨਹੀਂ ਮੰਨਦਾ-ਭੈੜੀ ਹੋਵੇ, ਚਾਹੇ ਚੰਗੀ।

ਡਾ. ਕਪੂਰ ਇਕ ਸੁਧਾਰਵਾਦੀ ਲੇਖਕ ਹੈ ਅਤੇ ਇਸ ਪ੍ਰਸੰਗ ਵਿਚ ਉਸਦੀ ਤੁਲਨਾ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਕੀਤੀ ਜਾ ਸਕਦੀ ਹੈ। ਦੋਹਾਂ ਲੇਖਕਾਂ ਦੇ ਦਰਮਿਆਨ ਅੱਧੀ ਸਦੀ ਤੋਂ ਵੀ ਵੱਧ ਫਾਸਲਾ ਸੀ ਪਰ ਤਾਂ ਵੀ ਦੋਵੇਂ ਲੇਖਕ ਆਪਣੇ ਸਮਾਜ ਨੂੰ ਘਸੀਆਂ-ਪਿਟੀਆਂ ਰਵਾਇਤਾਂ ਤੋਂ ਵਰਜ ਕੇ ਵਿਗਿਆਨਕ ਅਤੇ ਤਰਕਸ਼ੀਲ ਮਾਰਗ ਉਪਰ ਟੌਰਨਾ ਚਾਹੁੰਦੇ ਹਨ। ਸ. ਪ੍ਰੀਤਲੜੀ ਨੇ ਵਿਗਿਆਨ ਜੀਵਨ-ਜਾਂਚ ਅਮਰੀਕਾ ਦੀ ਧਰਤੀ ਤੋਂ ਗ੍ਰਹਿਣ ਕੀਤੀ ਸੀ, ਜਿਥੇ ਉਹ ਮਿਸ਼ੀਗਨ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਉੱਚ-ਡਿਗਰੀ ਹਾਸਲ ਕਰਨ ਵਾਸਤੇ ਗਿਆ ਸੀ। ਡਾ. ਕਪੂਰ ਨੇ ਅੰਗਰੇਜ਼ੀ ਸਾਹਿਤ, ਫਿਲਾਸਫ਼ੀ ਅਤੇ ਜਨ-ਸੰਚਾਰ ਦੇ ਖੇਤਰ ਵਿਚ ਡਿਗਰੀਆਂ ਹਾਸਲ ਕਰਨ ਪਿਛੋਂ ਇਹੋ ਜਿਹੀ ਸੋਚ ਨੂੰ ਅਪਣਾਇਆ ਹੈ। ਉਸ ਨੇ ਵੀਹਵੀਂ ਸਦੀ ਦੇ ਅੰਤਿਮ ਦਹਾਕਿਆਂ ਵਿਚ

ਪੰਜਾਬੀ ਦੇ ਕੁਝ ਪ੍ਰਮੁਖ ਸਮਾਚਾਰ-ਪੱਤਰਾਂ ਵਿਚ ਲਿਖਣਾ ਸ਼ੁਰੂ ਕੀਤਾ ਸੀ ਅਤੇ ਉਸ ਦੁਆਰਾ ਸ਼ੁਰੂ ਕੀਤੇ ਲੇਖਾਂ ਦੀ ਲੜੀ ਪੰਜਾਬ ਦੇ ਬੁੱਧੀਮਾਨ ਅਤੇ ਤਰਕਸ਼ੀਲ ਪਾਠਕਾਂ ਵਿਚ ਏਨੀ ਲੋਕਪ੍ਰਿਅ ਹੋਈ ਕਿ ਉਸ ਨੂੰ ਆਪਣੇ ਸਾਰੇ ਲੇਖ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਨੇ ਪਏ। ਉਹ ਪੂੰਜੀਵਾਦੀ/ਉੱਤਰ ਪੂੰਜੀਵਾਦੀ ਯੁਗ ਦੇ ਵਿਗਾੜਾਂ-ਵਿਕਾਰਾਂ ਦੇ ਵਿਸ਼ਲੇਸ਼ਣ ਵਿਚ ਨਹੀਂ ਪੈਂਦਾ ਕਿਉਂਕਿ ਉਹ ਜਾਣ ਗਿਆ ਕਿ ਪੂੰਜੀਵਾਦੀ ਵਿਵਸਥਾ ਦੇ ਵਿਰੁੱਧ ਲੜਨਾ ਜਾਂ ਇਸਨੂੰ ਪਰਾਜਿਤ ਕਰਨਾ ਸੌਖਾ ਕੰਮ ਨਹੀਂ ਹੈ। ਸੋ ਉਹ ਇਸ ਵਿਵਸਥਾ ਦੇ ਘੇਰੇ ਵਿਚ ਰਹਿ ਕੇ ਹੀ ਪੂੰਜੀਵਾਦ ਦੇ ਅਮਾਨਵੀ (anti-human) ਚਰਿਤਰ ਵਿਰੁੱਧ ਜੇਹਾਦ ਛੇੜੀ ਬੈਠਾ ਹੈ। ਇਸ ਵਿਵਸਥਾ ਨੂੰ ਇਹੋ ਜਿਹੇ ਲੇਖਣ ਤੋ. ਕੋਈ ਖ਼ਤਰਾ ਨਹੀਂ ਹੈ ਬਲਕਿ ਇਹ ਸਮੇਂ-ਸਮੇਂ ਇਹੋ ਜਿਹੇ ਚਿੰਤਕਾਂ ਨੂੰ ਪੁਚਕਾਰਦੀ-ਪੁਸਕਾਰਦੀ ਵੀ ਰਹਿੰਦੀ ਹੈ। ਉਹ ਇਸ ਵਿਵਸਥਾ ਨੂੰ ਪਰਿਪੱਕ ਕਰਨ ਲਈ ਕਾਮਿਆਂ ਦੀ ਇਕ ਫੌਜ ਤਿਆਰ ਕਰ ਰਿਹਾ ਹੈ। ਉਹ ਲਿਖਦਾ ਹੈ, "ਜੀਵਨ ਦਾ ਵਿਹਾਰ ਦੱਸਦਾ ਹੈ ਕਿ ਆਪਣੇ ਵਿਚ ਨੁਕਸ ਹੋਏ ਬਿਨਾਂ ਕਿਸੇ ਦੀ ਬੁਰਾਈ ਨਹੀਂ ਕੀਤੀ ਜਾ ਸਕਦੀ। ਨਾਲਾਇਕ ਵਿਅਕਤੀ ਉੱਚਾ ਬੋਲਦਾ ਹੈ ਅਤੇ ਰੋਅਬ ਪਾਉਂਦਾ ਹੈ। ਧੀਮੀ ਆਵਾਜ਼ ਵਿਚ ਗੱਲ ਕਰਨ ਨਾਲ ਖ਼ੁਸ਼ਹਾਲੀ ਆਉਂਦੀ ਹੈ। ਕੰਮ ਸਾਰੀਆਂ ਸਮੱਸਿਆਵਾਂ ਦਾ ਸ਼ਕਤੀਆ ਇਲਾਜ ਹੈ। ਜੇ ਗ਼ਰੀਬ ਹੋ ਤਾਂ ਕੰਮ ਕਰੋ। ਸਿਹਤ ਠੀਕ ਨਹੀਂ ਤਾਂ ਕੰਮ ਕਰੋ। ਉਦਾਸ ਹੋ, ਕੰਮ ਕਰੋ। ਅਮੀਰ ਹੋ, ਹੋਰ ਵੀ ਵੱਧ ਕੰਮ ਕਰੋ।" (*ਜੀਵਨ ਦਾ ਵਿਹਾਰਕ ਪੱਖ*, ਪੰਨਾ 162)

**(ਹ) ਵਿਅੰਗ :** ਡਾ. ਕਪੂਰ ਆਧੁਨਿਕ ਵਿਅਕਤੀ ਦੇ ਮਿਜ਼ਾਜ ਨੂੰ ਭਲੀ ਭਾਂਤ ਜਾਣਦਾ ਹੈ। ਇਹ ਵਿਅਕਤੀ ਸਮਾਜ ਵਿਚ ਪਰਿਵਰਤਨ ਲਿਆਉਣ ਲਈ ਸੁਧਾਰਵਾਦ ਦਾ ਸਮਰਥਨ ਨਹੀਂ ਕਰਦਾ। ਇਹ ਪੜ੍ਹਿਆ-ਲਿਖਿਆ ਹੈ ਅਤੇ ਮਨੁੱਖੀ ਜੀਵਨ ਦੀਆਂ ਬੁਨਿਆਦੀ ਲੋੜਾਂ ਤੋਂ ਸੁਪਰਿਚਿਤ ਹੈ। ਇਸਨੂੰ ਇਹ ਵੀ ਮਾਲੂਮ ਹੋ ਗਿਆ ਹੈ ਕਿ ਬਹੁਤ ਸਾਰੇ ਸੁਧਾਰਵਾਦੀ ਆਗੂ/ਨੇਤਾ ਦੋਗਲੇ ਅਤੇ ਦੰਭੀ ਚਰਿਤਰ ਦੇ ਧਾਰਨੀ ਹੁੰਦੇ ਹਨ। ਸੁਧਾਰਵਾਦੀ ਆਗੂ ਮਧਕਾਲੀਨ ਧਰਮ-ਗ੍ਰੰਥਾਂ ਦੇ ਹਵਾਲੇ ਨਾਲ ਸੁਧਾਰਵਾਦੀ ਅੰਦੋਲਨ ਨੂੰ ਚਲਾਉਂਦੇ ਹਨ ਅਤੇ ਵਿਗਿਆਨਕ ਸੋਚ ਤੋਂ ਬੇਮੁਖ ਹੋਣ ਦੇ ਕਾਰਨ ਅੰਤ ਵਿਚ ਪ੍ਰਤਿਗਾਮੀ ਹੋ ਨਿੱਬੜਦੇ ਹਨ। ਇਸ ਸੂਰਤ ਵਿਚ ਆਧੁਨਿਕ ਦੌਰ ਦੇ ਲੇਖਕ ਸੁਧਾਰਵਾਦ ਦੇ ਮਾਰਗ ਉਪਰ ਨਹੀਂ ਚਲਦੇ ਬਲਕਿ ਅਜੋਕੇ ਸਮਾਜ ਦੀਆਂ ਕੁਝ ਉਨ੍ਹਾਂ ਰੂੜ੍ਹੀਆਂ ਅਤੇ ਰਵਾਇਤਾਂ ਉਪਰ ਵਿਅੰਗ ਕੱਸਦੇ ਹਨ, ਜੋ ਵੇਲਾ ਵਿਹਾ ਚੁਕੀਆਂ ਹਨ। ਇਸ ਪ੍ਰਕਾਰ ਉਹ ਹੌਲੀ-ਹੌਲੀ ਆਪਣੇ ਪਾਠਕਾਂ ਨੂੰ ਵਿਗਿਆਨਕ ਲੀਹਾਂ ਉਪਰ ਜੀਣਾ-ਥੀਣਾ ਸਿਖਾ ਰਹੇ ਹਨ। ਡਾ. ਕਪੂਰ ਦੀ ਵਿਅੰਗ-ਵਿਧਾ ਦਾ ਇਕ ਪ੍ਰਮਾਣ ਦੇਖੋ :

> ਮਾਂ ਆਪਣੇ ਪੁੱਤਰ ਨੂੰ ਬੋਲਣਾ-ਚਾਲਣਾ ਸਿਖਾਉਂਦੀ ਹੈ ਪਰ ਇਸਤਰੀ ਆਪਣੀ ਸੱਸ ਦੇ ਪੁੱਤਰ ਨੂੰ ਚੁੱਪ ਰਹਿਣਾ ਸਿਖਾਉਂਦੀ ਹੈ। ਕੋਈ ਵੀ ਇਸਤਰੀ, ਸੱਸ ਕਹਾਉਣਾ ਨਹੀਂ ਚਾਹੁੰਦੀ ਪਰ ਚਾਅ-ਚਾਅ ਵਿਚ ਬਣ ਜਾਂਦੀ ਹੈ। ਇਸ ਚਾਅ ਦੇ ਮੁੱਕਣ ਕਾਰਨ ਹੀ ਉਹ ਅਕਸਰ ਆਪਣੀ ਨੂੰਹ ਨਾਲ ਲੜਦੀ ਹੈ ਅਤੇ ਪੁੱਤਰ ਤੋਂ ਨਿਰਾਸ਼ ਹੁੰਦੀ ਹੈ। ਸਾਧਾਰਨ ਪੁਰਸ਼ ਆਪਣੀਆਂ ਸੱਸਾਂ ਤੋਂ ਤੰਗ ਹੁੰਦੇ ਹਨ ਅਤੇ ਸਿਆਣੇ ਪੁਰਸ਼ ਆਪਣੀਆਂ ਸਾਲੀਆਂ ਤੋਂ।
>
> ਜਿਹੜਾ ਪੁਰਸ਼ ਇਸਤਰੀਆਂ ਦਾ ਅਤਿ ਅਧਿਕ ਸਤਿਕਾਰ ਕਰਦਾ ਹੈ, ਇਸਤਰੀਆਂ ਉਸਨੂੰ ਸਿਆਣਾ ਨਹੀਂ ਸਮਝਦੀਆਂ ਸਗੋਂ ਉਸ ਉਤੇ ਹਸਦੀਆਂ ਹਨ। ਉਸ ਨੂੰ ਕਮਜ਼ੋਰ ਸਮਝਦੀਆਂ ਹਨ। ਇਸਤਰੀ ਆਪਣੀ ਉਮਰ ਦੱਸਣ ਵੇਲੇ ਉਸ ਵਿਚੋਂ ਜਿਤਨੇ ਸਾਲ ਘਟਾਉਂਦੀ ਹੈ, ਉਤਨੇ ਸਾਲ ਉਹ ਕਿਸੇ ਉਸ ਇਸਤਰੀ ਦੀ ਉਮਰ ਵਿਚ ਜੋੜ ਦਿੰਦੀ ਹੈ, ਜਿਸ ਨੂੰ ਉਹ ਪਸੰਦ ਨਹੀਂ ਕਰਦੀ। (*ਆਵਾਜ਼ ਅਤੇ ਗੂੰਜ*, ਪੰਨਾ 68)

ਡਾ. ਕਪੂਰ ਆਧੁਨਿਕ ਵਿਅਕਤੀ ਦੀ ਜੀਵਨ-ਸ਼ੈਲੀ ਦੇ ਕੁਝ ਉਨ੍ਹਾਂ ਪਹਿਲੂਆਂ ਨੂੰ ਉਧੇੜਦਾ ਹੈ, ਜੋ ਰਵਾਇਤਾਂ ਦੇ ਕਾਰਨ ਪ੍ਰਚਲਿਤ ਹਨ। ਉਹ ਮਨੁੱਖ ਦੇ ਰਸਮੀ ਵਿਹਾਰ ਨੂੰ ਪਸੰਦ ਨਹੀਂ ਕਰਦਾ। ਉਹ ਚਾਹੁੰਦਾ ਹੈ ਕਿ ਹਰ ਪ੍ਰਕਾਰ ਦੇ ਆਚਾਰ-ਵਿਹਾਰ ਪਿਛੇ ਵਿਗਿਆਨਕ ਨਜ਼ਰੀਆ ਕਰਮਸ਼ੀਲ ਬਣਿਆ ਰਿਹਾ। ਇਸ ਸੂਰਤ ਵਿਚ ਉਸ ਦੀ ਸੋਚ ਪਰੰਪਰਾਵਾਦੀ ਨਹੀਂ ਰਹਿੰਦੀ। ਹਾਲਾਂਕਿ ਉਹ ਆਪਣੇ ਕਈ ਲੇਖਾਂ ਵਿਚ ਪਰੰਪਰਾ ਦਾ ਸਤਿਕਾਰ ਕਰਦਾ ਦਿਖਾਈ ਦਿੰਦਾ ਹੈ ਪਰ ਅਸਲ ਵਿਚ ਉਹ ਪਰੰਪਰਾ ਵਿਰੋਧੀ ਹੈ। ਪਾਰੰਪਰਿਕ ਕਿਸਮ ਦੇ ਬੰਦਿਆਂ ਦੀ ਉਹ ਖਿੱਲੀ ਉਡਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਬਹੁਤੀ ਵਾਰ ਪਰੰਪਰਾ ਦੀ ਖਿੱਲੀ ਉਡਾਉਣ ਦੇ ਉਤਸਾਰ ਵਿਚ ਉਹ ਸਮਾਜਿਕ ਮਾਨਤਾਵਾਂ ਜਾਂ ਸਭਿਆਚਾਰਕ ਪ੍ਰਤੀਮਾਨਾ ਦੀ ਤਹਿ ਵਿਚ ਜਾਣ ਤੋਂ ਬਿਨਾਂ ਹੀ ਆਪਣੇ ਵਲੋਂ ਕੁਝ ਆਪਹੁਦਰੇ/ਮਿਥਿਆ ਤਰਕ ਘੜ ਲੈਂਦਾ ਹੈ। ਇਸ ਸੂਰਤ ਵਿਚ ਉਸ ਦੇ ਵਿਚਾਰ ਪ੍ਰਮਾਣਿਕ ਨਹੀਂ ਰਹਿੰਦੇ। ਦੇਖੋ :

> ਦੁਲਹਾ ਘੋੜੀ ਉਤੇ ਇਸ ਲਈ ਬੈਠਾਇਆ ਜਾਂਦਾ ਸੀ ਕਿਉਂਕਿ ਉਹ ਰਾਜਕੁਮਾਰ ਹੁੰਦਾ ਸੀ। ਪਰ ਅਜੋਕੇ ਅਰਥਾਂ ਵਿਚ ਇਸ ਲਈ ਬੈਠਾਇਆ ਜਾਂਦਾ ਹੈ ਕਿ ਉਹ ਰਿਸ਼ਟ-ਪੁਸ਼ਟ ਹੈ, ਘੋੜੀ ਨੂੰ ਕਾਬੂ ਕਰ ਸਕਦਾ

ਹੈ। ਉਸ ਦੇ ਸਰੀਰ ਦੇ ਅੰਗ ਪੂਰੇ ਹਨ। ਜੇ ਉਸ ਦੇ ਸਰੀਰ ਵਿਚ ਕੋਈ ਨੁਕਸ ਹੋਵੇ ਤਾਂ ਉਹ ਧੜੰਮ ਕਰ ਕੇ ਡਿੱਗ ਪਵੇਗਾ। ਉਪਰੋਕਤ ਰਸਮਾਂ ਕਾਰਨ ਹੀ ਲੜਕੇ ਵਾਲਿਆਂ ਦਾ ਦਰਜਾ ਲੜਕੀ ਵਾਲਿਆਂ ਤੋਂ ਉਚੇਰਾ ਮਿਥਿਹਾ ਗਿਆ ਹੈ ਅਤੇ ਲੜਕੀ ਵਾਲੇ ਆਪਣੀ ਅਧੀਨਗੀ ਪ੍ਰਗਟਾਉਣ ਲਈ ਹਰ ਥਾਂ ਹੱਥ ਜੋੜਦੇ ਹਨ।

(*ਇਵੇਂ ਕਿਉਂ ਹੁੰਦਾ ਹੈ*, ਪੰਨਾ 28)

**(ਕ) ਇਤਿਹਾਸ/ਮਿਥਿਹਾਸ ਵਿਚੋਂ ਪ੍ਰਮਾਣ :** ਡਾ. ਕਪੂਰ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ ਪੜ੍ਹਨ-ਪੜ੍ਹਾਉਣ ਵਾਲਾ ਇੱਕ ਆਧੁਨਿਕ ਲੇਖਕ ਹੈ। ਇਸ ਕਾਰਨ ਉਹ ਜਾਣਦਾ ਹੈ ਕਿ ਨਵੇਂ ਅਤੇ ਲੀਕੋਂ ਹਟਵੇਂ ਵਿਚਾਰਾਂ ਦਾ ਨਿਰੂਪਣ ਕਰਨ ਸਮੇਂ ਇਤਿਹਾਸ/ਮਿਥਿਹਾਸ ਵਿਚੋਂ ਪ੍ਰਮਾਣ ਜਾਂ ਹਵਾਲੇ ਵੀ ਦੇਣੇ ਪੈਂਦੇ ਹਨ। ਪੂਰਵ-ਆਧੁਨਿਕ ਕਾਲ ਵਿਚ ਇਸ ਤਰ੍ਹਾਂ ਦੀ ਕੋਈ ਪਰੰਪਰਾ ਨਹੀਂ ਸੀ। ਸਮਾਜ ਵਿਚ ਪ੍ਰਚਲਿਤ ਸਾਰੇ ਵਿਚਾਰ ਅਤੇ ਦੰਤ-ਕਥਾਵਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਸਨ ਅਤੇ ਕੋਈ ਵੀ ਲੇਖਕ ਇਨ੍ਹਾਂ ਦਾ ਪ੍ਰਯੋਗ ਕਰ ਸਕਦਾ ਸੀ। ਪਰੰਤੂ ਆਧੁਨਿਕ ਲੇਖਣ ਮੌਲਿਕਤਾ ਦੇ ਆਲੇ-ਦੁਆਲੇ ਘੁੰਮਦਾ ਹੈ ਅਤੇ ਜੇ ਤੁਸੀਂ ਕਿਸੇ ਪ੍ਰਚਲਿਤ ਵਿਚਾਰ ਦਾ ਪ੍ਰਯੋਗ ਕਰਨਾ ਹੈ ਤਾਂ ਉਸ ਵਿਚਾਰ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਇਤਿਹਾਸ/ਮਿਥਿਹਾਸ ਵਿਚੋਂ ਟੂਕਾਂ ਦੇਣੀਆਂ ਪੈਣਗੀਆਂ। ਡਾ. ਕਪੂਰ ਇਸ ਵਿਧੀ ਦਾ ਭਰਪੂਰ/ਸੁਚੱਜਾ ਪ੍ਰਯੋਗ ਕਰਦਾ ਹੈ। ਦੇਖੋ :

ਯੂਨਾਨ ਦੇ ਮਹਾਨ ਕਵੀ ਹੋਮਰ ਨੇ ਆਪਣੇ ਮਹਾਂਕਾਵਿ ਵਿਚ ਅਜਿਹੇ ਸੂਰਬੀਰਾਂ ਅਤੇ ਬਹਾਦਰਾਂ ਨੂੰ ਨਾਇਕ ਬਣਾਇਆ ਕਿ ਨਾਇਕ ਵਰਗਾ ਬਣਨਾ ਹਰੇਕ ਯੂਨਾਨੀ ਜਵਾਨ ਦਾ ਆਦਰਸ਼ ਬਣ ਗਿਆ।

ਪੁਰਾਤਨ ਕਾਲ ਵਿਚ ਆਗਸਟਸ ਨੇ ਜਦੋਂ ਰੋਮ ਦਾ ਰਾਜ-ਭਾਗ ਸੰਭਾਲਿਆ ਤਾਂ ਰੋਮ ਇੱਟਾਂ ਦਾ ਬਣਿਆ ਹੋਇਆ ਸੀ। ਵੇਖਦਿਆਂ-ਵੇਖਦਿਆਂ ਆਗਸਟਸ ਦੇ ਯਤਨਾਂ ਸਦਕਾ ਸਭ ਪਾਸੇ ਸੰਗਮਰਮਰ ਹੀ ਸੰਗਮਰਮਰ ਹੋ ਗਿਆ।

ਵੀਹਵੀਂ ਸਦੀ ਵਿਚ ਤੁਰਕੀ ਵਿਚ ਅਜਿਹਾ ਹੀ ਕਮਾਲ, ਅੱਤਾਤੁਰਕ ਨੇ ਕਰ ਵਿਖਾਇਆ। ਅੱਤਾਤੁਰਕ ਤੋਂ ਪਹਿਲਾਂ ਤੁਰਕੀ ਏਸ਼ੀਆ ਦਾ ਪਛੜਿਆ ਹੋਇਆ ਅੰਤਲਾ ਦੇਸ਼ ਸੀ; ਅੱਤਾਤੁਰਕ ਦੇ ਯਤਨਾਂ ਸਦਕਾ ਤੁਰਕੀ ਯੂਰਪ ਦਾ ਪਹਿਲਾ ਖੁਸ਼ਹਾਲ ਮੁਲਕ ਬਣ ਗਿਆ।

(*ਯੋਗਤਾ ਅਤੇ ਸਮਰੱਥਾ*, ਪੰਨਾ 43)

ਆਪਣੇ ਵਿਚਾਰਾਂ ਨੂੰ ਹਵਾਲਿਆਂ ਨਾਲ ਪੁਸ਼ਟ ਕਰਨ ਸਮੇਂ ਲੇਖਕ ਭਾਰਤ ਦੇ ਮਿਥਿਹਾਸਕ ਭੰਡਾਰ ਦਾ ਪ੍ਰਯੋਗ ਕਰਨ ਤੋਂ ਵੀ ਨਹੀਂ ਝਿਜਕਦਾ। ਉਹ ਜਾਣਦਾ ਹੈ ਕਿ ਭਾਰਤਵਾਸੀ ਧਰਮ-ਗ੍ਰੰਥਾਂ ਵਿਚ ਅੰਕਿਤ ਵਿਚਾਰਾਂ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਨ। ਉਹ ਆਪਣੇ ਧਰਮ ਗ੍ਰੰਥਾਂ ਅਤੇ ਮਿਥਿਹਾਸ ਉਪਰ ਸਹਿਜੇ ਹੀ ਵਿਸ਼ਵਾਸ ਕਰ ਲੈਂਦੇ ਹਨ। ਇਸ ਪ੍ਰਸੰਗ ਵਿਚ ਉਸ ਦੇ ਇਕ ਲੇਖ ਦੇ ਕੁਝ ਅੰਸ਼ ਦੇਖੋ :

ਮੀਰਾ ਦੀ ਕਹਾਣੀ ਬੜੀ ਦਿਲਚਸਪ ਹੈ। ਇਕ ਵਾਰੀ ਗੁਆਂਢ ਵਿਚ ਵਿਆਹ ਦੇ ਦੌਰਾਨ, ਹੱਥ ਵਿਚ ਕ੍ਰਿਸ਼ਨ ਦੀ ਮੂਰਤੀ ਲੈ ਕੇ, ਅੱਠ ਸਾਲ ਦੀ ਮੀਰਾ ਨੇ ਆਪਣੀ ਮਾਂ ਤੋਂ ਪੁੱਛਿਆ : ਸਭ ਦਾ ਕਿਸੇ ਨਾਲ ਵਿਆਹ ਹੋ ਰਿਹਾ ਹੈ, ਮੇਰਾ ਵਿਆਹ ਕਿਸ ਨਾਲ ਹੋਵੇਗਾ? ਮਾਂ ਨੇ ਧੀ ਨੂੰ ਬੱਚੀ ਸਮਝ ਕੇ ਕਿਹਾ, "ਤੇਰਾ ਵਿਆਹ ਇਸ ਕ੍ਰਿਸ਼ਨ ਨਾਲ ਹੋਵੇਗਾ। ਮੀਰਾ ਨੇ ਇਸ ਗੱਲ ਨੂੰ ਅੱਖਾਂ ਦੀ ਝੋਲੀ, ਦਿਲ ਦੀ ਬੁੱਕਲ ਅਤੇ ਪੈਰਾਂ ਦੀ ਚਾਲ ਵਿਚ ਸਾਂਭ ਲਿਆ। ਉਸੇ ਪਲ ਮੀਰਾ ਲਈ ਕ੍ਰਿਸ਼ਨ ਪਤੀ ਹੋ ਗਿਆ।

(*ਮਿਲਣਾ ਅਤੇ ਵਿਛੜਨਾ*, ਪੰਨਾ 74)

ਡਾ. ਕਪੂਰ ਆਪਣੇ ਨਿੱਜੀ ਜੀਵਨ ਵਿਚੋਂ ਉਪਜੇ ਅਨੁਭਵ ਨੂੰ ਵੀ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਤੋਂ ਸੰਕੋਚ ਨਹੀਂ ਕਰਦਾ। ਉਹ ਲੇਖਕ ਅਤੇ ਪਾਠਕ ਵਿਚ ਡੂੰਘੀ ਸਾਂਝ ਪੈਦਾ ਕਰਨੀ ਚਾਹੁੰਦਾ ਹੈ। ਇਹ ਸਾਂਝ ਪਰਸਪਰ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ। ਇਸ ਪ੍ਰਸੰਗ ਵਿਚ ਉਹ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਜ਼ਿਕਰ ਬੜੇ ਉਤਸ਼ਾਹ ਨਾਲ ਕਰਦਾ ਹੈ। ਇਕ ਉਦਾਹਰਣ ਦੇਖੋ :

ਇਕ ਵਾਰੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੇ ਗੁੱਸੇ ਵਿਚ ਆ ਕੇ ਹੋਸਟਲ ਦਾ ਬੈਅਰਾ ਕੁੱਟ ਦਿੱਤਾ ਅਤੇ ਹੜਤਾਲ ਕਰ ਦਿੱਤੀ ਕਿ ਬੈਅਰੇ ਨੂੰ ਬਰਖਾਸਤ ਕੀਤਾ ਜਾਵੇ। ਜਾਂਚ-ਪੜਤਾਲ ਵਾਲੀ ਕਮੇਟੀ ਨੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਜਿਹੜੀ ਪੜ੍ਹਾਈ ਤੁਸੀਂ ਕਰ ਰਹੇ ਹੋ, ਇਹ ਕਰ ਕੇ ਤੁਸੀਂ ਕੀ ਲੱਗੋਗੇ? ਕਾਨੂੰਨ

ਦੇ ਵਿਦਿਆਰਥੀ ਸਨ। ਕਹਿਣ ਲੱਗੇ, ਅਸੀਂ ਜੱਜ ਲੱਗਾਂਗੇ। ਕਮੇਟੀ ਨੇ ਕਿਹਾ: ਤੁਸੀਂ ਜੱਜ ਕਿਵੇਂ ਲੱਗੋਗੇ, ਤੁਹਾਡੀ ਪੱਧਰ ਤਾਂ ਬੈਅਰਿਆਂ ਨਾਲ ਲੜਨ ਵਾਲੀ ਹੈ ?

(*ਇਕ ਹੀ ਮੌਸਮ ਪਤਝੜ ਦਾ*, ਪੰਨਾ 86)

**(ਖ) ਪੈਰਾ-ਵੰਡ :** ਕਿਸੇ ਲੇਖ ਨੂੰ ਪੜ੍ਹਨਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਦੀ ਸਾਮਗਰੀ ਨੂੰ ਵੱਖ-ਵੱਖ ਪੈਰਿਆਂ ਵਿਚ ਵੰਡਣ ਦੀ ਜ਼ਰੂਰਤ ਪੈਂਦੀ ਹੈ। ਹਰ ਲੇਖਕ ਦੀ ਪੈਰਾ-ਵੰਡ ਉਸ ਦੀ ਵਿਚਾਰਧਾਰਾ ਦੇ ਅਨੁਸਾਰ ਵੱਖਰੀ-ਵੱਖਰੀ ਹੁੰਦੀ ਹੈ। ਕੁਝ ਲੇਖਕ ਆਪਣੇ ਪੈਰਿਆਂ ਨੂੰ ਤਿੰਨ ਜਾਂ ਚਾਰ ਪੰਨਿਆਂ ਤਕ ਵੀ ਵਧਾ ਦਿੰਦੇ ਹਨ ਅਤੇ ਕੁਝ ਹੋਰ ਲੇਖਕ ਇਕ ਹੀ ਪੰਨੇ ਵਿਚ ਦਸ-ਬਾਰਾਂ ਤਕ ਪੈਰੇ ਬਣਾ ਛੱਡਦੇ ਹਨ। ਇਨ੍ਹਾਂ ਵਿਚੋਂ ਕੋਈ ਵੀ ਵਿਧੀ ਗ਼ਲਤ ਜਾਂ ਅਨੁਚਿਤ ਨਹੀਂ ਹੈ। ਪ੍ਰੋ. ਕਿਸ਼ਨ ਸਿੰਘ ਬਹੁਤ ਲੰਬੇ-ਲੰਬੇ ਪੈਰੇ ਬਣਾਇਆ ਕਰਦਾ ਸੀ ਜਦੋਂ ਕਿ ਨਰਿੰਦਰ ਸਿੰਘ ਕਪੂਰ ਦੇ ਪੈਰੇ ਇਕ ਹੀ ਵਾਕ ਤਕ ਵੀ ਸੀਮਿਤ ਰਹਿ ਜਾਂਦੇ ਹਨ। ਵਿਹਾਰਕ ਤੌਰ ਤੇ ਇਕ ਪੰਨੇ ਉਪਰ ਦੋ ਜਾਂ ਤਿੰਨ ਪੈਰੇ ਹੀ ਸੋਭਦੇ ਹਨ ਕਿਉਂਕਿ ਬਾਰ੍ਹਾਂ-ਚੌਦਾਂ ਪੰਕਤੀਆਂ ਦਾ ਪੈਰਾ ਪੜ੍ਹਨ-ਸਮਝਣ ਵਿਚ ਆਸਾਨ ਰਹਿੰਦਾ ਹੈ ਪਰ ਇਹ ਕੋਈ ਪੱਕਾ/ਅਕੱਟ ਨਿਯਮ ਨਹੀਂ ਹੈ। ਨਰਿੰਦਰ ਸਿੰਘ ਕਪੂਰ ਦੇ ਇਕ-ਪੰਕਤੀਆਂ ਪੈਰੇ ਵੀ ਪੜ੍ਹਨ ਵਿਚ ਕਾਫ਼ੀ ਦਿਲਚਸਪ ਲੱਗਦੇ ਹਨ। ਇਹੋ ਜਿਹੇ ਪੈਰਿਆਂ ਦੇ ਕੁਝ ਪ੍ਰਮਾਣ ਦੇਖੋ :

1. ਝੂਠ ਇਸ ਲਈ ਬੋਲਿਆ ਜਾਂਦਾ ਹੈ ਕਿਉਂਕਿ ਝੂਠ ਸੱਚ ਨਾਲੋਂ ਵਧੇਰੇ ਦਿਲਚਸਪ ਅਤੇ ਰੌਣਕ ਵਾਲਾ ਹੁੰਦਾ ਹੈ।
2. ਅਸੀਂ ਬਹੁਤ ਕੁਝ ਅਜਿਹਾ ਕਰਦੇ ਹਾਂ ਅਤੇ ਕਰੀ ਜਾਂਦੇ ਹਾਂ ਪਰ ਕਾਰਜਾਂ ਦੇ ਕਾਰਨਾ ਪ੍ਰਤੀ ਸਚੇਤ ਨਹੀਂ ਹੁੰਦੇ।
3. ਸਾਡੇ ਬਹੁਤੇ ਕਾਰਜਾਂ ਦੇ ਕਾਰਨ ਮਧਕਾਲੀਨ ਵਿਸ਼ਵਾਸਾਂ ਵਿਚ ਹਨ ਜਾਂ ਇਹ ਸਾਡੇ ਅਚੇਤ ਮਨ ਵਿਚ ਲੁਕੇ ਹੁੰਦੇ ਹਨ।

(*ਇਉਂ ਕਿਉਂ ਹੁੰਦਾ ਹੈ ?*, ਪੰਨਾ 26)

ਜਦੋਂ ਕੋਈ ਲੇਖਕ ਕਿਸੇ ਵਿਸ਼ੈ ਬਾਰੇ ਲਿਖਣ ਲਗਦਾ ਹੈ ਤਾਂ ਉਹ ਵਿਸ਼ੈ ਦੇ ਪਿਛੋਕੜ, ਇਸ ਵਿਚ ਸਮੇਂ-ਸਮੇਂ ਆਉਣ ਵਾਲੀਆਂ ਤਬਦੀਲੀਆਂ, ਇਸ ਦੀ ਪ੍ਰਾਸੰਗਿਕਤਾ ਅਤੇ ਗੁਣਾਂ-ਔਗੁਣਾਂ ਨੂੰ ਧਿਆਨ ਵਿਚ ਰੱਖ ਕੇ ਆਪਣੇ ਮਤਿ ਅਤੇ ਨਿਸ਼ਕਰਸ਼ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਲੋੜਾਂ ਨੂੰ ਉਹ ਉਪਭਾਗਾਂ ਵਿਚ ਵੰਡ ਦਿੰਦਾ ਹੈ ਅਤੇ ਲੋੜ ਅਨੁਸਾਰ ਹਰ ਉਪਭਾਗ ਦੇ ਦੋ/ਤਿੰਨ ਪੈਰੇ ਬਣ ਜਾਂਦੇ ਹਨ। ਇਉਂ ਹਰ ਲੇਖ 25-30 ਪੈਰਿਆਂ ਤਕ ਫੈਲ ਜਾਂਦਾ ਹੈ। ਪਰ ਰੋਮਾਂਟਿਕ ਕਿਸਮ ਦੇ ਲੇਖਕ ਬਿਰਤਾਂਤ ਦੀਆਂ ਵਿਧੀਆਂ ਨੂੰ ਕੋਈ ਤਰਜੀਹ ਨਹੀਂ ਦਿੰਦੇ। ਉਨ੍ਹਾਂ ਦਾ ਮੰਤਵ ਪਾਠਕਾਂ ਨੂੰ ਅਚੰਭਿਤ ਕਰਨਾ ਹੁੰਦਾ ਹੈ। ਇਸ ਕਾਰਨ ਉਹ ਬਿਰਤਾਂਤ ਨੂੰ ਅਨੇਕ ਟੁਕੜੀਆਂ ਵਿਚ ਤੋੜ ਦਿੰਦੇ ਹਨ। ਉਨ੍ਹਾਂ ਦੀ ਪੇਸ਼ ਜਾਵੇ ਤਾਂ ਉਹ ਹਰ ਵਾਕ ਨੂੰ ਹੀ ਇਕ-ਇਕ ਪੈਰੇ ਦਾ ਰੂਪ ਦੇ ਦੇਣ। ਇਸ ਸੂਰਤ ਵਿਚ ਕੋਈ ਲੇਖ ਇਕ ਸੌ ਪੈਰਿਆਂ ਤਕ ਫੈਲ ਸਕਦਾ ਹੈ। ਨਰਿੰਦਰ ਸਿੰਘ ਕਪੂਰ ਦਾ ਪਹਿਲਾ ਲੇਖ 'ਸਿਦਕ, ਸਿਰੜ ਅਤੇ ਦ੍ਰਿੜ੍ਹਤਾ' ਪਚਾਸੀ-ਛਿਆਸੀ ਪੈਰਿਆਂ ਵਿਚ ਫੈਲਿਆ ਹੋਇਆ ਹੈ ਹਾਲਾਂ ਕਿ ਇਸ ਲੇਖ ਦੇ ਕੁਲ ਪੰਨੇ 9 ਹੀ ਹਨ ਅਰਥਾਤ ਹਰ ਪੰਨੇ ਉਪਰ 9-10 ਪੈਰੇ ਆਏ ਹਨ। ਅਜਿਹੀ ਪੈਰਾ-ਵੰਡ ਲੇਖਕ ਦੀ ਪ੍ਰਯੋਗਸ਼ੀਲਤਾ ਦਾ ਸਿੱਟਾ ਹੈ। ਹਾਲਾਂਕਿ ਇਸੇ ਪੁਸਤਕ ਵਿਚ ਉਸਦੇ ਤਕਨੀਕੀ ਤੌਰ ਤੇ ਪਰਿਪੱਕ ਪੈਰੇ ਵੀ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਵਿਚਾਰਾਂ ਨੂੰ ਇਕ ਸੁਚੱਜੇ ਨੈਰੇਟਿਵ (narrative) ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੈ। ਦੇਖੋ :

ਅਜੋਕੇ ਯੁਗ ਵਿਚ ਮਨੁੱਖ ਨੂੰ ਡੇਗਣ ਅਤੇ ਨਿਤਾਣਾ ਬਣਾਉਣ ਵਾਲੀਆਂ, ਭਰਿਸ਼ਟ ਕਰਨ ਲਈ ਭਰਮਾਉਣ ਵਾਲੀਆਂ ਅਤੇ ਨਸ਼ਿਆਂ ਨਾਲ ਅਸਲੀ ਉਦੇਸ਼ ਤੋਂ ਭਟਕਾਉਣ ਵਾਲੀਆਂ ਸ਼ਕਤੀਆਂ ਬੜੀਆਂ ਬਲਵਾਨ ਹੋ ਗਈਆਂ ਹਨ। ਸੋ ਸਿਦਕ ਅਤੇ ਸਿਰੜ ਤੋਂ ਬਿਨਾਂ ਜੀਵਨ ਨੂੰ ਸਾਰਥਕ ਢੰਗ ਨਾਲ ਜਿਉਣਾ ਸੰਭਵ ਨਹੀਂ ਰਿਹਾ। ਹੁਥ ਨਿੱਕੀ ਜਿਹੀ ਮੁਸ਼ਕਿਲ 'ਤੇ ਆਤਮਘਾਤ ਕਰਨ, ਨਿਗੂਣੀ ਜਿਹੀ ਅਸਫ਼ਲਤਾ ਤੇ ਢੇਰੀ ਢਾਹੁਣ ਅਤੇ ਪੜ੍ਹਾਈ ਵਿਚੇ ਛੱਡ ਦੇਣ ਅਤੇ ਨਿੱਕੇ ਜਿਹੇ ਬੋਲ-ਬੁਲਾਰੇ ਤੇ ਤਲਾਕ ਲੈਣ ਦਾ ਰੁਝਾਣ ਨਿਰੰਤਰ ਵਧਦਾ ਜਾ ਰਿਹਾ ਹੈ। (*ਸਿਦਕ, ਸਿਰੜ ਅਤੇ ਦ੍ਰਿੜ੍ਹਤਾ*, ਪੰਨਾ 16)

**(ਗ) ਸ਼ੈਲੀ ਅਤੇ ਸ਼ਬਦਾਵਲੀ :** ਡਾ. ਨਰਿੰਦਰ ਸਿੰਘ ਕਪੂਰ ਸ਼ੈਲੀ ਅਤੇ ਸ਼ਬਦਾਵਲੀ ਦੀਆਂ ਜ਼ਰੂਰਤਾਂ ਵੱਲ ਪੂਰਾ-ਪੂਰਾ ਧਿਆਨ ਦਿੰਦਾ ਹੈ। ਜਨਸੰਚਾਰ ਮਾਧਿਅਮਾਂ ਨਾਲ ਜੁੜਿਆ ਰਹਿਣ ਕਰਕੇ ਉਹ ਜਾਣਦਾ ਹੈ ਕਿ ਲੇਖ-ਰਚਨਾ ਜਨਸੰਚਾਰ ਵਾਸਤੇ ਕੀਤੀ ਜਾਂਦੀ ਹੈ। ਉਹ ਆਪਣੇ ਬਹੁਤੇ ਲੇਖ ਸਮਾਚਾਰ-ਪੱਤਰਾਂ ਲਈ ਲਿਖਦਾ ਹੈ, ਜਿਨ੍ਹਾਂ ਨੂੰ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਹੈ। ਉਹ ਆਪਣੇ ਸ਼ੈਲੀ ਨੂੰ ਸਰਲ, ਸਪਸ਼ਟ ਅਤੇ ਆਕ੍ਰਸ਼ਕ ਬਣਾਈ ਰੱਖਦਾ ਹੈ। ਉਸ ਦੀ ਸ਼ੈਲੀ ਰਮਜ਼ ਭਰਪੂਰ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਅਜਿਹੀ ਸ਼ੈਲੀ ਨੂੰ ਵਕ੍ਰੋਕਤੀ ਦੇ ਹਵਾਲੇ ਨਾਲ ਸਮਝਾਇਆ ਗਿਆ ਹੈ। ਜਦੋਂ ਕੋਈ ਲੇਖਕ ਵਾਕਾਂ ਦੀ ਸਮਰੱਥਾ ਤੋਂ ਕਾਫ਼ੀ

ਵੱਧ ਸੂਚਨਾਵਾਂ ਅਤੇ ਭਾਵ ਆਪਣੀ ਸ਼ੈਲੀ ਦੁਆਰਾ ਪ੍ਰਗਟ ਕਰ ਦਿੰਦਾ ਹੈ ਤਾਂ ਇਸ ਨੂੰ 'ਵਕ੍ਰੋਕਤੀ' ਕਿਹਾ ਜਾਂਦਾ ਹੈ। ਇਹ ਸੁਭਾਵੋਕਤੀ ਨਾਲੋਂ ਵੱਖਰੀ ਪ੍ਰਕਿਰਤੀ ਦੀ ਧਾਰਨੀ ਹੁੰਦੀ ਹੈ। ਲੇਖਕ ਇਸ ਦੇ ਮਾਧਿਅਮ ਨਾਲ ਅਤਿਰਿਕਤ ਅਰਥ (surplus meaning) ਭਰ ਦਿੰਦਾ ਹੈ। ਇਕ ਉਦਾਹਰਣ ਦੇਖੋ :

> ਪਹਿਲਾਂ ਇਕ ਵਿਆਹ ਹੀ ਪ੍ਰਵਾਨ ਸੀ, ਹੁਣ ਦੋ ਵੀ ਪ੍ਰਵਾਨ ਹਨ। ਸੋ ਸਮਾਜ ਇਕ ਤਲਾਕ ਨੂੰ ਪ੍ਰਵਾਨ ਕਰਨ ਲੱਗ ਪਿਆ ਹੈ। ਨੇੜ ਭਵਿੱਖ ਵਿਚ ਤਿੰਨ ਵਿਆਹ ਵੀ ਪ੍ਰਵਾਨ ਹੋਣ ਲੱਗ ਪੈਣਗੇ। ਇਸ ਨਾਲ ਸਮਾਜਿਕ ਟੁੱਟ-ਭੱਜ ਵਧੇਗੀ। ਟੁੱਟੇ ਘਰ ਸਬੂਤੇ ਬੰਦੇ ਪੈਦਾ ਨਹੀਂ ਕਰ ਸਕਦੇ।
>
> ਜਿਹੜੇ ਸਮਝਦੇ ਹਨ ਕਿ ਤਲਾਕ ਲੈਣ ਉਪਰੰਤ ਆਜ਼ਾਦ ਹੋ ਜਾਣਗੇ, ਉਨ੍ਹਾਂ ਦਾ ਭਰਮ ਜਲਦੀ ਹੀ ਟੁੱਟ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਬਣਾਵਟੀ ਅਤੇ ਖੋਖਲਾ ਜੀਵਨ ਜਿਉਣ ਦੀ ਮਜ਼ਬੂਰੀ ਆਣ ਬਣਦੀ ਹੈ। ਤਲਾਕ ਦਾ ਮਾਰਗ ਤਾਂ ਰੌਸ਼ਨ ਹੋ ਰਿਹਾ ਹੈ ਪਰ ਪਰਿਵਾਰਿਕ ਰਿਸ਼ਤਿਆਂ ਵਿਚ ਅਨ੍ਹੇਰਾ ਵੱਧ ਰਿਹਾ ਹੈ।
>
> (*ਇਕ ਹੀ ਮੌਸਮ ਪਤਝੜ ਦਾ!*, ਪੰਨਾ 83)

ਨਰਿੰਦਰ ਸਿੰਘ ਕਪੂਰ ਦੀ ਸ਼ੈਲੀ ਸੰਭਾਸ਼ਣ ਅਤੇ ਸੰਬੋਧਨਮਈ ਹੈ। ਉਹ ਆਪਣੇ ਪਾਠਕਾਂ ਨਾਲ ਸੰਵਾਦ ਰਚਾਉਂਦਾ ਹੈ। ਉਨ੍ਹਾਂ ਨੂੰ ਵਿਸ਼ਵਾਸ ਵਿਚ ਲੈ ਕੇ ਨਿੱਜੀ ਅਤੇ ਵਿਅਕਤੀਗਤ ਵੇਰਵੇ ਵੀ ਸਾਂਝੇ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਇਸ ਵਿਚ ਨਾਲ ਲੇਖਕ ਅਤੇ ਪਾਠਕ ਆਤਮੀਯ (intimate) ਰਿਸ਼ਤੇ ਵਿਚ ਬੱਝ ਜਾਂਦੇ ਹਨ। ਦੇਖੋ :

> ਯਾਦ ਰੱਖਣ ਦੀ ਲੋੜ ਹੈ ਕਿ ਹਰ ਕਿਸੇ ਦੀ ਸੋਚ ਵੱਖਰੀ ਹੈ ਅਤੇ ਹਰ ਕਿਸੇ ਦਾ ਸਵਰਗ ਵੱਖਰਾ ਹੈ। ਬੱਚੇ ਵਾਸਤੇ ਖਿਡੌਣਿਆਂ ਦੀ ਦੁਕਾਨ ਸਵਰਗ ਹੈ, ਜਿਥੇ ਚਾਕਲੇਟ ਵਾਂਗ ਹਰ ਚੀਜ਼ ਮੁਫ਼ਤ ਹੈ। ਇਸਤਰੀ ਲਈ ਹੀਰਿਆਂ ਦਾ ਭੰਡਾਰ ਸਵਰਗ ਹੈ, ਜਿਥੇ ਭੋਜਨ ਵੀ ਪੱਕਿਆ-ਪਕਾਇਆ ਮਿਲਦਾ ਹੈ। ਪੁਰਸ਼ਾਂ ਲਈ ਵੱਡਾ ਵਪਾਰ ਹੀ ਸਵਰਗ ਹੈ, ਜਿਥੇ ਸਾਰੇ ਗਾਹਕ ਖਰੀਦਣ ਲਈ ਹੀ ਆਉਂਦੇ ਹਨ। ਹਰੇਕ ਦੇ ਸਵਰਗ ਦਾ ਰਾਹ ਵੀ ਵੱਖਰਾ ਹੈ। (*ਜ਼ਿੰਦਗੀ ਵਿਚੋਂ ਗੁਜ਼ਰਦਿਆਂ...*, ਪੰਨਾ 136)

ਡਾ. ਕਪੂਰ ਟਕਸਾਲੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਸ ਦੀ ਸ਼ਬਦਾਵਲੀ ਦਾ ਸਭ ਤੋਂ ਵੱਡਾ ਗੁਣ ਜਾਂ ਲੱਛਣ ਇਹ ਹੈ ਕਿ ਉਸ ਦੀ ਸ਼ਬਦਾਵਲੀ ਇਹ ਸਿੱਧ ਕਰ ਦਿੰਦੀ ਹੈ ਕਿ ਕਿਸੇ ਵੀ ਵਿਸ਼ੈ ਦੇ ਨਿਰੂਪਣ ਵਾਸਤੇ ਪੰਜਾਬੀ ਭਾਸ਼ਾ ਪੂਰਨ ਤੌਰ ਤੇ ਸਮਰੱਥ ਹੈ। ਪਾਠਕ ਉਸ ਦੁਆਰਾ ਲਿਖੇ ਕਈ-ਕਈ ਪੰਨੇ ਪੜ੍ਹ ਜਾਂਦਾ ਹੈ ਪਰ ਉਸ ਨੂੰ ਇਹ ਜਾਣ ਕੇ ਸੁਖਦ ਅਸਚਰਜ ਹੁੰਦਾ ਹੈ ਕਿ ਉਸ ਨੇ ਇਕ ਵੀ ਸ਼ਬਦ ਅੰਗ੍ਰੇਜ਼ੀ, ਉਰਦੂ, ਫਾਰਸੀ ਜਾਂ ਸੰਸਕ੍ਰਿਤ ਦਾ ਨਹੀਂ ਵਰਤਿਆ ਹੁੰਦਾ। ਨਵੇਂ ਲੇਖਕਾਂ ਨੂੰ ਉਸ ਦੀ ਸ਼ੈਲੀ ਅਤੇ ਸ਼ਬਦਾਵਲੀ ਤੋਂ ਪ੍ਰੇਰਨਾ ਲੈਣ ਦੀ ਜ਼ਰੂਰਤ ਹੈ।

**(ਘ) ਅਲੰਕਾਰ, ਬਿੰਬ ਅਤੇ ਮੁਹਾਵਰੇ :** ਅਲੰਕਾਰ ਕਿਸੇ ਵੀ ਲਿਖਤ ਦਾ ਗਹਿਣਾ ਹੁੰਦੇ ਹਨ। ਨਰਿੰਦਰ ਸਿੰਘ ਕਪੂਰ ਆਪਣੀ ਸ਼ੈਲੀ ਨੂੰ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਲੰਕਾਰਾਂ ਦਾ ਪ੍ਰਯੋਗ ਵੀ ਕਰ ਲੈਂਦਾ ਹੈ। ਦੇਖੋ :

> ਪਰਾਇਆ ਦੇਸ਼ ਕਿਤਨਾ ਵੀ ਵਿਸ਼ਾਲ ਹੋਵੇ ਆਪਣੇ ਘਰ ਨਾਲੋਂ ਸੌੜਾ ਹੀ ਲੱਗਦਾ ਹੈ (ਵਿਰੋਧਾਭਾਸ)। ਜਿਵੇਂ ਉਖੜੇ ਹੋਏ ਦਰਖਤ ਦੀ ਕੋਈ ਛਾਂ ਨਹੀਂ ਹੁੰਦੀ ਉਵੇਂ ਹੀ ਉਖੜੇ ਹੋਏ ਮਨ ਦੀ ਉਦਾਸੀ ਹੋਏ ਦਿਲ ਦੀ ਕੋਈ ਧਰਵਾਸ ਨਹੀਂ ਹੁੰਦੀ (ਦ੍ਰਿਸ਼ਟਾਂਤ ਅਲੰਕਾਰ)। ਕਈ ਲੋਕਾਂ ਵਿਚ ਉਦਾਸ ਹੋਣ ਦੀ ਤਾਂਘ ਹੁੰਦੀ ਹੈ (ਵਿਸੰਗਤੀ ਅਲੰਕਾਰ)। (ਪੰਨਾ 81)

ਬਿੰਬਾਂ ਦਾ ਅਰਥ ਹੈ, ਸ਼ੈਲੀ ਦੁਆਰਾ ਤਸਵੀਰਾਂ ਪੇਸ਼ ਕਰਨਾ। ਬਿੰਬਾਂ ਨੂੰ ਗਿਆਨ-ਇੰਦਰੀਆਂ ਦੇ ਅਨੁਸਾਰ ਪੰਜ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ : 1. ਦ੍ਰਿਸ਼ ਬਿੰਬ, 2. ਨਾਦ ਬਿੰਬ, 3. ਗੰਧ ਬਿੰਬ, 4. ਸੁਆਦ ਬਿੰਬ ਅਤੇ 5. ਸਪਰਸ਼ ਬਿੰਬ। 'ਡੂੰਘੀਆਂ ਰਮਜ਼ਾਂ' ਵਿਚ ਵਰਤੇ ਗਏ ਦ੍ਰਿਸ਼-ਬਿੰਬ ਦੀ ਇਕ ਵੰਨਗੀ ਦੇਖੋ :

> ਨਿੱਕੀਆਂ ਨਿੱਕੀਆਂ ਕਣੀਆਂ ਦਾ ਮੀਂਹ ਪੈ ਰਿਹਾ ਸੀ। ਅਚਾਨਕ ਇਕ ਲਹੂ-ਲੁਹਾਣ ਚਿੜੀ ਮੇਰੇ ਨੇੜੇ ਆਣ ਡਿੱਗੀ। ਮੈਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹ ਚਿੜਾ ਸੀ ਜਾਂ ਚਿੜੀ ਪਰ ਜ਼ਖ਼ਮੀ ਸੀ, ਦੁਖੀ ਵੀ ਸੀ, ਪਰੇਸ਼ਾਨ ਅਤੇ ਮਜ਼ਬੂਰ ਵੀ ਸੀ। (*ਨਿੱਕੀਆਂ ਕਣੀਆਂ ਦਾ ਮੀਂਹ*, ਪੰਨਾ 99)

**(ਙ) ਸਿਰਲੇਖ :** ਸਿਰਲੇਖ ਕਿਸੇ ਵੀ ਰਚਨਾ (ਕਵਿਤਾ/ਕਹਾਣੀ/ਲੇਖ) ਦੀ ਜਿੰਦ-ਜਾਨ ਹੁੰਦਾ ਹੈ। ਜੇ ਕਿਸੇ ਰਚਨਾ ਦਾ ਸਿਰਲੇਖ ਆਕ੍ਰਸਕ ਅਤੇ ਦਿਲਚਸਪ ਹੋਵੇਗਾ ਤਾਂ ਪਾਠਕ ਉਸ ਰਚਨਾ ਨੂੰ ਪਹਿਲ ਦੇਣਗੇ। ਸਿੱਧੇ-ਸਾਦੇ ਅਤੇ ਖੁਸ਼ਕ-ਨੀਰਸ ਕਿਸਮ

ਦੇ ਸਿਰਲੇਖ ਪਾਠਕਾਂ ਨੂੰ ਉਸ ਰਚਨਾ ਤੋਂ ਉਪਰਾਮ ਕਰ ਦਿੰਦੇ ਹਨ। ਡਾ. ਕਪੂਰ ਦੇ ਲੇਖਕ ਸਿਰਲੇਖਾਂ ਦੀ ਦ੍ਰਿਸ਼ਟੀ ਤੋਂ ਬਹੁਤ ਸਫ਼ਲ ਮੰਨੇ ਜਾਂਦੇ ਹਨ। ਪੁਸਤਕ ਦਾ ਸਿਰਲੇਖ 'ਡੂੰਘੀਆਂ ਸਿਖਰਾਂ' ਦੋ ਵਿਪਰੀਤਾਰਥਕ ਸ਼ਬਦਾਂ ਦਾ ਸੁਮੇਲ ਹੈ। ਉਸ ਦੇ ਕੁਝ ਹੋਰ ਸਿਰਲੇਖ ਵੇਖੋ :

1. ਇਕ ਹੀ ਮੌਸਮ ਪਤਝੜ ਦਾ ! ਇਵੇਂ ਕਿਉਂ ਹੁੰਦਾ ਹੈ ? (ਵਿਸਮਿਕ ਅਤੇ ਪ੍ਰਸ਼ਨ ਸੂਚਨ)

2. ਯਾਦ ਕਰਦਿਆਂ.... ਜ਼ਿੰਦਗੀ ਵਿਚੋਂ ਗੁਜ਼ਰਦਿਆਂ... (ਕ੍ਰਿਆਵਾਚਕ ਸਿਰਲੇਖ)

ਪੁਲ ਅਤ ਪੌੜੀਆਂ, ਇਕੱਤੀ ਐਤਵਾਰਾਂ ਵਾਲਾ ਮਹੀਨਾ, ਮੁਸਕ੍ਰਾਹਟ ਦੀ ਵਿਆਕਰਣ, ਜਗਤ ਮੇਲੇ ਨੂੰ ਬੇਦਾਵਾ ਲੰਮੇ ਇਤਿਹਾਸ ਦੀ ਸੰਖੇਪ ਕਹਾਣੀ ਉਸ ਦੁਆਰਾ ਰੱਖੇ ਗਏ ਕੁਝ ਹੋਰ ਦਿਲਚਸਪ ਸਿਰਲੇਖ ਹਨ।

### 2.7.5 **ਉਪਸੰਹਾਰ**

ਡਾ. ਨਰਿੰਦਰ ਸਿੰਘ ਕਪੂਰ ਦਾ ਹਰ ਲੇਖ ਅਨੁਭਵ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਇਕ ਮਹਤਵਪੂਰਨ ਰਚਨਾ ਹੋ ਨਿੱਬੜਦਾ ਹੈ। ਉਸ ਨੇ ਸਮਕਾਲੀ ਜੀਵਨ ਦੇ ਸਰੋਕਾਰਾਂ ਬਾਰੇ ਲੇਖ ਲਿਖੇ ਸਨ। ਆਪਣੇ ਲੇਖਾਂ ਵਿਚ ਉਹ ਵਿਗਿਆਨਕ ਸੋਚ ਅਤੇ ਤਰਕਸ਼ੀਲ ਦ੍ਰਿਸ਼ਟੀ ਦਾ ਪ੍ਰਯੋਗ ਕਰਦਾ ਹੈ। ਉਹ ਜਾਣਦਾ ਹੈ ਕਿ ਭਾਵੁਕਤਾ ਅਤੇ ਕਲਪਨਾ ਦੇ ਸੁਮੇਲ ਤੋਂ ਬਿਨਾਂ ਉੱਤਮ ਸਾਹਿੱਤ ਦੀ ਸਿਰਜਣਾ ਨਹੀਂ ਹੋ ਸਕਦੀ। ਉਸ ਦੇ ਲੇਖਾਂ ਦੀ ਸੰਰਚਨਾ ਜਗਿਆਸਾਭਰਪੂਰ, ਗਿਆਨ ਵਰਧਕ ਅਤੇ ਕਲਾਮਈ ਹੁੰਦੀ ਹੈ। ਵਿਅੰਗ-ਜੁਗਤਾਂ ਨਾਲ ਉਹ ਸੂਖਮ ਪ੍ਰਕਾਰ ਦੇ ਹਾਸ ਰਸ ਦੀ ਨਿਸ਼ਪਤੀ ਕਰ ਲੈਂਦਾ ਹੈ। ਅਲੰਕਾਰ ਜੁਗਤਾਂ, ਬਿੰਬਾਤਮਕ ਚਿਤ੍ਰਣ, ਮੁਹਾਵਰੇਭਰਪੂਰ ਸ਼ੈਲੀ ਅਤੇ ਟਕਸਾਲੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਉਸ ਦੀਆਂ ਰਚਨਾਵਾਂ ਦੇ ਮੁਖ ਗੁਣ ਹਨ। ਸਾਹਿਤਿਕ ਦ੍ਰਿਸ਼ਟੀ ਤੋਂ ਉਹ ਇਕ ਪ੍ਰਮਾਣਿਕ ਲੇਖਕ ਹੈ। ਉਸ ਦੇ ਪਾਠਕਾਂ ਦੀ ਗਿਣਤੀ ਹਜਾਰਾਂ ਨਹੀਂ ਬਲਕਿ ਲੱਖਾਂ ਵਿਚ ਹੈ।

**ਪ੍ਰਸ਼ਨ : ਉਕਤ ਪਾਠ ਵਿਚ ਦਿੱਤੀ ਗਈ ਸਾਮਗਰੀ ਨੂੰ ਪੜ੍ਹਕੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

1. 'ਡੂੰਘੀਆਂ ਸਿਖਰਾਂ' ਲੇਖ ਸੰਗ੍ਰਹਿ ਦਾ ਸਾਹਿਤਿਕ ਵਿਸ਼ਲੇਸ਼ਣ ਕਰੋ।
2. 'ਡੂੰਘੀਆਂ ਸਿਖਰਾਂ' ਦੀਆਂ ਕਲਾਤਮਕ ਜੁਗਤਾਂ ਉਪਰ ਇਕ ਨੋਟ ਲਿਖੋ।
3. 'ਡੂੰਘੀਆਂ ਸਿਖਰਾਂ' ਦੀ ਗੱਦ-ਸ਼ੈਲੀ ਅਤੇ ਸ਼ਬਦਾਵਲੀ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

 

ਪਾਠ ਨੰ: 2.8 - ਰਾਜਬੀਰ ਕੌਰ

## *ਡੂੰਘੀਆਂ ਸਿਖਰਾਂ : ਸ਼ੈਲੀਗਤ ਅਧਿਐਨ*

### 2.8.1 ਉਦੇਸ਼

ਇਸ ਪਾਠ ਵਿਚ ਪੰਜਾਬੀ ਦੇ ਪ੍ਰਸਿੱਧ ਵਾਰਤਕਕਾਰ ਡਾ. ਨਰਿੰਦਰ ਸਿੰਘ ਕਪੂਰ ਰਚਿਤ ਲੇਖ ਸੰਗ੍ਰਹਿ 'ਡੂੰਘੀਆਂ ਸਿਖਰਾਂ' ਦਾ ਸ਼ੈਲੀਗਤ ਅਧਿਐਨ ਕੀਤਾ ਜਾ ਰਿਹਾ ਹੈ। ਲੇਖ ਦੀ ਨਿਰਖ-ਪਰਖ ਕਰਨ ਲਈ ਲੇਖਕ ਦੀ ਗੱਦ-ਸ਼ੈਲੀ ਦਾ ਅਧਿਐਨ ਜ਼ਰੂਰੀ ਹੈ। ਸ਼ੈਲੀ ਇਕ ਇਹੋ ਜਿਹਾ ਤੱਤ ਹੈ ਜਿਹੜਾ ਕਿਸੇ ਲੇਖ ਨੂੰ ਸਾਹਿਤਿਕ ਵੰਨਗੀ ਦਾ ਰੂਪ ਪ੍ਰਦਾਨ ਕਰਦਾ ਹੈ। ਜਿਹੜੇ ਲੇਖਕ ਸ਼ੈਲੀ ਪ੍ਰਤੀ ਸਚੇਤ ਨਹੀਂ ਹੁੰਦੇ ਉਨ੍ਹਾਂ ਦੇ ਲੇਖ ਸਮਾਜ ਵਿਗਿਆਨ ਦੇ ਨੇੜੇ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਦੀ ਸੁਹਜ-ਭੁਖ ਤ੍ਰਿਪਤ ਨਹੀਂ ਹੁੰਦੀ। ਨਰਿੰਦਰ ਸਿੰਘ ਕਪੂਰ ਸ਼ੈਲੀ ਦੇ ਮਹਤਵ ਤੋਂ ਸਜਗ ਹੈ। ਇਹੀ ਕਾਰਨ ਹੈ ਕਿ ਉਸ ਦੇ ਲੇਖਾਂ ਨੂੰ ਹਜ਼ਾਰਾਂ ਪੰਜਾਬੀ ਪਿਆਰਿਆਂ ਵਲੋਂ ਪੜ੍ਹਿਆ ਅਤੇ ਮਾਣਿਆ ਜਾ ਰਿਹਾ ਹੈ। ਨੂੰ ਪਾਠ ਵਿਚ ਕੁਝ ਉਨ੍ਹਾਂ ਵਿਧੀਆਂ ਅਤੇ ਤੱਤਾਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਐਮ.ਏ. II (ਪੰਜਾਬੀ) ਦੇ ਵਿਦਿਆਰਥੀ ਪਰੀਖਿਆ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਪੂਰੇ ਸ੍ਵੈ-ਵਿਸ਼ਵਾਸ ਨਾਲ ਦੇ ਸਕਣਗੇ।

### 2.8.2 ਰੂਪ ਰੇਖਾ

ਇਸ ਪਾਠ ਨੂੰ ਹੇਠ ਲਿਖਤ ਨੌਂ ਉਪਭਾਗਾਂ ਵਿਚ ਵੰਡਿਆ ਗਿਆ ਹੈ ਤਾਂ ਜੋ ਸਾਡੇ ਵਿਦਿਆਰਥੀ ਗਦ-ਸ਼ੈਲੀ ਨਾਲ ਸੰਬੰਧਿਤ ਹਰ ਪੱਖ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕਰ ਸਕਣ :

(ੳ) ਗਦ-ਸ਼ੈਲੀ : ਪਰਿਭਾਸ਼ਾ ਅਤੇ ਲੱਛਣ
(ਅ) ਪੰਜਾਬੀ ਦੇ ਪ੍ਰਮੁਖ ਲੇਖਕਾਂ ਦੀ ਗੱਦ ਸ਼ੈਲੀ
(ੲ) ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ : ਵਚਿੱਤਰਤਾ
(ਸ) ਵਰਣਨਾਤਮਕ ਗੱਦ ਸ਼ੈਲੀ
(ਹ) ਸੰਬੋਧਨੀ ਗੱਦ ਸ਼ੈਲੀ
(ਕ) ਵਿਅੰਗਾਤਮਕ ਗੱਦ ਸ਼ੈਲੀ
(ਖ) ਕਾਵਿਕ ਗੱਦ ਸ਼ੈਲੀ
(ਗ) ਰਮਜ਼ਭਰਪੂਰ ਗੱਦ ਸ਼ੈਲੀ
(ਘ) ਵਾਚਨ ਅਤੇ ਸ਼ੈਲੀ ਦੀ ਗਤੀ।

### 2.8.3 ਭੂਮਿਕਾ

ਲੇਖ ਰਚਨਾ ਵਿਚ ਗੱਦ ਸ਼ੈਲੀ ਸਭ ਤੋਂ ਮਹਤਵਪੂਰਨ ਤੱਤ ਹੁੰਦੀ ਹੈ। ਹਰ ਲੇਖਕ ਆਪਣੇ ਲੇਖਾਂ ਦੇ ਮਾਧਿਅਮ ਦੁਆਰਾ ਨਾਂ ਕੇਵਲ ਪਾਠਕਾਂ ਦੀ ਜਾਣਕਾਰੀ ਅਤੇ ਗਿਆਨ ਵਿਚ ਵਾਧਾ ਕਰਦਾ ਹੈ ਬਲਕਿ ਉਸ ਦੇ ਸੁਹਜ-ਸੁਆਦ ਦੀ ਤ੍ਰਿਪਤੀ ਵੀ ਕਰਦਾ ਹੈ। ਇਸ ਸੂਰਤ ਵਿਚ ਗੱਦ-ਸ਼ੈਲੀ ਦਾ ਪ੍ਰਕਾਰਜ ਦੋਧਾਰੀ ਤਲਵਾਰ ਵਰਗਾ ਬਣ ਜਾਂਦਾ ਹੈ। ਉਹ ਆਪਣੇ ਪਾਠਕਾਂ ਦੇ ਭਾਵਾਂ ਨੂੰ ਅੰਦੋਲਿਤ ਵੀ ਕਰਦੀ ਹੈ ਅਤੇ ਉਸ ਦੇ ਅਨੁਭਵ ਨੂੰ ਵੀ ਵਿਸਤਾਰਦੀ ਨਿਖਾਰਦੀ ਚਲੀ ਜਾਂਦੀ ਹੈ। ਅਧਿਐਨ, ਅਧਿਆਪਨ ਅਤੇ ਵਿਸ਼ਾਲ ਭ੍ਰਮਣ ਦੇ ਸਦਕਾ ਡਾ. ਕਪੂਰ ਦਾ ਅਨੁਭਵ ਬਹੁਤ ਵਿਸ਼ਾਲ ਅਤੇ ਪ੍ਰਗਤੀਵਾਦੀ ਹੋ ਗਿਆ ਹੈ। ਉਹ ਮਨੁਖ ਦੇ ਸ਼ਖਸੀ ਅਤੇ ਸਮਾਜਿਕ ਜੀਵਨ ਨੂੰ ਕਲਿਆਣਕਾਰੀ, ਸੁੰਦਰ ਅਤੇ ਲੋਕਪੱਖੀ ਬਣਾਉਣੀ ਲੋਚਦਾ ਹੈ। ਇਹੀ ਕਾਰਨ ਹੈ ਕਿ ਉਹ ਆਪਣੇ ਲੇਖਾਂ ਦੇ ਸ਼ੈਲੀਗਤ ਪਹਿਲੂਆਂ ਨੂੰ ਖੂਬ ਨਿਖਾਰਦਾ-ਸੰਵਾਰਦਾ ਰਹਿੰਦਾ ਹੈ।

### 2.8.4(ੳ) ਗੱਦ ਸ਼ੇਲੀ : ਪਰਿਭਾਸ਼ਾ ਅਤੇ ਲੱਛਣ

ਗੱਦ-ਸ਼ੈਲੀ (prose-style) ਦੀ ਉਤਪਤੀ 'stylus' ਸ਼ਬਦ ਵਿਚੋਂ ਹੋਈ ਹੈ, ਜਿਸ ਦੇ ਅਰਥ ਹਨ, ਲਿਖਣ ਵਾਲੀ

ਨੋਕਦਾਰ ਕਲਮ। ਪਿਛਲੇ ਸਮਿਆਂ ਵਿਚ ਰੁਖਾਂ ਦੇ ਛਿਲਕਿਆਂ ਉਪਰ ਜਾਂ ਮੋਮ ਜੰਮੀ ਸਤਹਿ ਉਪਰ ਕਿਸੇ ਤਿੱਖੀ ਨੋਕ ਵਾਲੀ ਕਲਮ ਨਾਲ ਉਕੱਰਿਆ/ਭੇਦਿਆ ਜਾਂਦਾ ਸੀ। ਆਧੁਨਿਕ ਕਾਲ ਵਿਚ 'ਸਟਾਈਲਸ' ਤੋਂ ਹੀ 'ਸਟਾਈਲ' ਪਦ ਹੋਂਦ ਵਿਚ ਆਇਆ ਹੈ। ਉਸ 'ਸਟਾਈਲ' (ਸ਼ੈਲੀ) ਨੂੰ ਮਹਤਵਪੂਰਨ ਸਮਝਿਆ ਜਾਂਦਾ ਹੈ, ਜਿਸ ਦੁਆਰਾ ਕੋਈ ਲਿਖਤ ਪਾਠਕਾਂ ਦੇ ਮਨ-ਮਸਤਿਕ ਉਪਰ ਡੂੰਘੀ ਤਰ੍ਹਾਂ ਨਾਲ ਉੱਕਰੀ ਜਾਵੇ। 'ਡਿਕਸ਼ਨਰੀ ਆਫ਼ ਲਿਟਰੇਰੀ ਟਰਮਜ਼ ਐਂਡ ਥਿਊਰੀ' ਵਿਚ ਸਟਾਈਲ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ, "The manner of expression in prose; how a particular writer says things. The analysis and assessment of style involves examination of a writer's choice of words, his figures of speech, the devices, the shape of his sentences, the shape of his paragraphs-indeed of every conceivable aspect of his language and the way in which he uses it." (P. 872) ਹਰ ਲੇਖਕ ਦੀ ਸ਼ੈਲੀ ਵਿਲੱਖਣ ਹੁੰਦੀ ਹੈ, ਹੋਣੀ ਚਾਹੀਦੀ ਹੈ ਅਤੇ ਇਸ ਵਿਚੋਂ ਉਸ ਦੀ ਸ਼ਖ਼ਸੀਅਤ ਦੇ ਵਿਭਿੰਨ ਪਾਸਾਰ ਵੀ ਉੱਭਰ ਕੇ ਸਾਹਮਣੇ ਆ ਜਾਂਦੇ ਹਨ। ਇਸੇ ਤੱਥ ਨੂੰ ਮੁਖ ਰਖਦਿਆਂ ਬਫ਼ਨ (Buffon) ਨੇ ਲਿਖਿਆ ਸੀ : ਸ਼ੈਲੀ ਹੀ ਸ਼ਖ਼ਸੀਅਤ ਹੈ (Style is the man himself.)।

ਹਰ ਲੇਖਕ ਦੀ ਸ਼ੈਲੀ ਉਸ ਦੇ ਵਿਚਾਰਧਾਰਕ ਸੂਤਰਾਂ ਦਾ ਮਾਧਿਅਮ ਹੁੰਦੀ ਹੈ। ਇਸ ਕਾਰਨ ਲੇਖਕ ਲੋਕ ਸ਼ੈਲੀ ਨੂੰ ਬਹੁਤ ਸਾਂਭ-ਸਹੇਜ ਕੇ ਰੱਖਦੇ ਹਨ। ਜਦੋਂ ਕੋਈ ਲੇਖਕ ਲਿਖ ਰਿਹਾ ਹੁੰਦਾ ਹੈ ਤਾਂ ਅਨੇਕ ਸ਼ਬਦ ਉਸ ਦੀ ਕਲਮ ਦੀ ਨੋਕ ਉਪਰ ਆਉਣ ਲਈ ਮਚਲਦੇ ਰਹਿੰਦੇ ਹਨ। ਹਰ ਭਾਵ ਜਾਂ ਚਿਹਨਿਤ (signified) ਨੂੰ ਅੰਕਿਤ ਕਰਨ ਲਈ ਅਨੇਕ ਸ਼ਬਦ ਹੁੰਦੇ ਹਨ ਜਿਵੇਂ ਅੰਬਰ, ਆਕਾਸ਼, ਅਸਮਾਨ, ਗਗਨ ਆਦਿ ਸ਼ਬਦ ਇਕ ਹੀ ਚਿਹਨਿਤ ਨੂੰ ਰੂਪਮਾਨ ਕਰਦੇ ਹਨ ਪਰ ਕਿਸੇ ਲੇਖਕ ਨੇ ਇਨ੍ਹਾਂ ਵਿਚੋਂ ਕਿਹੜਾ ਸ਼ਬਦ ਲਿਆ ਹੈ ਅਤੇ ਵਾਕ-ਬਣਤਰ ਵਿਚ ਉਹ ਕਿਵੇਂ ਜੜਿਆ (fit) ਗਿਆ ਹੈ; ਅਜਿਹੇ ਵਿਸ਼ਲੇਸ਼ਣ ਦੁਆਰਾ ਅਸੀਂ ਕਿਸੇ ਲੇਖਕ ਦੀ ਸ਼ੈਲੀ ਦਾ ਇਕ ਵਿਵਰਣ ਤਿਆਰ ਕਰ ਸਕਦੇ ਹਾਂ। ਲੇਖਕ, ਲਿਖਣ ਦੌਰਾਨ ਆਪਣੀ ਮਾਨਸਿਕਤਾ, ਮਨਸ਼ਾ ਜਾਂ ਵਾਕ ਦੇ ਰਿਦਮਿਕ ਪੈਟਰਨ ਦੇ ਅਨੁਸਾਰ ਹੀ ਕਿਸੇ ਸ਼ਬਦ ਦਾ ਪ੍ਰਯੋਗ ਕਰਦਾ ਹੈ। ਲਿਖਣ ਸਮੇਂ ਹਰ ਲੇਖਕ ਸਿਰਜਣਾਤਮਕ ਅਮਲ ਦੀਆਂ ਲੋੜਾਂ ਅਨੁਸਾਰ ਭਖਿਆ ਅਤੇ ਤਣਿਆ ਰਹਿੰਦਾ ਹੈ ਪਰ ਕੁਝ ਸਮੇਂ ਬਾਅਦ ਜਦੋਂ ਉਹ ਆਪਣੀ ਪਾਂਡੂਲਿਪੀ (manuscript) ਨੂੰ ਪੜ੍ਹਦਾ ਹੈ ਤਾਂ ਉਹ ਕਈ ਸ਼ਬਦਾਂ ਨੂੰ ਕੱਟ ਕੇ ਉਨ੍ਹਾਂ ਦੀ ਥਾਂ ਨਵੇਂ ਸ਼ਬਦ ਅਤੇ ਨਵੇਂ ਫਰੇਜ਼ (phrase) ਪਾ ਦਿੰਦਾ ਹੈ ਕਿਉਂਕਿ ਉਹ ਜਾਣਦਾ ਹੁੰਦਾ ਹੈ ਕਿ ਉਸ ਦੀ ਰਚਨਾ ਨੂੰ ਪੜ੍ਹਨ ਵਾਲੇ ਪਾਠਕ (ਆਮ ਤੌਰ ਤੇ) ਕਿਸੇ ਤਣਾਉ ਵਿਚ ਨਹੀਂ ਹੁੰਦੇ ਬਲਕਿ ਸਹਿਜ ਰੂਪ ਵਿਚ ਵਿਚਰਦੇ ਹਨ। ਇਸ ਕਾਰਨ ਰਚਨਾ ਦੇ ਉਨ੍ਹਾਂ ਤਣਾਵਾਂ ਦੀ ਜ਼ਰੂਰਤ ਨਹੀਂ ਜਿਹੜੇ ਉਸ ਦੀ ਬਿਲਕੁਲ ਨਿੱਜੀ ਮਾਨਸਿਕਤਾ ਵਿਚੋਂ ਉਪਜੇ ਸਨ। ਇਸ ਪ੍ਰਕਾਰ ਹਰ ਲੇਖਕ ਆਪਣੀ ਰਚਨਾ ਨੂੰ ਲਿਖਣ ਅਤੇ ਪ੍ਰਕਾਸ਼ਿਤ ਹੋਣ ਦੀ ਅਵਧੀ ਵਿਚ ਨਿਰੰਤਰ ਇਸਦਾ ਮੂੰਹ-ਮੱਥਾ ਸੰਵਾਰਦਾ-ਸੁਧਾਰਦਾ ਰਹਿੰਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਦੇ ਕੁਝ ਪ੍ਰਮੁਖ ਗੁਣ-ਲੱਛਣ ਇਸ ਪ੍ਰਕਾਰ ਵਿਸ਼ਲੇਸ਼ਿਤ ਕੀਤੇ ਜਾ ਸਕਦੇ ਹਨ :

**(ਅ) ਪੰਜਾਬੀ ਦੇ ਪ੍ਰਮੁੱਖ ਲੇਖਕਾਂ ਦੀ ਗੱਦ ਸ਼ੈਲੀ**

ਪੰਜਾਬੀ ਵਿਚ ਵਾਰਤਕ ਰਚਨਾ ਦਾ ਆਰੰਭ ਨਾਥ-ਜੋਗੀਆਂ ਦੁਆਰਾ ਰਚੇ ਅਧਿਆਤਮਕ ਸਾਹਿੱਤ ਨਾਲ ਹੋਇਆ। ਇਸ ਵਿਚ ਸੰਸਕ੍ਰਿਤ ਭਾਸ਼ਾ ਦੀ ਤਤਸਮ ਅਤੇ ਤਦਭਵ ਰੂਪਾਵਲੀ ਦਾ ਕਾਫ਼ੀ ਦਖ਼ਲ ਹੈ। ਵਾਦ-ਵਿਵਾਦ ਦੀ ਪੇਸ਼ਕਾਰੀ ਲਈ ਵਾਰਤਾਲਾਪ ਵਿਧੀ ਦਾ ਬਹੁਤ ਸੁਚੱਜਾ ਪ੍ਰਯੋਗ ਹੋਇਆ ਹੈ। ਕਿਸੇ ਸੰਕਲਪ ਜਾਂ ਸਥਿਤੀ ਦੀ ਸਟੀਕ ਵਿਆਖਿਆ ਲਈ ਬਾਣੀ (ਕਾਵਿ ਰਚਨਾ) ਵਿਚੋਂ ਟੂਕਾਂ ਵੀ ਦਿੱਤੀਆਂ ਗਈਆਂ ਹਨ। ਪੰਜਾਬੀ ਸਾਹਿੱਤ ਦੇ ਮਧਕਾਲ ਵਿਚ ਜਨਮਸਾਖੀਆਂ, ਗੋਸ਼ਟਾਂ, ਸੁਖ਼ਨ ਅਤੇ ਰਹਿਤਨਾਮੇ ਆਦਿਕ ਰਚੇ ਗਏ। ਜਨਮਸਾਖੀਆਂ ਅਤੇ ਗੋਸ਼ਟਾਂ ਦੀ ਵਾਕ-ਬਣਤਰ ਪੁਰਾਤਨ ਪੰਜਾਬੀ ਵਾਲੀ ਹੈ। ਸੁਖ਼ਨਾਂ ਉਪਰ ਫ਼ਾਰਸੀ ਦਾ ਕਾਫ਼ੀ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ ਕਿਉਂਕਿ ਇਹ ਸਾਹਿਤ ਰੂਪ ਸੂਫ਼ੀ ਦਰਵੇਸ਼ਾਂ ਨੇ ਵੀ ਕਾਫ਼ੀ ਵਰਤਿਆ। ਪੁਰਾਤਨ ਪੰਜਾਬੀ ਵਾਰਤਕ ਦੇ ਸਾਰੇ ਰੂਪਾਂ ਦੇ ਸ਼ਬਦ-ਜੋੜਾਂ ਵਿਚ ਏਕਤਾ ਜਾਂ ਇਕਸਾਰਤਾ ਨਹੀਂ। ਪੂਰਨ-ਵਿਰਾਮ (ਡੰਡੀ) ਤੋਂ ਬਿਨਾਂ ਹੋਰ ਕੋਈ ਬਿਸਰਾਮ ਚਿੰਨ੍ਹ ਵੀ ਨਹੀਂ ਵਰਤਿਆ ਗਿਆ ਪਰੰਤੂ ਅਧਿਆਤਮਕਾ ਨਾਲ ਭਰਪੂਰ ਹੋਣ ਕਾਰਨ ਗਦਸ਼ੈਲੀ ਕਾਫ਼ੀ ਰਸਿਕ ਅਤੇ ਮਧੁਰ ਪ੍ਰਤੀਤ ਹੁੰਦੀ ਹੈ।

ਆਧੁਨਿਕ ਕਾਲ ਦੇ ਗਦਕਾਰਾਂ ਵਿਚ ਪ੍ਰੋ. ਪੂਰਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਨਾਮ ਸਰਵ-ਸ਼ਿਰੋਮਣੀ ਹਨ। ਪੂਰਨ ਸਿੰਘ ਇਕ ਰੋਮਾਂਟਿਕ ਲੇਖਕ ਸੀ। ਉਹ ਭਾਵਾਂ ਦੇ ਆਵੇਸ਼ ਵਿਚ ਆ ਕੇ ਲਿਖਦਾ ਸੀ। ਉਸ ਦੇ ਵਾਕ ਬੜੇ ਲੰਮੇ ਅਤੇ ਜਟਿਲ ਹੋ ਜਾਂਦੇ ਸਨ। ਪੈਰੇ ਵੀ ਕਈ-ਕਈ ਪੰਨਿਆਂ ਤਕ ਫੈਲ ਜਾਂਦੇ ਸਨ। ਉਹ ਅਲੰਕਾਰਾਂ, ਬਿੰਬਾਂ ਅਤੇ ਕਾਵਿ-ਟੁਕੜੀਆਂ ਦਾ ਭਰਪੂਰ ਪ੍ਰਯੋਗ ਕਰਦਾ ਸੀ, ਜਿਸ ਕਾਰਨ ਉਸ ਦੀ ਗੱਦ-ਸ਼ੈਲੀ ਕਾਵਿਕ ਰੂਪ ਅਖ਼ਤਿਆਰ ਕਰ ਜਾਂਦੀ ਸੀ।

ਪ੍ਰਿੰ. ਤੇਜਾ ਸਿੰਘ ਇਕ ਟਕਸਾਲੀ ਗੱਦਕਾਰ ਸੀ। ਅੰਗਰੇਜ਼ੀ ਸਾਹਿਤ ਦਾ ਅਧਿਆਪਕ ਹੋਣ ਕਾਰਨ ਉਹ ਵਾਰਤਕ ਦੀਆਂ ਤਕਨੀਕੀ ਜ਼ਰੂਰਤਾਂ ਨੂੰ ਵੀ ਖੂਬ ਜਾਣਦਾ-ਸਮਝਦਾ ਸੀ। ਚਾਰਲਜ਼ ਲੈਂਬ ਅਤੇ ਜਾਨਸਨ ਉਸਦੇ ਪਸੰਦੀਦਾ ਵਾਰਤਕਕਾਰ ਸਨ। ਉਸ ਨੇ ਕਾਰਲਾਈਲ ਅਤੇ ਐਮਰਸਨ ਨੂੰ ਵੀ ਪੜ੍ਹ ਰੱਖਿਆ ਸੀ। ਉਹ ਲੇਖ (essay) ਦੀ ਆਤਮਾ ਨੂੰ ਉਜਾਗਰ ਕਰਨ ਵਿਚ ਬਹੁਤ ਸਫ਼ਲ ਰਿਹਾ। ਛੋਟੇ ਅਤੇ ਚੁਸਤ ਵਾਕ, ਰਸੀਲੀ ਅਤੇ ਵਿਅਕਤੀਗਤ ਸ਼ੈਲੀ, ਟਕਸਾਲੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਅਤੇ ਸੰਜਮ (economy) ਉਸ ਦੀ ਗੱਦ-ਸ਼ੈਲੀ ਦੇ ਕੁਝ ਪ੍ਰਮੁੱਖ ਲੱਛਣ ਸਨ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸ਼ਬਦਾਂ ਦਾ ਇੰਜੀਨੀਅਰ ਕਿਹਾ ਜਾਂਦਾ ਸੀ। ਉਹ ਅੰਗਰੇਜ਼ੀ, ਹਿੰਦੀ ਅਤੇ ਉਰਦੂ-ਫ਼ਾਰਸੀ ਭਾਸ਼ਾਵਾਂ ਦੇ ਪ੍ਰਚਲਿਤ ਸ਼ਬਦਾਂ ਨੂੰ ਵਰਤਣ ਤੋਂ ਸੰਕੋਚ ਨਹੀਂ ਸੀ ਕਰਦਾ। ਲੋੜ ਪੈਣ ਤੇ ਉਹ ਬਹੁਤ ਸਾਰੇ ਨਵੇਂ ਸ਼ਬਦ ਵੀ ਘੜ ਲੈਂਦਾ ਸੀ। ਉਹ ਵਿਗਿਆਨਕ ਅਤੇ ਤਰਕਸ਼ੀਲ ਅਨੁਭਵ ਦਾ ਨਿਰੂਪਣ ਕਰਦਾ ਸੀ ਅਤੇ ਉਸਦਾ ਹਰ ਲੇਖਕ ਪਾਠਕਾਂ ਨੂੰ ਨਵੀਂ ਪ੍ਰੇਰਨਾ (inspiration) ਅਤੇ ਉਮੰਗ (aspiration) ਪ੍ਰਦਾਨ ਕਰਦਾ ਸੀ। ਉਹ ਪਾਠਕਾਂ ਨੂੰ ਆਪਣੇ ਹਮਰਾਜ ਬਣਾਉਣ ਦੀ ਕਲਾ ਤੋਂ ਵੀ ਸੁਪਰਿਚਿਤ ਸੀ। ਇਹੀ ਕਾਰਨ ਸੀ ਕਿ ਉਹ ਪਾਠਕਾਂ ਉਪਰ ਆਪਣਾ ਜਾਦੂ ਚਲਾ ਲੈਂਦਾ ਸੀ। ਉਸ ਦੇ ਲੇਖਕ ਪੜ੍ਹ ਕੇ ਹਜ਼ਾਰਾਂ ਪੰਜਾਬੀ ਪ੍ਰੀਤ-ਫਿਲਾਸਫ਼ੀ, ਹਾਂ ਪੱਖੀ ਸੋਚ (positive thinking) ਅਤੇ ਵਿਗਿਆਨਕ ਦ੍ਰਿਸ਼ਟੀ ਦੇ ਕਾਇਲ ਹੋ ਗਏ ਸਨ। ਡਾ. ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਉਪਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਕਾਫ਼ੀ ਪ੍ਰਭਾਵ ਦੇਖਿਆ ਜਾ ਸਕਦਾ ਹੈ ਕਿਉਂਕਿ ਦੋਹਾਂ ਗੱਦਕਾਰਾਂ ਦੇ ਨਿਸ਼ਾਨੇ ਅਤੇ ਮੰਤਵ ਇਕ ਜੈਸੇ ਹਨ।

**(ੲ) ਨਰਿੰਦਰ ਸਿੰਘ ਕਪੂਰ ਦੀ ਗੱਲ ਸ਼ੈਲੀ : ਵਚਿੱਤਰਤਾ**

ਡਾ. ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਉਸ ਦੀ ਆਪਣੀ ਸ਼ਖ਼ਸੀਅਤ ਵਾਂਗ ਹੀ ਵਿਲੱਖਣ ਅਤੇ ਵਚਿੱਤਰ ਹੈ। ਉਹ ਬੜੀ ਕਠਿਨ ਮਿਹਨਤ ਅਤੇ ਸਿਦਕਦਿਲੀ ਨਾਲ ਆਪਣੇ ਜੀਵਨ ਦੇ ਵਰਤਮਾਨ ਮੁਕਾਮ ਤੱਕ ਪਹੁੰਚਿਆ ਹੈ। ਉਹ ਆਧੁਨਿਕ ਪੂੰਜੀਵਾਦੀ ਯੁਗ ਵਿਚ ਵਿਗਸਿਆ ਅਤੇ ਸਥਾਪਿਤ ਹੋਇਆ ਹੈ। ਇਸ ਕਾਰਨ ਉਸ ਦੀ ਰਚਨਾ-ਸ਼ੈਲੀ ਉੱਪਰ ਵੀ ਇਸ ਯੁਗ ਦੀਆਂ ਕੀਮਤਾਂ ਅਤੇ ਤਕਾਜ਼ਿਆਂ ਦਾ ਬੜਾ ਸਪਸ਼ਟ ਪ੍ਰਭਾਵ ਹੈ। ਇਹ ਯੁਗ, ਸੰਚਾਰ-ਪ੍ਰਵੀਣਤਾ ਨੂੰ ਮਨੁੱਖ ਦੀ ਸਭ ਤੋਂ ਵੱਡੀ ਸਿਫ਼ਤ ਮੰਨਦਾ ਹੈ। ਸੰਚਾਰ ਕਰਨ ਸਮੇਂ ਸੰਚਾਰ ਕਰਤਾ ਨੂੰ ਆਪਣੇ ਮੰਤਵ ਬਾਰੇ ਪੂਰਨ ਤੌਰ ਤੇ ਸਪਸ਼ਟ ਅਤੇ ਸੁਨਿਸ਼ਚਿਤ ਹੋਣਾ ਚਾਹੀਦਾ ਹੈ। ਜਦੋਂ ਕੋਈ ਵਿਅਕਤੀ ਸੰਚਾਰ-ਕ੍ਰਿਆ ਦਾ ਆਰੰਭ ਕਰਦਾ ਹੈ ਤਾਂ ਸਰੋਤਾ ਇਕ ਵਾਰ ਤਾਂ ਉਸ ਵੱਲ ਪੂਰਨ ਤਵਜਹੁ ਦਿੰਦਾ ਹੈ। ਪਰ ਜੇ ਸੰਚਾਰਕਰਤਾ ਆਪਣੇ ਮੰਤਵ ਨੂੰ ਸਪਸ਼ਟ ਕਰਨ ਵਿਚ ਦੇਰ ਲਾਵੇ ਜਾਂ ਇਧਰ-ਉਧਰ ਦੀ ਭੂਮਿਕਾ ਬੰਨ੍ਹਣ ਲੱਗ ਪਵੇ ਤਾਂ ਸਰੋਤੇ ਦਾ ਧਿਆਨ ਖੰਡਿਤ ਹੋ ਜਾਂਦਾ ਹੈ। ਆਧੁਨਿਕ ਯੁਗ ਦੇ ਇਸ ਪਹਿਲੂ ਨੂੰ ਧਿਆਨ ਵਿਚ ਰੱਖ ਕੇ ਉਹ ਆਰੰਭ ਵਿਚ ਹੀ ਆਪਣੀ ਮਨਸ਼ਾ ਅਤੇ ਪ੍ਰਯੋਜਨ ਨੂੰ ਸਪਸ਼ਟ ਕਰ ਦਿੰਦਾ ਹੈ। ਉਸ ਦੇ ਹਰ ਲੇਖ ਦਾ ਆਰੰਭ ਉਸ ਦੀ ਮੂਲ ਮਨਸ਼ਾ ਤੋਂ ਹੁੰਦਾ ਹੈ। ਦੇਖੋ :

ਯੋਗਤਾ ਜੇ ਵਰਤੀ ਨਾ ਜਾਵੇ ਤਾਂ ਇਹ ਗੁਆਚ ਜਾਂਦੀ ਹੈ।
ਅਣਵਰਤੀ ਯੋਗਤਾ ਪਛਤਾਵੇ ਦਾ ਕਾਰਨ ਬਣਦੀ ਹੈ।
ਯੋਗਤਾ ਗ਼ਰੀਬ ਦੀ ਦੌਲਤ ਹੁੰਦੀ ਹੈ। ਇਸ ਨੂੰ ਵਰਤਣ ਨਾਲ ਗ਼ਰੀਬ ਖ਼ੁਸ਼ਹਾਲ ਹੋ ਜਾਂਦੇ ਹਨ।

(*ਯੋਗਤਾ ਅਤੇ ਸਮਰੱਥਾ*, ਪੰਨਾ 35)

ਅਜ ਦੇ ਵਿਅਸਤ ਅਤੇ ਤੇਜ਼ ਰਫਤਾਰ ਯੁਗ ਵਿਚ ਕਿਸੇ ਸਰੋਤੇ ਪਾਸ ਲੰਬੀਆਂ ਅਤੇ ਬੋਝਲ ਤਕਰੀਰਾਂ ਸੁਣਨ ਦਾ ਵਕਤ ਨਹੀਂ ਹੈ। ਵਾਕ ਸਰਲ, ਸਪਸ਼ਟ ਅਤੇ ਸੰਖੇਪ ਹੋਣੇ ਚਾਹੀਦੇ ਹਨ। ਡਾ. ਕਪੂਰ ਦੀ ਵਾਕ-ਰਚਨਾਂ ਇਨ੍ਹਾਂ ਲੱਛਣਾਂ ਉਤੇ ਪੂਰੀ ਉਤਰਦੀ ਹੈ। ਕੁਝ ਪ੍ਰਮਾਣ ਦੇਖੋ :

1. ਉਦਾਸੀ ਇਕੱਲਤਾ ਦਾ ਰੋਗ ਹੈ।
2. ਸੰਤ ਉਹ ਹੁੰਦਾ ਹੈ ਜੋ ਬੁਰਾਈ ਵੇਖਣੀ ਤਿਆਗ ਦੇਵੇ। ਮਹਾਂਪੁਰਸ਼ ਉਹ ਹੁੰਦਾ ਹੈ ਜੋ ਕੇਵਲ ਚੰਗਿਆਈ ਹੀ ਵੇਖੇ।
3. ਸਾਨੂੰ ਡਰ ਕੇ ਕਿਸੇ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਪਰ ਸਮਝੌਤਾ ਕਰਨ ਤੋਂ ਡਰਨਾ ਵੀ ਨਹੀਂ ਚਾਹੀਦਾ।
4. ਜੀਵਨ ਦੀਆਂ ਸਥਿਤੀਆਂ ਦਾ ਬਦਲਣਾ ਸੁਭਾਵਿਕ ਹੈ।
5. ਜਿਹੜੇ ਜਾਗਦੇ ਹਨ, ਉਹੀ ਪਹੁੰਚਦੇ ਹਨ।

ਡਾ. ਕਪੂਰ ਦੀ ਵਾਰਤਕ-ਸ਼ੈਲੀ ਦਾ ਇਕ ਹੋਰ ਗੁਣ ਇਸ ਦਾ ਵਚਿੱਤਰ ਨਿਰਣੇ ਪੇਸ਼ ਕਰਨਾ ਹੈ। ਮਧਕਾਲ ਦੀ ਸੋਚ ਅਤੇ ਨਿਰਣੇ ਆਧੁਨਿਕ ਯੁਗ ਲਈ ਪ੍ਰਸੰਗਿਕ ਨਹੀਂ ਰਹੇ। ਹੁਣ ਸਾਦਗੀ, ਮਾਸੂਮੀਅਤ ਅਤੇ ਦੈਵੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਜ਼ਮਾਨਾ ਨਹੀਂ ਰਿਹਾ। ਸਬਰ ਵੀ ਇਨਸਾਨੀ ਵਿਕਾਸ ਲਈ ਇਕ ਰੁਕਾਵਟ ਬਣ ਗਿਆ ਹੈ। ਜੇ ਤੁਸੀਂ ਸੋਚੋ ਕਿ ਇਕ ਪਾਸੇ ਬੈਠ ਕੇ ਉਡੀਕਦੇ

ਰਹਿੰਦੇ ਹਾਂ, ਸਾਡੀ ਪ੍ਰਤਿਭਾ ਦਾ ਮੁੱਲ ਜ਼ਰੂਰ ਪਵੇਗਾ ਤਾਂ ਇਹ ਤੁਹਾਡੀ ਖ਼ਾਮਖ਼ਿਆਲੀ ਸਿੱਧ ਹੋਵੇਗੀ। ਆਪਣੀ ਲਿਆਕਤ ਅਤੇ ਯੋਗਤਾ ਦਾ ਢੰਡੋਰਾ ਪਿੱਟਣਾ ਪਵੇਗਾ ਤਾਂ ਸ਼ਾਇਦ ਤੁਹਾਨੂੰ ਕੁਝ ਪ੍ਰਾਪਤ ਹੋ ਸਕੇ। ਅਜੋਕੇ ਦੌਰ ਵਿਚ ਸਬਰ ਦਾ ਪਿਆਲਾ ਮਿੱਠਾ ਨਹੀਂ ਰਿਹਾ। ਇਸ ਦੌਰ ਦੀ ਜਟਿਲਤਾ ਨੂੰ ਸਾਹਮਣੇ ਰੱਖ ਕੇ ਡਾ. ਕਪੂਰ ਵਚਿੱਤਰ ਕਿਸਮ ਦੀ ਸ਼ੈਲੀ ਨਾਲ ਪਾਠਕਾਂ ਨੂੰ ਆਕ੍ਰਸ਼ਿਤ ਕਰਦਾ ਹੈ। ਦੇਖੋ :

> ਚਲਾਕ ਅਤੇ ਬੇਈਮਾਨ ਵਿਅਕਤੀ ਸੰਸਾਰ ਵਿਚ ਇਸ ਲਈ ਸਫ਼ਲ ਹਨ ਕਿਉਂਕਿ ਉਹ ਜੀਵਨ ਦੀ ਮੁਖ-ਧਾਰਾ ਦੇ ਨੇੜੇ ਰਹਿੰਦੇ ਹਨ। ਪ੍ਰਵਾਹ ਨਹੀਂ ਕਰਦੇ ਕਿ ਲੋਕ ਉਨ੍ਹਾਂ ਬਾਰੇ ਕੀ ਕਹਿੰਦੇ ਹਨ ਜਦੋਂ ਕਿ ਸਿਆਣੇ ਅਤੇ ਸਾਊ ਲੋਕ ਕਿਨਾਰੇ ਤੇ ਖਲੋਤੇ ਰਹਿੰਦੇ ਹਨ।
>
> ਚੰਗੇ ਲੋਕ ਦੁਖੀ ਇਸਤ੍ਰੀਆਂ ਵਾਂਗ ਚੰਗੇ ਭਵਿੱਖ ਦੀ ਆਸ ਵਿਚ ਵਰਤਮਾਨ ਵਿਚ ਦੁਖੀ ਰਹਿੰਦੇ ਹਨ।
>
> (*ਜ਼ਿੰਦਗੀ ਵਿਚੋਂ ਗੁਜ਼ਰਦਿਆਂ*, ਪੰਨਾ 139)

**(ਸ) ਵਰਣਨਾਤਮਕ ਗੱਦ ਸ਼ੈਲੀ**

ਵਾਰਤਕ ਵਿਚ ਕੋਈ-ਨਾ-ਕੋਈ 'ਵਾਰਤਾ' ਵੀ ਬਿਆਨ ਹੁੰਦੀ ਰਹਿੰਦੀ ਹੈ। ਕਈ ਵਾਰ ਕਿਸੇ ਦ੍ਰਿਸ਼ ਨੂੰ ਬਿਆਨ ਕਰਨਾ ਪੈਂਦਾ ਹੈ ਅਤੇ ਕਈ ਵਾਰ ਕਿਸੇ ਘਟਨਾ ਨੂੰ। ਵਾਰਤਕਕਾਰ ਦੀ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਜਿਸ ਸ਼ਿੱਦਤ ਨਾਲ ਉਸ ਨੇ ਖ਼ੁਦ ਉਸ ਦ੍ਰਿਸ਼ ਜਾਂ ਘਟਨਾ ਨੂੰ ਦੇਖਿਆ ਸੀ, ਉਸੇ ਸ਼ਿੱਦਤ ਨਾਲ ਉਹ ਇਸ ਦਾ ਵਰਣਨ ਵੀ ਕਰ ਸਕੇ ਤਾਂ ਜੋ ਪਾਠਕ ਉਸ ਦ੍ਰਿਸ਼ ਜਾਂ ਘਟਨਾ ਨਾਲ ਭਾਵੁਕ ਤੌਰ ਤੇ ਜੁੜ ਸਕਣ। ਡਾ. ਨਰਿੰਦਰ ਸਿੰਘ ਕਪੂਰ ਮੂਲ ਰੂਪ ਵਿਚ ਵਰਣਨ ਦਾ ਵਾਰਤਕਕਾਰ ਨਹੀਂ ਹੈ। ਤਾਂ ਵੀ ਉਸ ਨੂੰ ਜਿਥੇ ਕਿਧਰੇ ਵਰਣਨ ਦੀ ਜ਼ਰੂਰਤ ਪੈਂਦੀ ਹੈ, ਉਹ ਇਸ ਵਿਚ ਪੂਰੀ ਤਰ੍ਹਾਂ ਨਾਲ ਸਫ਼ਲ ਸਿੱਧ ਹੁੰਦਾ ਹੈ। ਇਕ ਉਦਾਹਰਣ ਦੇਖੋ। ਆਪਣੀ ਇਕ ਜਮਾਤਣ ਦਾ ਵਰਣਨ ਉਹ ਕਿਸ ਕੁਸ਼ਲਤਾ ਨਾਲ ਕਰਦਾ ਹੈ :

> ਉਹ ਮੇਰੀ ਜਮਾਤਣ ਸੀ। ਉਸ ਦੇ ਦਰਸ਼ਨ ਕਰਨਾ ਮੇਰੀਆਂ ਅੱਖਾਂ ਦਾ ਨਿਤਨੇਮ ਸੀ। ਮੈਨੂੰ ਉਸਦਾ ਪਰਛਾਵਾਂ ਵੀ ਮੁਸਕ੍ਰਾਉਂਦਾ ਦਿਸਦਾ ਸੀ। ਉਸ ਦੀ ਆਵਾਜ਼ ਵਿਚ ਜਲਤਰੰਗ ਸੀ। ਉਸ ਦੀ ਤੱਕਣੀ ਆਲੇ-ਦੁਆਲੇ ਨੂੰ ਚਿਤਰ ਬਣਾ ਦਿੰਦੀ ਸੀ। ਉਹ ਇਕੱਲੀ ਹੀ ਬਹੁਸੰਮਤੀ ਸੀ। ਉਸ ਦੇ ਕਲਾਸ ਵਿਚ ਆਉਣ ਨਾਲ ਵਿਆਹ ਵਰਗੀ ਰੌਣਕ ਹੋ ਜਾਂਦੀ ਸੀ। ਉਹ ਆਪਣੀ ਰੋ ਰਹੀ ਸਹੇਲੀ ਨੂੰ ਚੁੱਪ ਕਰਾਉਂਦੀ, ਕਰਾਉਂਦੀ ਆਪ ਰੋਣ ਲੱਗ ਪੈਂਦੀ ਸੀ। (*ਮੁਸਕ੍ਰਾਹਟ ਦੀ ਵਿਆਕਰਣ*, ਪੰਨਾ 145)

**(ਹ) ਸੰਬੋਧਨੀ ਗੱਦ ਸ਼ੈਲੀ**

ਨਰਿੰਦਰ ਸਿੰਘ ਕਪੂਰ ਪ੍ਰੇਰਨਾ ਭਰਪੂਰ ਲੇਖਾ ਦੀ ਰਚਨਾ ਕਰਦਾ ਹੈ। ਉਹ ਆਪਣੇ ਪਾਠਕਾਂ ਨੂੰ ਬਦਲ ਰਹੀ ਦੁਨੀਆਂ ਦੇ ਬਾਰੇ ਵਿਚ ਬਹੁਤ ਕੁਝ ਦੱਸਦਾ ਹੈ। ਉਹ ਜਾਣਦਾ ਹੈ ਕਿ ਜੀਵਨ ਪ੍ਰਤੀ ਲੋਕਾਂ ਦੀ ਸੋਚ ਅਤੇ ਨਜ਼ਰੀਆ ਬਹੁਤ ਹੌਲੀ-ਹੌਲੀ ਬਦਲਦਾ ਹੈ। ਲੋਕਾਂ ਦੀ ਸੋਚ ਪਿਛੇ ਰਹਿ ਜਾਂਦੀ ਹੈ ਅਤੇ ਜ਼ਮਾਨਾ ਬਹੁਤ ਤੇਜ਼ ਰਫ਼ਤਾਰ ਨਾਲ ਅੱਗੇ ਲੰਘ ਜਾਂਦਾ ਹੈ। ਸਿੱਟੇ ਵਜੋਂ ਜੀਵਨ ਅਤੇ ਵਿਚਾਰਧਾਰਾ ਵਿਚ ਸੰਪਰਕ ਟੁੱਟ ਜਾਂਦਾ ਹੈ। ਇਸੇ ਕਾਰਨ ਲੋਕਾਂ ਦੇ ਫੈਸਲੇ ਗ਼ਲਤ ਹੋ ਜਾਂਦੇ ਹਨ। ਉਹ ਜੀਵਨ ਵਿਚ ਪਰਾਜਿਤ ਹੋਣ ਲੱਗਦੇ ਹਨ ਜਿਸ ਦੇ ਸਿੱਟੇ ਵਜੋਂ ਉਹ ਨਿਰਾਸ਼ ਹੋ ਜਾਂਦੇ ਹਨ। ਡਾ. ਕਪੂਰ ਇਕ ਭਵਿੱਖਦਰਸ਼ੀ ਲੇਖਕ ਹੈ। ਉਸ ਦੇ ਅਧਿਐਨ ਦਾ ਘੇਰਾ ਕਾਫ਼ੀ ਵਿਸ਼ਾਲ ਹੈ। ਉਹ ਪੱਛਮ ਦੀ ਵਿਗਿਆਨਕ ਸੋਚ ਬਾਰੇ ਪੜ੍ਹਦਾ-ਲਿਖਦਾ ਰਹਿੰਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੇ ਪਾਠਕ ਵੀ ਅਜਿਹੀ ਸੋਚ ਤੋਂ ਪਰਿਚਿਤ ਹੋ ਜਾਣ। ਇਹੀ ਕਾਰਨ ਹੈ ਕਿ ਉਹ ਅਕਸਰ ਹੀ ਆਪਣੇ ਪਾਠਕਾਂ ਨਾਲ ਸੰਬਾਦ ਰਚਾਉਂਦਾ ਰਹਿੰਦਾ ਹੈ। ਸੰਬਾਦ ਦੀ ਪ੍ਰਕਿਰਿਆ ਪਾਠਕਾਂ ਅਤੇ ਲੇਖਕ ਨੂੰ ਇਕ ਆਤਮੀਯ ਰਿਸ਼ਤੇ ਵਿਚ ਬੰਨ੍ਹ ਦਿੰਦੀ ਹੈ। ਇਕ ਉਦਾਹਰਣ ਦੇਖੋ :

> ਸੋਚੋ ਅਤੇ ਵਿਸ਼ਵਾਸ ਕਰੋ ਕਿ ਤੁਹਾਡੇ ਵਿਚ ਵੀ ਗੁਣ ਹਨ। ਆਪਣੇ ਗੁਣ ਪਛਾਣੋ। ਆਪਣਾ ਮੁੱਲ ਆਪਣੀ ਯੋਗਤਾ ਅਤੇ ਆਪਣੇ ਗੁਣਾਂ ਨਾਲ ਪੁਆਓ। ਤੁਹਾਡੇ ਗੁਣ ਤੁਹਾਨੂੰ ਹਰਮਨ ਪਿਆਰਾ ਬਣਾਉਣਗੇ ਅਤੇ ਇਵੇਂ ਤੁਹਾਨੂੰ ਆਪਣੇ ਸੋਹਣੇ ਹੋਣ ਦਾ ਭਰਪੂਰ ਅਹਿਸਾਸ ਹੋਵੇਗਾ। ਅਜਿਹੀ ਹਾਲਤ ਵਿਚ ਪੈਸੇ ਹੋਣ, ਨਾ ਹੋਣ, ਤੁਸੀਂ ਆਪਣੇ ਆਪ ਨੂੰ ਭਰਿਆ ਹੋਇਆ, ਖ਼ੁਸ਼ਹਾਲ ਅਤੇ ਅਮੀਰ ਸਮਝੋਗੇ।
>
> (*ਸੋਹਣੇ ਅਤੇ ਪਿਆਰੇ*, ਪੰਨਾ 25)

**(ਕ) ਵਿਅੰਗਾਤਮਕ ਗੱਦ ਸ਼ੈਲੀ**

ਆਧੁਨਿਕ ਦੌਰ ਵਿਚ ਵੀ ਬਹੁਤ ਸਾਰੇ ਲੋਕ ਵੇਲਾ ਵਿਹਾ ਚੁਕੀਆਂ ਕਦਰਾਂ-ਕੀਮਤਾਂ ਅਤੇ ਅਪ੍ਰਾਸੰਗਿਕ ਰਵਾਇਤਾਂ ਨਾਲ ਜੁੜੇ ਹੋਏ ਹਨ। ਅਸਲ ਵਿਚ ਸਭਿਅਤਾ (civilization) ਬਹੁਤ ਤੇਜ਼ੀ ਨਾਲ ਬਦਲ ਜਾਂਦੀ ਹੈ ਪਰ ਸਭਿਆਚਾਰ ਅਤੇ ਸੋਚ ਬਹੁਤ ਧੀਮੀ

ਗਤੀ ਨਾਲ ਅੱਗੇ ਵਧਦੇ ਹਨ। ਪ੍ਰਤੀਗਾਮੀ ਲੋਕਾਂ ਨੂੰ ਸਮਝਾਉਣਾ ਅਤੇ ਬਦਲਣਾ ਸੌਖਾ ਕੰਮ ਨਹੀਂ ਹੁੰਦਾ। ਉਹ ਆਪਣੇ ਰਹਿਣ-ਸਹਿਣ ਅਤੇ ਸੋਚ ਬਾਰੇ ਤੁਹਾਡੇ ਨਾਲ ਬਹਿਸ ਕਰਨਗੇ, ਗ੍ਰੰਥਾਂ ਅਤੇ ਪ੍ਰਸਿੱਧ ਹਸਤੀਆਂ ਦੇ ਹਵਾਲੇ ਦੇਣਗੇ ਕਿ ਦੇਖੋ ਫਲਾਣੇ ਗ੍ਰੰਥ ਵਿਚ ਇਉਂ ਲਿਖਿਆ ਹੈ, ਫਲਾਣਾ ਵਿਅਕਤੀ ਇਉਂ ਕਰਿਆ ਕਰਦਾ ਸੀ ਅਤੇ ਇਸ ਕਾਰਨ, ਜੇ ਉਹ ਵੀ ਉਸੇ ਤਰ੍ਹਾਂ ਨਾਲ ਕਰ ਰਹੇ ਹਨ ਤਾਂ ਉਨ੍ਹਾਂ ਦਾ ਆਚਾਰ-ਵਿਹਾਰ ਅਤੇ ਸੋਚ ਬਿਲਕੁਲ ਸਹੀ ਹੈ। ਪਰ ਇਹ ਲੋਕ ਭੁੱਲ ਜਾਂਦੇ ਹਨ ਕਿ ਕੁਝ ਸੈਂਕੜੇ ਵਰ੍ਹਿਆਂ ਦੇ ਬਾਅਦ ਪੁਰਾਣੀ ਸੋਚ ਅਪ੍ਰਾਸੰਗਿਕ ਹੋ ਜਾਂਦੀ ਹੈ ਕਿਉਂਕਿ ਸੋਚ ਅਤੇ ਯਥਾਰਥ ਨੂੰ ਇਕੱਠੇ ਰਹਿਣਾ ਚਾਹੀਦਾ ਹੈ। ਵੀਹਵੀਂ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿਚ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਜਦੋਂ ਪੰਜਾਬੀ ਪਾਠਕਾਂ ਨੂੰ ਤਤਕਾਲੀ ਜੀਵਨ ਦੇ ਆਗ੍ਰਹਾਂ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਸੀ ਤਾਂ ਪਹਿਲਾਂ ਪਹਿਲ ਉਸ ਦਾ ਬਹੁਤ ਵਿਰੋਧ ਹੋਇਆ ਸੀ। ਇਸੇ ਪ੍ਰਕਾਰ ਰਵਾਇਤੀ ਕਿਸਮ ਦੇ ਲੋਕਾਂ ਨੇ ਡਾ. ਕਪੂਰ ਦਾ ਵੀ ਕਾਫ਼ੀ ਵਿਰੋਧ ਕੀਤਾ। ਉਸ ਦੇ ਵਿਰੁੱਧ ਧਰਨੇ ਤੱਕ ਲਾਏ ਪਰ ਅਖ਼ੀਰ ਵਿਚ ਉਨ੍ਹਾਂ ਨੂੰ ਇਹ ਮੰਨਦਾ ਪਿਆ ਕਿ ਲੇਖਕ ਦੀ ਸੋਚ ਸਹੀ ਅਤੇ ਪ੍ਰਾਸੰਗਿਕ ਹੈ।

ਡਾ. ਕਪੂਰ ਲੋਕਾਂ ਨੂੰ ਸਹੀ ਵਿਚਾਰ ਸਮਝਾਉਣ ਲਈ ਉਨ੍ਹਾਂ ਨੂੰ ਉਪਦੇਸ਼ ਨਹੀਂ ਦਿੰਦਾ ਬਲਕਿ ਉਨ੍ਹਾਂ ਦੀ ਮਿਥਿਆ ਅਤੇ ਰਵਾਇਤੀ ਸੋਚ ਉਪਰ ਵਿਅੰਗ ਕਰਦਾ ਹੈ। ਵਿਅੰਗ ਯਥਾਰਥ ਤਕ ਪਹੁੰਚਣ ਲਈ ਸਿੱਧਾ ਅਤੇ ਛੋਟਾ ਰਾਹ ਹੈ। ਹਾਵਰਡ ਫਾਸਟ ਦਾ ਕਥਨ ਹੈ, "Satire is a short-cut to reality." ਦੁਨੀਆਂ ਦੇ ਬਹੁਤ ਸਾਰੇ ਮਹਾਂਪੁਰਖ ਅਤੇ ਬੁੱਧੀਮਾਨ ਵਿਅਕਤੀ, ਅਗਿਆਨੀ ਅਤੇ ਜ਼ਿੱਦੀ ਕਿਸਮ ਦੇ ਲੋਕਾਂ ਨੂੰ ਸਮਝਾਉਣ ਲਈ ਵਿਅੰਗ-ਵਿਧੀ ਦਾ ਹੀ ਪ੍ਰਯੋਗ ਕਰਦੇ ਹਨ ਕਿਉਂਕਿ ਇਹ ਵਿਧੀ ਹੋਰ ਸਭ ਵਿਧੀਆਂ ਨਾਲੋਂ ਕਾਰਗਰ ਸਿੱਧ ਹੁੰਦੀ ਹੈ। ਡਾ. ਕਪੂਰ ਦੀ ਵਿਅੰਗਾਤਮਕ ਸ਼ੈਲੀ ਦੇ ਕੁਝ ਪ੍ਰਮਾਣ ਦੇਖੋ :

> ਮੂਰਖਾਂ ਅਤੇ ਨਾਲਾਇਕਾਂ ਵਿਚ ਇਹ ਅੰਤਰ ਹੁੰਦਾ ਹੈ ਕਿ ਨਾਲਾਇਕ ਕੁਝ ਚਿਰ ਆਰਾਮ ਵੀ ਕਰਦੇ ਹਨ। ਕਈ ਅਧਿਆਪਕ ਵੀ ਅਧਿਆਪਕਾਂ ਵਜੋਂ ਬੜੀਆਂ ਸਿਆਣੀਆਂ ਗੱਲਾਂ ਕਰਦੇ ਹਨ ਪਰ ਪ੍ਰਿੰਸੀਪਲ ਜਾਂ ਮੁਖੀ ਬਣਦਿਆਂ ਹੀ ਮੂਰਖਾਂ ਵਾਲਾ ਵਿਹਾਰ ਕਰਨ ਲੱਗ ਪੈਂਦੇ ਹਨ। ਵਿੱਦਿਆ ਦਾ ਉਦੇਸ਼ ਮੂਰਖਾਂ ਦੀ ਮੂਰਖਤਾ ਨੂੰ ਰੋਕਣਾ ਵੀ ਹੁੰਦਾ ਹੈ, ਨਹੀਂ ਤਾਂ ਮੂਰਖਤਾ ਸਮਾਜ, ਦੇਸ਼ ਅਤੇ ਮੂਰਖਾਂ ਲਈ ਵੀ ਇਕ ਖ਼ਤਰਾ ਬਣ ਜਾਂਦੀ ਹੈ। (*ਵਿੱਦਿਆ ਅਤੇ ਵਿਦਿਆਰਥੀ*, ਪੰਨਾ 157)
>
> ਇਕ ਵਾਰੀ ਸਤਿਸੰਗ ਵਿਚ ਇਕ ਸ਼ਰਧਾਲੂ, ਬੁੱਧ ਨੂੰ ਗਾਲ੍ਹਾਂ ਕੱਢ ਕੇ ਦੌੜ ਗਿਆ। ਕੁਝ ਅਰਸੇ ਪਿਛੋਂ ਜਦੋਂ ਉਹ ਮੁੜ ਆਇਆ ਤਾਂ ਸਾਰਿਆਂ ਨੇ ਉਸ ਨੂੰ ਫੜ ਲਿਆ। ਬੁੱਧ ਨੇ ਕਿਹਾ : ਛੱਡ ਦਿਓ। ਛੱਡਣ ਉਤੇ ਸ਼ਰਧਾਲੂ ਨੇ ਸਤਿਸੰਗੀਆਂ ਨੂੰ ਪੁੱਛਿਆ, "ਬੁੱਧ ਨੇ ਮੇਰੀਆਂ ਗਾਲ੍ਹਾਂ ਵਾਲੇ ਦਿਨ ਕੀ ਪ੍ਰਵਚਨ ਕੀਤਾ ਸੀ?" ਕਿਸੇ ਨੂੰ ਯਾਦ ਨਹੀਂ ਸੀ। ਉਸ ਨੇ ਕਿਹਾ "ਤੁਸੀਂ ਪ੍ਰਵਚਨ ਸੁਣਨ ਆਏ ਹੀ ਨਹੀਂ ਸੀ, ਗਾਲ੍ਹਾਂ ਸੁਣਨ ਆਏ ਸੀ। ਜੇ ਤੁਸੀਂ ਪ੍ਰਵਚਨ ਸੁਣਨ ਆਏ ਹੁੰਦੇ ਤਾਂ ਤੁਹਾਨੂੰ ਗਾਲ੍ਹਾਂ ਯਾਦ ਨਹੀਂ ਸੀ ਰਹਿਣੀਆਂ।"
>
> (*ਚੰਗਿਆਂ ਨੂੰ ਚੰਗੇ ਲੱਗਣ ਦੀ ਰੀਝ*, ਪੰਨਾ 129)

**(ਖ) ਕਾਵਿਕ ਗੱਦ-ਸ਼ੈਲੀ**

ਨਰਿੰਦਰ ਸਿੰਘ ਕਪੂਰ ਆਪਣੇ ਵਿਸ਼ੈ ਅਤੇ ਸਾਮਗਰੀ ਦੀਆਂ ਜ਼ਰੂਰਤਾਂ ਅਨੁਸਾਰ ਕਈ ਵਾਰ ਆਪਣੀ ਗੱਦ-ਸ਼ੈਲੀ ਨੂੰ ਕਾਵਿਕ ਬਣਾ ਲੈਂਦਾ ਹੈ। ਕਵਿਤਾ ਵਿਵੇਕ ਦੇ ਨਾਲ-ਨਾਲ ਭਾਵਾਂ ਨੂੰ ਵੀ ਅੰਦੋਲਿਤ ਕਰਦੀ ਹੈ। ਇਸ ਕਾਰਨ ਕਾਵਿਕ ਪ੍ਰਕਾਰ ਦੀ ਗੱਦ-ਸ਼ੈਲੀ ਨੂੰ ਪੜ੍ਹਨ ਦੌਰਾਨ ਪਾਠਕਾਂ ਨੂੰ ਦੋਹਰਾ ਆਨੰਦ ਪ੍ਰਾਪਤ ਹੋਣ ਲੱਗਦਾ ਹੈ। ਕਾਵਿ ਵਿਚ ਵਾਕ-ਬਣਤਰਾਂ ਵਿਆਕਰਣਕ ਨੇਮਾਂ ਦੀ ਉਲੰਘਣਾ ਕਰ ਜਾਂਦੀਆਂ ਹਨ। ਕਰਤਾ, ਕਰਮ, ਕ੍ਰਿਆਵਾਂ ਅਤੇ ਵਿਸ਼ੇਸ਼ਣ ਆਦਿ ਅੰਗ ਸਥਾਨ ਪਰਿਵਰਤਲ ਕਰ ਜਾਂਦੇ ਹਨ। ਇਸ ਪ੍ਰਕਾਰ ਵਾਕ-ਬਣਤਰਾਂ ਦਾ ਅਜਨਬੀਕਰਨ (defamiliarization) ਹੋ ਜਾਂਦਾ ਹੈ। ਇਕ ਨਮੂਨਾ ਦੇਖੋ :

> ਸੋਹਣਿਆਂ ਨੂੰ ਵੇਖਦੀਆਂ ਅੱਖਾਂ ਹਨ ਪਰ ਖਿੱਚ ਦਿਲ ਨੂੰ ਪੈਂਦੀ ਹੈ, ਪ੍ਰਸੰਨ ਮਨ ਹੁੰਦਾ ਹੈ। ਭਖ਼ਦਾ ਸਰੀਰ ਹੈ ਅਤੇ ਰੱਜਦਾ ਦਿਮਾਗ਼ ਹੈ। ਲੋਕ ਸੋਹਣੇ ਨੈਣ-ਨਕਸ਼ਾਂ ਕਰ ਕੇ ਲੱਗਦੇ ਹਨ ਪਰ ਪਿਆਰ ਉਨ੍ਹਾਂ ਦੇ ਗੁਣਾਂ ਕਰ ਕੇ ਕੀਤਾ ਜਾਂਦਾ ਹੈ। ਪਿਆਰੇ ਸਾਨੂੰ ਚੰਗੇ ਲੱਗਣ ਕਰ ਕੇ ਸੋਹਣੇ ਪ੍ਰਤੀਤ ਹੁੰਦੇ ਹਨ ਅਤੇ ਸੋਹਣੇ ਆਪਣੀ ਸੁੰਦਰਤਾ ਕਰ ਕੇ ਸਾਨੂੰ ਪਿਆਰੇ ਲੱਗਦੇ ਹਨ।
>
> (*ਸੋਹਣੇ ਅਤੇ ਪਿਆਰੇ*, ਪੰਨਾ 18)

ਕਵਿਤਾ ਦਾ ਇਕ ਹੋਰ ਗੁਣ ਕਲਪਨਾ ਦਾ ਭਰਪੂਰ ਪ੍ਰਯੋਗ ਕਰਨਾ ਹੁੰਦਾ ਹੈ, ਜਦੋਂ ਕਿ ਵਾਰਤਕ ਵਿਚ ਵਿਵੇਕ ਅਤੇ ਬੁੱਧੀ

ਪ੍ਰਧਾਨ ਹੁੰਦੀ ਹੈ। ਡਾ. ਕਪੂਰ ਆਪਣੇ ਕਈ ਲੇਖਾਂ ਵਿਚ ਬੁੱਧੀ ਦੇ ਨਿਯੰਤ੍ਰਣ ਨੂੰ ਹਟਾ ਲੈਂਦਾ ਹੈ ਅਤੇ ਆਪਣੀ ਸ਼ੈਲੀ ਨੂੰ ਕਲਪਨਾ ਦੇ ਖੰਭਾਂ ਉਪਰ ਉੱਡਣ ਦਿੰਦਾ ਹੈ। ਅਜਿਹੀਆਂ ਥਾਵਾਂ ਉਪਰ ਵੀ ਉਸ ਦੀ ਗੱਦ-ਸ਼ੈਲੀ ਕਾਵਿਕ-ਚਰਿੱਤਰ ਅਖ਼ਤਿਆਰ ਕਰ ਲੈਂਦੀ ਹੈ। ਜਿਵੇਂ :

> ਜਿਸ ਨਾਲ ਸਾਨੂੰ ਪਿਆਰ ਹੋ ਜਾਂਦਾ ਹੈ, ਉਸ ਦਾ ਚਿਹਰਾ ਸਾਡੇ ਲਈ ਸਾਰਾ ਸੰਸਾਰ ਬਣ ਜਾਂਦਾ ਹੈ। ਉਹ ਇਕ ਵਿਅਕਤੀ ਨਹੀਂ ਰਹਿੰਦਾ, ਇਕ ਖ਼ਿਆਲ ਬਣ ਜਾਂਦਾ ਹੈ, ਜਿਸ ਨੂੰ ਅਸੀਂ ਸੋਚਦੇ-ਚਿਤਵਦੇ ਰਹਿੰਦੇ ਹਾਂ। ਉਹ ਇਕ ਦ੍ਰਿਸ਼ ਬਣ ਜਾਂਦਾ ਹੈ, ਜਿਸ ਨੂੰ ਅਸੀਂ ਕਲਪਨਾ ਦੀ ਅੱਖ ਨਾਲ ਨਿਹਾਰਦੇ ਰਹਿੰਦੇ ਹਾਂ। ਉਹ ਹਵਾ ਵਿਚ ਘੁਲ ਜਾਂਦਾ ਹੈ, ਜਿਸ ਦਾ ਅਸੀਂ ਸਾਹ ਲੈਂਦੇ ਹਾਂ।
>
> (*ਆਵਾਜ਼ ਅਤੇ ਗੂੰਜ*, ਪੰਨਾ 62)

ਕਾਵਿਕ-ਸ਼ੈਲੀ ਵਰਤਣ ਦਾ ਇਕ ਹੋਰ ਕਾਰਨ ਪਾਠਕਾਂ ਨੂੰ ਇੰਦਰਿਆਵੀ ਉਤੇਜਨਾ ਪ੍ਰਦਾਨ ਕਰਨਾ ਵੀ ਹੁੰਦਾ ਹੈ। ਹਰ ਪਾਠਕ ਬੌਧਿਕ ਆਨੰਦ ਪ੍ਰਾਪਤ ਕਰਨ ਦੇ ਨਾਲ-ਨਾਲ ਏਂਦ੍ਰਿਕ-ਤ੍ਰਿਪਤੀ ਦੀ ਤਵਕਉ ਵੀ ਕਰਦਾ ਹੈ। ਕਵਿਤਾ ਸਾਡੇ ਨੈਣਾਂ, ਕੰਨਾਂ, ਹੋਠਾਂ, ਹੱਥਾਂ ਅਤੇ ਨੱਕ ਦੀਆਂ ਸੰਵੇਦਨਾਵਾਂ ਨੂੰ ਉਤੇਜਿਤ ਕਰਦੀ ਹੈ। ਕਵੀ ਲੋਕ ਬਿੰਬਾਂ ਦੇ ਮਾਧਿਅਮ ਦੁਆਰਾ ਮਨੁੱਖੀ ਜਗਤ ਅਤੇ ਵਿਹਾਰ ਦੀਆਂ ਅਨੇਕ ਤਸਵੀਰਾਂ ਸਾਡੇ ਮਨ-ਮਸਤਿਕ ਵਿਚ ਉਲੀਕ ਦਿੰਦੇ ਹਨ। ਇਹ ਤਸਵੀਰਾਂ ਸ਼ੈਲੀ ਨੂੰ ਕਾਵਿਕ ਬਣਾ ਦਿੰਦੀਆਂ ਹਨ। ਦੇਖੋ :

> ਉਸ ਨੂੰ ਮਿਲ ਕੇ ਮੈਂ ਆਪਣੇ ਆਪ ਨੂੰ ਲੱਭ ਲਿਆ ਸੀ। ਉਹ ਹਨੇਰੀ ਸੀ ਤੇ ਮੈਂ ਰੇਤ ਦਾ ਟਿੱਬਾ ਸਾਂ। ਉਸ ਦੀ ਜ਼ਿੰਦਗੀ ਵਿਚ ਦੁੱਖ, ਮਜ਼ਬੂਰੀਆਂ ਅਤੇ ਮਾਯੂਸੀਆਂ ਸਨ ਪਰ ਉਸ ਤੋਂ ਸੋਹਣੀ ਅਤੇ ਭਰਪੂਰ ਜ਼ਿੰਦਗੀ ਜਿਉਣ ਦਾ ਸੁਨੇਹਾ ਮਿਲਦਾ ਸੀ। ਉਸ ਦੇ ਮੁਸਕ੍ਰਾਉਂਦੇ ਚਿਹਰੇ ਨੂੰ ਤਾਂ ਮੈਂ ਹਨੇਰੇ ਵਿਚ ਵੀ ਪਛਾਣ ਸਕਦੀ ਸਾਂ।
>
> ਮੁਸਕ੍ਰਾਹਟ ਵਿਚ ਸੰਜੀਦਗੀ ਹੁੰਦੀ ਹੈ। ਇਹ ਸੰਜੀਦਗੀ ਮੁਸਕ੍ਰਾਹਟ ਨੂੰ ਦਿਲਕਸ਼ ਬਣਾਉਂਦੀ ਹੈ। ਸਿਆਣੀਆਂ ਅਤੇ ਸੋਹਣੀਆਂ ਇਸਤ੍ਰੀਆਂ ਨੇ ਸੰਜੀਦਗੀ ਦਾ ਵਟਣਾ ਮਲਿਆ ਹੁੰਦਾ ਹੈ। ਹਾਸੇ ਨੂੰ ਸੁਣਿਆ ਜਾਂਦਾ ਹੈ, ਮੁਸਕ੍ਰਾਹਟ ਵੇਖੀ ਜਾਂਦੀ ਹੈ। (*ਮੁਸਕ੍ਰਾਹਟ ਦੀ ਵਿਆਕਰਣ*, ਪੰਨਾ 148)

ਭਾਰਤੀ ਕਾਵਿ ਸ਼ਾਸਤਰ ਵਿਚ ਅਲੰਕਾਰਾਂ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ। 'ਅਲੰਕਾਰ' ਦੇ ਸ਼ਾਬਦਿਕ ਅਰਥ ਹਨ : ਗਹਿਣਾ ਜਾਂ ਆਭੂਸ਼ਣ। ਜਿਵੇਂ ਗਹਿਣੇ ਪਹਿਨ ਕੇ ਇਸਤ੍ਰੀ ਦੀ ਸੁੰਦਰਤਾ ਅਨੇਕ ਗੁਣਾ ਵਧ ਜਾਂਦੀ ਹੈ, ਇਸੇ ਪ੍ਰਕਾਰ ਅਲੰਕਾਰ ਕਿਸੇ ਰਚਨਾ ਦੀ ਸੁੰਦਰਤਾ ਅਤੇ ਸ਼ੋਭਾ ਵਿਚ ਵਾਧਾ ਕਰ ਦਿੰਦੇ ਹਨ। ਅਲੰਕਾਰਾਂ ਦਾ ਸੁਚੱਜਾ ਪ੍ਰਯੋਗ ਗਦ-ਸ਼ੈਲੀ ਨੂੰ ਕਾਵਿਕ ਬਣਾ ਦਿੰਦਾ ਹੈ। ਦੇਖੋ :

> ਮੁਸਕ੍ਰਾਹਟ ਚਿਹਰੇ ਦਾ ਪਹਿਰਾਵਾ ਹੁੰਦੀ ਹੈ ਅਤੇ ਦਿਲ ਦਾ ਗਹਿਣਾ।
>
> (ਰੂਪਕ ਅਲੰਕਾਰ)
>
> ਜੇ ਚਿਹਰੇ ਉਪਰ ਮੁਸਕ੍ਰਾਹਟ ਹੋਵੇ ਤਾਂ ਸਾਧਾਰਨ ਕੱਪੜੇ ਵੀ ਫੁਲਕਾਰੀ ਵਾਂਗ ਲੱਗਦੇ ਹਨ।
>
> (ਉਪਮਾ ਅਲੰਕਾਰ)
>
> ਮੁਸਕ੍ਰਾਉਂਦਾ ਚਿਹਰਾ ਹਰੇ ਸੇਬਾਂ ਵਿਚ ਲਾਲ ਸੇਬ ਵਾਂਗ ਲੱਗਦਾ ਹੈ।
>
> (ਉਪਮਾ ਅਲੰਕਾਰ)
>
> ਮੈਨੂੰ ਉਸ ਦਾ ਪਰਛਾਵਾਂ ਵੀ ਮੁਸਕ੍ਰਾਉਂਦਾ ਵਿਖਾਈ ਦਿੰਦਾ ਸੀ।
>
> (ਭ੍ਰਾਂਤੀ ਅਲੰਕਾਰ)
>
> ਪਿਆਰ ਵਿਚ ਕਿਸੇ ਨੂੰ ਚੁੰਮਣ ਉਪਰੰਤ ਅੱਗੇ ਹੀ ਜਾਇਆ ਜਾ ਸਕਦਾ ਹੈ, ਪਿੱਛੇ ਨਹੀਂ ਮੁੜਿਆ ਜਾਂਦਾ। (ਅਸੰਗਤੀ ਅਲੰਕਾਰ)

**(ਗ) ਰਮਜ਼ਭਰਪੂਰ ਗੱਦ-ਸ਼ੈਲੀ**

ਸਾਹਿਤ ਵਿਚ ਡੂੰਘੀਆਂ ਰਮਜ਼ਾਂ ਵੀ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਇਹ ਨਿਰਾ ਪੁਰਾ ਜੀਵਨ ਦੇ ਬਾਹਰੀ ਵੇਰਵਿਆਂ ਦਾ ਅਨੁਕਰਣ ਮਾਤਰ ਹੀ ਨਹੀਂ ਹੁੰਦਾ। ਭਾਰਤੀ ਕਾਵਿ ਸ਼ਾਸਤਰ ਵਿਚ 'ਰਮਜ਼' ਨੂੰ 'ਵਕ੍ਰੋਕਤੀ' ਦੇ ਹਵਾਲੇ ਨਾਲ ਸਮਝਾਇਆ ਗਿਆ

ਹੈ। ਵਕ੍ਰੋਕਤੀ (ਵਕ੍+ਉਕਤੀ), ਸੁਭਾਵੋਕਤੀ (ਸੁਭਾਵਿਕ ਉਕਤੀ) ਦਾ ਵਿਰੋਧੀ ਸ਼ਬਦ ਹੈ, ਜਿਸ ਦੇ ਅਰਥ ਹਨ : ਟੇਢੇ ਢੰਗ ਨਾਲ ਜਾਂ ਰਮਜ਼ ਦੁਆਰਾ ਕਹੀ ਗਈ ਕੋਈ ਗੱਲ। (ਦੇਖੋ : ਪੱਲਾ ਮਾਰ ਕੇ ਬੁਝਾ ਗਈ ਦੀਵਾ, ਅੱਖ ਨਾਲ ਗੱਲ ਕਹ ਗਈ) ਅਜਿਹੇ ਅੰਦਾਜ਼ ਨੂੰ ਵਕ੍ਰੋਕਤੀ ਕਿਹਾ ਗਿਆ ਹੈ। ਸੰਸਕ੍ਰਿਤ ਆਚਾਰੀਆਂ ਅਨੁਸਾਰ : ਵਕ੍ਰੋਕਤੀਰਾਤਮਾ ਕਾਵਯਮ।। ਅਰਥਾ ਵਕ੍ਰੋਕਤੀ ਹੀ ਕਾਵਿ ਦੀ ਆਤਮਾ ਹੈ। ਡਾ. ਨਰਿੰਦਰ ਸਿੰਘ ਕਪੂਰ ਨੇ ਆਪਣੇ ਕਈ ਲੇਖਾਂ ਵਿਚ ਵਕ੍ਰੋਕਤੀ ਜਾਂ ਰਮਜ਼-ਭਰਪੂਰ ਸ਼ੈਲੀ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਕੀਤਾ ਹੈ। ਉਹ ਸਿੱਧ-ਪੱਧਰੇ ਕਥਨ ਦੀ ਬਜਾਇ ਸੰਕੇਤਾਂ ਅਤੇ ਇਸ਼ਾਰਿਆਂ ਨਾਲ ਆਪਣੀ ਮਨਸ਼ਾ ਨੂੰ ਵਿਅਕਤ ਕਰਦਾ ਹੈ। ਦੇਖੋ :

> ਅਸੀਂ ਸਾਰਿਆਂ ਨੇ ਪਾਗ਼ਲ ਹੋਣਾ ਹੈ। ਕੁਝ ਹੋ ਗਏ ਹਾਂ, ਕੁਝ ਹੋਣ ਦੀ ਤਿਆਰੀ ਕਰ ਰਹੇ ਹਾਂ। ਪਾਗ਼ਲ ਵਿਅਕਤੀ ਮਨੁੱਖ ਹੋਣ ਦੇ ਦਰਦ ਤੋਂ ਬਚ ਜਾਂਦਾ ਹੈ। ਇਕੱਲਤਾ ਦੇ ਰੋਗ ਦੀ ਸਭ ਤੋਂ ਨਿੱਘਰੀ ਹੋਈ ਹਾਲਤ ਨੂੰ ਪਾਗ਼ਲਪਣ ਕਹਿੰਦੇ ਹਨ। ਕਿਸੇ ਨਾਲ ਮਿਲ ਕੇ ਰਹਿਣਾ ਅਸੰਭਵ ਹੁੰਦਾ ਜਾ ਰਿਹਾ ਹੈ। ਪਾਗ਼ਲ ਬੰਦੇ ਕਿਸੇ ਹੋਰ ਪਾਗ਼ਲ ਨਾਲ ਵੀ ਕਿਸੇ ਪ੍ਰਕਾਰ ਦਾ ਸੰਚਾਰ ਜਾਂ ਲੈਣ-ਦੇਣ ਨਹੀਂ ਕਰ ਸਕਦਾ। ਪਾਗ਼ਲਾਂ ਦੀਆਂ ਜਥੇਬੰਦੀਆਂ ਸੰਭਵ ਨਹੀਂ, ਨਾ ਪਾਗ਼ਲਾਂ ਦੇ ਗ੍ਰੰਥ ਹੁੰਦੇ ਹਨ। (*ਜਗਤ ਮੇਲੇ ਨੂੰ ਬੇਦਾਵਾ*, ਪੰਨਾ 170)

ਬਹੁਤੀ ਵਾਰ ਡਾ. ਕਪੂਰ ਦਾਰਸ਼ਨਿਕ ਜਾਂ ਗਹਿਰ-ਗੰਭੀਰ ਵਿਸ਼ਿਆਂ ਦੇ ਨਿਰੂਪਣ ਲਈ ਰਮਜ਼ਭਰਪੂਰ ਸ਼ੈਲੀ ਦਾ ਪ੍ਰਯੋਗ ਕਰਦਾ ਹੈ ਪਰ ਕਈ ਵਾਰ ਉਸ ਨੇ ਪ੍ਰੇਮ ਜਾਂ ਸੈਕਸ ਆਦਿਕ ਵਿਸ਼ਿਆਂ ਦੀ ਤਰਜਮਾਨੀ ਵਾਸਤੇ ਵੀ ਅਜਿਹੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਰਮਜ਼ਭਰਪੂਰ ਸ਼ੈਲੀ, ਬਿਆਨ ਨੂੰ ਅਸ਼ਲੀਲ ਜਾਂ ਅਨੁਚਿਤ ਨਹੀਂ ਹੋਣ ਦਿੰਦੀ। ਪਾਠਕ, ਲੇਖਕ ਦੀ ਮਨਸ਼ਾ ਨੂੰ ਸਮਝ ਵੀ ਲੈਂਦਾ ਹੈ ਅਤੇ ਉਸ ਦੀ ਨੈਤਿਕਤਾ ਉਪਰ ਵੀ ਕੋਈ ਚੋਟ ਨਹੀਂ ਲੱਗਦੀ। ਉਦਾਹਰਣ ਲਈ ਉਸ ਦੇ ਇਕ ਲੇਖ ਵਿਚੋਂ ਕੁਝ ਪੰਕਤੀਆਂ ਵੇਖੋ :

> ਮੁਸਕ੍ਰਾਉਣਾ ਬੁੱਲ੍ਹਾਂ ਦੀ ਦੂਜੀ ਉੱਤਮ ਵਰਤੋਂ ਦਾ ਸੰਕੇਤ ਹੈ। ਬੁੱਲ੍ਹਾਂ ਦੀ ਪਹਿਲੀ ਅਤੇ ਉੱਚਤਮ ਵਰਤੋਂ ਤਾਂ ਚੁੰਮਣਾ ਹੈ। ਤੀਜੀ ਵਰਤੋਂ ਚੰਗਾ ਬੋਲਣਾ ਹੈ ਅਤੇ ਦੁਰਵਰਤੋਂ ਗਾਲ੍ਹਾਂ ਕੱਢਣਾ ਹੈ।
>
> ਸਿਆਣੀ ਅਤੇ ਸੋਹਣੀ ਇਸਤ੍ਰੀ ਇਕ ਹੀ ਚੁੰਮਣ ਨਾਲ ਜਾਣ ਜਾਂਦੀ ਹੈ ਕਿ ਪੁਰਸ਼ ਕਿਤਨੇ ਕੁ ਪਿਆਰ (ਪਾਣੀ) ਵਿਚ ਹੈ। ਇਸਤ੍ਰੀ ਨੂੰ ਚੁੰਮਣ ਉਪਰੰਤ ਪੁਰਸ਼ ਦੇ ਵਿਹਾਰ ਵਿਚ ਕਾਹਲ ਪੈਦਾ ਹੋ ਜਾਂਦੀ ਹੈ, ਜਦੋਂ ਕਿ ਇਸਤ੍ਰੀ ਚਾਹੁੰਦੀ ਹੈ ਕਿ ਪੁਰਸ਼ ਜਲਦੀ ਤਾਂ ਕਰੇ ਪਰ ਕਾਹਲੀ ਨਾ ਕਰੇ। ਉਹ ਸੁਨੇਹਾ ਦਿੰਦੀ ਹੈ ਕਿ 'ਪਿਆਰ' ਮਿਲੇਗਾ ਪਰ ਇਕ ਦਮ ਨਹੀਂ ਮਿਲੇਗਾ। (*ਮੁਸਕ੍ਰਾਹਟ ਦੀ ਵਿਆਕਰਣ*, ਪੰਨਾ 147)

### (ਘ) ਵਾਚਨ ਅਤੇ ਸ਼ੈਲੀ ਦੀ ਗਤੀ

ਹਰ ਇਕ ਬਿਰਤਾਂਤ ਦਾ ਇਕ ਬਿਰਤਾਂਤਕਾਰ (narrator) ਹੁੰਦਾ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਲੇਖਕ ਅਤੇ ਬਿਰਤਾਂਤਕਾਰ ਦੋ ਵੱਖ-ਵੱਖ ਹਸਤੀਆਂ ਹੁੰਦੇ ਹਨ। ਕਿਸੇ ਬਿਰਤਾਂਤ ਨੂੰ ਜਿਹੜਾ ਵਿਅਕਤੀ ਪਾਠਕਾਂ ਤਕ ਪਹੁੰਚਾਉਂਦਾ ਹੈ, ਉਹ ਲੇਖਕ ਦਾ ਇੰਨ-ਬਿੰਨ ਰੂਪ ਨਹੀਂ ਹੁੰਦਾ। ਲੇਖਕ ਆਪਣੀ ਸੁਵਿਧਾ ਲਈ ਪ੍ਰਗਤੀਸ਼ੀਲ, ਆਦਰਸ਼ਵਾਦੀ, ਰੋਮਾਂਟਿਕ ਜਾਂ ਇਨਕਲਾਬੀ ਕਿਸਮ ਦਾ ਬਿਰਤਾਂਤਕਾਰ ਸਿਰਜ ਲੈਂਦਾ ਹੈ ਅਤੇ ਫਿਰ ਸਮੁੱਚੇ ਬਿਰਤਾਂਤ ਦੀ ਵਾਗਡੋਰ ਉਸਦੇ ਹੱਥ ਸੰਭਾਲ ਦਿੰਦਾ ਹੈ। ਨਰਿੰਦਰ ਸਿੰਘ ਕਪੂਰ ਦਾ ਬਿਰਤਾਂਤਕਾਰ ਇਕ ਰੋਮਾਂਟਿਕ, ਸੁਪਨੇਸਾਜ਼ ਅਤੇ ਗਾਲ੍ਹੜੀ (talkative) ਕਿਸਮ ਦਾ ਵਿਅਕਤੀ ਹੈ। ਉਹ ਆਪਣੇ ਵਿਚਾਰਾਂ ਨੂੰ ਕਿਸੇ ਸੁਗਠਿਤ ਬਿਰਤਾਂਤ ਵਿਚ ਬੰਨ੍ਹ ਕੇ ਨਹੀਂ ਸੁਣਾਉਂਦਾ। ਉਸ ਦੁਆਰਾ ਸੁਣਾਏ ਗਏ ਕਿਸੇ ਵੀ ਲੇਖ ਦਾ ਕੋਈ ਕੇਂਦਰੀ ਸੂਤਰ ਨਿਸ਼ਚਿਤ ਨਹੀਂ ਹੁੰਦਾ। ਸਿਰਲੇਖ ਦੇ ਰੂਪ ਵਿਚ ਉਹ ਇਕ ਕੇਂਦਰੀ ਸੂਤਰ ਨੂੰ ਆਪਣੇ ਸਾਹਮਣੇ ਰੱਖ ਤਾਂ ਲੈਂਦਾ ਹੈ ਪਰ ਸਮਾਂ ਮਿਲਣ ਉਤੇ ਇਸ ਤੋਂ ਏਧਰ-ਓਧਰ ਜਾਣ ਵਿਚ ਵੀ ਕੋਈ ਸੰਕੋਚ ਨਹੀਂ ਕਰਦਾ। ਉਹ ਆਪਣੇ ਆਪ ਨੂੰ ਪਿਆਰ ਕਰਨ ਵਾਲਾ ਇਕ ਨਾਰਸੀਵਾਦੀ (narcissist) ਵਿਅਕਤੀ ਹੈ। ਉਸ ਨੂੰ ਗੱਲਾਂ ਕਰਨਾ ਅਤੇ ਸੁੰਦਰ ਵਾਕ ਸਿਰਜਦੇ ਰਹਿਣਾ ਚੰਗਾ ਲੱਗਦਾ ਹੈ। ਉਹ ਯੂਨੀਵਰਸਿਟੀ ਵਿਚੋਂ ਪੜ੍ਹਿਆ ਲਿਖਿਆ ਹੈ, ਜੋ ਆਪਣੀ ਪੜ੍ਹਾਈ-ਲਿਖਾਈ, ਸੰਵੇਦਨਸ਼ੀਲਤਾ ਅਤੇ ਬੁੱਧੀਮਾਨਤਾ ਬਾਰੇ ਚਰਚਾ ਕਰਦਾ ਰਹਿੰਦਾ ਹੈ।

ਹਰ ਬਿਰਤਾਂਤ, ਆਪਣੇ ਭਾਵਾਂ ਜਾਂ ਵਿਚਾਰਾਂ ਦੀ ਪੇਸ਼ਕਾਰੀ ਲਈ ਇਕ ਗਤੀ (pace) ਪਕੜ ਲੈਂਦਾ ਹੈ। ਕਈ ਬਿਰਤਾਂਤਕਾਰ ਧੀਮੀ ਗਤੀ ਵਿਚ ਸੰਚਾਰ ਕਰਨਾ ਪਸੰਦ ਕਰਦੇ ਹਨ ਅਤੇ ਕਈ ਤਿੱਖੀ ਗਤੀ ਪਕੜ ਲੈਂਦੇ ਹਨ ਅਤੇ ਅੰਤ ਉਪਰ ਜਾ ਕੇ ਹੀ ਸਾਹ ਲੈਂਦੇ ਹਨ। ਪਰੰਤੂ ਅਕਸਰ ਦੇਖਿਆ ਗਿਆ ਹੈ ਕਿ ਇਕ ਹੀ ਬਿਰਤਾਂਤਕਾਰ ਉਤੇਜਨਾ ਦੇ ਛਿਣਾਂ ਵਿਚ ਤੇਜ਼ ਹੋ ਜਾਂਦਾ ਹੈ ਅਤੇ ਸਹਿਜ ਅਵਸਥਾ ਵਿਚ ਧੀਮਾ ਹੋ ਜਾਂਦਾ ਹੈ। ਨਰਿੰਦਰ ਸਿੰਘ ਕਪੂਰ ਦੀਆਂ ਰਚਨਾਵਾਂ ਵਿਚ ਗਤੀ ਦੇ ਇਹ ਦੋਵੇਂ ਰੂਪ ਦੇਖੇ

ਜਾ ਸਕਦੇ ਹਨ। ਧੀਮੀ ਗਤੀ ਵਾਲੇ ਬਿਰਤਾਂਤਾਂ ਵਿਚ ਪੈਰੇ ਉਚਿਤ ਲੰਬਾਈ ਦੇ ਹੁੰਦੇ ਹਨ। ਵਾਕਾਂ ਦੀ ਬਣਤਰ ਵਿਆਕਰਣਕ ਪ੍ਰਤੀਮਾਨਾ ਦਾ ਧਿਆਨ ਰਖਦੀ ਹੈ। ਛੋਟੇ ਵਾਕਾਂ ਦੀ ਬਜਾਇ ਵਾਕ ਲੰਬੇ, ਸੰਜੁਗਤ ਅਤੇ ਮਿਸ਼ਰਿਤ ਹੋ ਜਾਂਦੇ ਹਨ। ਇਕ ਉਦਾਹਰਣ ਦੇਖੋ :

> ਦੂਜਾ ਮਹਾਨ ਵਟਾਂਦਰਾ ਵਸਤਾਂ ਦਾ ਹੈ, ਜਿਸ ਨਾਲ ਸਾਰੇ ਕੰਮ-ਧੰਦੇ ਅਤੇ ਲੈਣ-ਦੇਣ ਹੋਂਦ ਵਿਚ ਆਉਂਦੇ ਹਨ ਅਤੇ ਵਪਾਰਕ ਬਿਰਤੀ ਉਪਜਦੀ ਹੈ। ਧਰਮ ਵਾਂਗ ਵਪਾਰ ਵੀ ਮਨੁੱਖ ਦੇ ਨੈਤਿਕ-ਅਨੈਤਿਕ ਵਿਹਾਰ ਦੇ ਮਾਪ ਤੋਲ ਨਿਰਧਾਰਿਤ ਕਰਦਾ ਹੈ। ਉਦਾਹਰਣ ਵਜੋਂ ਆਪਣੇ ਹੱਕ ਨਾਲੋਂ ਵੱਧ ਲੈਣ ਵਾਲੇ ਨੂੰ ਸੁਆਰਥੀ, ਭ੍ਰਿਸ਼ਟ ਅਤੇ ਨੀਚ ਕਿਹਾ ਜਾਣ ਲਗਿਆ ਅਤੇ ਯੋਗ ਹਿੱਸਾ ਲੈਣ ਵਾਲਾ ਸਾਊ ਅਤੇ ਈਮਾਨਦਾਰ ਕਹਾਉਣ ਲੱਗਿਆ। (*ਲੰਮੇ ਇਤਿਹਾਸ ਦੀ ਸੰਖੇਪ ਕਹਾਣੀ*, ਪੰਨਾ 183)

ਉਤੇਜਨਾ ਭਰਪੂਰ ਪ੍ਰਸੰਗ ਨੂੰ ਪੇਸ਼ ਕਰਨ ਲਈ ਅਤੇ ਪਾਠਕ ਨੂੰ ਪ੍ਰੇਰਨਾ ਦੇਣ ਲਈ ਵਾਚਕ ਆਪਣੀ ਗਤੀ ਨੂੰ ਬਹੁਤ ਤੇਜ਼ ਕਰ ਦਿੰਦਾ ਹੈ। ਵਾਕ ਛੋਟੇ ਅਤੇ 'ਸਾਧਾਰਨ' ਬਣ ਜਾਂਦੇ ਹਨ। ਪੈਰੇ ਇਕ-ਇਕ ਪੰਕਤੀ ਤਕ ਹੀ ਸਿਮਟ ਜਾਂਦੇ ਹਨ। ਦੇਖੋ :

> ਸਿਦਕ ਹਰੇਕ ਪੱਖ ਪਾਤ ਨੂੰ ਜਿਤ ਲੈਂਦਾ ਹੈ।
>
> ਸਿਦਕਵਾਨਾਂ ਵਿਚ ਹੌਸਲਾ ਵਧੇਰੇ ਨਹੀਂ ਹੁੰਦਾ, ਡਰ ਘੱਟ ਹੁੰਦਾ ਹੈ।
>
> ਸੰਕਟ ਵਿਚ ਚਰਿਤਰ ਉਪਜਦਾ ਨਹੀਂ ਉਘੜਦਾ ਹੈ।
>
> ਹੰਢਣਸਾਰ ਪਰਿਵਰਤਨ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਤੋਂ ਬਿਨਾਂ ਨਹੀਂ ਵਾਪਰਦੇ। ਲਿੰਕਨ ਨੇ ਜੋ ਕੁਝ ਕੀਤਾ ਸੀ, ਉਹੀ ਕਰ ਸਕਦਾ ਸੀ। (*ਸਿਦਕ, ਸਿਰੜ ਅਤੇ ਦ੍ਰਿੜ੍ਹਤਾ*, ਪੰਨਾ 15)

### 2.8.5 ਉਪਸੰਹਾਰ

ਨਰਿੰਦਰ ਸਿੰਘ ਕਪੂਰ ਲੇਖ-ਰਚਨਾ ਵਿਚ ਸ਼ੈਲੀ ਦੇ ਮਹਤਵ ਨੂੰ ਖ਼ੂਬ ਜਾਣਦਾ-ਸਮਝਦਾ ਹੈ। ਲੇਖਾਂ ਵਿਚ ਵੰਨ-ਸੁਵੰਨੇ ਜਜ਼ਬੇ, ਕਲਪਨਾ ਦੀ ਉਡਾਣ, ਤੁਕਾਂਤ ਦਾ ਸੰਗੀਤ ਅਤੇ ਸੁਰਤਾਲ ਆਦਿਕ ਪੱਖ ਨਹੀਂ ਹੁੰਦੇ, ਕਿਸੇ ਕਹਾਣੀ ਦਾ ਚੌਖਟਾ ਵੀ ਨਹੀਂ ਹੁੰਦਾ, ਇਸ ਕਾਰਨ ਪਾਠਕ ਨੂੰ ਆਕ੍ਰਸ਼ਿਤ ਕਰਨਾ ਜਾਂ ਕੀਲਣਾ ਸੌਖਾ ਕੰਮ ਨਹੀਂ ਹੁੰਦਾ। ਇਨ੍ਹਾਂ ਮੁਸ਼ਕਿਲਾਂ ਉਪਰ ਕਾਬੂ ਪਾਉਣ ਲਈ ਲੇਖਕ ਨੂੰ ਸ਼ੈਲੀ ਉਪਰ ਬਹੁਤ ਧਿਆਨ ਦੇਣਾ ਪੈਂਦਾ ਹੈ। ਸ਼ੈਲੀ ਦੀ ਦ੍ਰਿਸ਼ਟੀ ਤੋਂ ਨਰਿੰਦਰ ਸਿੰਘ ਕਪੂਰ ਇਕ ਬੇਜੋੜ ਲੇਖਕ ਹੈ। ਸ਼ੈਲੀ ਦੀ ਉਤਕ੍ਰਿਸ਼ਟਤਾ ਵਾਸਤੇ ਉਹ ਆਪਣੇ ਵਾਕਾਂ ਦੀ ਬਣਤਰ ਨੂੰ ਵਿਲੱਖਣ ਬਣਾ ਦਿੰਦਾ ਹੈ। ਵਰਣਨ ਕਰਨ ਸਮੇਂ ਸਰਲ, ਸਪਸ਼ਟ ਅਤੇ ਸਰਸ ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਪਾਠਕਾਂ ਨੂੰ ਆਪਣੇ ਵਿਸ਼ਵਾਸ ਵਿਚ ਲੈਣ ਲਈ ਅਤੇ ਉਨ੍ਹਾਂ ਦੀ ਰਵਾਇਤੀ ਸੋਚ ਦਾ ਰੂਪਾਂਤਰਣ ਕਰਨ ਲਈ ਉਹ ਸੰਬੋਧਨੀ ਗਦ-ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਇਸ ਵਿਧੀ ਨਾਲ ਪਾਠਕ, ਲੇਖਕ ਦੇ ਭਾਵ-ਪ੍ਰਬੰਧ (ਵੇਵ-ਲੈਂਗਥ) ਨਾਲ ਜੁੜ ਜਾਂਦਾ ਹੈ। ਵਿਅੰਗ ਦੇ ਪ੍ਰਯੋਗ ਦੁਆਰਾ ਉਹ ਰਵਾਇਤੀ ਲੋਕਾਂ ਅਤੇ ਲਕੀਰ ਦੇ ਫ਼ਕੀਰਾਂ ਦਾ ਉਪਹਾਸ ਉਡਾਉਂਦਾ ਹੈ। ਉਨ੍ਹਾਂ ਨੂੰ ਪ੍ਰਗਤੀਸ਼ੀਲ ਅਤੇ ਪ੍ਰਾਸੰਗਿਕ ਵਿਚਾਰਧਾਰਾ ਅਪਣਾਉਣ ਦਾ ਨਿਮੰਤ੍ਰਣ ਦਿੰਦਾ ਹੈ। ਕਈ ਵਾਰ ਵਾਰਤਕ ਦੀ ਨੀਰਸਤਾ ਨੂੰ ਭੰਗ ਕਰਨ ਲਈ ਉਹ ਕਾਵਿਕ ਵਿਧੀਆਂ ਦਾ ਵੀ ਯਥਾਯੋਗ ਪ੍ਰਯੋਗ ਕਰਦਾ ਹੈ। ਗੱਦ-ਸ਼ੈਲੀ ਨੂੰ ਬਿੰਬਾਂ, ਅਲੰਕਾਰਾਂ ਅਤੇ ਕਲਪਨਾ ਨਾਲ ਸ਼ਿੰਗਾਰ ਦਿੰਦਾ ਹੈ। ਇਸ ਪ੍ਰਕਾਰ ਉਸ ਦੀਆਂ ਲੇਖ ਰਚਨਾਵਾਂ ਵਿਚੋਂ ਕਵਿਤਾ ਵਰਗਾ ਆਨੰਦ ਆਉਣ ਲਗਦਾ ਹੈ। ਉਹ ਰਮਜ਼ਭਰਪੂਰ ਸ਼ੈਲੀ ਨੂੰ ਸਭ ਤੋਂ ਉੱਤਮ ਮੰਨਦਾ ਹੈ ਕਿਉਂਕਿ ਇਸ ਸ਼ੈਲੀ ਵਿਚ ਉਪਦੇਸ਼ ਦੇਣ ਦੀ ਜ਼ਰੂਰਤ ਨਹੀਂ ਰਹਿੰਦੀ। ਸਿਆਣੇ ਅਤੇ ਸਮਝਦਾਰ ਪਾਠਕ ਉਸਦੇ ਇਸ਼ਾਰੇ ਨੂੰ ਹੀ ਸਮਝ ਜਾਂਦੇ ਹਨ। ਉਸ ਨੂੰ ਬਿਰਤਾਂਤ ਕਲਾ ਉਪਰ ਵੀ ਪੂਰਨ ਅਧਿਕਾਰ ਹੈ। ਬਿਰਤਾਂ ਤਦੀ ਜ਼ਰੂਰਤ ਅਨੁਸਾਰ ਉਹ ਇਸ ਦੀ ਗਤੀ ਨੂੰ ਤੀਬਰ ਜਾਂ ਧੀਮਾ ਕਰ ਸਕਦਾ ਹੈ। ਸਮੁੱਚੇ ਰੂਪ ਵਿਚ ਉਹ ਇਕ ਪਰਿਪੱਕ ਅਤੇ ਨਿਪੁੰਨ ਸ਼ੈਲੀਕਾਰ ਹੈ। ਸ਼ੈਲੀ ਦੇ ਪੱਖੋਂ ਉਸ ਦਾ ਹਰ ਲੇਖ ਇਕ ਮਿਆਰੀ ਰਚਨਾ ਹੈ।

**ਪ੍ਰਸ਼ਨ : ਉਪਰੋਕਤ ਪਾਠ ਵਿਚ ਦਿੱਤੀ ਗਈ ਸਮਾਗਮੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

1. ਡਾ. ਨਰਿੰਦਰ ਸਿੰਘ ਕਪੂਰ ਰਚਿਤ ਪੁਸਤਕ 'ਡੂੰਘੀਆਂ ਸਿਖਰਾਂ' ਦੀ ਗੱਦ-ਸ਼ੈਲੀ ਉਪਰ ਇਕ ਨੋਟ ਲਿਖੋ।
2. ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਨੂੰ ਕਿੰਨੀਆਂ ਕਿਸਮਾਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ। ਉਸ ਦੀ ਸ਼ੈਲੀ ਦੇ ਕੁਝ ਪ੍ਰਮੁਖ ਤੱਤਾਂ ਅੰਗਾਂ ਨਾਲ ਜਾਣ ਪਛਾਣ ਕਰੋ।
3. ਸ਼ੈਲੀ ਹੀ ਸ਼ਖ਼ਸੀਅਤ ਹੈ। ਇਸ ਕਥਨ ਨੂੰ ਆਧਾਰ ਬਣਾ ਕੇ ਡਾ. ਨਰਿੰਦਰ ਸਿੰਘ ਕਪੂਰ ਦੇ ਲੇਖ ਸੰਗ੍ਰਹਿ 'ਡੂੰਘੀਆਂ ਸਿਖਰਾਂ' ਦਾ ਵਿਸ਼ਲੇਸ਼ਣ ਕਰੋ।

ਪਾਠ ਨੰ: 2.9 - ਰਾਜਬੀਰ ਕੌਰ

# ਪੰਜਾਬੀ ਵਾਰਤਕ ਸਾਹਿਤ ਵਿਚ ਨਰਿੰਦਰ ਸਿੰਘ ਕਪੂਰ ਦਾ ਸਥਾਨ

## 2.9.1 ਉਦੇਸ਼

ਇਸ ਪਾਠ ਦਾ ਉਦੇਸ਼ ਪੰਜਾਬੀ ਵਾਰਤਕ ਸਾਹਿੱਤ ਵਿਚ ਡਾ. ਨਰਿੰਦਰ ਸਿੰਘ ਕਪੂਰ ਦਾ ਸਥਾਨ ਨਿਸ਼ਚਿਤ ਕਰਨਾ ਹੈ। ਆਧੁਨਿਕ ਪੰਜਾਬੀ ਵਾਰਤਕ ਦਾ ਜਨਮ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪ੍ਰੋ. ਪੂਰਨ ਸਿੰਘ ਦੇ 'ਖੁਲ੍ਹੇ ਲੇਖਾਂ' ਨਾਲ ਹੋਇਆ। ਪ੍ਰੋ. ਪੂਰਨ ਸਿੰਘ ਨੂੰ ਪੰਜਾਬੀ ਲੇਖ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਸ ਉਪਰੰਤ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਸਾਹਿੱਤ ਦੇ ਇਸ ਰੂਪ ਵਿਚ ਵਡਮੁਲੀ ਦੇਣ ਪਾਈ। ਇਸੇ ਦੌਰਾਨ ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਗੁਰਬਚਨ ਸਿੰਘ ਤਾਲਿਬ, ਸ. ਹਰਿੰਦਰ ਸਿੰਘ ਰੂਪ, ਈਸ਼ਵਰ ਚਿਤਰਕਾਰ, ਸ. ਸੂਬਾ ਸਿੰਘ, ਗਿਆਨੀ ਗੁਰਦਿਤ ਸਿੰਘ, ਡਾ. ਜੀਤ ਸਿੰਘ ਸੀਤਲ, ਬਲਵੰਤ ਗਾਰਗੀ, ਡਾ. ਕੁਲਬੀਰ ਸਿੰਘ ਕਾਂਗ, ਡਾ. ਵਣਜਾਰਾ ਬੇਦੀ, ਅਜੀਤ ਕੌਰ, ਰਾਮ ਸਰੂਪ ਅਣਖੀ, ਪ੍ਰਿੰ. ਸਰਵਣ ਸਿੰਘ, ਪਿਆਰਾ ਸਿੰਘ ਦਾਤਾ ਅਤੇ ਬਲਰਾਜ ਸਾਹਨੀ ਵਰਗੇ ਬਹੁਤ ਸਾਰੇ ਵਾਰਤਕਕਾਰ ਪੰਜਾਬੀ ਸਾਹਿੱਤ ਵਿਚ ਨਿਤਰ ਆਏ। ਇਨ੍ਹਾਂ ਲੇਖਕਾਂ ਤੋਂ ਅਗਵਾਈ ਅਤੇ ਪ੍ਰੇਰਨਾ ਪ੍ਰਾਪਤ ਕਰ ਕੇ ਡਾ. ਨਰਿੰਦਰ ਸਿੰਘ ਕਪੂਰ ਨੇ ਪੰਜਾਬੀ ਵਿਚ ਲੇਖ ਲਿਖਣੇ ਸ਼ੁਰੂ ਕੀਤੇ ਅਤੇ ਮੌਜੂਦਾ ਸੰਦਰਭ ਵਿਚ ਉਹ ਪੰਜਾਬੀ ਦਾ ਇਕ ਸਥਾਪਿਤ ਅਤੇ ਲੋਕਪ੍ਰਿਅ ਨਿਬੰਧਕਾਰ ਬਣ ਚੁਕਾ ਹੈ। ਇਸ ਪਾਠ ਵਿਚ ਅਸੀਂ ਉਸ ਦੀ ਪੰਜਾਬੀ ਨਿਬੰਧ ਕਲਾ ਨੂੰ ਦੇਣ ਬਾਰੇ ਵਿਚਾਰ ਕਰ ਰਹੇ ਹਾਂ।

## 2.9.2 ਰੂਪ ਰੇਖਾ

ਆਪਣੇ ਵਿਦਿਆਰਥੀਆਂ ਦੀ ਸੁਵਿਧਾ ਲਈ ਅਸੀਂ ਇਸ ਪਾਠ ਨੂੰ ਛੇ ਉਪਭਾਗਾਂ ਵਿਚ ਵਿਭਾਜਿਤ ਕਰਦੇ ਹਾਂ, ਜਿਨ੍ਹਾਂ ਦੀ ਤਰਤੀਬ ਅਤੇ ਤਫ਼ਸੀਲ ਇਸ ਪ੍ਰਕਾਰ ਹੈ :

(ੳ) ਨਿਬੰਧ ਦਾ ਜਨਮ ਅਤੇ ਵਿਕਾਸ

(ਅ) ਪੰਜਾਬੀ ਨਿਬੰਧ ਦੇ ਪ੍ਰਮੁਖ ਲੇਖਕ ਅਤੇ ਉਨ੍ਹਾਂ ਦਾ ਯੋਗਦਾਨ

(ੲ) ਨਰਿੰਦਰ ਸਿੰਘ ਕਪੂਰ ਦਾ ਰਚਨਾਤਮਕ ਅਨੁਭਵ

(ਸ) ਨਰਿੰਦਰ ਸਿੰਘ ਕਪੂਰ ਦੇ ਮੁਖ ਵਿਸ਼ੈ ਅਤੇ ਸਰੋਕਾਰ

(ਹ) ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਅਤੇ ਬਿਰਤਾਂਤ ਜੁਗਤਾਂ

(ਕ) ਨਰਿੰਦਰ ਸਿੰਘ ਕਪੂਰ ਦਾ ਪੰਜਾਬੀ ਵਾਰਤਕ ਵਿਚ ਸਥਾਨ।

## 2.9.3 ਭੂਮਿਕਾ

ਸਾਹਿੱਤ ਦੇ ਹੋਰ ਰੂਪਾਂ ਦੀ ਤੁਲਨਾ ਵਿਚ ਨਿਬੰਧ ਲਿਖਣਾ ਇਕ ਕਠਿਨ ਕਾਰਜ ਹੈ। ਪ੍ਰੋ. ਪੂਰਨ ਸਿੰਘ 'ਖੁਲ੍ਹੇ ਲੇਖ' (1929) ਦੀ ਭੂਮਿਕਾ ਵਿਚ ਲਿਖਦਾ ਹੈ ਕਿ ਵਾਰਤਕ ਲਿਖਣੀ ਸੌਖੀ ਨਹੀਂ ਹੈ। ਕਵਿਤਾ ਵਿਚ ਤਾਂ ਮਾਮੂਲੀ ਖਿਆਲ ਕਲਪਨਾਂ ਦੇ ਖੰਭਾਂ ਉਪਰ ਸਵਾਰ ਹੋ ਕੇ ਉੱਡਣਾ ਸ਼ੁਰੂ ਕਰ ਦਿੰਦਾ ਹੈ ਪਰ ਵਾਰਤਕ ਵਿਚ ਰੂਹ ਤੇ ਦਿਮਾਗ਼ ਦੀ ਨੰਗੀ ਤਸਵੀਰ ਖਿੱਚਣੀ ਪੈਂਦੀ ਹੈ। ਵਾਰਤਕਕਾਰ ਪਾਸ ਛੰਦ, ਸੁਰ, ਤਾਲ, ਕਥਾਨਕ, ਕਥਾ ਅਤੇ ਰੰਗਮੰਚੀ ਤਾਮ-ਝਾਮ ਆਦਿਕ ਕੁਝ ਵੀ ਨਹੀਂ ਹੁੰਦਾ। ਉਸ ਨੇ ਆਪਣੀ ਬੁੱਧੀ ਅਤੇ ਵਿਵੇਕ ਦੇ ਸਹਾਰੇ ਮਨੁਖੀ ਜਗਤ ਜਾਂ ਜੀਵਨਦੇ ਕਿਸੇ ਪਾਸਾਰ ਦਾ ਨਿਰੂਪਣ ਕਰਨਾ ਹੁੰਦਾ ਹੈ। ਉਸ ਨੂੰ ਹਮੇਸ਼ਾ ਇਹ ਖ਼ਤਰਾ ਵੀ ਰਹਿੰਦਾ ਹੈ ਕਿ ਉਸ ਦੀ ਰਚਨਾ ਸਾਹਿਤ ਦੀ ਬਜਾਇ ਸਮਾਜਿਕ ਵਿਗਿਆਨ ਦਾ ਕੋਈ ਅਧਿਆਏ ਨਾ ਬਣ ਜਾਵੇ। ਇਸ ਸੂਰਤ ਵਿਚ ਉਸ ਨੂੰ ਕਲਪਨਾ, ਪ੍ਰਭਾਵਸ਼ਾਲੀ ਸ਼ੈਲੀ ਅਤੇ ਜੀਵੰਤ ਭਾਸ਼ਾ ਦਾ ਸਹਾਰਾ ਲੈਦਾ ਪੈਂਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਦੀ ਵੱਡੀ ਦੇਣ ਇਹ ਹੈ ਕਿ ਉਸਦਾ ਹਰ ਲੇਖ ਸਾਹਿਤਿਕ ਤਕਾਜ਼ਿਆਂ ਉਪਰ ਪੂਰਾ ਉੱਤਰਦਾ ਹੈ।

**2.9.4** ਡਾ. ਨਰਿੰਦਰ ਸਿੰਘ ਕਪੂਰ (ਜਨਮ 6.3.1944) ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਹੋਇਆ ਸੀ। ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅੰਗਰੇਜ਼ੀ ਸਾਹਿੱਤ ਵਿਚ ਐਮ.ਏ. ਕੀਤੀ ਅਤੇ ਪੰਜਾਬ ਪਬਲਿਕ ਸਰਵਿਸ

ਕਮਿਸ਼ਨ ਦੁਆਰਾ ਸੀਲੈਕਟ ਹੋ ਕੇ ਅੰਗਰੇਜ਼ੀ ਦਾ ਪ੍ਰਾਧਿਆਪਕ ਬਣ ਗਿਆ। ਇਸ ਉਪਰੰਤ ਉਸਨੇ ਫਿਲਾਸਫ਼ੀ ਅਤੇ ਪੰਜਾਬੀ ਸਾਹਿੱਤ ਵਿਚ ਵੀ ਉੱਚ-ਡਿਗਰੀਆਂ ਹਾਸਲ ਕਰ ਲਈਆਂ। ਉਨ੍ਹੀਵੀਂ ਸਦੀ ਦੀ ਪੰਜਾਬੀ ਪੱਤਰਕਾਰੀ ਉਪਰ ਖੋਜ ਨਿਬੰਧ ਲਿਖ ਕੇ ਉਸਨੇ ਪੀਐਚ.ਡੀ. ਦੀ ਡਿਗਰੀ ਹਾਸਲ ਕਰ ਲਈ। ਇਸੇ ਦੌਰਾਨ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਆ ਗਿਆ। ਪਹਿਲੇ ਪਹਿਲ ਉਸ ਨੇ ਸਮਾਚਾਰ ਪੱਤਰਾਂ ਲਈ ਲੇਖ ਲਿਖਣੇ ਸ਼ੁਰੂ ਕੀਤੇ। ਉਸ ਦੇ ਬਹੁਤੇ ਲੇਖ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਹੋਇਆ ਕਰਦੇ ਸਨ। ਉਸ ਦੀ ਮੌਲਿਕ ਵਿਚਾਰਧਾਰਾ ਅਤੇ ਵਿਲੱਖਣ ਗੱਦ-ਸ਼ੈਲੀ ਦੇ ਕਾਰਨ ਇਨ੍ਹਾਂ ਲੇਖਕਾਂ ਨੂੰ ਜਲਦੀ ਹੀ ਲੋਕਪ੍ਰਿਅਤਾ ਹਾਸਲ ਹੋ ਗਈ। ਉਸ ਦੀਆਂ ਕੁਝ ਪ੍ਰਸਿੱਧ ਪੁਸਤਕਾਂ ਦੇ ਨਾਮ ਇਸ ਪ੍ਰਕਾਰ ਹਨ : ਵਿਆਖਿਆ ਵਿਸ਼ਲੇਸ਼ਣ (1982), ਤਰਕ ਵੇਦ (1985), ਘਾਟ ਘਾਟ ਦਾ ਪਾਣੀ (1987), ਆਹਮੋ ਸਾਹਮਣੇ (1995), ਬੂਹੇ ਬਾਰੀਆਂ (1996), ਸੁਖਨ ਸੁਨੇਹੇ (1996), ਅੰਤਰ ਝਾਤ (1999), ਰਾਹ ਰਸਤੇ (2002) ਅਤੇ ਡੂੰਘੀਆਂ ਸਿਖਰਾਂ (2006)। ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਉਸ ਨੇ ਤਿੰਨ ਪੁਸਤਕਾਂ ਦੀ ਰਚਨਾ ਕੀਤੀ : 1. ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ (1985) 2. ਗਿਆਨੀ ਦਿੱਤ ਸਿੰਘ : ਜੀਵਨ ਤੇ ਰਚਨਾ (1987) ਅਤੇ 3. ਪੰਜਾਬੀ ਪੱਤਰਕਾਰੀ ਦਾ ਵਿਕਾਸ ਅਤੇ ਉਨ੍ਹੀਵੀਂ ਸਦੀ ਦੀ ਪੰਜਾਬੀ ਪੱਤਰਕਾਰੀ (1989)। 'ਸੱਚੋ ਸੱਚ' (1990 ਦੇ ਸਿਰਲੇਖ ਹੇਠ ਉਸ ਨੇ ਅਮਰੀਕਾ ਦਾ ਇਕ ਸਫ਼ਰਨਾਮਾ ਵੀ ਰਚਿਆ ਹੈ। ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਉਸਦਾ ਉਲੇਖਯੋਗ ਸਥਾਨ ਬਣ ਚੁੱਕਾ ਹੈ।

**(ੳ) ਨਿਬੰਧ ਦਾ ਜਨਮ ਅਤੇ ਵਿਕਾਸ**

ਪੰਜਾਬੀ ਵਿਚ 'ਨਿਬੰਧ' ਸ਼ਬਦ ਦਾ ਪ੍ਰਯੋਗ ਅੰਗਰੇਜ਼ੀ ਸ਼ਬਦ 'ਐੱਸੇ' (essay) ਦੇ ਅਰਥਾਂ ਵਿਚ ਕੀਤਾ ਜਾਂਦਾ ਹੈ। 'ਐੱਸੇ' ਦਾ ਸ਼ਾਬਦਿਕ ਅਰਥ ਹੈ : ਪ੍ਰਯਤਨ ਜਾਂ ਕੋਸ਼ਿਸ਼ (attempt); ਇਸ ਪ੍ਰਕਾਰ ਐੱਸੇ ਦੇ ਮਾਧਿਅਮ ਦੁਆਰਾ ਕੋਈ ਲੇਖਕ ਮਨੁੱਖੀ ਜਵੀਨ ਅਤੇ ਜਗਤ ਬਾਰੇ ਕੁਝ ਮੌਲਿਕ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਸਾਹਿਤ-ਰੂਪ ਇਕ ਹਜ਼ਾਰ ਸ਼ਬਦਾਂ ਦੇ ਆਸ-ਪਾਸ ਹੋਣਾ ਚਾਹੀਦਾ ਹੈ। ਸਾਹਿੱਤ ਦੇ ਹੋਰ ਰੂਪਾਂ ਦੀ ਤੁਲਨਾ ਵਿਚ ਇਹ ਇਕ ਅਤਿਅੰਤ ਲਚਕਦਾਰ ਅਤੇ ਆਪਹੁਦਰਾ ਜਿਹਾ ਸਾਹਿੱਤ ਰੂਪ ਹੈ। 'ਐੱਸੇ' ਸ਼ਬਦ ਦਾ ਨਿਰਮਾਣ ਮਾਨਤੇਨ (Montaigne) ਨੇ 1580 ਈ. ਵਿਚ ਕੀਤਾ। ਉਸ ਨੇ ਆਪਣੀ ਪਹਿਲੀ ਵਾਰਤਕ ਰਚਨਾ ਦਾ ਨਾਮ 'ਐੱਸੇਜ਼' (essais) ਰੱਖਿਆ ਸੀ। 1597 ਵਿਚ ਬੇਕਨ (Bacon) ਨੇ ਵੀ ਲੇਖਾਂ ਦੀ ਪਹਿਲੀ ਪੁਸਤਕ ਪ੍ਰਕਾਸ਼ਿਤ ਕੀਤੀ। ਮਾਨਤੇਨ ਦੇ ਲੇਖ ਗ਼ੈਰਰਸਮੀ ਅਤੇ ਜਵੀਨ ਦੇ ਆਮ ਵਿਸ਼ਿਆਂ ਬਾਰੇ ਸਨ ਜਿਵੇਂ : ਝੂਠ ਬੋਲਣ ਵਾਲੇ, ਕਪੜੇ ਪਹਿਨਣ ਦਾ ਰਿਵਾਜ ਅਤੇ ਗੱਲਬਾਤ ਕਰਨ ਦੀ ਕਲਾ... ਇਤਿਆਦਿ। ਬੇਕਨ ਮਨੁੱਖੀ ਜੀਵਨ ਦੇ ਕੁਝ ਡੂੰਘੇ ਅਤੇ ਗੰਭੀਰ ਵਿਸ਼ਿਆਂ ਬਾਰੇ ਲੇਖ-ਰਚਨਾ ਕਰਦਾ ਸੀ। ਉਸ ਦੇ ਕੁਝ ਲੇਖਾਂ ਦੇ ਸਿਰਲੇਖ ਇਸ ਪ੍ਰਕਾਰ ਹਨ : ਈਰਖਾ ਬਾਰੇ, ਅਮੀਰੀ ਬਾਰੇ, ਕਿਸੇ ਫੈਸਲੇ ਉਪਰ ਪਹੁੰਚਣ ਬਾਰੇ... ਇਤਿਆਦਿ। ਮਾਨਤੇਨ ਦੇ ਲੇਖ ਕਾਫ਼ੀ ਲੰਬੇ ਹੋ ਜਾਂਦੇ ਹਨ ਪਰੰਤੂ ਬੇਕਨ ਇਨ੍ਹਾਂ ਨੂੰ ਇਕ ਹਜ਼ਾਰ ਸ਼ਬਦਾਂ ਤੋਂ ਵਧਣ ਨਹੀਂ ਦਿੰਦਾ। ਸਤਾਰ੍ਹਵੀਂ ਸਦੀ ਵਿਚ ਨਿਕੋਲਸ ਬਰੈਟਨ, ਜਾਨ ਅਰਲ, ਕੌਰਨਵਾਲਿਸ ਅਤੇ ਅਬਰਾਹਮ ਕਾਊਲੀ ਵਰਗੇ ਹੋਰ ਵੀ ਕਈ ਨਿਬੰਧਕਾਰ ਸਾਹਮਣੇ ਆਏ। ਕਾਊਲੀ ਨੇ ਮਾਨਤੇਨ ਦੀ ਪਰੰਪਰਾ ਨੂੰ ਅੱਗੇ ਵਧਾਇਆ ਅਤੇ ਗੈਰ-ਰਸਮੀ ਕਿਸਮ ਦੇ ਨਿਬੰਧਾਂ ਦੀ ਰਚਨਾ ਕੀਤੀ। ਉਸਨੇ ਆਜ਼ਾਦੀ, ਤਨਹਾਈ, ਜੀਵਨ ਦੀ ਅਸਥਿਰਤਾ ਅਤੇ ਲੋਭ-ਲਾਲਚ ਆਦਿਕ ਵਿਸ਼ਿਆਂ ਉਪਰ ਨਿਬੰਧ ਲਿਖੇ। ਉਸ ਦੀਆਂ ਰਚਨਾਵਾਂ ਮਰਣੋਪਰਾਂਤ ਪ੍ਰਕਾਸ਼ਿਤ ਹੋਈਆਂ। ਡਰਾਈਡਨ, ਸਟੀਲ ਅਤੇ ਐਡੀਸਨ ਵਰਗੇ ਪ੍ਰਸਿੱਧ ਲੇਖਕ ਵੀ ਇਸ ਸਾਹਿਤ-ਰੂਪ ਵੱਲ ਆਕ੍ਰਸ਼ਿਤ ਹੁੰਦੇ ਰਹੇ। ਅਠਾਰ੍ਹਵੀਂ ਸਦੀ ਦੇ ਮਧ ਵਿਚ ਜਾਨਸਨ (Johnson) ਨੇ ਸਾਹਿੱਤ ਦੇ ਇਸ ਰੂਪ ਨੂੰ ਵਿਕਸਿਤ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ।

ਇਨ੍ਹਾਂ ਲੇਖਕਾਂ ਤੋਂ ਬਾਅਦ ਅੰਗਰੇਜ਼ੀ ਨਿਬੰਧ ਦੀ ਇਕ ਸ਼ਕਤੀਸ਼ਾਲੀ ਪਰੰਪਰਾ ਸਥਾਪਿਤ ਹੋ ਗਈ। ਚਾਲਰਜ ਲੈਂਬ, ਹੈਜ਼ਲਿਟ, ਕਾਲਰਿਜ, ਮੈਕਾਲੇ, ਲੇਅ ਹੰਟ, ਕਾਰਲਾਈਲ, ਰਸਕਿਨ, ਮੈਥਿਊ ਆਰਨਲਡ, ਵਾਲਟਰ ਪੇਟਰ ਅਤੇ ਆਰ.ਐਲ. ਸਟੀਵਨਸਨ ਆਦਿ ਸਭ ਉਚ ਕੋਟੀ ਦੇ ਨਿਬੰਧਕਾਰ ਸਨ। ਵੀਹਵੀਂ ਸਦੀ ਵਿਚ ਕੁਝ ਪ੍ਰਮੁੱਖ ਨਿਬੰਧਕਾਰਾਂ ਨੇ ਸਿਧਾਂਤਿਕ ਅਤੇ ਦਾਰਸ਼ਨਿਕ-ਮਨੋਵਿਗਿਆਨਕ ਵੰਨਗੀ ਦੇ ਨਿਬੰਧ ਵੀ ਲਿਖੇ ਹਨ। ਜਿਨ੍ਹਾਂ ਵਿਚ ਵਿਰੀਨੀਆ ਵੂਲਫ਼ (The common Reader, 1925 ਅਤੇ A Room of One's Own, 1929), ਟੀ.ਐਸ. ਏਲੀਅਟ (Selected Essays, 1932), ਆਰਥਰ ਕੋਇਸਲਰ (The Yogi and the Commissor, 1945), ਜਾਰਜ ਆਰਵੈਲ (Critical Essays, 1946), ਗਰਾਹਮ ਗਰੀਨ (The Lost Childhood, 1951) ਅਤੇ ਡੇਵਿਡ ਲਾਜ (Write On, 1986) ਆਦਿ ਲੇਖਕਾਂ ਦਾ ਨਾਮ ਲਿਆ ਜਾ ਸਕਦਾ ਹੈ। ਇੰਗਲੈਂਡ ਅਤੇ ਅਮਰੀਕਾ ਦੇ ਨਾਲ-ਨਾਲ ਪੂਰੇ ਯੂਰਪ ਵਿਚ ਨਿਬੰਧ ਦਾ ਰੂਪਕਾਰ ਵਿਕਸਿਤ ਹੁੰਦਾ ਰਿਹਾ ਹੈ। ਯੂਰਪ ਵਿਚ ਇਸ ਰੂਪਾਕਾਰ ਦਾ ਪ੍ਰਯੋਗ ਨਵੇਂ ਵਿਚਾਰਾਂ ਅਤੇ ਰਾਜਸੀ ਵਾਦ-ਵਿਵਾਦ ਦੀ ਖਾਤਰ ਕੀਤਾ ਜਾਂਦਾ ਰਿਹਾ। ਇਸ ਪ੍ਰਸੰਗ

ਵਿਚ ਸੇਂਟ ਬੀਵ, ਹੈਨਰੀ ਬਰਗਸਾਂ, ਆਂਦਰੇ ਜੀਦ, ਜੀਨ ਪਾਲ ਸਾਰਤਰ, ਅਲਬੇਅਰ ਕਾਮੂ ਅਤੇ ਆਂਦਰੇ ਮਾਲਰੋ ਦੇ ਨਾਮ ਉਲੇਖਯੋਗ ਹਨ।

**(ਅ) ਪੰਜਾਬੀ ਨਿਬੰਧ ਦੇ ਪ੍ਰਮੁਖ ਲੇਖਕ**

ਪ੍ਰੋ. ਪੂਰਨ ਸਿੰਘ ਪੰਜਾਬੀ ਦਾ ਪ੍ਰਥਮ ਨਿਬੰਧਕਾਰ ਹੈ। 'ਖੁਲ੍ਹੇ ਲੇਖ' ਉਸ ਦੀ ਇਕੋ ਇਕ ਲੇਖ-ਰਚਨਾ ਹੈ। ਪੂਰਨ ਸਿੰਘ ਵਿਸ਼ਵ ਸਾਹਿੱਤ ਦਾ ਇਕ ਗੰਭੀਰ ਪਾਠਕ ਸੀ। ਉਸ ਨੇ ਐਮਰਸਨ, ਕਾਰਲਾਈਲ, ਥੋਰੋ ਅਤੇ ਕੁਝ ਹੋਰ ਅੰਗਰੇਜ਼ੀ, ਜਾਪਾਨੀ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਰੱਖੀਆਂ ਸਨ। ਇਹੀ ਕਾਰਨ ਹੈ ਕਿ ਉਸਦੀ ਪਹਿਲੀ ਅਤੇ ਇਕੋ-ਇਕ ਰਚਨਾ ਨਾਲ ਹੀ ਇਹ ਰੂਪਾਕਾਰ ਕਾਫ਼ੀ ਵਿਕਾਸ ਕਰ ਜਾਂਦਾ ਹੈ। ਪੂਰਨ ਸਿੰਘ ਤੋਂ ਪਿਛੋਂ ਆਉਣ ਵਾਲੇ ਲੇਖਕਾਂ, ਤੇਜਾ ਸਿੰਘ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਆਦਿ ਨੇ ਉਸ ਦੁਆਰਾ ਪਾਈ ਹੋਈ ਲੇਖ ਪਰੰਪਰਾ ਨੂੰ ਹੋਰ ਪੁਸ਼ਟ ਅਤੇ ਅਮੀਰ ਕਰ ਦਿੱਤਾ। ਪੂਰਨ ਸਿੰਘ ਦੇ ਨਿਬੰਧ ਕਿਸੇ ਇਕ ਵਿਸ਼ੈ ਉਪਰ ਕੇਂਦ੍ਰਿਤ ਨਹੀਂ ਹਨ। ਉਸ ਨੇ ਧਰਮ, ਇਖ਼ਲਾਕ, ਸਾਹਿਤ, ਮਨੋਵਿਗਿਆਨ, ਕਾਵਿ-ਸ਼ਾਸਤਰ ਅਤੇ ਰਾਜਨੀਤੀ ਆਦਿਕ ਬਹੁਤ ਸਾਰੇ ਵਿਸ਼ਿਆਂ ਉਪਰ ਲਿਖਿਆ ਹੈ। ਉਹ ਇਕ ਬਹੁਪੱਖੀ ਅਤੇ ਮੌਲਿਕ ਚਿੰਤਕ ਸੀ। ਅਨੁਭਵ ਦੀ ਅਮੀਰੀ, ਅਧਿਐਨ ਦੀ ਵਿਸ਼ਾਲਤਾ ਅਤੇ ਅਭਿਵਿਅੰਜਨ ਦੀ ਸਹਿਜ-ਸੁਭਾਵਿਕਤਾ ਦੇ ਕਾਰਨ ਉਸ ਦੀਆਂ ਰਚਨਾਵਾਂ ਵਿਚੋਂ ਲੇਖਕ ਦੀ ਸ਼ਖ਼ਸੀਅਤ ਝਲਕਦੀ ਹੈ। ਬਫ਼ਨ ਦਾ ਇਹ ਕਥਨ-ਸ਼ੈਲੀ ਹੀ ਸ਼ਖਸੀਅਤ ਹੈ (Style is the man himself) ਉਸ ਦੇ ਹਰ ਲੇਖ ਉਪਰ ਪੂਰੀ ਤਰ੍ਹਾਂ ਨਾਲ ਢੁਕਦਾ ਹੈ।

ਪ੍ਰੋ. ਪੂਰਨ ਸਿੰਘ ਵਾਂਗ ਪ੍ਰਿੰਸੀਪਲ ਤੇਜਾ ਸਿੰਘ ਵੀ ਇਕ ਅਨੁਭਵੀ ਅਤੇ ਵਿਸ਼ਾਲ ਅਧਿਐਨ ਨਾਲ ਲੇਖਕ ਸੀ। ਉਹ ਅੰਗਰੇਜ਼ੀ ਸਾਹਿੱਤ ਦਾ ਅਧਿਆਪਕ ਸੀ ਅਤੇ ਇਸ ਕਾਰਨ ਉਸ ਨੇ ਅੰਗਰੇਜ਼ੀ ਲੇਖ ਦੀ ਪਰੰਪਰਾ ਦਾ ਚੰਗਾ ਖਾਸਾ ਸਿਲਸਿਲੇਵਾਰ ਅਧਿਐਨ ਕਰ ਰੱਖਿਆ ਸੀ। ਮਾਨਤੇਨ, ਕਾਰਲਾਈਲ, ਐਮਰਸਨ, ਜਾਨਸਨ ਅਤੇ ਚਾਰਲਜ਼ ਲੈਂਬ ਉਸ ਦੇ ਪ੍ਰਿਅ ਨਿਬੰਧਕਾਰ ਸਨ। ਉਸ ਦੇ ਨਿਬੰਧਾਂ ਵਿਚ ਬੁੱਧੀ ਅਤੇ ਭਾਵਾਂ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹ ਨਾ ਕੇਵਲ ਆਪਣੇ ਨਿੱਜੀ ਅਨੁਭਵ ਅਤੇ ਵਿਚਾਰਾਂ ਨੂੰ ਪੇਸ਼ ਕਰਨ ਦੀ ਜ਼ਿਦ ਕਰਦਾ ਸੀ ਬਲਕਿ ਆਪਣੇ ਲੇਖਾਂ ਵਿਚ ਰਾਬਿੰਦਰ ਨਾਥ ਟੈਗੋਰ, ਬਰਨਰਡ ਸ਼ਾਅ, ਫਊਲਰ, ਕ੍ਰਿਸ਼ਨ ਚੰਦਰ ਅਤੇ ਗੁਰਬਾਣੀ ਵਿਚੋਂ ਹਵਾਲੇ ਦਿੰਦਾ ਰਹਿੰਦਾ ਸੀ। ਮੌਲਿਕਤਾ, ਸਪਸ਼ਟਤਾ ਅਤੇ ਸੁਹਿਰਦਤਾ ਉਸ ਦੇ ਨਿਬੰਧਾਂ ਦੇ ਪ੍ਰਮੁਖ ਲੱਛਣ ਹਨ। ਉਹ ਸ਼ਬਦਾਂ ਦੀ ਢੁਕਵੀਂ ਚੋਣ ਉਪਰ ਵੀ ਬਹੁਤ ਜ਼ੋਰ ਦਿੰਦਾ ਸੀ। ਉਹ ਜਾਣਦਾ ਸੀ ਕਿ ਸ਼ਬਦ-ਚੋਣ, ਭਾਵਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ। ਵਿਸ਼ੈ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਉਸਦੇ ਲੇਖ ਬੜੀਆਂ ਉਤਕ੍ਰਿਸ਼ਟ ਅਤੇ ਮਿਆਰੀ ਰਚਨਾਵਾਂ ਹਨ।

ਪੰਜਾਬੀ ਦਾ ਤੀਜਾ ਸ੍ਰੇਸ਼ਠ ਨਿਬੰਧਕਾਰ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਮੰਨਿਆ ਜਾਂਦਾ ਹੈ। ਉਸ ਨੇ ਗਿਣਤੀ ਦੇ ਪੱਖੋਂ ਵੀ ਸਭ ਤੋਂ ਵੱਧ ਨਿਬੰਧ ਲਿਖੇ ਹੋਣਗੇ। ਉਸ ਨੂੰ 'ਸ਼ਬਦਾਂ ਦਾ ਇੰਜੀਨੀਅਰ' ਕਿਹਾ ਜਾਂਦਾ ਹੈ ਕਿਉਂਕਿ ਉਹ ਆਪਣੇ ਲੇਖਾਂ ਦੀ ਭਾਸ਼ਾ ਅਤੇ ਸ਼ਬਦਾਵਲੀ ਪ੍ਰਤੀ ਪੂਰਨ ਭਾਂਤ ਚੇਤੰਨ ਰਹਿੰਦਾ ਸੀ। ਆਪਣੇ ਇਕ ਲੇਖ ਵਿਚ ਉਹ ਸ਼ਬਦਾਂ ਨੂੰ 'ਸੋਨੇ ਦੀਆਂ ਇੱਟਾਂ' ਨਾਲ ਤੁਲਨਾ ਦਿੰਦਾ ਹੈ। ਇਨ੍ਹਾਂ ਵਿਚੋਂ ਹਰ ਇੱਟ ਨੂੰ ਲਿਸ਼ਕਾ-ਪੁਸ਼ਕਾ ਕੇ ਥਾਂ ਸਿਰ ਜੋੜਨ ਦੀ ਜ਼ਰੂਰਤ ਪੈਂਦੀ ਹੈ। ਸਪਸ਼ਟਤਾ, ਸਰਲਤਾ, ਨਿਆਇ, ਰੋਚਕਤਾ, ਸੰਜਮ ਅਤੇ ਕਾਵਿਕਤਾ ਉਸ ਦੀ ਲੇਖ-ਰਚਨਾ ਦੇ ਪ੍ਰਮੁਖ ਲੱਛਣ ਹਨ। ਉਸ ਨੇ ਪੰਜਾਬੀ ਲੇਖ-ਰਚਨਾ ਦੇ ਪ੍ਰਸੰਗ ਵਿਚ ਬਹੁਤ ਸਾਰੇ ਪ੍ਰਯੋਗ ਕੀਤੇ। ਉਸ ਨੇ ਇਹੋ ਜਿਹੇ ਵਿਸ਼ਿਆਂ ਬਾਰੇ ਵੀ ਲੇਖ ਲਿਖੇ, ਜੋ ਪੰਜਾਬੀ ਵਾਰਤਕ ਵਿਚ ਪਹਿਲਾਂ ਕਦੀ ਨਹੀਂ ਸਨ ਆਏ। ਇਨ੍ਹਾਂ ਲੇਖਕਾਂ ਦੇ ਨਾਲ-ਨਾਲ ਸ. ਹਰਿੰਦਰ ਸਿੰਘ ਰੂਪ, ਚਰਨ ਸਿੰਘ ਸ਼ਹੀਦ, ਗੁਰਬਚਨ ਸਿੰਘ ਤਾਲਿਬ, ਜੀਤ ਸਿੰਘ ਸੀਤਲ, ਸੂਬਾ ਸਿੰਘ, ਗਿਆਨੀ ਗੁਰਦਿੱਤ ਸਿੰਘ ਅਤੇ ਸ. ਸ. ਅਮੋਲ ਨੇ ਵੀ ਪੰਜਾਬੀ ਲੇਖ-ਰਚਨਾ ਵਿਚ ਮਹਤਵਪੂਰਨ ਯੋਗਦਾਨ ਪਾਇਆ ਹੈ। ਸਮਕਾਲੀ ਲੇਖਕਾਂ ਵਿਚ ਡਾ. ਨਰਿੰਦਰ ਸਿੰਘ ਕਪੂਰ, ਕੇ.ਐਲ. ਗਰਗ, ਹਰਚੰਦ ਸਿੰਘ ਸਰਹੰਦੀ, ਸੁਰਜੀਤ ਸਿੰਘ ਢਿਲੋਂ, ਸ਼ੰਗਾਰਾ ਸਿੰਘ ਭੁੱਲਰ, ਅਮਰਜੀਤ ਸਿੰਘ ਚੰਦਨ ਅਤੇ ਪੂਰਨ ਸਿੰਘ (ਯੂ.ਕੇ.) ਵਰਗੇ ਲੇਖਕ ਇਸ ਸਿਨਫ਼ ਨੂੰ ਸਮਰਿਧ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ।

**(ੲ) ਨਰਿੰਦਰ ਸਿੰਘ ਕਪੂਰ ਦਾ ਰਚਨਾਤਮਕ ਅਨੁਭਵ**

ਡਾ. ਨਰਿੰਦਰ ਸਿੰਘ ਕਪੂਰ ਵਿਸ਼ਵ ਸਾਹਿੱਤ ਦਾ ਇਕ ਗੰਭੀਰ ਪਾਠਕ ਰਿਹਾ ਹੈ। ਅੰਗਰੇਜ਼ੀ ਸਾਹਿਤ, ਫਿਲਾਸਫ਼ੀ, ਪੰਜਾਬੀ ਸਾਹਿੱਤ ਅਤੇ ਪੱਤਰਕਾਰੀ ਦੇ ਖੇਤਰ ਵਿਚ ਉਚ-ਡਿਗਰੀਆਂ ਪ੍ਰਾਪਤ ਕਰਨ ਸਦਕਾ ਉਸ ਨੂੰ ਸਾਹਿਤ ਰਚਨਾ ਦੇ ਪ੍ਰਯੋਜਨ ਅਤੇ ਮਹਤਵ ਬਾਰੇ ਡੂੰਘੀ ਜਾਣਕਾਰੀ ਹੈ। ਉਸ ਨੂੰ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਬਹੁਤ ਸੰਘਰਸ਼ ਕਰਨਾ ਪਿਆ। ਯੂਨੀਵਰਸਿਟੀ ਪੱਧਰ ਦੀ ਉਚੀ ਅਤੇ ਮਹਿੰਗੀ ਸਿੱਖਿਆ ਉਸ ਵਰਗੇ ਸਾਧਾਰਣ ਨੌਜਵਾਨ ਲਈ, ਪ੍ਰਾਪਤ ਕਰਨੀ ਕੋਈ ਸੌਖਾ ਕੰਮ ਨਹੀਂ ਸੀ। ਪਰ ਉਸ ਨੇ ਆਪਣੀ ਸੀਮਾਵਾਂ ਅਤੇ ਮੁਸ਼ਕਿਲਾਂ ਤੋਂ ਉਪਰ ਉੱਠਣ ਦਾ ਸੰਕਲਪ ਕਰ ਰੱਖਿਆ ਸੀ। ਇਸ ਕਾਰਨ ਉਹ ਡਟ ਕੇ ਮਿਹਨਤ ਕਰਦਾ ਰਿਹਾ।

ਇਸ ਮਿਹਨਤ ਅਤੇ ਸਿਦਕਦਿਲੀ ਦੇ ਸਦਕਾ ਪਹਿਲਾਂ ਉਹ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਅਤੇ ਫੇਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫ਼ੈਸਰ ਸੀਲੈਕਟ ਹੋ ਗਿਆ। ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਉਸ ਦੀ ਸ਼ਖ਼ਸੀਅਤ ਦੇ ਜ਼ਰੂਰੀ ਅੰਗ ਰਹੇ ਹਨ। ਇਹੀ ਕਾਰਨ ਹੈ ਕਿ ਉਹ ਅਜੋਕੀ ਯੁਵਾ-ਪੀੜ੍ਹੀ ਨੂੰ ਇਹ ਗੁਣ ਅਪਨਾਉਣ ਉਪਰ ਜ਼ੋਰ ਦਿੰਦਾ ਹੈ। ਦੇਖੋ :

> ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਹਰੇਕ ਸਫ਼ਲਤਾ ਦੇ ਬੁਨਿਆਦੀ ਲੱਛਣ ਹੁੰਦੇ ਹਨ। ਇਹ ਲੱਛਣ ਸਾਧਾਰਣ ਵਿਅਕਤੀ ਨੂੰ ਵਿਸ਼ੇਸ਼ ਬਣਾ ਦਿੰਦੇ ਹਨ। ਜੇ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਨਾਲ ਹਿੰਮਤ ਅਤੇ ਸ੍ਵੈ-ਵਿਸ਼ਵਾਸ ਵੀ ਜੁੜ ਜਾਣ ਤਾਂ ਇਹ ਯੋਧੇ ਦੇ ਗੁਣ ਬਣ ਜਾਂਦੇ ਹਨ। ਜੇ ਇਨ੍ਹਾਂ ਵਿਚ ਉਡੀਕ ਅਤੇ ਵਫ਼ਾਦਾਰੀ ਮਿਲ ਜਾਣ ਤਾਂ ਇਹ ਇਕ ਪ੍ਰੇਮੀ ਦੇ ਗੁਣ ਹੋ ਨਿਬੜਦੇ ਹਨ। ਜੇ ਇਨ੍ਹਾਂ ਵਿਚ ਸਬਰ ਅਤੇ ਸੰਤੋਖ ਘੁਲ ਜਾਣ ਤਾਂ ਇਹ ਸੰਤ ਦੇ ਗੁਣ ਅਖਵਾਉਂਦੇ ਹਨ। ਸਿਦਕ, ਸਿਰੜ, ਕੁਰਬਾਨੀ ਅਤੇ ਤਿਆਗ ਤੋਂ ਬਿਨਾਂ ਕੋਈ ਪ੍ਰਾਪਤੀ ਜਾਂ ਸਫ਼ਲਤਾ ਸਤਿਕਾਰਯੋਗ ਨਹੀਂ ਬਣਦੀ। (*ਸਿਦਕ, ਸਿਰੜ ਅਤੇ ਦ੍ਰਿੜ੍ਹਤਾ*, ਪੰਨਾ 10)

ਅਜੋਕੇ ਪੂੰਜੀਵਾਦੀ ਯੁਗ ਵਿਚ ਬਹੁਤ ਸਾਰੇ ਲੋਕ ਸਫ਼ਲ ਹੋਣ ਲਈ ਛੋਟੇ ਰਾਹਾਂ (short cut) ਦੀ ਤਲਾਸ਼ ਵਿਚ ਰੁੱਝੇ ਰਹਿੰਦੇ ਹਨ। ਕੁਝ ਲੋਕ ਰਾਜਸੀ ਨੇਤਾਵਾਂ ਜਾਂ ਵੱਡੇ-ਵੱਡੇ ਅਫ਼ਸਰਾਂ ਦੇ ਚਰਨੀਂ ਲੱਗ ਜਾਂਦੇ ਹਨ। ਉਨ੍ਹਾਂ ਦੇ ਅੱਗੇ-ਪਿੱਛੇ ਫਿਰਦੇ ਰਹਿੰਦੇ ਹਨ ਤਾਂ ਜੋ ਉਨ੍ਹਾਂ ਦੀ ਨਜ਼ਰ ਵਿਚ ਚੜ੍ਹ ਕੇ ਉਹ ਕੋਈ ਮਹਤਵਪੂਰਨ ਅਹੁਦਾ/ਪਦਵੀ ਪ੍ਰਾਪਤ ਕਰ ਸਕਣ। ਇਨ੍ਹਾਂ ਵਿਚੋਂ ਬਹੁਤ ਸਾਰੇ ਵਿਅਕਤੀ ਆਪਣੀ ਮਨਸ਼ਾ ਵਿਚ ਸਫ਼ਲ ਵੀ ਹੋ ਜਾਂਦੇ ਹਨ। ਪਰ ਨਰਿੰਦਰ ਸਿੰਘ ਕਪੂਰ ਇਹੋ ਜਿਹੀਆਂ ਪ੍ਰਾਪਤੀਆਂ ਉਪਰ ਮਾਨ ਕਰਨ ਦੀ ਸਲਾਹ ਨਹੀਂ ਦਿੰਦਾ। ਉਸ ਦੀ ਧਾਰਨਾ ਹੈ ਕਿ ਮਿਹਨਤ ਅਤੇ ਯੋਗਤਾ ਤੋਂ ਬਗੈਰ ਕੀਤੀ ਹੋਈ ਪ੍ਰਾਪਤੀ ਦੇ ਦੋ ਵੱਡੇ ਨੁਕਸਾਨ ਹੁੰਦੇ ਹਨ। ਇਕ ਤਾਂ ਅਜਿਹੀ ਪ੍ਰਾਪਤੀ ਵਿਅਕਤੀ ਨੂੰ ਸੱਚੀ ਖ਼ੁਸ਼ੀ ਨਹੀਂ ਦਿੰਦੀ ਅਤੇ ਦੂਸਰੇ, ਅਜਿਹੀਆਂ ਪ੍ਰਾਪਤੀਆਂ ਕਿਸੇ ਸਮਾਜ ਅਤੇ ਦੇਸ਼ ਦਾ ਵੱਡਾ ਨੁਕਸਾਨ ਕਰ ਦਿੰਦੀਆਂ ਹਨ। ਉੱਚੀਆਂ ਪਦਵੀਆਂ ਉਪਰ ਬੈਠ ਕੇ ਨਾਲਾਇਕ ਅਤੇ ਖੁਸ਼ਾਮਦੀ ਲੋਕ ਦੇਸ਼ ਦਾ ਕੋਈ ਭਲਾ ਨਹੀਂ ਕਰ ਸਕਦੇ। ਉਹ ਆਪਣੇ ਹੀ ਛੋਟੇ-ਮੋਟੇ ਫਾਇਦਿਆਂ ਲਈ ਤਰਲੋਮੱਛੀ ਹੁੰਦੇ ਰਹਿੰਦੇ ਹਨ ਅਤੇ ਬਹੁਤੀ ਵਾਰ ਉਨ੍ਹਾਂ ਦਾ ਆਪਣਾ ਹਸ਼ਰ ਬਹੁਤ ਮਾੜਾ ਹੁੰਦਾ ਹੈ। ਇਸ ਪ੍ਰਸੰਗ ਵਿਚ ਲੇਖਕ ਦੀ ਇਕ ਟਿੱਪਣੀ ਵੇਖੋ :

> ਕਿਸਮਤ ਨਾਲ ਜਾਂ ਸਿਫਾਰਿਸ਼ ਨਾਲ ਤੁਹਾਨੂੰ ਕੋਈ ਨੌਕਰੀ ਜਾਂ ਅਵਸਰ ਮਿਲ ਸਕਦਾ ਹੈ ਪਰ ਇਹ ਨੌਕਰੀ ਤੁਹਾਡੇ ਕੋਲ ਰਹੇਗੀ ਤਾਂ ਹੀ, ਜੇ ਰੱਖਣ ਦੀ ਸਮਰੱਥਾ ਅਤੇ ਮਿਲੇ ਅਵਸਰ ਦੇ ਹਾਣ ਦੇ ਹੋਣ ਦੀ ਯੋਗਤਾ ਹੋਵੇਗੀ।
>
> ਲੱਖਾਂ ਹੀ ਨਹੀਂ ਕਰੋੜਾਂ ਲੋਕ ਆਪਣੀ ਯੋਗਤਾ-ਸਮਰੱਥਾ ਸਮਝੇ ਬਿਨਾਂ ਜ਼ਿੰਦਗੀ ਦਾ ਜੁਰਮਾਨਾ ਭਰ ਰਹੇ ਹਨ। ਇੱਛਾ ਤਾਂ ਹੁੰਦੀ ਹੈ ਪਰ ਯੋਗਤਾ ਨਹੀਂ ਹੁੰਦੀ। ਅਵਸਰ ਤਾਂ ਮਿਲਦਾ ਹੈ ਪਰ ਯੋਗਤਾ ਜਵਾਬ ਦੇ ਜਾਂਦੀ ਹੈ। (*ਯੋਗਤਾ ਅਤੇ ਸਮਰੱਥਾ*, ਪੰਨੇ 35-36)

ਡਾ. ਕਪੂਰ ਵਿਗਿਆਨਕ ਅਤੇ ਤਰਕਸ਼ੀਲ ਸੋਚ ਨੂੰ ਅਪਨਾਉਣ ਉਪਰ ਜ਼ੋਰ ਦਿੰਦਾ ਹੈ। ਉਸ ਤੋਂ ਪਹਿਲਾਂ ਇਸ ਪ੍ਰਕਾਰ ਦਾ ਸੰਦੇਸ਼ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਦਿੱਤਾ ਸੀ। ਡਾ. ਕਪੂਰ, ਸ. ਪ੍ਰੀਤਲੜੀ ਦੀ ਪਰੰਪਰਾ ਨੂੰ ਹੀ ਨਿਖਾਰਦਾ-ਵਿਸਤਾਰਦਾ ਹੈ। ਦੋਹਾਂ ਵਿਚ ਫ਼ਰਕ ਇਹੀ ਹੈ ਕਿ ਸ. ਪ੍ਰੀਤਲੜੀ ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਲੇਖਕ ਸੀ, ਜੋ ਦੂਜੇ ਅੱਧ ਵਿਚ ਵੀ ਲਿਖਦਾ ਰਿਹਾ। ਨਰਿੰਦਰ ਸਿੰਘ ਕਪੂਰ ਨੇ ਵੀਹਵੀਂ ਸਦੀ ਦੇ ਅੰਤਿਮ ਦਹਾਕਿਆਂ ਵਿਚ ਲੇਖ-ਰਚਨਾ ਸ਼ੁਰੂ ਕੀਤੀ ਸੀ ਅਤੇ ਉਹ ਇਕੀਵੀਂ ਸਦੀ ਵਿਚ ਵੀ ਪੂਰੀ ਵਚਨਬੱਧਤਾ ਨਾਲ ਲਿਖ ਰਿਹਾ ਹੈ। ਉਸ ਦੇ ਰਚਨਾ-ਕਾਲ ਦੌਰਾਨ ਪੂੰਜੀਵਾਦ, ਉੱਤਰ ਪੂੰਜੀਵਾਦ ਅਤੇ ਵੈਸ਼ਵੀਕਰਣ ਵਰਗੇ ਕਈ ਦੌਰ ਆਏ ਅਤੇ ਉਸ ਨੇ ਹਰ ਇਕ ਦੌਰ ਨਾਲ ਨਜਿੱਠਣ ਦੀ ਪੂਰੀ ਵਾਹ ਲਾਈ। ਰਵਾਇਤੀ ਲੋਕਾਂ ਵਾਂਗ ਉਹ ਧਨ-ਦੌਲਤ ਨੂੰ ਅਰਥਹੀਣ ਘੋਸ਼ਿਤ ਨਹੀਂ ਕਰਦਾ ਕਿਉਂਕਿ ਉਹ ਜਾਣਦਾ ਹੈ ਕਿ ਅਜੋਕੇ ਦੌਰ ਵਿਚ ਪੈਸੇ ਦੀ ਸਰਦਾਰੀ ਪੱਕੀ ਤਰ੍ਹਾਂ ਨਾਲ ਸਥਾਪਿਤ ਹੋ ਗਈ ਹੈ। ਇਸ ਨੂੰ ਵਿਸਥਾਪਿਤ ਕਰਨਾ ਹਾਲ ਦੀ ਘੜੀ, ਅਸੰਭਵ ਪ੍ਰਤੀਤ ਹੋ ਰਿਹਾ ਹੈ। ਪਰ ਉਹ ਪੈਸੇ ਦੀ ਪ੍ਰਾਪਤੀ ਲਈ ਨੈਤਿਕ ਪਹਿਲੂਆਂ ਨੂੰ ਨਜ਼ਰਅੰਦਾਜ਼ ਕਰਨ ਦਾ ਸਮਰਥਕ ਨਹੀਂ ਹੈ। ਉਸਦਾ ਵਿਸ਼ਵਾਸ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਨਾਲ ਵੀ ਪੈਸਾ ਕਮਾਇਆ ਜਾ ਸਕਦਾ ਹੈ। ਧਨ-ਪ੍ਰਾਪਤੀ ਲਈ ਭ੍ਰਸ਼ਟ ਜਾਂ ਦੁਰਾਚਾਰੀ ਹੋਣ ਦੀ ਜ਼ਰੂਰਤ ਨਹੀਂ ਹੈ। ਆਪਣੇ ਇਕ ਲੇਖ ਵਿਚ ਧਨ-ਦੌਲਤ ਦੇ ਮਹਤਵ ਬਾਰੇ ਉਹ ਲਿਖਦਾ ਹੈ :

> ਆਪਣੇ ਦੇਸ਼ ਵਿਚ ਅਸੀਂ ਪੈਸੇ ਨੂੰ ਬਹੁਤ ਭੰਡ ਚੁੱਕੇ ਹਾਂ ਪਰ ਹੁਣ ਇਸ ਦੀ ਤਾਕਤ ਨੂੰ ਸਮਝਣ ਅਤੇ ਵਰਤਣ ਦੀ ਲੋੜ ਹੈ। ਪੈਸਾ ਉਸ ਦੀ ਪ੍ਰਵਾਹ ਕਰਦਾ ਹੈ ਜੋ ਪੈਸੇ ਦੀ ਪ੍ਰਵਾਹ ਕਰਦਾ ਹੈ। ਪੈਸਾ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦਾ ਪਰ ਪੈਸੇ ਬਿਨਾਂ ਕੋਈ ਵੀ ਸਮੱਸਿਆ ਹੱਲ ਨਹੀਂ ਹੁੰਦੀ।... ਵਾਸਤਵ ਵਿਚ

ਸਾਰੇ ਰਿਸ਼ਤੇ ਪੈਸੇ ਦੇ ਰਿਸ਼ਤੇ ਹਨ, ਮਹਤਵ ਪੈਸੇ ਦਾ ਹੈ। ਜਿਸ ਕੋਲ ਪੈਸਾ ਹੁੰਦਾ ਹੈ, ਉਸਦਾ ਮਹਤਵ ਬਣ ਜਾਂਦਾ ਹੈ। ਜਿਸ ਕੋਲ ਪੈਸਾ ਨਹੀਂ ਹੁੰਦਾ ਉਹ ਭਾਵੇਂ ਕਿਤਨੀਆਂ ਹੀ ਸਿਆਣੀਆਂ ਗੱਲਾਂ ਕਰੇ, ਕੋਈ ਨਹੀਂ ਸੁਣਦਾ। (*ਪੈਸਾ, ਧਨ ਅਤੇ ਦੌਲਤ*, ਪੰਨਾ 46)

ਨਰਿੰਦਰ ਸਿੰਘ ਕਪੂਰ ਇਕ ਪ੍ਰਯੋਗਸ਼ੀਲ ਲੇਖਕ ਹੈ। ਉਹ ਰਵਾਇਤਾਂ, ਰੂੜ੍ਹੀਆਂ ਅਤੇ ਭਰਮ-ਭੁਲੇਖਿਆਂ ਦਾ ਭੰਜਨ ਕਰਨ ਤੋਂ ਝਿਜਕਦਾ ਜਾਂ ਕਤਰਾਉਂਦਾ ਨਹੀਂ ਹੈ। ਉਸਨੂੰ ਜੋ ਸਹੀ ਲੱਗਦਾ ਹੈ, ਉਸ ਨੂੰ ਲਿਖ ਦੇਂਦਾ ਹੈ। ਉਸ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਦੰਭੀ ਅਤੇ ਮੁਖੌਟਾਧਾਰੀ ਲੋਕ ਬਹੁਤ ਸਾਰੇ ਆਸਣ ਮੱਲੀ ਬੈਠੇ ਹਨ ਅਤੇ ਅਜਿਹੇ ਲੋਕਾਂ ਉਪਰ ਵਿਅੰਗ ਕਰਨਾ ਉਸ ਵਾਸਤੇ ਖ਼ਤਰਨਾਕ ਹੋ ਸਕਦਾ ਹੈ। ਉਸ ਨੂੰ ਇਹ ਗਿਲਾ ਤਾਂ ਜ਼ਰੂਰ ਹੈ ਕਿ ਬਹੁਤ ਸਾਰੇ ਕਥਿਤ ਬੁੱਧੀਜੀਵੀ ਅਤੇ ਸਿਆਣੇ ਸਮਝੇ ਜਾਂਦੇ ਲੋਕ ਥਨੀ ਅਤੇ ਕਰਨੀ ਦੇ ਪੱਖੋਂ ਇਕੋ ਤਰ੍ਹਾਂ ਦੇ ਨਹੀਂ ਹਨ। ਇਹ ਲੋਕ ਕਹਿੰਦੇ ਕੁਝ ਹਨ ਅਤੇ ਕਰਦੇ/ਕਮਾਉਂਦੇ ਕੁਝ ਹੋਰ ਹਨ। ਉਹ ਚਾਹੁੰਦਾ ਹੈ ਕਿ ਹਰ ਬੰਦਾ ਸੱਚ ਬੋਲੇ, ਘੱਟੋ-ਘੱਟ ਆਪਣੇ ਨਾਲ ਤਾਂ ਸੱਚਾ ਹੋਵੇ। ਇਸ ਪ੍ਰਕਾਰ ਉਹ ਸੱਚ ਉਪਰ ਪਹਿਰਾ ਦੇਣ ਦਾ ਪਾਠ ਦ੍ਰਿੜ੍ਹ ਕਰਵਾਉਂਦਾ ਹੈ ਅਤੇ ਇਸ ਪ੍ਰਸੰਗ ਵਿਚ ਮਹਾਨ ਵਿਅਕਤੀਆਂ ਦੇ ਜੀਵਨ ਵਿਚੋਂ ਢੁੱਕਵੇਂ ਦ੍ਰਿਸ਼ਟਾਂਤ ਪੇਸ਼ ਕਰਦਾ ਰਹਿੰਦਾ ਹੈ।

**(ਸ) ਮੁਖ ਵਿਸ਼ੈ ਅਤੇ ਸਰੋਕਾਰ**

ਨਰਿੰਦਰ ਸਿੰਘ ਕਪੂਰ ਆਪਣੇ ਸਮਾਜ ਨੂੰ ਸਵਸਥ, ਕਲਿਆਣਕਾਰੀ ਅਤੇ ਸੁਚੱਜਾ ਬਣਾਉਣਾ ਚਾਹੁੰਦਾ ਹੈ। ਉਹ ਆਜ਼ਾਦ ਭਾਰਤ ਵਿਚ ਵਧਿਆ-ਫੁਲਿਆ। ਬੇਸ਼ਕ ਉਸ ਦੇ ਪਰਿਵਾਰ ਨੂੰ ਦੇਸ਼-ਵੰਡ ਦਾ ਸੰਤਾਪ ਝੇਲਣਾ ਪਿਆ ਪਰੰਤੂ ਪਰਿਵਾਰ ਦੇ ਸਾਰੇ ਜੀਅ ਮਿਹਨਤੀ ਅਤੇ ਸਿਰੜੀ ਸੁਭਾਅ ਦੇ ਸਨ, ਇਸ ਕਾਰਨ ਛੇਤੀ ਹੀ ਇਹ ਪਰਿਵਾਰ ਜੀਵਨ ਵਿਚ ਪੁਨਰ-ਸਥਾਪਿਤ ਹੋ ਗਿਆ। ਨਰਿੰਦਰ ਸਿੰਘ ਕਪੂਰ ਪੜ੍ਹਾਈ ਦੇ ਦੌਰਾਨ ਕੁਝ ਫੁਟਕਲ ਕੰਮ-ਧੰਦੇ ਕਰਦਾ ਰਿਹਾ ਜਿਨ੍ਹਾਂ ਨਾਲ ਉਸ ਦੀ ਉਚੇਰੀ ਪੜ੍ਹਾਈ ਦਾ ਖਰਚਾ ਨਿਕਲ ਜਾਂਦਾ ਸੀ। ਪੜ੍ਹਾਈ ਵਿਚ ਲਾਇਕ ਹੋਣ ਦੇ ਕਾਰਨ ਉਸ ਨੂੰ ਸਮੇਂ-ਸਮੇਂ ਚੰਗੀਆਂ ਨੌਕਰੀਆਂ ਮਿਲਦੀਆਂ ਰਹੀਆਂ, ਜਿਨ੍ਹਾਂ ਕਾਰਨ ਉਸ ਨੂੰ ਆਪਣੇ ਜੀਵਨ ਵਿਚ ਕਦੇ ਵੀ ਕਿਸੇ ਤੰਗੀ ਜਾਂ ਦੁਸ਼ਵਾਰੀ ਦਾ ਸਾਹਮਣਾ ਨਾ ਕਰਨਾ ਪਿਆ। ਪਰ ਉਸ ਦੀ ਇੱਛਾ ਰਹੀ ਹੈ ਕਿ ਉਸ ਦੇ ਸਮਕਾਲੀ ਲੋਕ ਸੁਹਿਰਦ ਅਤੇ ਈਮਾਨਦਾਰ ਜ਼ਰੂਰ ਹੋਣ, ਯੁਵਾ ਪੀੜ੍ਹੀ ਪਟ ਕੇ ਮਿਹਨਤ ਕਰੇ, ਫਜ਼ੂਲ ਕੰਮਾਂ ਵਿਚ ਆਪਣਾ ਵਕਤ ਬਰਬਾਦ ਨਾ ਕਰੇ ਅਤੇ ਆਪਣੀ ਮੰਜ਼ਿਲ ਉਪਰ ਪਹੁੰਚਣ ਤੋਂ ਪਹਿਲਾਂ ਦਮ ਨਾ ਲਵੇ। ਇਸੇ ਕਾਰਨ ਉਹ ਇਕ ਉਦੇਸ਼ਪੂਰਨ ਲੇਖਕ ਬਣਿਆ ਹੈ। ਉਹ ਆਪਣੇ ਸਮਕਾਲੀ ਪਾਠਕਾਂ ਨੂੰ ਸੁਚੱਜੇ ਸੁਝਾਉ ਦਿੰਦਾ ਹੈ, ਜਿਨ੍ਹਾਂ ਨਾਲ ਉਹ ਆਪਣੇ ਜੀਵਨ ਨੂੰ ਸੁਖਾਵਾਂ ਅਤੇ ਸੁਚੱਜਾ ਬਣਾ ਸਕਦੇ ਹਨ। ਇਸ ਸੂਰਤ ਵਿਚ ਉਹ ਇਕ ਕਲਿਆਣਕਾਰੀ ਅਤੇ ਵਚਨਬੱਧ ਲੇਖਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਆਪਣੇ ਲੇਖਾਂ ਦੇ ਮਾਧਿਅਮ ਨਾਲ ਉਹ ਪੰਜਾਬ ਅਤੇ ਪੰਜਾਬੀਆਂ ਦੀ ਭਰਪੂਰ ਸੇਵਾ ਕਰ ਰਿਹਾ ਹੈ। 'ਡੂੰਘੀਆਂ ਸਿਖਰਾਂ' ਪੁਸਤਕ ਵਿਚ ਆਏ ਉਸ ਦੇ ਕੁਝ ਪ੍ਰਮੁੱਖ ਸਰੋਕਾਰ ਇਸ ਪ੍ਰਕਾਰ ਹਨ :

1. **ਉਦੇਸ਼ :** ਉਚੇ ਉਦੇਸ਼ ਤੋਂ ਬਿਨਾਂ ਕੀਤੇ ਕੰਮ ਦਾ ਕੋਈ ਨਤੀਜਾ ਨਹੀਂ ਨਿਕਲਦਾ। ਜੇ ਕੋਈ ਨਿਸ਼ਚਿਤ ਉਦੇਸ਼ ਨਾ ਹੋਵੇ ਤਾਂ ਮਨੁੱਖ ਦੀ ਕਿਸੇ ਕੰਮ ਵਿਚ ਰੁਚੀ ਜਾਂ ਦਿਲਚਸਪੀ ਹੀ ਨਹੀਂ ਉਪਜਦੀ। (ਪੰਨਾ 16)

2. **ਦੁਖ ਦਾਰੂ ਹੈ :** ਜਿਨ੍ਹਾਂ ਨੂੰ ਦੁਖਾਂ ਵਿਚੋਂ ਲੰਘਣਾ ਪੈਂਦਾ ਹੈ, ਉਹ ਮਿੱਠੇ ਅਤੇ ਪਿਆਰੇ ਹੋ ਜਾਂਦੇ ਹਨ। ਦੁਖਾਂ ਵਿਚੋਂ ਹੀ ਮਹਾਨ ਵਿਅਕਤੀਆਂ, ਅਮਰ ਰਚਨਾਵਾਂ ਅਤੇ ਸਦਾ ਟੁੰਬਦੇ ਰਹਿਣ ਵਾਲੇ ਗੀਤਾਂ ਦਾ ਜਨਮ ਹੁੰਦਾ ਹੈ। ਜੇ ਜੀਵਨ ਵਿਚ ਦੁੱਖ ਨਾ ਹੁੰਦੇ ਤਾਂ ਆਤਮਾ, ਪਰਮਾਤਮਾ, ਹਮਦਰਦੀ, ਸਹਿਯੋਗ ਅਤੇ ਪਿਆਰੇ ਦੇ ਸੰਕਲਪ ਵੀ ਨਾ ਹੁੰਦੇ। ਸੰਕਟ ਦਾ ਵੀ ਲਾਭ ਹੁੰਦਾ ਹੈ, ਸੰਕਟ ਵਿਚ ਸਾਡੀ ਸੋਚਣ ਦੀ ਸਮਰੱਥਾ ਵਧਦੀ ਹੈ। ਸੰਸਾਰ ਦਾ ਮਹਾਨ ਗਿਆਨ ਸੰਕਟਾਂ ਦੀ ਦੇਣ ਹੁੰਦਾ ਹੈ। (ਪੰਨਾ 22)

3. **ਆਸ਼ਾਵਾਦ :** ਚੰਗੀਆਂ ਉਦਾਹਰਣਾਂ ਨਾਲ ਬੱਚਿਆਂ ਨੂੰ ਆਸ਼ਾਵਾਦੀ ਬਣਾਉ ਕਿਉਂਕਿ ਆਸ਼ਾਵਾਦੀ ਉਸ ਰੌਸ਼ਨੀ ਨੂੰ ਵੀ ਦੇਖ ਲੈਂਦਾ ਹੈ, ਜਿਹੜੀ ਉਥੇ ਹੁੰਦੀ ਹੀ ਨਹੀਂ ਪਰ ਨਿਰਾਸ਼ਾਵਾਦੀ ਜਗਦੇ ਦੀਵੇ ਨੂੰ ਵੀ ਫੂਕ ਮਾਰ ਕੇ ਬੁਝਾ ਦਿੰਦ ਹੈ। ਆਸ਼ਾਵਾਦੀ ਨੂੰ ਹਰ ਤਰਫ਼ ਅਵਸਰ ਹੀ ਅਵਸਰ ਦਿਸਦੇ ਹਨ। (ਪੰਨਾ 40)

4. **ਧਨ-ਦੌਲਤ :** ਤਜਰਬਾ ਦਸਦਾ ਹੈ ਕਿ ਆਪਣੀ ਮਿਹਨਤ ਨਾਲ ਕਮਾਏ ਪੈਸੇ ਸਭ ਤੋਂ ਵੱਧ ਬਰਕਤ ਵਾਲੇ ਹੁੰਦੇ ਹਨ ਕਿਉਂਕਿ ਮਿਹਨਤ ਕਰਦਿਆਂ ਸਾਡੇ ਵਿਚ ਸਰਬਪੱਖੀ ਵਿਕਾਸ ਵੀ ਵਾਪਰਦਾ ਹੈ। ਵਿਰਸੇ ਵਿਚ ਮਿਲੇ ਪੈਸੇ ਫਜ਼ੂਲ ਚੀਜ਼ਾਂ ਤੇ ਖਰਚ ਹੁੰਦੇ ਹਨ। ਦੋਸਤ ਜਾਂ ਭਰਾ ਤੋਂ ਹਥਿਆਏ ਜਾਂ ਕਿਸੇ ਦਾ ਹੱਕ ਮਾਰ ਕੇ ਲਏ ਪੈਸੇ ਨੁਕਸਾਨ ਕਰਦੇ ਹਨ। ਕਿਸੇ ਇਸਤ੍ਰੀ ਤੋਂ ਧੋਖੇ ਨਾਲ ਲਏ ਪੈਸੇ ਕਦੇ ਸੁਖ ਨਹੀਂ ਦਿੰਦੇ। (ਪੰਨਾ 51)

5. **ਸੇਵਾ ਅਤੇ ਸਹਿਯੋਗ :** ਪੰਜਾਬੀ ਸਭਿਆਚਾਰ ਵਿਚ ਸੇਵਾ ਅਤੇ ਸਹਿਯੋਗ ਨੂੰ ਬਹੁਤ ਮਹਤਵ ਪੂਰਨ ਹੈ। ਸੇਵਾ ਅਤੇ ਸਹਿਯੋਗ ਦਾ ਦੋਹਰਾ ਲਾਭ ਹੁੰਦਾ ਹੈ। ਪਹਿਲਾ ਲਾਭ ਉਸ ਧਿਰ ਨੂੰ ਹੁੰਦਾ ਹੈ, ਜਿਸ ਦੀ ਸੇਵਾ ਕੀਤੀ ਜਾਂਦੀ ਹੈ ਅਤੇ ਦੂਸਰਾ ਲਾਭ ਸੇਵਾ ਕਰਨ ਵਾਲੀ ਧਿਰ ਨੂੰ ਹੁੰਦਾ ਹੈ। ਸੇਵਾ ਕਰਨ ਨਾਲ ਮਾਨਸਿਕ ਸੁਖ ਅਤੇ ਸ਼ਾਂਤੀ ਮਿਲਦੀ ਹੈ। ਆਤਮ-ਸੰਤੋਸ਼ ਪ੍ਰਾਪਤ ਹੁੰਦਾ ਹੈ। ਮਨ ਵਿਚੋਂ ਹਉਮੈ ਦੇ ਭਾਵ ਨਿਕਲ ਜਾਂਦੇ ਹਨ ਅਤੇ ਨਿਮਰਤਾ ਦਾ ਪ੍ਰਵੇਸ਼ ਹੋ ਜਾਂਦਾ ਹੈ। ਲੇਖਕ ਦੇ ਸ਼ਬਦਾਂ ਵਿਚ, "ਸੰਸਾਰ ਵਿਚ ਜੋ ਕੁਝ ਵੀ ਚੰਗਾ ਹੈ ਅਤੇ ਜਿਤਨੀ ਵੀ ਖੁਸ਼ੀ ਹੈ, ਉਹ ਦੂਜਿਆਂ ਵੱਲੋਂ ਰੱਖੇ ਧਿਆਨ, ਕੀਤੀਆਂ ਕੁਰਬਾਨੀਆਂ ਅਤੇ ਦਿੱਤੇ ਸਹਿਯੋਗ ਦਾ ਸਿੱਟਾ ਹੈ ਅਤੇ ਸੰਸਾਰ ਵਿਚ ਜਿਤਨਾ ਦੁਖ ਹੈ, ਉਹ ਸੇਵਾ-ਸਹਾਇਤਾ ਦੀ ਅਣਹੋਂਦ ਵਿਚੋਂ ਉਪਜੇ ਸਵਾਰਥ ਦੇ ਕਾਰਨ ਹੈ। ਸੇਵਾ, ਸਹਿਯੋਗ ਅਤੇ ਸਹਾਇਤਾ ਖੁਸ਼ਹਾਲੀ ਦੇ ਸੰਦੇਸ਼ ਹਨ।" (ਪੰਨਾ 61)

6. **ਅਣਖ ਅਤੇ ਅਕਲ :** ਲੇਖਕ ਅਣਖ ਅਤੇ ਅਕਲ ਨੂੰ ਇਕ-ਦੂਜੇ ਦੇ ਵਿਪਰੀਤਾਰਥਕ ਸਿੱਧ ਕਰਦਾ ਹੈ। ਉਸਦਾ ਵਿਚਾਰ ਹੈ ਕਿ ਅਣਖ ਇਕ ਮਧਕਾਲੀਨ ਸੰਕਲਪ ਹੈ। ਅਜੋਕੇ ਪੂੰਜੀਵਾਦੀ ਯੁਗ ਵਿਚ ਇਸ ਦੀ ਬਹੁਤੀ ਲੋੜ ਨਹੀਂ ਹੈ। ਅਫ਼ਗਾਨ ਲੋਕ ਮਧਕਾਲ ਦੇ ਸਮੇਂ ਤੋਂ ਅਣਖ ਨੂੰ ਜੀਵਨ ਦਾ ਸਭ ਤੋਂ ਬੁਨਿਆਦੀ ਤੱਤ ਮੰਨਦੇ ਆ ਰਹੇ ਹਨ। ਉਹ ਕਿਸੇ ਦੀ ਈਨ ਮੰਨਣ ਲਈ ਤਿਆਰ ਨਹੀਂ। ਸਿੱਟੇ ਵਜੋਂ ਉਹ ਬਹੁਤ ਪਛੜ ਗਏ ਹਨ। ਲੇਖਕ ਦੇ ਸ਼ਬਦਾਂ ਵਿਚ :

> ਅਜੋਕੇ ਯੁਗ ਵਿਚ ਅਣਖ ਦਾ ਦੂਜਾ ਨਾਮ ਅਫ਼ਗਾਨਿਸਤਾਨ ਹੈ। ਅਫ਼ਗਾਨਾਂ ਨੇ ਕਦੇ ਕਿਸੇ ਨਾਲ ਸਮਝੌਤਾ ਨਹੀਂ ਕੀਤਾ। ਕੋਈ ਗਿਆਨ ਗ੍ਰਹਿਣ ਵੀ ਨਹੀਂ ਕੀਤਾ। ਹਰੇਕ ਇਸਤ੍ਰੀ ਨੂੰ ਦੋ-ਦੋ ਬੁਰਕੇ ਪੁਆ ਕੇ ਹਰੇਕ ਪਠਾਣ ਨੇ ਦੋ-ਦੋ ਬੰਦੂਕਾਂ ਲਟਕਾਂ ਲਈਆਂ ਹਨ। ਜੇ ਕਿਸੇ ਨਾਲ ਸਹਿਯੋਗ-ਸਮਝੌਤਾ ਨਹੀਂ ਕਰਨਾ ਤਾਂ ਅਕਲ ਦੀ ਲੋੜ ਨਹੀਂ।... ਹਰੇਕ ਗੁਜ਼ਰਦੇ ਸਾਨ ਨਾਲ ਅਫ਼ਗਾਨਿਸਤਾਨ ਇਕ-ਦੋ ਸਦੀਆਂ ਹੋਰ ਪਿਛੇ ਚਲਾ ਜਾਂਦਾ ਹੈ। (ਪੰਨਾ 93)

ਡਾ. ਕਪੂਰ ਬੜੀ ਦ੍ਰਿੜ੍ਹਤਾ ਨਾਲ ਲਿਖਦਾ ਹੈ ਕਿ ਅਜੋਕਾ ਯੁਗ ਅਣਖ ਦਾ ਨਹੀਂ, ਅਕਲ ਦਾ ਯੁਗ ਹੈ। ਅਕਲ ਦਾ ਸੰਬੰਧ ਸਮਝਣ ਨਾਲ ਹੈ, ਸਮਝਣ ਦਾ ਉਦੇਸ਼ ਸਥਿਤੀ ਨੂੰ ਆਪਣੇ ਪੱਖ ਵਿਚ ਕਰਨ ਤੋਂ ਹੈ। ਅਜੋਕੀਆਂ ਜਿੱਤਾਂ ਅਕਲ ਦੀਆਂ ਜਿੱਤਾਂ ਹਨ। ਭਾਵੇਂ ਸਦੀਆਂ ਲੜਵੇ ਰਹੋ ਪਰ ਅੰਤ ਨੂੰ ਸਮਝੌਤਾ ਕਰਨਾ ਪਵੇਗਾ।

7. **ਚੰਗੇ ਲੱਗਣ ਦੀ ਰੀਝ :** ਚੰਗੇ ਲੱਗਣ ਦੀ ਰੀਝ ਮਨੁੱਖ ਵਿਚ ਆਦਿਮ ਕਾਲ ਤੋਂ ਹੈ। ਚੰਗੇ ਲੱਗਣ ਦਾ ਅਰਥ ਹੈ, ਕਿਸੇ ਵਿਅਕਤੀ ਜਾਂ ਧਿਰ ਨੇ ਤੁਹਾਨੂੰ ਪ੍ਰਵਾਨ ਕਰ ਲਿਆ ਹੈ। ਇਹ ਪ੍ਰਵਾਨਗੀ ਵਿਅਕਤੀ ਦੀ ਸ਼ਨਾਖਤ (identity) ਨੂੰ ਮਜ਼ਬੂਤ ਕਰਦੀ ਹੈ। ਸ਼ਨਾਖਤ-ਪ੍ਰਾਪਤੀ ਤੋਂ ਬਿਨਾਂ ਹਰ ਵਿਅਕਤੀ ਖੰਡਿਤ ਅਤੇ ਬੇਗਾਨਾ (alienate) ਹੋ ਜਾਂਦਾ ਹੈ। ਪੁਰਾਣੇ ਮਧਕਾਲੀਨ ਯੁਗ ਵਿਚ ਬਹੁਤੇ ਲੋਕ ਇਕ ਹੀ ਸਥਾਨ ਉਪਰ ਆਪਣਾ ਪੂਰਾ ਜੀਵਨ ਬਿਤਾ ਦਿੰਦੇ ਸਨ ਪਰ ਅਜੋਕੇ ਆਧੁਨਿਕ ਯੁਗ ਵਿਚ ਇਹ ਗੱਲ ਸੰਭਵ ਨਹੀਂ ਹੈ। ਹਰ ਬੰਦੇ ਨੂੰ ਪੜ੍ਹਾਈ-ਲਿਖਾਈ ਲਈ, ਰੋਜ਼ਗਾਰ ਪ੍ਰਾਪਤੀ ਵਾਸਤੇ ਜਾਂ ਜੀਵਨ ਦੀਆਂ ਚੰਗੀਆਂ ਸੁਖ-ਸਹੂਲਤਾਂ ਦੀ ਉਪਲਬਧੀ ਲਈ ਆਪਣੇ ਜੀਵਨ ਵਿਚ ਕਈ-ਕਈ ਸਥਾਨ ਬਦਲਣੇ ਪੈਂਦੇ ਹਨ। ਉਸ ਸੂਰਤ ਵਿਚ ਉਸ ਅੰਦਰ ਚੰਗਾ ਲੱਗਣ ਦਾ ਹੁਨਰ ਜ਼ਰੂਰ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਅਜਨਬੀ ਅਤੇ ਗ਼ੈਰ (other) ਹੋ ਕੇ ਰਹਿ ਜਾਵੇਗਾ। ਇਸ ਹੁਨਰ ਦੀ ਪ੍ਰਾਪਤੀ ਲਈ ਕੁਝ ਸੁਝਾਉ ਦਿੰਦਾ ਹੋਇਆ ਡਾ. ਕਪੂਰ ਲਿਖਦਾ ਹੈ :

> ਚੰਗੇ ਬਣਨ ਲਈ ਪਹਿਲੀ ਲੋੜ ਇਹ ਮੰਨਣਾ ਹੈ ਕਿ ਮੈਂ ਚੰਗਾ ਹਾਂ ਨਹੀਂ, ਪਰ ਮੈਂ ਚੰਗਾ ਬਣਨਾ ਹੈ। ਅਜ ਤੋਂ ਮੈਂ ਦੂਜਿਆਂ ਨਾਲ ਚੰਗੇ ਵਿਹਾਰ ਨਾਲ ਵਰਤਣਾ ਹੈ। ਸਮਾਜ ਨੂੰ ਅਣਗਿਣਤ ਚੰਗੇ ਬੰਦਿਆਂ ਦੀ ਲੋੜ ਹੈ। ਉਨ੍ਹਾਂ ਵਿਚੋਂ ਮੈਂ ਵੀ ਇੱਕ ਹੋਣਾ ਹੈ। ਮੈਂ ਆਪਣੇ ਸਮਾਜ ਅਤੇ ਆਪਣੀ ਕੌਮ ਨੂੰ ਟੋਇਆਂ ਵਿਚੋਂ ਕੱਢ ਕੇ ਪਹਾੜਾਂ ਦੇ ਰਾਹ ਪਾਉਣਾ ਹੈ। ਅਜ ਤੋਂ ਚੰਗਾ ਵਿਹਾਰ, ਚੰਗੀ ਬੋਲ-ਬਾਣੀ ਅਤੇ ਤੰਦਰੁਸਤੀ ਮੇਰੀ ਸੁੰਦਰਤਾ ਹੋਵੇਗੀ। (*ਚੰਗਿਆਂ ਨੂੰ ਚੰਗੇ ਲੱਗਣ ਦੀ ਰੀਝ*, ਪੰਨੇ 129-130)

8. **ਸਫ਼ਲਤਾ ਪ੍ਰਾਪਤੀ ਦੀ ਕੁੰਜੀ :** ਡਾ. ਨਰਿੰਦਰ ਸਿੰਘ ਕਪੂਰ ਹਰ ਰਚਨਾ ਆਧੁਨਿਕ ਯੁਗ ਵਿਚ ਸਫ਼ਲ ਜੀਵਨ ਦੇ ਭੇਤ ਉਜਾਗਰ ਕਰਦੀ ਹੈ। ਬਹੁਤੇ ਮਨੁਖ ਇਸ ਕਾਰਨ ਸਫ਼ਲ ਨਹੀਂ ਹੋ ਪਾਉਂਦੇ ਕਿਉਂਕਿ ਉਹ ਆਧੁਨਿਕ ਜੀਵਨ-ਜਾਂਚ ਨੂੰ ਜਾਣਦੇ ਨਹੀਂ ਹਨ। ਇਹ ਯੁਗ ਛੋਟੇ-ਛੋਟੇ ਸਮਝੌਤਿਆਂ ਅਤੇ ਦੂਜਿਆਂ ਦੇ ਕੰਮ ਆਉਣ ਦਾ ਯੁਗ ਹੈ। ਜਿਹੜਾ ਵਿਅਕਤੀ ਹਰ ਸਮੇਂ ਮਰਨ-ਮਾਰਨ ਨੂੰ ਤਿਆਰ ਰਹਿੰਦਾ ਹੈ, ਆਪਣੇ ਆਪ ਤੱਕ ਹੀ ਸੀਮਿਤ ਰਹਿੰਦਾ ਹੈ, ਉਹ ਜੀਵਨ ਵਿਚ ਸਫ਼ਲ ਨਹੀਂ ਹੋ ਸਕਦਾ ਬਲਕਿ ਪਛੜ ਜਾਂਦਾ ਹੈ। ਕਈ ਵਾਰ ਅਸੀਂ ਅਜਿਹੇ ਧਨਾਢ ਵਿਅਕਤੀਆਂ ਨੂੰ ਮਿਲਦੇ ਹਾਂ ਜਿਹੜੇ ਅਭਿਮਾਨੀ ਅਤੇ ਕ੍ਰੋਧੀ ਹੁੰਦੇ ਹਨ ਪਰ ਅਜਿਹੇ ਲੋਕਾਂ

ਨੂੰ ਸਫ਼ਲਤਾ ਆਪਣੇ ਮਾਪਿਆਂ ਤੋਂ ਮਿਲੀ ਹੁੰਦੀ ਹੈ ਅਤੇ ਯਾਦ ਰੱਖੋ ਛੇਤੀ ਹੀ ਅਜਿਹੇ ਲੋਕ ਗ਼ਰੀਬ ਹੋਣ ਦੇ ਰਾਹ ਉਪਰ ਤੁਰ ਪੈਂਦੇ ਹਨ। ਸੋ ਇਸ ਯੁਗ ਵਿਚ ਸਫ਼ਲ ਹੋਣ ਲਈ ਵਿਅਕਤੀ ਨੂੰ ਆਪਣੇ ਅੰਦਰ ਚੰਗੇ ਗੁਣ ਅਤੇ ਕਲਿਆਣਕਾਰੀ ਕਦਰਾਂ-ਕੀਮਤਾਂ ਪੈਦਾ ਕਰਨੀਆਂ ਪੈਂਦੀਆਂ ਹਨ। ਇਸ ਪ੍ਰਸੰਗ ਵਿਚ ਲੇਖਕ ਲਿਖਦਾ ਹੈ :

> ਸੁਸਤ ਲੋਕ ਕਦੇ ਖੁਸ਼ਹਾਲ ਨਹੀਂ ਹੁੰਦੇ ਅਤੇ ਖੁਸ਼ਹਾਲ ਲੋਕ ਕਦੇ ਸੁਸਤ ਨਹੀਂ ਹੁੰਦੇ। ਕਿਸੇ ਨਿਪੁੰਨ, ਅਮੀਰ ਅਤੇ ਖੁਸ਼ਹਾਲ ਵਿਅਕਤੀ ਨੂੰ ਦੇਖੋ, ਉਹ ਕਿਵੇਂ ਕੰਮ ਕਰਦਾ ਹੈ, ਕਿਤਨੇ ਘੰਟੇ ਕੰਮ ਕਰਦਾ ਹੈ ਅਤੇ ਕਿਹੜਾ ਕੰਮ ਕਰਦਾ ਹੈ ਅਤੇ ਕਿਹੜਾ ਕੰਮ ਮੁਲਤਵੀ ਕਰਦਾ ਹੈ। ਉਸ ਨੂੰ ਵੇਖਣ ਨਾਲ ਤੁਹਾਨੂੰ ਸਫ਼ਲਤਾ ਦਾ ਨੇਮ ਲੱਭ ਜਾਵੇਗਾ। (*ਜੀਵਨ ਦਾ ਵਿਹਾਰਕ ਪੱਖ*, ਪੰਨਾ 112)

**(ਹ) ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਅਤੇ ਬਿਰਤਾਂਤ ਜੁਗਤਾਂ**

ਡਾ. ਨਰਿੰਦਰ ਸਿੰਘ ਕਪੂਰ ਦੀ ਗੱਦ-ਸ਼ੈਲੀ ਬੜੀ ਮੌਲਿਕ, ਆਕ੍ਰਸ਼ਕ ਅਤੇ ਪ੍ਰਭਾਵਸ਼ਾਲੀ ਹੈ। ਉਹ ਜਿਸ ਵਿਸ਼ੈ ਬਾਰੇ ਆਪਣੀ ਕਲਮ ਉਠਾਉਂਦਾ ਹੈ, ਉਸ ਨੂੰ ਨਵੇਂ ਖੰਗ ਨਾਲ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਹਰ ਲੇਖ ਦਾ ਆਰੰਭ ਉਹ ਛੋਟੇ-ਛੋਟੇ ਵਾਕਾਂ ਅਤੇ ਪੈਰਿਆਂ ਨਾਲ ਕਰਦਾ ਹੈ, ਜਿਨ੍ਹਾਂ ਦੇ ਮਾਧਿਅਮ ਦੁਆਰਾ ਉਹ ਵਿਸ਼ੈ ਦੇ ਖੇਤਰ (scope) ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ। ਅਜਿਹੇ ਵਾਕ ਅਤੇ ਪੈਰੇ ਇਕ ਤਰ੍ਹਾਂ ਦੀ ਭੂਮਿਕਾ ਦਾ ਕੰਮ ਕਰਦੇ ਹਨ ਪਰ ਇਹ ਭੂਮਿਕਾ ਲੰਬੀ, ਅਕਾਊ ਜਾਂ ਨੀਰਸ ਨਹੀਂ ਹੁੰਦੀ। ਕਈ ਵਾਰ ਉਹ ਰਵਾਇਤੀ ਵਿਚਾਰਧਾਰਾ ਦਾ ਅਤਿਕ੍ਰਮਣ (ਉਲੰਘਣਾ) ਕਰਕੇ ਪਾਠਕਾਂ ਦੀ ਉਤਸੁਕਤਾ ਨੂੰ ਆਪਣੇ ਵੱਲ ਆਕ੍ਰਸ਼ਿਤ ਕਰ ਲੈਂਦਾ ਹੈ। ਉਸ ਦੇ ਇਕ ਲੇਖ ਦਾ ਆਰੰਭ ਦੇਖੋ :

> ਧਰਤੀ ਉਤੇ ਜੀਵਨ ਨੂੰ ਚਲਾਉਂਦਾ ਤਾਂ ਸੂਰਜ ਹੈ ਪਰ ਘੁਮਾਉਂਦਾ ਪੈਸਾ ਹੈ।
> ਜਦੋਂ ਪੈਸਾ ਬੋਲਦਾ ਹੈ, ਸਾਰੇ ਧਿਆਨ ਨਾਲ ਸੁਣਦੇ ਹਨ।
> ਸਮਾਜਿਕ ਜੀਵਨ ਲਈ ਪੈਸਾ ਆਕਸੀਜਨ ਹੈ। (*ਪੈਸਾ, ਧਨ ਅਤੇ ਦੌਲ*, ਪੰਨਾ 44)

ਆਪਣੀ ਗੱਦ-ਸ਼ੈਲੀ ਨੂੰ ਵਿਸ਼ਵਾਸਯੋਗ ਅਤੇ ਪ੍ਰੇਰਨਾਭਰਪੂਰ ਬਣਾਉਣ ਲਈ ਡਾ. ਕਪੂਰ ਤਰਕ ਅਤੇ ਦਲੀਲਬਾਜ਼ੀ ਦਾ ਢੁੱਕਵਾਂ ਪ੍ਰਯੋਗ ਕਰਦਾ ਹੈ। ਉਹ ਜਾਣਦਾ ਹੈ ਕਿ ਅਜੋਕਾ ਪਾਠਕ ਕਿਸੇ ਧਾਰਨਾ ਨੂੰ ਕੇਵਲ ਇਸੇ ਲਈ ਪ੍ਰਵਾਨ ਨਹੀਂ ਕਰੇਗਾ ਕਿਉਂਕਿ ਹੋਰ ਲੋਕ ਉਸ ਧਾਰਨਾ ਨੂੰ ਪ੍ਰਵਾਨ ਕਰਦੇ ਹਨ। ਉਸ ਨੂੰ ਆਪਣਾ ਹਮਖ਼ਿਆਲ ਬਣਾਉਣ ਲਈ ਠੋਸ ਦਲੀਲਾਂ ਦੇਣੀਆਂ ਪੈਂਦੀਆਂ ਹਨ। ਡਾ. ਕਪੂਰ ਦਲੀਲਬਾਜ਼ੀ ਦਾ ਬੜਾ ਸੁਚੱਜਾ ਪ੍ਰਯੋਗ ਕਰਦਾ ਹੈ। ਦੇਖੋ :

> ਆਮ ਕਿਹਾ ਜਾਂਦਾ ਹੈ ਕਿ ਜਿੱਥੇ ਧਨ ਹੈ, ਉਥੇ ਕਲੇਸ਼ ਹੈ ਪਰ ਕਲੇਸ਼ ਧਨ ਕਾਰਨ ਨਹੀਂ ਹੁੰਦਾ, ਬਿਨਾਂ ਕਮਾਏ ਧਨ ਨੂੰ ਹਥਿਆਉਣ ਕਾਰਨ ਹੁੰਦਾ ਹੈ। ਚਰਿੱਤਰ ਦਾ ਨਿਰਮਾਣ ਈਮਾਨਦਾਰੀ ਦੀ ਕਮਾਈ ਕਰਦੀ ਹੈ, ਇਸੇ ਕਰਕੇ ਜਿਨ੍ਹਾਂ ਦੀਆਂ ਲਾਟਰੀਆਂ ਨਿਕਲਦੀਆਂ ਹਨ, ਉਨ੍ਹਾਂ ਦੀ ਮਗਰੋਂ ਕੋਈ ਚਰਚਾ ਨਹੀਂ ਹੁੰਦੀ। ਧੋਖੇ ਨਾਲ ਉਸਰੀ ਅਮੀਰੀ ਦੀ ਬੁਨਿਆਦ ਵਿਚ ਦੁਖ ਅਤੇ ਅਨਿਆਂ ਹੁੰਦਾ ਹੈ। ਇਸੇ ਕਰਕੇ ਚੋਰਾਂ-ਸਮਗਲਰਾਂ ਕੋਲ ਜੀਵਨ ਦੀ ਤਸੱਲੀ ਨਹੀਂ ਹੁੰਦੀ। (*ਪੈਸਾ, ਧਨ ਅਤੇ ਦੌਲਤ*, ਪੰਨਾ 51)

'ਡੂੰਘੀਆਂ ਸਿਖਰਾਂ' ਇਕ ਮਨੋਵਿਗਿਆਨਕ ਅਤੇ ਪ੍ਰੇਰਨਾਭਰਪੂਰ ਪੁਸਤਕ ਹੈ। ਪਾਠਕਾਂ ਦੀ ਰਵਾਇਤੀ ਸੋਚ ਦਾ ਰੂਪਾਂਤਰਣ ਕਰਨ ਲਈ ਲੇਖਕ ਕਲਪਨਾ ਅਤੇ ਭਾਵਨਾਵਾਂ ਦਾ ਭਰਪੂਰ ਪ੍ਰਯੋਗ ਕਰਦਾ ਹੈ। ਕਲਪਨਾ ਦੇ ਮਾਧਿਅਮ ਦੁਆਰਾ ਇਕ ਅਜਿਹੀ ਦੁਨੀਆਂ ਵਿਚ ਲੈ ਜਾਂਦਾ ਹੈ, ਜਿਸ ਵਿਚ ਹਰ ਤਰਫ਼ ਪਿਆਰ, ਸੇਵਾ, ਸਹਿਯੋਗ ਅਤੇ ਸਦਭਾਵਨਾ ਦੇ ਫੁੱਲ ਖਿੜੇ ਹੋਏ ਹਨ। ਨਫ਼ਰਤ ਅਤੇ ਈਰਖਾ ਦਾ ਨਾਮ-ਨਿਸ਼ਾਨ ਵੀ ਨਹੀਂ ਹੈ। ਅਜਿਹੀ ਦੁਨੀਆਂ ਦਾ ਚਿਤ੍ਰਣ ਕਰਨ ਸਮੇਂ ਲੇਖਕ ਦਾ ਅੰਦਾਜ਼ ਕਾਵਿਕ ਹੋ ਜਾਂਦਾ ਹੈ। ਦੇਖੋ :

> ਜਿਸ ਨਾਲ ਸਾਨੂੰ ਪਿਆਰ ਹੋ ਜਾਂਦਾ ਹੈ, ਉਸ ਦਾ ਚਿਹਰਾ ਸਾਡੇ ਲਈ ਸਾਰਾ ਸੰਸਾਰ ਬਣ ਜਾਂਦਾ ਹੈ।
> ਉਹ ਇਕ ਵਿਅਕਤੀ ਨਹੀਂ ਰਹਿੰਦਾ ਇਕ ਖ਼ਿਆਲ ਬਣ ਜਾਂਦਾ ਹੈ।
> ਉਹ ਇਕ ਦ੍ਰਿਸ਼ ਬਣ ਜਾਂਦਾ ਹੈ, ਜਿਸ ਨੂੰ ਅਸੀਂ ਕਲਪਨਾ ਦੀ ਅੱਖ ਨਾਲ ਨਿਹਾਰਦੇ ਰਹਿੰਦੇ ਹਾਂ।
> ਉਹ ਹਵਾ ਵਿਚ ਘੁਲ ਜਾਂਦਾ ਹੈ, ਜਿਸ ਦਾ ਅਸੀਂ ਸਾਹ ਲੈਂਦੇ ਹਾਂ।
> (*ਆਵਾਜ਼ ਅਤੇ ਗੂੰਜ*, ਪੰਨਾ 62)

ਸੰਭਾਸ਼ਵਤਾ (rhetorics) ਡਾ. ਕਪੂਰ ਦੀ ਗੱਦ ਸ਼ੈਲੀ ਦਾ ਇਕ ਹੋਰ ਗੁਣ ਹੈ। ਸੰਭਾਸ਼ਣਤਾ ਵਿਚ ਰਸਮੀ ਸ਼ਬਦਾਵਲੀ ਵਿਸ਼ੇਸ਼ਣਯੁਕਤ-ਵਾਕ ਬਣਤਰਾਂ ਅਤੇ ਸੰਬੋਧਨੀ ਅੰਦਾਜ਼ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸ਼ੈਲੀ ਆਮ ਤੌਰ ਤੇ ਭਾਸ਼ਣਾ ਜਾਂ ਸੰਬੋਧਨਾਂ

ਵਿਚ ਵਰਤੀ ਜਾਂਦੀ ਹੈ, ਜਦੋਂ ਕੋਈ ਵਿਅਕਤੀ ਆਪਣੇ ਸੰਗੀਆਂ-ਸਾਥੀਆਂ ਨੂੰ ਅੰਦੋਲਿਤ ਕਰ ਰਿਹਾ ਹੋਵੇ। ਡਾ. ਕਪੂਰ ਦੀ ਸ਼ੈਲੀ ਵਿਚੋਂ ਇਸ ਗੁਣ ਦਾ ਇਕ ਪ੍ਰਗਟਾਵਾ ਦੇਖੋ :

> ਸਮਾਜ ਨੂੰ ਬਦਲਣ ਵਾਸਤੇ ਬਹਾਦਰ ਅਤੇ ਦੂਰਅੰਦੇਸ਼ ਸਿਦਕਵਾਨਾਂ ਦੀ ਲੋੜ ਪੈਂਦੀ ਹੈ। ਖੇਤਰ ਕੋਈ ਵੀ ਹੋਵੇ, ਉੱਤਮਤਾ ਦੀ ਕੀਮਤ ਜੀਵਨ ਭਰ ਦੀ ਮਿਹਨਤ ਹੁੰਦੀ ਹੈ, ਇਸ ਤੋਂ ਸਸਤੀ ਇਹ ਕਿਧਰੇ ਮਿਲਦੀ ਹੀ ਨਹੀਂ। ਹਰ ਤਬਦੀਲੀ ਵਾਸਤੇ ਅਤੇ ਹਰ ਵਿਕਾਸ ਵਾਸਤੇ ਜਦੋਜਹਿਦ ਕਰਨੀ ਅਤੇ ਲੜਨਾ ਪੈਂਦਾ ਹੈ। ਮਿਹਨਤ ਲੜਨ ਦੀ ਹੀ ਇਕ ਕਿਸਮ ਹੈ।...
>
> ਭਾਵੇਂ ਸਥਿਤੀ ਗੰਭੀਰ ਹੈ ਪਰ ਸਾਰਾਗੜ੍ਹੀ ਦੇ ਬਹਾਦਰਾਂ ਵਾਂਗ ਅਸੀਂ ਆਪਣੀਆਂ ਸ਼ਕਤੀਆਂ ਨੂੰ ਪਛਾਣ ਕੇ, ਚੰਗਾ ਉਦੇਸ਼ ਮਿਥ ਕੇ, ਸਿਦਕ-ਸਿਰੜ ਅਤੇ ਦ੍ਰਿੜ੍ਹਤਾ ਨਾਲ, ਹਾਰ ਅਤੇ ਅਸਫ਼ਲਤਾ ਨੂੰ ਜ਼ਰੂਰ ਪਛਾੜ ਸਕਦੇ ਹਾਂ। (*ਸਿਦਕ, ਸਿਰੜ ਅਤੇ ਦ੍ਰਿੜ੍ਹਤਾ*, ਪੰਨੇ 16-17)

ਚੁਸਤ ਅਤੇ ਵਿਰੋਧਾਭਾਸ਼ੀ ਵਾਕ-ਬਣਤਰਾਂ ਡਾ. ਕਪੂਰ ਦੀ ਗੱਦ-ਸ਼ੈਲੀ ਦੀ ਇਕ ਹੋਰ ਵਿਲੱਖਣਤਾ ਹੈ। ਉਹ ਸਰਲਤਾ ਅਤੇ ਸਾਦਗੀ ਦਾ ਉਪਾਸਕ ਨਹੀਂ ਹੈ ਬਲਕਿ ਵਚਿੱਤਰਤਾ ਅਤੇ ਮੌਲਿਕਤਾ ਨੂੰ ਆਧੁਨਿਕ ਗੱਦ ਸ਼ੈਲੀ ਦਾ ਮੂਲ ਲੱਛਣ ਮੰਨਦਾ ਹੈ। ਉਸ ਦੇ ਲਿਖੇ ਹੋਏ ਛੋਟੇ ਅਤੇ ਦਿਲਚਸਪ ਵਾਕ ਸ਼ਕਤੀਆਂ (Quotes) ਅਤੇ ਅਖਾਣਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਕੁਝ ਉਦਾਹਰਣ ਦੇਖੋ :

1. ਸੌਖੀਆਂ ਜਿਤਾਂ ਦਾ ਮਾਨ-ਸਤਿਕਾਰ ਨਹੀਂ ਹੁੰਦਾ।
2. ਬਾਜ਼ ਅਸਮਾਨ ਦਾ ਸ਼ੇਰ ਹੁੰਦਾ ਹੈ।
3. ਯੁੱਧ ਵਿਚ ਭਿੜਦੀ ਭਾਵੇਂ ਫੌਜ ਹੈ ਪਰ ਲੜਦਾ ਕੌਮ ਦਾ ਸਿਦਕ ਹੈ।
4. ਪਿਆਰ ਵਿਚ ਹਉਮੈ ਦਾ ਬੋਝ ਲਹਿ ਜਾਂਦਾ ਹੈ।
5. ਰੋਣਾ, ਇਸਤ੍ਰੀ ਦੀ ਪੁਰਸ਼ ਨਾਲੋਂ ਇਕ ਉਚੇਰੀ ਯੋਗਤਾ ਹੈ।
6. ਦੁਖਾਂ ਤੋਂ ਮੁਕਤ ਜੀਵਨ ਦੀ ਕੋਈ ਸੰਭਾਵਨਾ ਨਹੀਂ।
7. ਈਮਾਨਦਾਰੀ ਨਾਲ ਸ਼ਿਕਾਰ ਨਹੀਂ ਕੀਤਾ ਜਾ ਸਕਦਾ।
8. ਕਾਮ ਦੇ ਪੱਖੋਂ ਅਤ੍ਰਿਪਤ ਵਿਅਕਤੀ ਹਿੰਸਕ ਹੁੰਦਾ ਹੈ।
9. ਅਣਵਰਤੀ ਯੋਗਤਾ ਪਛਤਾਵੇ ਦਾ ਕਾਰਨ ਬਣਦੀ ਹੈ।
10. ਸਿਆਣੇ ਕੰਮ ਕਰਦੇ ਹਨ, ਮੂਰਖ ਬਹਾਨੇ ਲਾਉਂਦੇ ਹਨ।

**(ਕ) ਨਰਿੰਦਰ ਸਿੰਘ ਕਪੂਰ ਦਾ ਪੰਜਾਬੀ ਵਾਰਤਕ ਵਿਚ ਸਥਾਨ**

ਡਾ. ਨਰਿੰਦਰ ਸਿੰਘ ਕਪੂਰ ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸ਼ਾਨਦਾਰ ਪਰੰਪਰਾ ਦਾ ਯੋਗ ਵਾਰਿਸ ਹੈ। ਉਸ ਦੀਆਂ ਵਾਰਤਕ ਰਚਨਾਵਾਂ ਗਿਆਨ-ਪ੍ਰਦਰਸ਼ਨ ਦੀ ਕੋਸ਼ਿਸ਼ ਨਹੀਂ ਕਰਦੀਆਂ। ਉਹ ਇਕ ਅਨੁਭਵੀ ਲੇਖਕ ਹੈ। ਉਸ ਨੇ ਮਨੁਖੀ ਜੀਵਨ ਦੀਆਂ ਔਕੜਾਂ, ਸਮੱਸਿਆਵਾਂ ਅਤੇ ਵਿਸੰਗਤੀਆਂ ਨੂੰ ਝੇਲਿਆ ਅਤੇ ਪਛਾੜਿਆ ਹੈ। ਇਸ ਸੂਰਤ ਵਿਚ ਉਹ ਪਾਠਕਾਂ ਨਾਲ ਆਪਣਾ ਵਿਅਕਤੀਗਤ ਅਨੁਭਵ ਸਾਂਝਾ ਕਰ ਸਕਦਾ ਹੈ। ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਉਸ ਤੋਂ ਬਿਨਾਂ ਹੋਰ ਕੋਈ ਲੇਖਕ ਅਜਿਹਾ ਨਹੀਂ ਸੀ ਜੋ ਆਪਣੇ ਨਿੱਜੀ ਅਨੁਭਵ ਦਾ ਸੰਚਾਰ ਕਰ ਸਕੇ। ਇਹੀ ਕਾਰਨ ਸੀ ਕਿ ਆਲੋਚਕ ਲੋਕ ਪੰਜਾਬੀ ਵਿਚ ਲੇਖ-ਪਰੰਪਰਾ ਦੇ ਖ਼ਤਮ ਹੋਣ ਬਾਰੇ ਅੰਦੇਸ਼ੇ ਪ੍ਰਗਟ ਕਰਦੇ ਰਹਿੰਦੇ ਸਨ। ਡਾ. ਕਪੂਰ ਨੇ ਅਚਾਨਕ ਹੀ ਪੰਜਾਬੀ ਵਾਰਤਕ ਦੇ ਖੇਤਰ ਵਿਚ ਉਪਸਥਿਤ ਹੋ ਕੇ ਪਾਠਕਾਂ ਅਤੇ ਆਲੋਚਕਾਂ ਦੇ ਅਜਿਹੇ ਅੰਦੇਸ਼ਿਆਂ ਨੂੰ ਖ਼ਤਮ ਕਰ ਦਿੱਤਾ।

ਡਾ. ਕਪੂਰ ਦੀ ਇਕ ਹੋਰ ਦੇਣ ਮੌਲਿਕਤਾ ਹੈ। ਉਹ ਆਪਣੇ ਸਮਾਜ ਅਤੇ ਸਭਿਆਚਾਰ ਵਿਚੋਂ ਬਣੀਆਂ-ਬਣਾਈਆਂ ਧਾਰਨਾਵਾਂ ਨਹੀਂ ਚੁਕਦਾ ਬਲਕਿ ਹਰ ਸਥਾਪਿਤ ਧਾਰਨਾ ਦੇ ਦੂਜੇ ਪਾਸੇ ਝਾਕਣ ਦਾ ਹੀਆ ਕਰਦਾ ਹੈ। ਉਸ ਨੇ ਪਾਠਕਾਂ ਦੀ ਰਵਾਇਤੀ ਸੋਚ ਨੂੰ ਬਦਲ ਕੇ ਰੱਖ ਦਿੱਤਾ ਹੈ। ਜੀਵਨ ਦੇ ਬਹੁਤ ਸਾਰੇ ਪੱਖਾਂ ਅਤੇ ਮੁੱਲਾਂ ਬਾਰੇ ਉਸ ਨੇ ਨਵੇਂ ਅਤੇ ਵੱਖਰੇ ਵਿਚਾਰ ਪ੍ਰਦਾਨ ਕੀਤੇ ਹਨ। ਉਹ ਵੱਖਰੇਪਣ ਅਤੇ ਵੱਖਰੇ ਹੋਣ ਨੂੰ ਸੈਲੀਬ੍ਰੇਟ ਕਰਦਾ ਹੈ। ਇਸੇ ਕਾਰਨ ਉਹ ਪਾਠਕਾਂ ਨੂੰ ਚੰਗਾ ਲਗਦਾ ਹੈ।

ਉਸ ਦੇ ਮਨ ਵਿਚ ਪਾਠਕਾਂ ਦੀ ਯੋਗ ਅਗਵਾਈ ਕਰਨ ਦਾ ਚਾਅ ਹੈ। ਉਹ ਜਾਣਦਾ ਹੈ ਕਿ ਸਾਡੇ ਪੰਜਾਬੀ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਅਸਫ਼ਲਤਾਵਾਂ ਦੇ ਬੀਜ ਉਨ੍ਹਾਂ ਦੀ ਵੇਲਾ ਵਿਹਾ ਚੁਕੀ ਸੋਚ ਵਿਚ ਪਏ ਹਨ। ਉਹ ਇਸ ਸੋਚ ਨੂੰ ਬਦਲਣ ਵਾਸਤੇ

ਇਤਿਹਾਸ ਅਤੇ ਸਮਾਜ ਵਿਚੋਂ ਢੁਕਵੀਆਂ ਦਲੀਲਾਂ ਦਿੰਦਾ ਹੈ। ਉਹ ਜਾਣਦਾ ਹੈ ਕਿ ਮਧਕਾਲੀਨ ਨੈਤਿਕ ਸ਼ਾਸਤਰ ਨਾਲ ਆਧੁਨਿਕ ਪੂੰਜੀਵਾਦੀ ਯੁਗ ਵਿਚ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸੋ ਉਹ ਤਬਦੀਲੀ ਦਾ ਸੰਦੇਸ਼ ਲੈ ਕੇ ਸਾਹਿੱਤ ਦੀ ਦੁਨੀਆਂ ਵਿਚ ਪ੍ਰਵੇਸ਼ ਕਰਦਾ ਹੈ।

ਡਾ. ਕਪੂਰ ਇਕ ਅੰਤਰ-ਅਨੁਸ਼ਾਸਨੀ ਵਿਦਵਾਨ ਹੈ। ਉਹ ਸਾਹਿਤ, ਦਰਸ਼ਨ (philosophy) ਅਤੇ ਜਨ ਸੰਚਾਰ ਆਦਿਕ ਵਿਸ਼ਿਆਂ ਬਾਰੇ ਪੂਰਨ ਅਧਿਕਾਰ ਸਹਿਤ ਪ੍ਰਵਚਨ ਕਰ ਸਕਦਾ ਹੈ ਕਿਉਂਕਿ ਉਸ ਪਾਸ ਇਨ੍ਹਾਂ ਅਨੁਸ਼ਾਸਨਾਂ ਦੀਆਂ ਉਚੀਆਂ ਡਿਗਰੀਆਂ ਹਨ। ਅਜੋਕੇ ਦੌਰ ਵਿਚ ਪਾਠਕ ਅੰਤਰ-ਅਨੁਸ਼ਾਸਨੀ ਸੋਚ ਨੂੰ ਵਧੇਰੇ ਪਸੰਦ ਕਰਦੇ ਹਨ।

ਡਾ. ਨਰਿੰਦਰ ਸਿੰਘ ਕਪੂਰ ਨੇ ਪੰਜਾਬੀ ਸਾਹਿਤ ਵਿਚ ਪਾਠਕ ਵਰਗ ਦੀ ਉਪਰਾਮਤਾ ਅਤੇ ਜੜ੍ਹਤਾ ਨੂੰ ਤੋੜਿਆ ਹੈ। ਉਸ ਨੂੰ ਪੜ੍ਹਨ ਵਾਲੇ ਲੋਕ ਅਨੇਕਾਂ ਦੀ ਗਿਣਤੀ ਵਿਚ ਹਨ। ਉਸ ਨੇ ਪੰਜਾਬੀ ਲੇਖ-ਰਚਨਾ ਨੂੰ ਇਕ ਨਵਾਂ ਰੂਪ-ਆਕਾਰ ਪ੍ਰਦਾਨ ਕੀਤਾ ਹੈ। ਉਸ ਦੀ ਪੰਜਾਬੀ ਵਾਰਤਕ ਨੂੰ ਦੇਣ ਉਲੇਖ ਯੋਗ ਹੈ ਅਤੇ ਉਸਦਾ ਸਾਡੇ ਸਾਹਿੱਤ ਵਿਚ ਇਕ ਵਿਲੱਖਣ ਸਥਾਨ ਹੈ।

### 2.9.5 ਉਪਸੰਹਾਰ

ਪੰਜਾਬੀ ਵਾਰਤਕ ਦੇ ਖੇਤਰ ਵਿਚ ਨਰਿੰਦਰ ਸਿੰਘ ਕਪੂਰ ਦਾ ਇਕ ਮਹਤਵਪੂਰਨ ਸਥਾਨ ਹੈ। ਉਸ ਦਾ ਰਚਨਾਤਮਕ ਅਨੁਭਵ ਕਾਫ਼ੀ ਅਮੀਰ ਅਤੇ ਵੰਨਸੁਵੰਨਾ ਹੈ। ਭਾਵੇਂ ਉਹ ਕੋਈ ਇਨਕਲਾਬੀ (radical) ਚਿੰਤਨ ਹੋਣ ਦਾ ਦਾਅਵਾ ਤਾਂ ਨਹੀਂ ਕਰਦਾ ਪਰ ਤਾਂ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਹ ਯਥਾਸਥਿਤੀਵਾਦੀ ਲੇਖਕ ਨਹੀਂ ਹੈ। ਉਹ ਪੰਜਾਬੀ ਸਮਾਜ ਦੀਆਂ ਵੇਲਾ ਵਿਹਾ ਚੁਕੀਆਂ ਰਵਾਇਤਾਂ ਨੂੰ ਵੰਗਾਰਦਾ-ਲਲਕਾਰਦਾ ਹੈ ਅਤੇ ਵਿਗਿਆਨਕ ਯੁਗ ਦੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਲਈ ਯਤਨਸ਼ੀਲ ਹੈ। ਉਸ ਦੀ ਵਾਰਤਕ ਮੌਲਿਕ ਅਤੇ ਆਕ੍ਰਸ਼ਕ ਹੈ। ਉਹ ਆਪਣੀਆਂ ਰਚਨਾਵਾਂ ਦੇ ਪਹਿਲੇ ਵਾਕ ਤੋਂ ਹੀ ਪਾਠਕਾਂ ਨੂੰ ਆਪਣੇ ਨਾਲ ਤੋਰ ਲੈਂਦਾ ਹੈ ਅਤੇ ਫਿਰ ਉਸ ਨੂੰ ਖੁੰਝਣ ਜਾਂ ਖਿਸਕਣ ਨਹੀਂ ਦਿੰਦਾ। ਲੋਕਪ੍ਰਿਅਤਾ ਅਤੇ ਵਡਿਆਈ ਦੇ ਪਖੋਂ ਉਸ ਨੇ 'ਡੂੰਘੀਆਂ ਸਿਖਰਾਂ' ਛੋਹ ਲੈਣ ਵਿਚ ਪੂਰੀ ਸਫ਼ਲਤਾ ਪ੍ਰਾਪਤ ਕਰ ਲਈ ਹੈ।

**ਪ੍ਰਸ਼ਨ : ਉਕਤ ਪਾਠ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

1. ਡਾ. ਨਰਿੰਦਰ ਸਿੰਘ ਕਪੂਰ ਦਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਸਥਾਨ ਨਿਸ਼ਚਿਤ ਕਰੋ।
2. ਪੰਜਾਬੀ ਲੇਖ-ਰਚਨਾ ਦੇ ਪ੍ਰਸੰਗ ਵਿਚ ਨਰਿੰਦਰ ਸਿੰਘ ਕਪੂਰ ਦੀ ਲੋਕਪ੍ਰਿਅਤਾ ਦੇ ਆਧਾਰ ਕਿਹੜੇ-ਕਿਹੜੇ ਹਨ ?
3. ਨਰਿੰਦਰ ਸਿੰਘ ਕਪੂਰ ਦੇ ਰਚਨਾਤਮਕ ਅਨੁਭਵ ਅਤੇ ਬਿਰਤਾਂਤ-ਜੁਗਤਾਂ ਉਪਰ ਇਕ ਨੋਟ ਲਿਖੋ।

**ਪਾਠ ਨੰ: 2.10** — **ਰਾਜਬੀਰ ਕੌਰ**

# ਸੰਖੇਪ ਪ੍ਰਸ਼ਨ-ਉੱਤਰ

### 2.10.1 ਉਦੇਸ਼

ਇਸ ਪਾਠ ਦਾ ਉਦੇਸ਼ ਐਮ.ਏ. ਪੰਜਾਬੀ (ਸਮੈਸਟਰ IV) ਦੇ ਵਿਦਿਆਰਥੀਆਂ ਨੂੰ ਡਾ. ਨਰਿੰਦਰ ਸਿੰਘ ਕਪੂਰ ਰਚਿਤ ਪੁਸਤਕ 'ਡੂੰਘੀਆਂ ਸਿਖਰਾਂ' ਵਿਚੋਂ ਪੁੱਛੇ ਜਾ ਸਕਣ ਵਾਲੇ ਸੰਖੇਪ ਪ੍ਰਸ਼ਨਾਂ (ਉੱਤਰ ਸਮੇਤ) ਦੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਪੁਸਤਕ ਵਿਚ ਕੁਲ 21 ਲੇਖ ਸੰਕਲਿਤ ਹਨ। ਇਨ੍ਹਾਂ ਲੇਖਾਂ ਦੇ ਮਹਤਵ ਬਾਰੇ ਜਾਣਕਾਰੀ ਦਿੰਦਾ ਹੋਇਆ ਡਾ. ਕਪੂਰ ਲਿਖਦਾ ਹੈ, "ਇਸ ਪੁਸਤਕ ਵਿਚਲੇ ਲੇਖਾਂ ਦਾ ਉਦੇਸ਼ ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਨਾਲ ਜੀਵਨ ਵਿਚ ਆਪ ਸਫ਼ਲ ਹੋਣਾ ਅਤੇ ਹੋਰਨਾਂ ਦੀ ਸਫ਼ਲਤਾ ਦਾ ਕਾਰਨ ਬਣਨਾ ਹੈ। (*ਮੁੱਢਲੇ ਸ਼ਬਦ*, ਪੰਨਾ 8) ਇਹ ਪੁਸਤਕ ਇਕ ਪ੍ਰੇਰਨਾਭਰਪੂਰ (inspirational) ਰਚਨਾ ਹੈ। ਅਜੋਕੇ ਦੌਰ ਵਿਚ ਤਰੱਕੀ ਦੀ ਰਫ਼ਤਾਰ ਏਨੀ ਤੇਜ਼ ਹੈ ਅਤੇ ਪ੍ਰਤਿਯੋਗਤਾ ਬਹੁਤ ਜ਼ਿਆਦਾ ਹੋ ਗਈ ਹੈ। ਜਿਸ ਕਾਰਨ ਯੁਵਾ ਵਰਗ ਵਿਚ ਬੇਚੈਨੀ, ਅਸੰਤੋਸ਼ ਅਤੇ ਨਿਰਾਸਤਾ ਪੈਦਾ ਹੋ ਗਈ ਹੈ। ਇਨ੍ਹਾਂ ਕਾਰਨਾਂ ਦੇ ਦਬਾਉ ਅਧੀਨ ਹੈ ਯੁਵਾ ਲੋਕ ਨਸ਼ਿਆਂ ਦੇ ਚੁੰਗਲ ਵਿਚ ਫਸ ਰਹੇ ਹਨ। ਡਾ. ਕਪੂਰ ਨੇ ਇਸ ਵਰਗ ਨੂੰ ਉਤਸਾਹਿਤ ਅਤੇ ਪ੍ਰੇਰਿਤ ਕਰਨ ਵਾਸਤੇ 'ਡੂੰਘੀਆਂ ਸਿਖਰਾਂ' ਪੁਸਤਕ ਦੀ ਰਚਨਾ ਕੀਤੀ ਹੈ। ਇਸ ਪੁਸਤਕ ਦਾ ਹਰ ਪੈਰਾ ਅਤੇ ਹਰ ਵਾਕ ਪ੍ਰੇਰਨਾਭਰਪੂਰ ਹੈ। ਇਸ ਲਈ ਵਿਦਿਆਰਥੀਆਂ ਨੂੰ ਇਸ ਰਚਨਾ ਦਾ ਪਾਠ ਪੂਰੀ ਤਰ੍ਹਾਂ ਸੁਕੇਂਦ੍ਰਿਤ ਹੋ ਕੇ ਕਰਨਾ ਚਾਹੀਦਾ ਹੈ।

### 2.10.2 ਰੂਪ ਰੇਖਾ

ਇਸ ਪੁਸਤਕ ਦੇ ਹਰ ਲੇਖ ਵਿਚੋਂ ਮਹਤਵਪੂਰਨ ਪ੍ਰਸ਼ਨਾਂ ਦੇ ਉੱਤਰ ਅੰਕਿਤ ਕੀਤੇ ਗਏ ਹਨ। ਪਰ ਵਿਦਿਆਰਥੀਆਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਪ੍ਰਸ਼ਨ-ਉੱਤਰਾਂ ਤੋਂ ਬਿਨਾਂ ਹੋਰ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਸ ਕਾਰਨ ਉਨ੍ਹਾਂ ਨੂੰ ਇਹ ਪੁਸਤਕ ਦੋ-ਤਿੰਨ ਵਾਰ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਕਈ ਵਾਰ ਪੜ੍ਹਨ ਨਾਲ ਉਨ੍ਹਾਂ ਨੂੰ ਲੇਖਕ ਦੀ ਮਨਸ਼ਾ (intertion) ਅਤੇ ਵਿਚਾਰਧਾਰਾ (ideology) ਦਾ ਬੋਧ ਹੋ ਜਾਵੇਗਾ। ਯਾਦ ਰੱਖੋ ਸਿਦਕ ਅਤੇ ਸਿਰੜ ਤੋਂ ਬਿਨਾਂ ਸਫ਼ਲਤਾ ਪ੍ਰਾਪਤ ਨਹੀਂ ਹੋ ਸਕਦੀ।

### 2.10.3 ਭੂਮਿਕਾ

*'ਡੂੰਘੀਆਂ ਸਿਖਰਾਂ'* ਅਜੋਕੇ ਦੌਰ ਦੇ ਯੁਵਕਾਂ ਵਿਚ ਪੱਸਰੀ ਨਿਰਾਸ਼ਾ ਅਤੇ ਉਦਾਸੀ ਦੀ ਧੁੰਦ ਨੂੰ ਹਟਾ ਕੇ ਉਨ੍ਹਾਂ ਵਿਚ ਆਤਮ-ਵਿਸ਼ਵਾਸ ਅਤੇ ਸਿਦਕਦਿਲੀ ਦੀ ਭਾਵਨਾ ਪੈਦਾ ਕਰਨ ਦਾ ਸਾਹਸ ਕਰਦੀ ਹੈ। ਪੂੰਜੀਵਾਦੀ ਵਿਵਸਥਾ ਨੇ ਹਰ ਇਕ ਮਨੁੱਖ ਨੂੰ ਇਕੱਲਾ, ਅਜਨਬੀ ਅਤੇ ਖੰਡਿਤ ਬਣਾ ਦਿੱਤਾ ਹੈ। ਉਹ ਆਪਣੀ ਹਾਰ ਨੂੰ ਸਵੀਕਾਰ ਕਰ ਕੇ ਬੈਠ ਗਿਆ ਹੈ। ਯੁਵਕਾਂ ਨੂੰ ਰੋਜ਼ਗਾਰ ਨਹੀਂ ਮਿਲ ਰਿਹਾ। ਹੱਥਾਂ ਵਿਚ ਉਚੀਆਂ ਡਿਗਰੀਆਂ ਹੋਣ ਦੇ ਬਾਵਜੂਦ ਉਹ ਇਧਰ-ਉਧਰ ਮਾਰੇ-ਮਾਰੇ ਫਿਰ ਰਹੇ ਹਨ। ਪੜ੍ਹਾਈ ਦਾ ਪੱਧਰ ਏਨਾ ਗਿਰਾ ਦਿੱਤਾ ਗਿਆ ਹੈ ਕਿ ਡਿਗਰੀ ਪ੍ਰਾਪਤ ਯੁਵਕ ਕਿਸੇ ਕੰਮ ਦੇ ਨਹੀਂ ਰਹੇ। ਉਨ੍ਹਾਂ ਨੂੰ ਕੁਝ ਨਹੀਂ ਆਉਂਦਾ। ਇਸ ਲਈ ਨੌਕਰੀਆਂ ਦੀ ਮੰਡੀ ਵਿਚ ਉਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ਰੋਜ਼ਗਾਰ ਮੁਹਈਆ ਕਰਨ ਲਈ ਰਖਿਆ ਗਿਆ ਧਨ ਰਾਜਸੀ ਆਗੂਆਂ, ਨੌਕਰਸ਼ਾਹਾਂ ਅਤੇ ਭ੍ਰਸ਼ਟ ਲੋਕਾਂ ਨੇ ਹੜੱਪ ਕਰ ਲਿਆ ਹੈ। ਕਾਰਖਾਨੇ ਬੰਦ ਹੋ ਗਏ ਹਨ। ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿਚ ਪ੍ਰਾਈਵੇਟ ਸੈਕਟਰ ਨੇ ਹੜਪ ਕਰ ਲਿਆ ਹੈ। ਇਹ ਸੈਕਟਰ ਆਪਣੇ ਕਰਮਚਾਰੀਆਂ ਨੂੰ ਘੱਟ ਤੋਂ ਘੱਟ ਵੇਤਨ ਦੇ ਕੇ ਉਨ੍ਹਾਂ ਪਾਸੋਂ ਮਸ਼ੀਨਾਂ ਵਾਂਗ ਵੱਧ ਤੋਂ ਵੱਧ ਕੰਮ ਲੈ ਰਿਹਾ ਹੈ। ਸਿੱਟੇ ਵਜੋਂ ਲੋਕ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਜਾਣ ਲਈ ਤਰਲੋਮੱਛੀ ਹੋ ਰਹੇ ਹਨ। ਰਾਜਸੀ ਨੇਤਾ ਇਸ ਭਾਵਨਾ ਨੂੰ ਹੋਰ ਪ੍ਰਚੰਡ ਬਣਾ ਰਹੇ ਹਨ ਤਾਂ ਜੋ ਇਥੇ ਨਾ ਕੋਈ ਪੜ੍ਹਿਆ-ਲਿਖਿਆ ਯੁਵਕ ਰਹੇ ਅਤੇ ਨਾ ਉਨ੍ਹਾਂ ਨੂੰ ਕੋਈ ਨੌਕਰੀ ਦੇਣੀ ਪਵੇ। ਨਰਿੰਦਰ ਸਿੰਘ ਕਪੂਰ ਦੀ ਇਸ ਪੁਸਤਕ ਵਿਚ ਯੁਵਾ ਵਰਗ ਨੂੰ ਨਵੀਂ ਪ੍ਰੇਰਨਾ ਅਤੇ ਆਤਮ-ਵਿਸ਼ਵਾਸ ਪ੍ਰਦਾਨ ਕਰਨ ਦੀ ਸਾਰਥਿਕ ਕੋਸ਼ਿਸ਼ ਕੀਤੀ ਗਈ ਹੈ।

### 2.10.4 ਸੰਖੇਪ ਪ੍ਰਸ਼ਨ ਉੱਤਰ

**(ੳ) ਪ੍ਰਸ਼ਨ :** ਹਰ ਨਵੇਂ ਚਿੰਤਨ ਅਤੇ ਵਿਚਾਰ ਨੂੰ ਪ੍ਰਵਾਨਗੀ ਲਈ ਕਿਹੜੇ-ਕਿਹੜੇ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ ?

**ਉੱਤਰ :** ਹਰ ਨੇਵਾਂ ਚਿੰਤਨ, ਵਿਚਾਰ ਅਤੇ ਸੰਗਰਾਮ ਨੂੰ ਲੋਕ-ਪ੍ਰਵਾਨਗੀ ਲਈ ਤਿੰਨ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ :

1. ਮੁੱਢ ਵਿਚ ਉਸਦਾ ਮਖ਼ੌਲ ਉਡਾਇਆ ਜਾਂਦਾ ਹੈ, ਤਾਂ ਜੋ ਲੋਕ ਉਸ ਨੂੰ ਅਪ੍ਰਵਾਨ ਕਰ ਦੇਣ।
2. ਜੇ ਲੋਕ ਫਿਰ ਵੀ ਉਸ ਨਾਲ ਜੁੜਨ ਦਾ ਸਾਹਸ ਕਰਦੇ ਹਨ ਤਾਂ ਉਨ੍ਹਾਂ ਦਾ ਮਖ਼ੌਲ ਉਡਾਇਆ ਜਾਂਦਾ ਹੈ।
3. ਇਨ੍ਹਾਂ ਵਿਚਾਰਾਂ ਨੂੰ ਪੇਸ਼ ਕਰਨ ਵਾਲਾ ਚਿੰਤਕ ਜੇ ਫਿਰ ਵੀ ਡਟਿਆ ਰਹੇ ਤਾਂ ਲੋਕ ਉਸ ਨੂੰ ਪ੍ਰਵਾਨ ਕਰ ਲੈਂਦੇ ਹਨ। ਅਜਿਹੇ ਚਿੰਤਨ ਜਾਂ ਵਿਚਾਰ ਦੀ ਪ੍ਰਸ਼ੰਸਾ ਹੋਣ ਲਗਦੀ ਹੈ।

**(ਅ) ਪ੍ਰਸ਼ਨ :** ਬਹੁਤੇ ਲੋਕ ਪ੍ਰਸੰਨ ਹੋਣ ਦਾ ਖ਼ਤਰਾ ਕਿਉਂ ਨਹੀਂ ਲੈਂਦੇ ?

**ਉੱਤਰ :** ਕਿਉਂਕਿ ਹਿੰਦੁਤਸਾਨ ਦੇ ਲੋਕ ਭਾਗਵਾਦੀ ਅਤੇ ਪਿਛਾਂਹਖਿੱਚੂ ਹਨ। ਉਨ੍ਹਾਂ ਵਾਸਤੇ ਜੀਵਨ ਨਾਸ਼ਮਾਨ ਅਤੇ ਅਸੱਤ ਹੈ। ਇਸ ਲਈ ਉਹ ਜੀਵਨ ਵਿਚ ਸਫ਼ਲਤਾ ਪ੍ਰਾਪਤ ਕਰਨ ਦੀ ਥਾਂ ਪਰਲੋਕ ਸੁਧਾਰਨ ਦੀਆਂ ਮਿਥਿਆ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ ਹਨ। ਉਹ ਸੌਖੀਆਂ ਅਤੇ ਛੋਟੀਆਂ ਪ੍ਰਾਪਤੀਆਂ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ। ਇਸ ਕਾਰਨ ਉਹ ਪੂਰਾ ਜੀਵਨ ਇੱਕੋਂ ਥਾਂ, ਇਕ ਹੀ ਦਾਇਰੇ ਵਿਚ ਘੁੰਮਦੇ ਰਹਿੰਦੇ ਹਨ। ਉਹ ਆਪਣੀਆਂ ਅਤੇ ਆਪਣੇ ਸਹਿਯੋਗੀਆਂ ਦੀ ਲੁਕਵੀਂ ਸ਼ਕਤੀ ਤੋਂ ਜਾਣੂ ਨਹੀਂ ਹੁੰਦੇ। ਇਸ ਕਾਰਨ ਉਹ ਅਪ੍ਰਸੰਨ ਰਹਿੰਦੇ ਹਨ।

**(ੲ) ਪ੍ਰਸ਼ਨ :** ਜ਼ਿੰਮੇਵਾਰੀ ਵਾਲੇ ਕਾਰਜ ਨੂੰ ਕਰਨ ਨਾਲ ਕਿਹੋ ਜਿਹੇ ਸਿੱਟੇ ਨਿਕਲਦੇ ਹਨ ?

**ਉੱਤਰ :** ਜ਼ਿੰਦਗੀ ਦੀ ਜੱਦੋਜਹਿਦ ਵਿਚ ਸਫ਼ਲ ਹੋਣ ਵਾਲੇ ਵਿਅਕਤੀ ਉਸਾਰੂ ਢੰਗ ਨਾਲ ਸੋਚਣ ਅਤੇ ਜ਼ਿੰਮੇਵਾਰੀ ਨਾਲ ਵਿਚਰਨ ਵਾਲੇ ਲੋਕ ਹੁੰਦੇ ਹਨ। ਜ਼ਿੰਮੇਵਾਰੀ ਵਾਲਾ ਕਾਰਜ ਸਾਡੇ ਚਰਿਤਰ ਦਾ ਨਿਰਮਾਣ ਕਰਨ, ਸਾਡੀਆਂ ਆਦਤਾਂ ਨੂੰ ਢਾਲਣ, ਸਾਡੀ ਯੋਗਤਾ ਨੂੰ ਵਧਾਉਣ ਅਤੇ ਸਾਡੇ ਵਿਚਾਰਾਂ ਨੂੰ ਉਸਾਰਨ-ਨਿਖਾਰਨ ਦਾ ਸਾਧਨ ਵੀ ਬਣਦਾ ਹੈ। ਜ਼ਿੰਮੇਵਾਰੀ ਨਾਲ ਹੀ ਸਾਡੀ ਪਛਾਣ ਉਸਰਦੀ ਹੈ। ਜ਼ਿੰਮੇਵਾਰੀ ਹੀ ਸਾਨੂੰ ਦੂਜਿਆਂ ਦੇ ਸੰਪਰਕ ਵਿਚ ਲਿਆਉਂਦੀ ਹੈ। ਸੋ ਲੋੜ ਹੈ ਕਿ ਅਸੀਂ ਜਿੱਥੇ ਵੀ ਕੰਮ ਕਰੀਏ, ਜ਼ਿੰਮੇਵਾਰੀ ਨਾਲ ਕਰੀਏ ਅਤੇ ਉਸ ਸੰਸਥਾ ਦਾ ਮਾਣ ਬਣੀਏ। ਜ਼ਿੰਮੇਵਾਰੀ ਤੋਂ ਬਿਨਾਂ ਮਨੁੱਖ, ਇਨਸਾਨ ਨਹੀਂ ਬਣਦਾ। ਜ਼ਿੰਮੇਵਾਰੀ ਚੁੱਕਣਾ ਹੀ ਪਰਿਵਾਰ, ਸਮਾਜ ਅਤੇ ਦੇਸ਼ ਦੀ ਸੇਵਾ ਹੈ।

**(ਸ) ਪ੍ਰਸ਼ਨ :** ਅਸਫ਼ਲਤਾ, ਸਫ਼ਲਤਾ ਲਈ ਕਿਵੇਂ/ਕਿਉਂ ਜ਼ਰੂਰੀ ਹੈ ?

**ਉੱਤਰ :** ਅਸਫ਼ਲਤਾ ਦੇ ਅਰਥ ਇਹ ਹੁੰਦੇ ਹਨ ਕਿ ਅਜੇ ਸਾਨੂੰ ਸਫ਼ਲ ਹੋਣ ਲਈ ਹੋਰ ਯਤਨ, ਹੋਰ ਮਿਹਨਤ ਕਰਨ ਦੀ ਲੋੜ ਹੈ। ਸੱਤ ਵਾਰ ਡਿੱਗਣਾ ਅਤੇ ਅੱਠ ਵਾਰ ਉੱਠਣਾ ਸਫ਼ਲ ਹੋਣ ਦਾ ਨਿਯਮ ਹੈ। ਜਿਵੇਂ ਅਨੇਕ ਮੋੜਾਂ ਵਿਚੋਂ ਗੁਜ਼ਰਨ ਤੋਂ ਬਿਨਾਂ ਕੋਈ ਮਨੁੱਖ ਪਹਾੜ ਦੀ ਟੀਸੀ ਉਤੇ ਨਹੀਂ ਪਹੁੰਚ ਸਕਦਾ, ਇਸੇ ਤਰ੍ਹਾਂ ਅਸਫ਼ਲਤਾਵਾਂ ਅਤੇ ਹਾਰਾਂ ਵਿਚੋਂ ਲੰਘੇ ਬਿਨਾਂ ਕੋਈ ਵੀ ਸਫ਼ਲਤਾ ਕੀਮਤੀ, ਸੰਭਵ ਅਤੇ ਹੰਢਣਸਾਰ ਨਹੀਂ ਬਣਦੀ। ਸਫ਼ਲਤਾ ਦੇ ਸਿਖਰ ਤਕ ਪਹੁੰਚਣ ਲਈ ਅਸਫ਼ਲਤਾਵਾਂ ਮੁਢਲੇ ਪੜਾਅ ਬਣਦੀਆਂ ਹਨ। ਸੋ ਇਨ੍ਹਾਂ ਤੋਂ ਡਰੋ-ਘਬਰਾਓ ਨਾ ਬਲਕਿ ਪ੍ਰੇਰਨਾ ਲਓ।

**(ਹ) ਪ੍ਰਸ਼ਨ :** ਸਿਦਕੀ, ਸਿਰੜੀ ਅਤੇ ਦ੍ਰਿੜ੍ਹ ਵਿਅਕਤੀ ਦੇ ਪ੍ਰਮੁੱਖ ਲੱਛਣ ਕੀ ਹੁੰਦੇ ਹਨ ?

**ਉੱਤਰ :** ਸਿਦਕ, ਸਿਰੜ ਅਤੇ ਦ੍ਰਿੜ੍ਹਤਾ, ਸਫ਼ਲਤਾ ਵਿਚ ਵਿਸ਼ਵਾਸ ਦੇ ਵੱਖ-ਵੱਖ ਨਾਮ ਹਨ। ਜਿਹੜਾ ਵਿਅਕਤੀ ਕਦੇ ਵੀ ਹਾਰ ਕੇ ਨਹੀਂ ਬੈਠਦਾ, ਉਹ ਸਿਦਕਵਾਨ ਹੁੰਦਾ ਹੈ। ਜੋ ਅਸਫ਼ਲ ਹੋਣ ਦੇ ਬਾਵਜੂਦ ਸਫ਼ਲਤਾ ਦੀ ਤਾਂਘ ਰੱਖਦਾ ਹੈ, ਉਹ ਇਨਸਾਨ ਸਿਰੜੀ ਅਖਵਾਉਂਦਾ ਹੈ ਅਤੇ ਜੋ ਆਪਣੇ ਉਦੇਸ਼ ਦੀ ਪੂਰਤੀ ਲਈ ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਸਨਮੁਖ ਡਟਿਆ ਰਹੇ, ਉਹ ਦ੍ਰਿੜ੍ਹ-ਇਰਾਦੇ ਵਾਲਾ ਵਿਅਕਤੀ ਹੁੰਦਾ ਹੈ।

**(ਕ) ਪ੍ਰਸ਼ਨ :** ਸਿਦਕ ਅਤੇ ਸਿਰੜ ਦੇ ਸੰਬੰਧ ਵਿਚ ਇਤਿਹਾਸ ਵਿਚੋਂ ਕੋਈ ਉਦਾਹਰਣ ਦਿਉ।

**ਉੱਤਰ :** ਸਿਦਕ ਅਤੇ ਸਿਰੜ ਦੇ ਪੱਖੋਂ ਪੱਛਮੀ ਪੰਜਾਬ ਦੇ ਕੁਹਾਟ ਜ਼ਿਲ੍ਹੇ ਦਾ ਇਕ ਪਿੰਡ ਸਾਰਾਗੜ੍ਹੀ ਇਤਿਹਾਸ ਦੇ ਪੰਨਿਆਂ ਵਿਚ ਬੜੀ ਵੱਡੀ ਥਾਂ ਮੱਲੀ ਬੈਠਾ ਹੈ। ਅੰਗਰੇਜ਼ਾਂ ਨੇ ਇਥੇ ਕਬਾਇਲੀ ਹਮਲਾਵਰਾਂ ਉਪਰ ਨਜ਼ਰ ਰੱਖਣ ਲਈ ਪਹਾੜੀ ਉਪਰ ਇਕ ਚੌਂਕੀ ਸਥਾਪਿਤ ਕੀਤੀ ਹੋਈ ਸੀ। ਇਸ ਚੌਂਕੀ ਵਿਚ 21 ਸਿਪਾਹੀ ਤਾਇਨਾਤ ਸਨ। 1897 ਈ. ਦੀ ਇਕ ਰਾਤ ਦਸ ਹਜ਼ਾਰ ਕਬਾਇਲੀ ਹਮਲਾਵਰਾਂ ਨੇ ਇਕ ਚੌਂਕੀ ਘੇਰ ਲਈ। ਉਸ ਸਮੇਂ ਚੌਂਕੀ ਦੀ ਕਮਾਨ ਹਵਾਲਦਾਰ ਈਸ਼ਰ ਸਿੰਘ ਦੇ ਹੱਥਾਂ ਵਿਚ ਸੀ। ਉਸ ਨਾਲ ਇਕ ਨਾਇਕ, ਇਕ ਲਾਂਸ-ਨਾਇਕ ਅਤੇ 18 ਹੋਰ ਸਿੱਖ ਸਿਪਾਹੀ ਸਨ। ਇਨ੍ਹਾਂ 21 ਸਿਪਾਹੀਆਂ ਨੇ ਆਪਣੇ ਅੰਤ ਤਕ ਲੜਾਈ ਲੜੀ, 600 ਕਬਾਇਲੀਆਂ ਨੂੰ ਮਾਰਿਆਂ। ਅੰਤ ਵਿਚ ਇਹ ਸਾਰੇ ਸਿਪਾਹੀ ਵੀ ਸ਼ਹੀਦ ਹੋ ਗਏ ਪਰ ਇਨ੍ਹਾਂ ਨੇ ਉਸ ਚੌਂਕੀ ਉਪਰ ਕਬਾਇਲੀਆਂ ਦਾ ਕਬਜ਼ਾ ਨਾ ਹੋਣ ਦਿੱਤਾ। ਯੂਨੈਸਕੋ ਵਲੋਂ ਇਸ ਲੜਾਈ ਨੂੰ ਵਿਸ਼ਵ ਦੀਆਂ ਅੱਠ ਬੇਜੋੜ ਉਦਾਹਰਣਾਂ ਵਿਚ ਰੱਖਿਆ ਗਿਆ ਹੈ।

**(ਖ) ਪ੍ਰਸ਼ਨ :** ਅਜੋਕੇ ਯੁਗ ਵਿਚ ਕਿਹੜੀਆਂ ਸ਼ਕਤੀਆਂ ਅਤਿਅੰਤ ਬਲਵਾਨ ਹੋ ਗਈਆਂ ਹਨ ?

**ਉੱਤਰ :** ਅਜੋਕੇ ਪੂੰਜੀਵਾਦੀ ਯੁਗ ਵਿਚ ਮਨੁੱਖ ਨੂੰ ਡੇਗਣ, ਨਿਤਾਣਾ ਬਣਾਉਣ ਅਤੇ ਭ੍ਰਸ਼ਟ ਕਰਨ ਵਾਲੀਆਂ ਸ਼ਕਤੀਆਂ ਬੜੀਆਂ ਬਲਵਾਨ ਹੋ ਗਈਆਂ ਹਨ। ਸੋ ਸਿਦਕ ਅਤੇ ਸਿਰੜ ਤੋਂ ਬਿਨਾਂ ਜੀਵਨ ਨੂੰ ਸਾਰਥਿਕ ਢੰਗ ਨਾਲ ਜਿਉਣਾ ਸੰਭਵ ਨਹੀਂ ਰਿਹਾ। ਹੁਣ ਨਿੱਕੀ ਜਿਹੀ ਮੁਸ਼ਕਿਲ ਤੇ ਆਤਮਘਾਤ ਕਰਨ, ਨਿਗੂਣੀ ਜਿਹੀ ਅਸਫ਼ਲਤਾ ਤੇ ਢੇਰੀ ਢਾਹ ਬਹਿਣ ਅਤੇ ਨਿੱਕੇ ਜਿਹੇ ਬੋਲ-ਬੁਲਾਰੇ ਤੇ ਤਲਾਕ ਲੈਣ ਦਾ ਰੁਝਾਣ ਵਧ ਰਿਹਾ ਹੈ। ਇਸ ਸਮੇਂ ਲੋੜ ਹੈ ਕਿ ਸੁਸਤ ਅਤੇ ਸੌਖੀ ਜ਼ਿੰਦਗੀ ਦੀ ਥਾਂ ਮਜ਼ਬੂਤ ਜੀਵਨ ਦੀ ਤਾਂਘ ਕੀਤੀ ਜਾਵੇ ਅਤੇ ਬੱਚਿਆਂ ਨੂੰ ਨਵੀਆਂ ਜ਼ਿੰਮੇਵਾਰੀਆਂ ਚੁੱਕਣ ਦੇ ਯੋਗ ਬਣਾਇਆ ਜਾਵੇ।

**(ਗ) ਪ੍ਰਸ਼ਨ :** ਲੇਖਕ ਨੇ ਸੋਹਣੇ ਅਤੇ ਪਿਆਰੇ ਲੋਕਾਂ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਹੈ ?

**ਉੱਤਰ :** ਕਿਸੇ ਦਾ ਸੋਹਣਾ ਜਾਂ ਪਿਆਰਾ ਲੱਗਣਾ ਸਾਡਾ ਨਿੱਜੀ ਫੈਸਲਾ ਹੁੰਦਾ ਹੈ। ਲੋਕ ਸੋਹਣੇ, ਨੈਣ-ਨਕਸ਼ਾਂ ਕਰ ਕੇ ਲੱਗਦੇ ਹਨ ਪਰ ਪਿਆਰ ਉਨ੍ਹਾਂ ਦੇ ਗੁਣਾਂ ਨਾਲ ਕੀਤਾ ਜਾਂਦਾ ਹੈ। ਪਿਆਰੇ ਸਾਨੂੰ ਚੰਗੇ ਲੱਗਣ ਕਰਕੇ ਸੋਹਣੇ ਪ੍ਰਤੀਤ ਹੁੰਦੇ ਹਨ ਅਤੇ ਸੋਹਣੇ ਆਪਣੀ ਸੁੰਦਰਤਾ ਕਾਰਨ ਸਾਨੂੰ ਪਿਆਰੇ ਲੱਗਦੇ ਹਨ। ਪਿਆਰਿਆਂ ਅਤੇ ਸੋਹਣਿਆਂ ਨਾਲ ਟੁਰਨ ਵਿਚ ਸਾਨੂੰ ਕਦੇ ਥਕਾਵਟ ਨਹੀਂ ਹੁੰਦੀ।

**(ਘ) ਪ੍ਰਸ਼ਨ :** ਲੇਖਕ ਅਨੁਸਾਰ ਪਿਆਰ ਕਿਹੋ ਜਿਹਾ ਅਨੁਭਵ ਹੁੰਦਾ ਹੈ ?

**ਉੱਤਰ :** ਲੇਖਕ ਅਨੁਸਾਰ ਪਿਆਰ ਇਕ ਸੱਜਰਾ ਅਤੇ ਨਰੋਆ ਅਨੁਭਵ ਹੁੰਦਾ ਹੈ। ਇਸ ਕਰਕੇ ਇਸਦਾ ਨਰੋਈ ਉਮਰ ਜਾਂ ਜਵਾਨੀ ਨਾਲ ਸੰਬੰਧ ਹੁੰਦਾ ਹੈ। ਜਵਾਨੀ ਇਸ ਲਈ ਮਸਤਾਨੀ ਹੁੰਦੀ ਹੈ ਕਿਉਂਕਿ ਇਸ ਉਪਰ ਪਰੰਪਰਾਵਾਂ ਦੇ ਬੰਧਨ ਨਹੀਂ ਹੁੰਦੇ। ਬੀਤੇ ਦੀਆਂ ਨਫ਼ਰਤਾਂ, ਬਦਲੇ ਦੀ ਭਾਵਨਾ ਅਤੇ ਪਿੱਛੇ ਖਿੱਚਣ ਵਾਲੇ ਪਛਤਾਵੇ ਨਹੀਂ ਹੁੰਦੇ। ਜਵਾਨੀ ਵਿਚ ਤਾਕਤ ਹੁੰਦੀ ਹੈ। ਜਵਾਨੀ ਵਿਚ ਪਿਆਰ ਦਾ, ਕੁਰਬਾਨੀ ਦਾ, ਸੁਪਨਿਆਂ ਅਤੇ ਆਦਰਸ਼ਾਂ ਦਾ ਜ਼ੋਰ ਅਤੇ ਜੋਸ਼ ਹੁੰਦਾ ਹੈ।

**(ਙ) ਪ੍ਰਸ਼ਨ :** ਪ੍ਰੇਮ-ਵਿਆਹ ਅਕਸਰ ਹੀ ਅਸਫ਼ਲ ਕਿਉਂ ਹੋ ਜਾਂਦੇ ਹਨ ?

**ਉੱਤਰ :** ਪਿਆਰ-ਵਿਆਹ ਇਸ ਕਾਰਨ ਅਸਫ਼ਲ ਹੋ ਜਾਂਦੇ ਹਨ ਕਿ ਰਿਸ਼ਤਾ ਪੁਰਾਣਾ ਹੋਣ ਕਾਰਨ ਇਸ ਵਿਚ ਕੋਈ ਨਵੀਨਤਾ, ਉਤਸੁਕਤਾ, ਅਚੰਭਾ ਜਾਂ ਦੂਜੇ ਨੂੰ ਖੋਜਣ-ਲੱਭਣ ਦੀ ਤਾਂਘ ਨਹੀਂ ਰਹਿੰਦੀ। ਹਰ ਰਹੱਸ ਬਾਰੇ ਦੋਵੇਂ ਇਕ-ਦੂਜੇ ਤੋਂ ਚੰਗੀ ਤਰ੍ਹਾਂ ਨਾਲ ਜਾਣੂ ਹੁੰਦੇ ਹਨ। ਇਸ ਕਾਰਨ ਇਕ-ਦੂਜੇ ਤੋਂ ਛੇਤੀ ਹੀ ਦਿਲ ਭਰ ਜਾਂਦਾ ਹੈ। ਪਿਆਰ ਨੂੰ ਸਦੀਵੀ ਬਣਾਉਣ ਲਈ ਹੀ ਇਹੋ ਜਿਹਾ ਵਿਆਹ ਕੀਤਾ ਜਾਂਦਾ ਹੈ ਪਰ ਵਿਆਹ ਹੋਣ ਉਪਰੰਤ ਇਉਂ ਪ੍ਰਤੀਤ ਹੋਣ ਲੱਗਦਾ ਹੈ ਕਿ ਜਿਸ ਨਾਲ ਪਿਆਰ ਕੀਤਾ ਸੀ, ਉਹ ਕੋਈ ਹੋਰ ਸੀ ਪਰ ਜਿਸ ਨਾਲ ਵਿਆਹ ਕੀਤਾ ਹੈ, ਉਹ ਕੋਈ ਹੋਰ (ਦੂਜਾ) ਨਿਕਲਿਆ ਹੈ।

**(ਚ) ਪ੍ਰਸ਼ਨ :** ਵੱਡੇ ਲੋਕਾਂ ਦੇ ਪੈਰੀਂ ਹੱਥ ਲਾਉਣ ਦੀ ਪਰੰਪਰਾ ਕਿਵੇਂ ਸ਼ੁਰੂ ਹੋਈ ?

**ਉੱਤਰ :** ਲੇਖਕ ਅਨੁਸਾਰ ਪੈਰੀਂ ਹੱਥ ਲਾਉਣ ਪਿੱਛੇ ਕਾਰਨ ਇਹ ਹੈ ਕਿ ਛੋਟੀ ਜਾਂ ਯੁੱਧ ਵਿਚ ਹਾਰੀ ਧਿਰ, ਜਿੱਤੀ ਹੋਈ ਵੱਡੀ ਧਿਰ ਦੇ ਸਾਹਮਣੇ ਅਧੀਨਗੀ ਕਬੂਲ ਕਰਦੀ ਹੈ। ਉਸ ਅੱਗੇ ਆਪਣੀ ਗਰਦਨ ਪੇਸ਼ ਦਿੰਦੀ ਹੈ ਕਿ ਚਾਹੇ ਮਾਰੋ ਜਾਂ ਬਖ਼ਸ਼ ਦੇਵੋ। ਜੇ ਬਖ਼ਸ਼ ਦੇਵੋਗੇ ਤਾਂ ਸਾਰੀ ਉਮਰ ਤੁਹਾਡਾ ਗ਼ੁਲਾਮ ਬਣਿਆ ਰਹਾਂਗਾ। ਇਸੇ ਕਰ ਕੇ ਵੱਡੀ ਧਿਰ ਕਹਿੰਦੀ ਹੈ : ਜਿਉਂਦੇ ਰਹੋ। ਅਰਥਾਤ ਅਸੀਂ ਤੁਹਾਨੂੰ ਬਖ਼ਸ਼ ਦਿੱਤਾ ਹੈ।

**(ਛ) ਪ੍ਰਸ਼ਨ :** ਲੇਖਕ ਅਨੁਸਾਰ ਗਹਿਣੇ ਕਿਉਂ ਪਹਿਨੇ ਜਾਂਦੇ ਹਨ ?

**ਉੱਤਰ :** ਆਪਣਾ ਸਮਾਜਿਕ-ਆਰਥਿਕ ਮਹਤਵ ਉਘਾੜਨ ਦੀ ਮਨਸ਼ਾ ਨਾਲ ਗਹਿਣੇ ਪਹਿਨੇ ਜਾਂਦੇ ਹਨ। ਗਹਿਣਿਆਂ ਨਾਲ ਸਜੀਆਂ ਹੋਈਆਂ ਮੰਦਰਾਂ ਦੀਆਂ ਦੇਵੀਆਂ ਪਹਿਰਾਵੇ ਅਤੇ ਗਹਿਣਿਆਂ ਦੇ ਪਖੋਂ, ਭਾਰਤੀ ਇਸਤ੍ਰੀ ਦਾ ਮਾਡਲ ਹੁੰਦੀਆਂ ਹਨ। ਗਹਿਣੇ ਅਜਿਹੀਆਂ ਧਾਤਾਂ ਦੇ ਬਣਦੇ ਹਨ, ਜਿਹੜੀਆਂ ਆਮ ਨਹੀਂ ਹੁੰਦੀਆਂ। ਮੌਸਮ ਦੇ ਪ੍ਰਭਾਵ ਨਾਲ ਲੋਹਾ ਸੌ ਸਾਲ ਵਿਚ ਇਕ ਕਿਲੋ ਤੋਂ ਅੱਧਾ ਕਿਲੋ ਰਹਿ ਜਾਂਦਾ ਹੈ। ਸੋਨਾ ਪੰਜ-ਛੇ ਹਜ਼ਾਰ ਸਾਲ ਵੀ ਬਹੁਤਾ ਨਹੀਂ ਘਸਦਾ। ਹੀਰਾ ਪੰਜਾਹ ਹਜ਼ਾਰ ਵਰ੍ਹੇ ਕੱਟ ਜਾਂਦਾ ਹੈ। ਅੱਧੇ ਰਹਿਣ ਦੇ ਇਸੇ ਆਧਾਰ ਤੇ ਧਾਤਾਂ ਦੀ ਕੀਮਤ ਨਿਰਧਾਰਿਤ ਹੁੰਦੀ ਹੈ। ਇਸੇ ਕਾਰਨ ਇਨ੍ਹਾਂ ਧਾਤਾਂ ਦਾ ਸਮਾਜਿਕ ਮਹਤਵ ਨਿਸ਼ਚਿਤ ਕੀਤਾ ਗਿਆ ਹੈ। ਬ੍ਰਾਹਮਣ ਸੋਨਾ ਪਹਿਨਦੇ ਸਨ, ਉਹ ਸਵਰਨ ਕਹੇ ਜਾਂਦੇ ਸਨ। ਕਸ਼ੱਤੀ ਚਾਂਦੀ ਪਹਿਨਦੇ ਸਨ, ਵੈਸ਼ ਤਾਂਬਾ ਜਾਂ ਕਾਂਸਾ ਅਤੇ ਸ਼ੂਦਰ ਕੇਵਲ ਲੋਹਾ ਪਹਿਨਣ ਦੇ ਅਧਿਕਾਰੀ ਸਨ।

**(ਜ) ਪ੍ਰਸ਼ਨ :** ਯੋਗਤਾ ਅਤੇ ਸਮਰੱਥਾ ਕਿਉਂ ਜ਼ਰੂਰੀ ਗੁਣ ਮੰਨੇ ਗਏ ਹਨ ?

**ਉੱਤਰ :** ਵਿਕਾਸ ਕਰਨ ਦੀ ਯੋਗਤਾ ਅਤੇ ਮਿਹਨਤ ਦੀ ਸਮਰੱਥਾ ਤੋਂ ਬਿਨਾਂ ਅਮੀਰ ਨਹੀਂ ਹੋਇਆ ਜਾ ਸਕਦਾ। ਗਿਆਨ ਵਾਂਗ ਧਨ ਨੂੰ ਸੰਭਾਲਣ ਦੀ ਯੋਗਤਾ ਹੋਣੀ ਚਾਹੀਦੀ ਹੈ। ਕਈਆਂ ਕੋਲ ਸੰਭਾਲਣ ਦੀ ਯੋਗਤਾ ਘੱਟ ਹੁੰਦੀ ਹੈ ਪਰ ਵਿਰਸੇ ਜਾਂ ਮਾਪਿਆਂ ਕੋਲੋਂ ਧਨ ਬਹੁਤਾ ਮਿਲ ਜਾਂਦਾ ਹੈ। ਅਜਿਹੇ ਲੋਕਾਂ ਕੋਲੋਂ ਬਹੁਤਾ ਧਨ ਚਲਾ ਜਾਂਦਾ ਹੈ ਅਤੇ ਉਤਨਾ ਹੀ ਬਚਦਾ ਹੈ, ਜਿਤਨੇ ਨੂੰ ਸੰਭਾਲਣ ਦੀ ਉਨ੍ਹਾਂ ਪਾਸ ਯੋਗਤਾ ਅਤੇ ਸਮਰੱਥਾ ਹੁੰਦੀ ਹੈ। ਬਾਣੀਏ ਕੋਲ ਬਹੁਤਾ ਧਨ ਹੁੰਦਾ ਹੈ ਕਿਉਂਕਿ ਉਸ ਵਿਚ ਬਚਾਉਣ ਦੀ ਯੋਗਤਾ ਅਤੇ ਸੰਭਾਲਣ ਦੀ ਸਮਰੱਥਾ ਹੈ ਜਦੋਂ ਕਿ ਕਿਸਾਨ ਪਾਸ ਧਨ ਸੰਭਾਲਣ ਦੀ ਯੋਗਤਾ ਜਾਂ ਸਮਰੱਥਾ ਨਹੀਂ ਹੁੰਦੀ। ਇਸ ਕਾਰਨ ਉਹ ਹਮੇਸ਼ਾ ਥੁੜਿਆ ਰਹਿੰਦਾ ਹੈ।

**(ਝ) ਪ੍ਰਸ਼ਨ :** ਆਮ ਤੌਰ ਤੇ ਕਿਸੇ ਵੀ ਖਾਨਦਾਨ ਦੀ ਤੀਜੀ ਪੀੜ੍ਹੀ ਉਜਾੜੂ ਸਿੱਧ ਹੁੰਦੀ ਹੈ, ਕਿਉਂ ?

**ਉੱਤਰ :** ਆਲੇ-ਦੁਆਲੇ ਵਿਚ ਕਿਸੇ ਖੁਸ਼ਹਾਲ ਜਾਂ ਅਮੀਰ ਖ਼ਾਨਦਾਨ ਵੇਖਣ ਤੇ ਪਤਾ ਚੱਲੇਗਾ ਕਿ ਪਹਿਲੀ ਪੀੜ੍ਹੀ ਸਖ਼ਤ ਮਿਹਨਤ, ਯੋਗਤਾ ਅਤੇ ਕੁਰਬਾਨੀ ਨਾਲ ਖੁਸ਼ਹਾਲੀ ਉਸਾਰਦੀ ਹੈ। ਪਿਛੋਂ ਆਈ ਦੂਜੀ ਪੀੜ੍ਹੀ ਇਸ ਖੁਸ਼ਹਾਲੀ ਦਾ ਫ਼ਲ ਖਾਂਦੀ ਹੈ ਜਦੋਂ ਕਿ ਤੀਜੀ ਪੀੜ੍ਹੀ ਉਸ ਖੁਸ਼ਹਾਲੀ ਨੂੰ ਉਜਾੜ ਬੈਠਦੀ ਹੈ ਕਿਉਂਕਿ ਉਸ ਵਿਚ ਮਿਹਨਤ ਦੀ ਯੋਗਤਾ ਅਤੇ ਖੁਸ਼ਹਾਲੀ ਸੰਭਾਲਣ ਦੀ ਸਮਰੱਥਾ ਨਹੀਂ ਹੁੰਦੀ। ਤੀਜੀ ਪੀੜ੍ਹੀ ਆਪਣੇ ਚਰਿਤਰ ਦੇ ਅਨ੍ਹੇਰੇ ਪੱਖ ਹੀ ਉਜਾਗਰ ਕਰਦੀ ਹੈ।

**(ਞ) ਪ੍ਰਸ਼ਨ :** ਕੀ ਧਰਮ ਅਤੇ ਗ਼ਰੀਬੀ ਵਿਚ ਕੋਈ ਸੰਬੰਧ ਹੈ ?

**ਉੱਤਰ :** ਧਰਮ ਅਤੇ ਗ਼ਰੀਬੀ ਦਾ ਸਿੱਧਾ ਸੰਬੰਧ ਹੈ। ਜਿਹੜੇ ਵਧਰੇ ਧਾਰਮਿਕ ਹੁੰਦੇ ਹਨ, ਉਹੀ ਗ਼ਰੀਬ ਹੁੰਦੇ ਹਨ ਜਾਂ ਇਉਂ ਕਹਿ ਲਓ ਕਿ ਜਿਹੜੇ ਜਿਤਨੇ ਗ਼ਰੀਬ ਹੁੰਦੇ ਹਨ, ਉਤਨੇ ਧਾਰਮਿਕ ਬਣ ਜਾਂਦੇ ਹਨ। ਇਸੇ ਕਾਰਨ ਵਿਵਸਥਾ ਦਾ ਇਕ ਅਸੂਲ ਹੁੰਦਾ ਹੈ ਕਿ ਲੋਕਾਂ ਨੂੰ ਗ਼ਰੀਬ ਰੱਖੋ, ਉਹ ਧਰਮ ਨੂੰ ਜਿਉਂਦਾ ਰੱਖਣਗੇ। ਸਾਡੇ ਦੇਸ਼ ਵਿਚ ਧਰਮ ਨੇ ਗ਼ਰੀਬੀ ਨੂੰ ਸਲਾਹਿਆ ਹੈ ਅਤੇ ਅਮੀਰੀ ਨੂੰ ਲਾਲਚ ਅਤੇ ਪਾਪ ਕਹਿ ਕੇ ਭੰਡਿਆ ਹੈ, ਇਸੇ ਕਾਰਨ ਲੋਕ ਮਿਹਨਤ ਨਹੀਂ ਕਰਦੇ। ਸਿੱਟੇ ਵਜੋਂ ਸਾਰੀ ਉਮਰ ਗ਼ਰੀਬੀ ਵਿਚ ਕੱਟ ਲੈਂਦੇ ਹਨ।

**(ਟ) ਪ੍ਰਸ਼ਨ :** ਲੇਖਕ ਗ਼ਰੀਬੀ ਨੂੰ ਕਿਉਂ ਭੰਡਦਾ ਹੈ ?

**ਉੱਤਰ :** ਲੇਖਕ ਯਥਾਰਥਵਾਦੀ ਵਿਅਕਤੀ ਹੈ। ਉਹ ਜਾਣਦਾ ਹੈ ਕਿ ਗ਼ਰੀਬੀ ਨੂੰ ਕੇਵਲ ਕਵਿਤਾਵਾਂ ਜਾਂ ਮੁਹਾਵਰਿਆਂ ਵਿਚ ਹੀ ਵਡਿਆਇਆ ਜਾਂਦਾ ਹੈ। ਅਸਲ ਜੀਵਨ ਵਿਚ ਇਹ ਬਹੁਤ ਦੁਖਦਾਈ ਸਿੱਧ ਹੁੰਦੀ ਹੈ। ਗ਼ਰੀਬੀ, ਹਰ ਪ੍ਰਕਾਰ ਦੀ ਕਰੂਪਤਾ ਅਤੇ ਥਕਾਵਟ ਦਾ ਸਰੋਤ ਹੈ। ਗ਼ਰੀਬਾਂ ਦਾ ਕੋਈ ਰਿਸ਼ਤੇਦਾਰ ਨਹੀਂ ਹੁੰਦਾ। ਨਰਕ ਦੇ ਅਰਥ ਗ਼ਰੀਬੀ ਤੋਂ ਹਨ। ਗ਼ੁਲਾਮੀ ਦਾ ਦੂਜਾ ਨਾਮ ਗ਼ਰੀਬੀ ਹੈ। ਗ਼ਰੀਬੀ, ਇਨਸਾਨ ਕੋਲੋਂ ਉੱਚੇ ਉੱਠਣ ਦੇ ਸਾਰੇ ਅਵਸਰ ਖੋਹ ਲੈਂਦੀ ਹੈ। ਗ਼ਰੀਬਾਂ ਦੇ ਦੀਵੇ ਵਿਚੋਂ ਤੇਲ ਸਦਾ ਮੁੱਕਿਆ ਹੀ ਰਹਿੰਦਾ ਹੈ। ਜਿਨ੍ਹਾਂ ਲੋਕਾਂ ਪਾਸ ਪੈਸੇ ਨਹੀਂ ਹੁੰਦੇ, ਉਨ੍ਹਾਂ ਦੀ ਕਿਸੇ ਵੀ ਜਗ੍ਹਾ ਵਾਰੀ ਨਹੀਂ ਆਉਂਦੀ।

**(ਠ) ਪ੍ਰਸ਼ਨ :** ਪੈਸੇ ਨੇ ਸਮਾਜ ਦੀ ਵਰਗ-ਵੰਡ ਵਿਚ ਕੀ ਭੂਮਿਕਾ ਨਿਭਾਈ ਹੈ ?

**ਉੱਤਰ :** ਸਮਾਜਿਕ ਦਰਜਾਬੰਦੀ ਦੇ ਸੰਬੰਧ ਵਿਚ ਪੈਸੇ ਨੇ ਨਿਰਣਾਇਕ ਭੂਮਿਕਾ ਨਿਭਾਈ ਹੈ। ਕਿਸੇ ਵੀ ਸਮਾਜ ਵਿਚ ਸਭ ਤੋਂ ਹੇਠਲੇ ਦਰਜੇ ਉਤੇ ਮੰਗਤੇ ਜਾਂ ਘਰੇਲੂ ਨੌਕਰ ਹੁੰਦੇ ਹਨ। ਇਨ੍ਹਾਂ ਕੋਲ ਧਨ ਨਹੀਂ ਹੁੰਦਾ। ਇਹ ਉਪਰਲੇ ਦਰਜੇ ਉਪਰ ਰਹਿਣ ਵਾਲੇ ਲੋਕਾਂ ਦਾ ਦਿੱਤਾ ਹੋਇਆ ਖਾਂਦੇ-ਹੰਢਾਂਏ ਹਨ। ਦੂਜੇ ਪੜਾਉ ਉਤੇ ਉਹ ਲੋਕ ਹੁੰਦੇ ਹਨ, ਜਿਨ੍ਹਾਂ ਪਾਸ ਡੰਗ ਟਪਾਊ ਆਮਦਨ ਹੁੰਦੀ ਹੈ ਜਿਵੇਂ ਦਿਹਾੜੀਦਾਰ ਜਾਂ ਰੇੜ੍ਹੀਆਂ-ਰਿਕਸ਼ਿਆਂ ਵਾਲੇ। ਤੀਜੇ ਪੜਾਉ ਤੇ ਉਹ ਲੋਕ ਜਾਂਦੇ ਹਨ ਜਿਨ੍ਹਾਂ ਪਾਸ ਨਿਸ਼ਚਿਤ ਅਤੇ ਗੁਜ਼ਾਰੇ ਜੋਗੀ ਆਮਦਨ ਹੁੰਦੀ ਹੈ। ਇਹ ਲੋਕ ਪੜ੍ਹੇ ਲਿਖੇ ਅਤੇ ਪੱਕੀ ਨੌਕਰੀ ਉਤੇ ਲੱਗੇ ਹੁੰਦੇ ਹਨ। ਇਨ੍ਹਾਂ ਪਾਸ ਗਿਣਤੀ ਕਰਨ, ਵਿਉਂਤਣ ਅਤੇ ਬੱਚਤ ਕਰਨ ਦੀ ਸਿਆਣਪ ਹੁੰਦੀ ਹੈ। ਸਮਾਜਿਕ ਆਰਥਿਕ ਭਾਸ਼ਾ ਵਿਚ ਇਨ੍ਹਾਂ ਨੂੰ ਮੱਧ-ਸ਼੍ਰੇਣੀ ਕਹਿੰਦੇ ਹਨ। ਚੌਥੇ ਪੜਾਉ ਦੇ ਲੋਕਾਂ ਕੋਲ ਪੈਸੇ ਦੀ ਥੁੜ ਨਹੀਂ ਹੁੰਦੀ। ਇਨ੍ਹਾਂ ਪਾਸ ਰਾਜਸੀ ਤਾਕਤ ਵੀ ਹੁੰਦੀ ਹੈ। ਇਹ ਪੈਸੇ ਦੇ ਸਰੋਤਾਂ ਉਪਰ ਕਾਬਜ਼ ਹੁੰਦੇ ਹਨ। ਅਸਲ ਵਿਚ ਇਹੀ ਲੋਕ ਦੇਸ਼ ਨੂੰ ਆਪਣੀ ਮਨਮਰਜ਼ੀ ਦੇ ਅਨੁਸਾਰ ਚਲਾਉਂਦੇ ਹਨ।

**(ਡ) ਪ੍ਰਸ਼ਨ :** ਲੇਖਕ ਸੇਵਾ, ਸਹਿਯੋਗ ਅਤੇ ਸਹਾਇਤਾ ਦੀ ਪਰਿਭਾਸ਼ਾ ਕਿਵੇਂ ਦਿੰਦਾ ਹੈ ?

**ਉੱਤਰ :** ਲੇਖਕ ਅਨੁਸਾਰ ਸੇਵਾ ਇਕ ਧਾਰਮਿਕ ਸੰਕਲਪ ਹੈ ਜਦੋਂ ਕਿ ਸਹਾਇਤਾ ਇਕ ਸਮਾਜਿਕ ਸੰਕਲਪ ਹੈ। ਵਖਰੇਵੇਂ ਦੇ

ਬਾਵਜੂਦ ਇਨ੍ਹਾਂ ਵਿਚ ਸਾਂਝ ਹੈ। ਆਮ ਤੌਰ ਤੇ ਅਸੀਂ ਬਜ਼ੁਰਗਾਂ ਦੀ ਸੇਵਾ ਕਰਦੇ ਹਾਂ, ਬਰਾਬਰੀ ਵਾਲਿਆਂ ਨੂੰ ਸਹਿਯੋਗ ਦਿੰਦੇ ਹਾਂ ਅਤੇ ਹੇਠਲਿਆਂ ਦੀ ਸਹਾਇਤਾ ਕਰਦੇ ਹਾਂ। ਸੇਵਾ, ਸਹਿਯੋਗ ਅਤੇ ਸਹਾਇਤਾ ਇਨਸਾਨੀ ਗੁਣ ਹਨ। ਇਹ ਪਸ਼ੂ-ਪੰਛੀਆਂ ਵਿਚ ਨਹੀਂ ਹੁੰਦੇ। ਧਰਮ ਨੇ ਸੇਵਾ, ਸਹਿਯੋਗ ਅਤੇ ਸਹਾਇਤਾ ਦੇ ਸੰਕਲਪਾਂ ਨੂੰ ਦ੍ਰਿੜ੍ਹ ਕਰਵਾਇਆ ਹੈ। ਇਨ੍ਹਾਂ ਕਾਰਜਾਂ ਨਾਲ ਮਨੁੱਖੀ ਮਨ ਵਿਚ ਸ਼ਾਂਤੀ ਉਪਜਦੀ ਹੈ। ਪੰਜਾਬੀਆਂ ਦਾ ਇਹ ਸੁਭਾਅ ਹੈ ਕਿ ਉਹ ਲੋੜਵੰਦ ਦੀ ਸੇਵਾ ਅਤੇ ਸਹਾਇਤਾ ਕਰਨ ਵਿਚ ਸੰਕੋਚ ਨਹੀਂ ਕਰਦੇ।

**(ਢ) ਪ੍ਰਸ਼ਨ :** ਪਰਉਪਕਾਰ ਕਿਸ ਨੂੰ ਕਹਿੰਦੇ ਹਨ ?

**ਉੱਤਰ :** ਲੇਖਕ ਦਾ ਵਿਚਾਰ ਹੈ ਕਿ ਸਹਿਯੋਗ ਅਤੇ ਸਹਾਇਤਾ ਦੀ ਸਭ ਤੋਂ ਉੱਚੀ ਸਥਿਤੀ ਪਰਉਪਕਾਰ ਹੈ। ਪਰਉਪਕਾਰ ਦਾ ਸੰਬੰਧ ਇਸੇ ਸੰਸਾਰ ਨਾਲ ਹੈ। ਪਰਉਪਕਾਰ ਕਰਨ ਵਾਲੇ ਆਪ ਤਾਂ ਨਿਸ਼ਚਿਤ ਸਮੇਂ ਤੇ ਇਸ ਜਹਾਨ ਵਿਚੋਂ ਚਲੇ ਜਾਂਦੇ ਹਨ ਪਰ ਉਨ੍ਹਾਂ ਦੇ ਪਰਉਪਕਾਰ ਦਾ ਫ਼ਲ ਆਉਣ ਵਾਲੀਆਂ ਕਈ ਪੀੜ੍ਹੀਆਂ ਮਾਣਦੀਆਂ ਰਹਿੰਦੀਆਂ ਹਨ। ਧਰਮਸ਼ਾਲਾਵਾਂ, ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਹਸਪਤਾਲ ਆਦਿ ਖੋਲ੍ਹਣਾ ਪਰਉਪਕਾਰੀ ਬਿਰਤੀ ਦਾ ਪ੍ਰਗਟਾਵਾ ਹਨ। ਸਭ ਤੋਂ ਵੱਡੀ ਪਰਉਪਕਾਰੀ ਸ਼ਕਤੀ ਪਰਮਾਤਮਾ ਹੈ, ਜੋ ਬਿਨਾਂ ਮੰਗੇ ਹੀ ਅਨੇਕ ਦਾਤਾਂ ਸੰਸਾਰ ਵਿਚ ਵੰਡੀ ਜਾ ਰਿਹਾ ਹੈ। ਪਰਉਪਕਾਰ ਪਰਮਾਤਮਾ ਨੂੰ ਅਰਪਿਤ ਕੀਤੀ ਸੁਗਾਤ ਹੁੰਦੀ ਹੈ।

**(ਣ) ਪ੍ਰਸ਼ਨ :** ਪੁਰਸ਼ ਅਤੇ ਇਸਤ੍ਰੀਆਂ ਦੀ ਖੁਸ਼ੀ ਦੇ ਖੇਤਰ ਕਿਹੜੇ-ਕਿਹੜੇ ਹਨ ?

**ਉੱਤਰ :** ਜੋ ਆਨੰਦ ਪੁਰਸ਼ ਨੂੰ ਪੈਸੇ ਕਮਾਉਣ ਅਤੇ ਆਮਦਨ ਵਧਾਉਣ ਨਾਲ ਮਿਲਦਾ ਹੈ, ਇਸਤ੍ਰੀਆਂ ਨੂੰ ਉਹੀ ਆਨੰਦ ਕੀਮਤੀ ਗਹਿਣੇ ਪਾ ਕੇ, ਚੰਗੇ, ਨਵੇਂ ਅਤੇ ਫਬਵੇਂ ਕਪੜੇ ਪਹਿਨ ਕੇ ਮਿਲਦਾ ਹੈ। ਪੁਰਸ਼ ਨੂੰ ਪੈਸੇ ਕਮਾ ਕੇ ਖੁਸ਼ੀ ਮਿਲਦੀ ਹੈ, ਇਸਤ੍ਰੀ ਨੂੰ ਖਰਚ ਕੇ। ਇਹ ਇਕ ਵਿਸ਼ਵਵਿਆਪੀ ਸੱਚ ਹੈ ਕਿ ਸਾਦਗੀ ਅਤੇ ਸਾਦੇ ਜੀਵਨ ਦੀਆਂ ਸਾਰੀਆਂ ਗੱਲਾਂ ਪੁਰਸ਼ਾਂ ਨੇ ਕੀਤੀਆਂ ਹਨ ਜਦੋਂ ਕਿ ਇਸਤ੍ਰੀਆਂ ਸੁਭਾਵਿਕ ਹੀ ਸ਼ਾਹਾਨਾ ਜੀਵਨ, ਜਸ਼ਨ ਅਤੇ ਰੌਣਕਾਂ ਦੀਆਂ ਅਭਿਲਾਸ਼ੀ ਹੁੰਦੀਆਂ ਹਨ।

**(ਤ) ਪ੍ਰਸ਼ਨ :** ਲੇਖਕ ਅਨੁਸਾਰ ਸਭ ਤੋਂ ਵੱਧ ਦੁਖਦਾਈ ਵਿਛੋੜਾ ਕਿਹੜਾ ਹੁੰਦਾ ਹੈ ?

**ਉੱਤਰ :** ਸਭ ਤੋਂ ਵੱਧ ਦੁਖਦਾਈ ਵਿਛੋੜਾ ਗੱਭਰੂ (ਨਵਯੁਵਕ) ਦੀ ਮੌਤ ਹੁੰਦੀ ਹੈ। ਗੱਭਰੂ ਦੀ ਮੌਤ ਨਾਲ ਪਰਿਵਾਰ ਦੀਆਂ ਆਸਾਂ, ਸੁਪਨੇ ਅਤੇ ਤਾਂਘਾਂ ਦੇ ਮੁਨਾਰੇ ਢਹਿ ਢੇਰੀ ਹੋ ਜਾਂਦੇ ਹਨ। ਗੱਭਰੂ ਪੁੱਤ ਦੀ ਮੌਤ ਨਾਲ ਮਾਂ ਪਾਗ਼ਲ ਹੋਣ ਦੇ ਨੇੜੇ ਪਹੁੰਚ ਜਾਂਦੀ ਹੈ। ਵਕਤ ਚਲਦਾ ਰਹਿੰਦਾ ਹੈ, ਇਹ ਕਦੇ ਰੁਕਦਾ ਨਹੀਂ। ਮਰ ਗਿਆ ਦੂਰ ਚਲਾ ਜਾਂਦਾ ਹੈ। ਇਹ ਨਹੀਂ ਕਿ ਉਸ ਨੂੰ ਭੁਲਾ ਦਿੱਤਾ ਜਾਂਦਾ ਹੈ ਪਰ ਉਸਦਾ ਪਾਇਆ ਖੱਪਾ ਹੌਲੀ-ਹੌਲੀ ਪੂਰਿਆਂ ਜਾਂਦਾ ਹੈ। ਦਰਦ ਤਿੱਖੇ ਨਹੀਂ ਰਹਿੰਦੇ। ਹੌਲੀ-ਹੌਲੀ ਜ਼ਿੰਦਗੀ ਦੀ ਰੌਣਕ ਮੌਤ ਦੀ ਉਪਾਸੀ ਨੂੰ ਢਕ ਲੈਂਦੀ ਹੈ। ਆਲੇ-ਦੁਆਲੇ ਵਿਚ ਨਿੱਤ-ਨਿੱਤ ਵਿਛੜਦਿਆਂ ਨੂੰ ਦੇਖ ਕੇ ਆਪਣਾ ਵਿਛੋੜਾ ਸਹਿਣਯੋਗ ਹੋ ਜਾਂਦਾ ਹੈ। ਪੀੜ ਦਾ ਡੰਗ ਨਿਕਲ ਜਾਂਦਾ ਹੈ।

**(ਥ) ਪ੍ਰਸ਼ਨ :** ਉਦਾਸੀ ਕੀ ਹੈ ? ਮਨੁੱਖੀ ਜੀਵਨ ਵਿਚ ਇਸਦੀ ਕੀ ਭੂਮਿਕਾ ਹੈ ?

**ਉੱਤਰ :** ਮਾਨਸਿਕ ਦਰਦ ਨੂੰ ਉਦਾਸੀ ਕਹਿੰਦੇ ਹਨ। ਉਦਾਸੀ ਸਮੁੱਚੀ ਮਾਨਵ ਜਾਤੀ ਦਾ ਸਾਂਝਾ ਅਨੁਭਵ ਹੈ। ਕੋਈ ਵੀ ਇਸ ਤੋਂ ਮੁਕਤ ਨਹੀਂ ਹੈ। ਮਨੁਖ ਸਰੀਰਕ ਦਰਦ ਜਾਂ ਕਸ਼ਟ ਦਾ ਇਲਾਜ ਭਾਵੇਂ ਲੱਭ ਲਵੇ ਪਰ ਮਾਨਸਿਕ ਦਰਦ (ਉਦਾਸੀ) ਦਾ ਇਲਾਜ ਸੌਖਾ ਨਹੀਂ। ਪਰ ਇਹ ਵੀ ਸੱਚ ਹੈ ਕਿ ਦੁੱਖ, ਦਰਦ ਅਤੇ ਉਦਾਸੀ ਸਾਡੇ ਵਿਕਾਸ ਦੀਆਂ ਲੋੜਾਂ ਹਨ। ਜੇ ਦਰਦ ਅਤੇ ਉਦਾਸੀ ਨਾਂ ਹੁੰਦੇ ਤਾਂ ਉਮਰ ਕੋਈ ਵੀ ਹੋਣੀ, ਅਸੀਂ ਬੱਚੇ ਹੀ ਬਣੇ ਰਹਿਣਾ ਸੀ। ਤਰਸ, ਹਮਦਰਦੀ ਅਤੇ ਸਹਿਯੋਗ ਵਰਗੇ ਗੁਣ ਸਾਡੇ ਵਿਚ ਪੈਦਾ ਹੀ ਨਹੀਂ ਸਨ ਹੋਣੇ। ਸਾਡੀ ਉਦਾਸੀ ਲਈ ਕੋਈ ਹੋਰ ਜ਼ਿੰਮੇਵਾਰ ਹੁੰਦਾ ਹੈ। ਹਰ ਕੋਈ ਸਾਨੂੰ ਉਦਾਸ ਕਰ ਸਕਦਾ ਹੈ। ਕੋਈ ਮਿਲ ਕੇ ਉਦਾਸ ਕਰਦਾ ਹੈ ਅਤੇ ਕੋਈ ਵਿਛੜ ਕੇ।

**(ਦ) ਪ੍ਰਸ਼ਨ :** ਮਨੁੱਖੀ ਜੀਵਨ ਵਿਚ ਰੋਣ ਦਾ ਕੀ ਮਹਤਵ ਹੈ ?

**ਉੱਤਰ :** ਰੋਣ ਨਾਲ ਸਾਡਾ ਦਿਲ ਨਿਰਮਲ, ਮਨ ਕੋਮਲ ਅਤੇ ਬਿਰਤੀ ਸਵੱਛ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਰੋਣ ਨਾਲ ਮਨ ਤੋਂ ਬੋਝ ਉੱਤਰ ਜਾਂਦਾ ਹੈ ਅਤੇ ਸਾਨੂੰ ਸਾਫ਼ ਦਿਖਾਈ ਦੇਣ ਲੱਗ ਪੈਂਦਾ ਹੈ। ਜ਼ਿੰਦਗੀ ਦੇ ਉਹ ਰੰਗ ਵੀ ਦਿਖਾਈ ਦੇਣ ਲੱਗ ਜਾਂਦੇ ਹਨ, ਜਿਹੜੇ ਅਸੀਂ ਪਹਿਲਾਂ ਨਹੀਂ ਦੇਖੇ ਹੁੰਦੇ। ਸੋ ਜੇ ਰੋਣ ਨੂੰ ਮਨ ਕਰਦਾ ਹੈ ਤਾਂ ਰੋ ਲਵੋ। ਇਕਾਂਤ ਵਿਚ ਬਹਿ ਕੇ ਰੋਣ ਨਾਲ ਮਨ ਹਲਕਾ ਹੋ ਜਾਵੇਗਾ। ਅੱਖੀਆਂ ਦੇ ਸੁੱਕੇ ਖਾਲ ਭਰ ਕੇ ਵਗਣ ਦਿਉ। ਪ੍ਰਤੀਤ ਹੋਵੇਗਾ ਕਿ ਦਿਲ ਇਸ਼ਨਾਨ ਕਰ ਰਿਹਾ ਹੈ। ਖੁਲ੍ਹ ਕੇ ਰੋ ਸਕਣ ਦੀ ਸਮਰੱਥਾ ਕਾਰਨ ਹੀ ਇਸਤ੍ਰੀਆਂ ਬੜੇ ਵੱਡੇ ਘਾਟੇ ਸਹਿਜੇ

ਹੀ ਬਰਦਾਸ਼ਤ ਕਰ ਲੈਂਦੀਆਂ ਹਨ।

**(ਧ) ਪ੍ਰਸ਼ਨ :** 'ਪੁਲ' ਅਤੇ 'ਪੌੜੀਆਂ' ਕਿਸ ਸੱਚ ਦੇ ਪ੍ਰਤੀਕ ਹਨ ?

**ਉੱਤਰ :** ਪੁਲ ਦੋ ਪਾਸਿਆਂ ਨੂੰ, ਦੋ ਸ਼ਹਿਰਾਂ ਨੂੰ ਅਤੇ ਕਈ ਵਾਰ ਦੋ ਦੇਸ਼ਾਂ ਨੂੰ ਆਪਸ ਵਿਚ ਜੋੜਦੇ ਅਤੇ ਉਨ੍ਹਾਂ ਦੀ ਗੱਲਬਾਤ ਕਰਵਾਉਂਦੇ ਹਨ। ਪੌੜੀਆਂ ਹੇਠਲਿਆਂ ਨੂੰ ਉਪਰਲਿਆਂ ਨਾਲ ਅਤੇ ਉਪਰਲਿਆਂ ਨੂੰ ਹੇਠਲਿਆਂ ਨਾਲ ਮਿਲਾਉਂਦੀਆਂ ਹਨ। ਪੌੜੀਆਂ ਅਤੇ ਪੁਲ, ਸਮਝੌਤੇ ਅਤੇ ਸਾਂਝ, ਸਦਭਾਵਨਾ ਅਤੇ ਸਹਿਯੋਗ, ਲੈਣ ਅਤੇ ਦੇਣ ਦੇ ਪ੍ਰਤੀਕ ਹਨ। ਯਾਦਾਂ ਦੇ ਪੁਲਾਂ ਰਾਹੀਂ ਮਰੇ ਅਤੇ ਵਿਛੜੇ ਹੋਏ ਵੀ ਵਾਪਸ ਪਰਤ ਆਉਂਦੇ ਹਨ। ਕਲਪਨਾ ਦੀਆਂ ਪੌੜੀਆਂ ਨਾਲ ਅਸੀਂ ਅਣਕਿਆਸੀਆਂ, ਅਣਜਾਣੀਆਂ ਥਾਵਾਂ ਤੇ ਵੀ ਘੁੰਮ ਆਉਂਦੇ ਹਾਂ।

**(ਨ) ਪ੍ਰਸ਼ਨ :** ਸੇਵਾ ਮੁਕਤੀ ਕੀ ਹੈ ? ਇਸ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ ?

**ਉੱਤਰ :** ਸੇਵਾਮੁਕਤੀ ਦਾ ਸਿੱਧਾ ਸੰਬੰਧ ਨੌਕਰੀ ਨਾਲ ਹੈ। ਅਨੇਕਾਂ ਲੋਕ ਆਪਣੀ ਸੇਵਾ ਨਵਿਰਤੀ ਨੂੰ ਸਵੀਕਾਰ ਨਹੀਂ ਕਰਦੇ। ਉਹ ਸਮਝਦੇ ਹਨ ਕਿ ਉਨ੍ਹਾਂ ਨਾਲ ਅਣਹੋਣੀ ਵਾਪਰੀ ਹੈ। ਉਹ ਜਾ-ਜਾ ਕੇ ਵੇਖਦੇ ਹਨ ਅਤੇ ਵੇਖ-ਵੇਖ ਕੇ ਪਰੇਸ਼ਾਨ ਹੁੰਦੇ ਹਨ ਕਿ ਸਭ ਕੁਝ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ। ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਤੋਂ ਪਹਿਲਾਂ ਵੀ ਬੜੇ ਮਹਤਵਪੂਰਨ ਵਿਅਕਤੀ ਸੇਵਾਮੁਕਤ ਹੋ ਚੁੱਕੇ ਹਨ। ਸੇਵਾਮੁਕਤੀ ਨੂੰ ਖਿੜੇ-ਮੱਥੇ ਅਤੇ ਧੰਨਵਾਦੀ ਬਿਰਤੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ ਕਿਉਂਕਿ ਸੈਂਕੜੇ ਵਿਅਕਤੀ ਇਹ ਅਵਸਰ ਨਸੀਬ ਹੋਣ ਤੋਂ ਪਹਿਲਾਂ ਹੀ ਸੰਸਾਰ ਨੂੰ ਫ਼ਤਹਿ ਬੁਲਾ ਜਾਂਦੇ ਹਨ। ਭਾਗਾਂ ਵਾਲੇ ਹੁੰਦੇ ਹਨ ਉਹ ਵਿਅਕਤੀ ਜਿਹੜੇ ਪ੍ਰਸੰਨ-ਚਿਤ ਨਾਲ ਸੇਵਾਮੁਕਤ ਹੁੰਦੇ ਹਨ। ਉਨ੍ਹਾਂ ਨੇ ਪਹਿਲਾਂ ਵੀ ਕੰਮ ਕੀਤਾ ਹੁੰਦਾ ਹੈ ਅਤੇ ਮਗਰੋਂ ਵੀ ਸੇਵਾ ਭਾਵ ਨਾਲ ਕਰੀ ਜਾਣਾ ਹੁੰਦਾ ਹੈ।

**(ਪ) ਪ੍ਰਸ਼ਨ :** ਚੰਗੇ ਲੱਗਣ ਦੀ ਰੀਝ ਬਾਰੇ ਲੇਖਕ ਨੇ ਕੀ ਲਿਖਿਆ ਹੈ ?

**ਉੱਤਰ :** ਚੰਗਿਆਂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਲੋਕ ਉਨ੍ਹਾਂ ਦੀਆਂ ਗੱਲਾਂ ਕਰ ਕੇ ਆਪਣੇ ਚੰਗੇ ਹੋਣ ਦਾ ਪ੍ਰਮਾਣ ਦਿੰਦੇ ਹਨ। ਚੰਗੇ ਨੂੰ ਹੋਰ ਚੰਗਾ ਸਿੱਧ ਕਰਨ ਲਈ ਲੋਕ ਆਪਣੀ ਕਲਪਨਾ ਨਾਲ ਅਨੇਕਾਂ ਚੰਗੀਆਂ ਕਹਾਣੀਆਂ ਆਪ ਜੋੜ ਲੈਂਦੇ ਹਨ। ਜਿਹੜੇ ਚੰਗੇ ਹੁੰਦੇ ਹਨ, ਉਨ੍ਹਾਂ ਕੋਲ ਸਭ ਕੁਝ ਨਹੀਂ ਹੁੰਦਾ ਅਤੇ ਜਿਨ੍ਹਾਂ ਕੋਲ ਸਭ ਕੁਝ ਹੁੰਦਾ ਹੈ, ਉਹ ਅਕਸਰ ਚੰਗੇ ਨਹੀਂ ਹੁੰਦੇ। ਚੰਗਿਆਂ ਦੀ ਸੰਗਤ ਵਿਚ ਅਸੀਂ ਨਿਰਸਵਾਰਥ ਹੋ ਜਾਂਦੇ ਹਾਂ ਅਤੇ ਸਾਡੇ ਅਨੇਕਾਂ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਚੰਗਿਆਂ ਵਿਚ ਪਿਆਰ, ਬਰਕਤ ਅਤੇ ਖਿਮਾ ਹੁੰਦੀ ਹੈ। ਚੰਗਿਆਂ ਦੀ ਸਾਰੇ ਸੰਸਾਰ ਨਾਲ ਸਾਂਝ ਹੁੰਦੀ ਹੈ ਜਦੋਂ ਕਿ ਭੈੜਿਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਘੇਰਾ ਤੰਗ ਹੋਣ ਕਾਰਨ ਹੀ ਉਹ ਭੈੜੇ ਹੁੰਦੇ ਹਨ। ਸੰਸਾਰ ਵਿਚ ਚੰਗੇ ਆਦਮੀਆਂ ਦੀ ਘਾਟ ਰਹਿੰਦੀ ਹੈ।

**(ਫ) ਪ੍ਰਸ਼ਨ :** ਸੋਚਣ ਅਤੇ ਕਰਨ ਵਿਚ ਇਕਸੁਰਤਾ ਕਿਉਂ ਹੋਣੀ ਚਾਹੀਦੀ ਹੈ ?

**ਉੱਤਰ :** ਸੋਚਣਾ ਅਤੇ ਕਰਨਾ ਮਨੁੱਖੀ ਜੀਵਨ ਦੇ ਦੋ ਮੁਖ ਖੇਤਰ ਹਨ। ਦੋਹਾਂ ਦੇ ਸੁਮੇਲ ਵਿਚੋਂ ਚਰਿਤਰ, ਸ਼ਖਸੀਅਤ ਅਤੇ ਖੁਸ਼ਹਾਲੀ ਜਨਮਦੇ ਹਨ। ਜੇ ਸੋਚਣ ਅਤੇ ਕਰਨ ਵਿਚ ਇਕਸੁਰਤਾ ਨਾ ਹੋਵੇ ਤਾਂ ਗ਼ਲਤੀਆਂ ਦੀ ਗਿਣਤੀ ਵਧ ਜਾਂਦੀ ਹੈ ਅਤੇ ਜ਼ਿੰਦਗੀ ਵਿਚ ਘਾਟੇ ਪੈਣ ਲੱਗਦੇ ਹਨ। ਗ਼ਲਤੀਆਂ ਇਸ ਲਈ ਹੋ ਜਾਂਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਕਰਨਾ ਸੌਖਾ ਹੈ। ਇਹ ਵਧੇਰੇ ਖਿੱਚ ਪਾਉਂਦੀਆਂ ਹਨ। ਸੋਚਣਾ ਸਾਨੂੰ ਸਿਆਣਾ ਬਣਾਉਂਦਾ ਹੈ ਪਰ ਖੁਸ਼ਹਾਲ ਅਸੀਂ ਕੰਮ ਕਰਨ ਨਾਲ ਹੀ ਹੁੰਦੇ ਹਾਂ।

**(ਬ) ਪ੍ਰਸ਼ਨ :** ਮੁਸਕ੍ਰਾਹਟ ਵਿਚੋਂ ਕੀ ਝਲਕਦਾ ਹੈ ? ਇਸ ਦੇ ਕੀ ਲਾਭ ਹਨ ?

**ਉੱਤਰ :** ਮੁਸਕ੍ਰਾਹਟ ਵਿਚ ਇਨਸਾਨੀਅਤ ਝਲਕਦੀ ਹੈ। ਇਸ ਸੰਸਾਰ ਵਿਚ ਸਭ ਤੋਂ ਚੰਗੀ ਸੇਵਾ ਇਹ ਹੈ ਕਿ ਨਿੰਦਾ ਤੋਂ ਮੁਕਤ ਹੋਵੇ, ਸਰਬੱਤ ਦਾ ਭਲਾ ਸੋਚੋ ਅਤੇ ਮੁਸਕਰਾਓ, ਮੁਸਕ੍ਰਾਹਟ ਚੰਗੀ ਸਿਹਤ ਦਾ ਸੰਕੇਤ ਹੈ ਅਤੇ ਜਿਸ ਦੀ ਸਿਹਤ ਚੰਗੀ ਹੈ, ਉਸ ਦਾ ਹਰ ਦਿਨ ਤਿਉਹਾਰ ਵਰਗਾ ਹੁੰਦਾ ਹੈ। ਹਰ ਕੋਈ ਪ੍ਰਸੰਨ-ਮੁਸਕ੍ਰਾਉਂਦੇ ਵਿਅਕਤੀ ਨੂੰ ਮਿਲਣਾ ਚਾਹੁੰਦਾ ਹੈ ਕਿਉਂਕਿ ਪ੍ਰਸੰਨ-ਮੁਸਕ੍ਰਾਉਂਦੇ ਵਿਅਕਤੀ ਚੰਗੀਆਂ ਸੂਚਨਾਵਾਂ ਹੀ ਦਿੰਦੇ ਹਨ। ਜ਼ਿੰਦਗੀ ਦਾ ਉਦੇਸ਼ ਅਮੀਰ ਹੋਣਾ ਨਹੀਂ, ਪ੍ਰਸੰਨ ਹੋਣਾ ਹੈ। ਮੁਸਕ੍ਰਾਹਟ ਬਾਰੇ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਦੀ ਕੋਈ ਲਾਗਤ ਨਹੀਂ ਪਰ ਇਸਦਾ ਸਭਨੀਂ ਥਾਈਂ ਲਾਭ ਹੀ ਲਾਭ ਹੈ।

**(ਭ) ਪ੍ਰਸ਼ਨ :** ਵਿਦਿਆ ਦਾ ਮੁਖ ਉਦੇਸ਼ ਕੀ ਹੈ ?

**ਉੱਤਰ :** ਵਿਦਿਆ ਦਾ ਮੁਖ ਉਦੇਸ਼ ਸਾਨੂੰ ਗਿਆਨ ਦੇਣਾ ਅਤੇ ਆਪਣੀ ਅਗਿਆਨਤਾ ਤੋਂ ਜਾਣੂ ਕਰਵਾਉਣਾ ਹੈ। ਨਵਾਂ ਜਾਣਨ

ਦੀ ਜਗਿਆਸਾ ਦਾ ਨਾਮ ਵਿੱਦਿਆ ਹੈ। ਵਿੱਦਿਆ-ਪ੍ਰਾਪਤੀ ਨਾਲ ਮਨੁੱਖ ਇਕ ਮੋਮਬੱਤੀ ਤੋਂ ਮਸ਼ਾਲ ਬਣ ਜਾਂਦਾ ਹੈ। ਜਿਵੇਂ-ਜਿਵੇਂ ਕੋਈ ਪੜ੍ਹਦਾ ਜਾਂਦਾ ਹੈ, ਤਿਵੇਂ-ਤਿਵੇਂ ਉਹ ਇਕ ਦਰਖ਼ਤ ਵਾਂਗ ਵਧਦਾ ਤੇ ਫੈਲਦਾ ਜਾਂਦਾ ਹੈ। ਪੜ੍ਹੇ-ਲਿਖੇ ਵਿਅਕਤੀ ਦਾ ਸੁਭਾਅ ਇਕ ਵੱਡੇ ਦਰਖ਼ਤ ਵਾਲਾ ਹੁੰਦਾ ਹੈ। ਵਿੱਦਿਆ ਨਾਲ ਮਨੁੱਖ ਦੀ ਹਰ ਵਰਤਾਰੇ ਉਤੇ ਪਕੜ ਮਜ਼ਬੂਤ ਹੋ ਜਾਂਦੀ ਹੈ ਕਿਉਂਕਿ ਵਿਦਿਆ ਜ਼ਿੰਦਗੀ ਦੇ ਉਨ੍ਹਾਂ ਰੰਗਾਂ, ਭੇਤਾਂ ਅਤੇ ਅਰਥਾਂ ਨੂੰ ਜਾਣਨ ਦਾ ਵਸੀਲਾ ਬਣਦੀ ਹੈ ਜਿਹੜੇ ਅਨਪੜ੍ਹ ਵਿਅਕਤੀ ਦੀ ਪਕੜ ਵਿਚ ਨਹੀਂ ਆਉਂਦੇ।

**(ਮ) ਪ੍ਰਸ਼ਨ :** ਮਨੁੱਖ ਦਾ ਵਿਸ਼ਵ-ਵਿਆਪੀ ਵਿਹਾਰ ਕੀ ਹੈ ?

**ਉੱਤਰ :** ਦੂਜਿਆਂ ਦੀਆਂ ਸ਼ਿਕਾਇਤਾਂ ਲਾਉਣਾ ਅਤੇ ਆਪਣੇ ਆਪ ਨੂੰ ਸਹੀ ਦੱਸਣਾ ਮਨੁੱਖ ਦਾ ਵਿਸ਼ਵ-ਵਿਆਪੀ ਵਿਹਾਰ ਹੈ। ਅਸੀਂ ਜੀਵਨ ਭਰ ਆਪਣੇ ਉਨ੍ਹਾਂ ਗੁਣਾਂ ਦੀ ਚਰਚਾ ਕਰਦੇ ਹਾਂ, ਜਿਹੜੇ ਸਾਡੇ ਵਿਚ ਹੁੰਦੇ ਹੀ ਨਹੀਂ। ਇਸ ਵਿਹਾਰ ਕਾਰਨ ਹੀ ਅਸੀਂ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਦਾ ਭਰਮ ਪਾਲਦੇ ਹਾਂ ਪਰ ਵਾਸਤਵ ਵਿਚ ਅਸੀਂ ਵੀ ਦੂਜਿਆਂ ਵਾਂਗ ਆਮ-ਸਾਧਾਰਨ ਵਿਅਕਤੀ ਹੀ ਹੁੰਦੇ ਹਾਂ। ਜਿਹੜੇ ਲੋਕ ਕੇਵਲ ਆਪਣੇ ਵਿਚਾਰਾਂ ਨੂੰ ਹੀ ਸਹੀ ਸਮਝਦੇ ਹਨ, ਵਾਸਤਵ ਵਿਚ ਉਹ ਮੂਰਖ ਹੁੰਦੇ ਹਨ। ਮਨੁੱਖੀ ਵਿਹਾਰ ਦੇ ਕੁਝ ਪੱਖਾਂ ਬਾਰੇ ਸਮਾਜ ਵਿਚ ਕੁਝ ਤੱਤ ਕਢੇ ਗਏ ਹਨ। ਉਦਾਹਰਣ ਵਜੋਂ : ਦੋਸਤ ਨੂੰ ਕਦੀ ਨੌਕਰ ਨਹੀਂ ਰੱਖਣਾ ਚਾਹੀਦਾ ਅਤੇ ਦੋਸਤ ਦਾ ਨੌਕਰ ਵੀ ਨਹੀਂ ਬਣਨਾ ਚਾਹੀਦਾ। ਇਹ ਰਿਸ਼ਤੇ ਨਿਭ ਹੀ ਨਹੀਂ ਸਕਦੇ। ਸਾਡੇ ਅਖਾਣ-ਮੁਹਾਵਰੇ ਅਜਿਹੇ ਸਿੱਟਿਆਂ ਉਪਰ ਉਸਰੇ ਹੋਏ ਹਨ।

**(ਯ) ਪ੍ਰਸ਼ਨ :** ਮਨੁੱਖੀ ਸਮਾਜ ਦੇ ਲੰਮੇ ਪ੍ਰਵਾਹ ਵਿਚ ਕਿੰਨੇ ਮਹਾਨ ਵਟਾਂਦਰੇ ਵਾਪਰੇ ਹਨ ?

**ਉੱਤਰ :** ਮਨੁੱਖੀ ਸਮਾਜ ਦੇ ਲੰਮੇ ਪ੍ਰਵਾਹ ਵਿਚ ਤਿੰਨ ਮਹਾਨ ਵਟਾਂਦਰੇ ਵਾਪਰੇ ਹਨ : 1. ਇਸਤ੍ਰੀਆਂ ਦਾ ਵਟਾਂਦਰਾ, 2. ਵਸਤਾਂ ਦਾ ਵਟਾਂਦਰਾ, 3. ਸੁਨੇਹਿਆਂ ਦਾ ਵਟਾਂਦਰਾ। ਖੇਤੀਬਾੜੀ ਯੁਗ ਵਿਚ ਧੀਆਂ ਦਾ ਵਟਾਂਦਰਾ ਸ਼ੁਰੂ ਹੋਇਆ। ਆਪਣੀਆਂ ਧੀਆਂ ਨੂੰ ਤੋਰ ਦੇਣਾ ਅਤੇ ਨੂੰਹਾਂ ਨੂੰ ਘਰੇ ਲੈ ਆਉਣਾ। ਵਟਾਂਦਰੇ ਦੀ ਇਸ ਰੀਤ ਨਾਲ ਸਮਾਜ ਵਿਚੋਂ ਹਿੰਸਾ ਘਟ ਗਈ। ਦੂਜਾ ਮਹਾਨ ਵਟਾਂਦਰਾ ਵਸਤਾਂ ਦਾ ਹੈ। ਇਸ ਨਾਲ ਸਾਰੇ ਕੰਮ-ਧੰਦੇ ਅਤੇ ਲੈਣ-ਦੇਣ ਹੋਂਦ ਵਿਚ ਆਉਂਦੇ ਹਨ। ਤੀਜਾ ਮੁਖ ਵਟਾਂਦਰਾ ਸੁਨੇਹਿਆਂ ਦਾ ਸੀ। ਅਸੀਂ ਜਿਤਨਾ ਚਿਰ ਜਾਗਦੇ ਹਾਂ, ਸੁਨੇਹੇ ਦਿੰਦੇ-ਲੈਂਦੇ, ਖਰੀਦਦੇ-ਵੇਚਦੇ ਰਹਿੰਦੇ ਹਾਂ। ਸਿੱਖਿਆ ਅਤੇ ਸਾਹਿਤ, ਸੁਨੇਹਿਆਂ ਦੀਆਂ ਵੰਨਗੀਆਂ ਹਨ। ਇਨ੍ਹਾਂ ਵਟਾਂਦਰਿਆਂ ਨਾਲ ਸਮਾਜ ਦਾ ਆਕਾਰ ਵੱਡਾ ਹੁੰਦਾ-ਹੁੰਦਾ ਕੌਮ ਅਤੇ ਦੇਸ਼ ਦੇ ਸੰਕਲਪਾਂ ਵਿਚ ਪ੍ਰਗਟ ਹੋਇਆ ਹੈ।

**(ਰ) ਪ੍ਰਸ਼ਨ :** ਅਜੋਕੀਆਂ ਸਮੱਸਿਆਵਾਂ ਦਾ ਵੱਡਾ ਕਾਰਨ ਕੀ ਹੈ ?

**ਉੱਤਰ :** ਅਜੋਕੀਆਂ ਸਮੱਸਿਆਵਾਂ ਇਸ ਕਾਰਨ ਹਨ ਕਿ ਅੱਧਾ ਸੰਸਾਰ ਖੁਸ਼ਹਾਲ ਹੈ ਅਤੇ ਅੱਧਾ ਗ਼ਰੀਬ। ਅੱਧਾ ਪੜ੍ਹਿਆ-ਲਿਖਿਆ ਹੈ ਅਤੇ ਅੱਧਾ ਅਨਪੜ੍ਹ। ਅੱਧਾ ਅੰਧ-ਵਿਸ਼ਵਾਸੀ ਹੈ, ਅੱਧਾ ਸੁਚੇਤ। ਅੱਧਾ ਪਿਛਾਂਹਖਿਚੂ ਹੈ ਜਦੋਂ ਕਿ ਅੱਧਾ ਅਗਾਂਹਵਧੂ ਹੈ। ਪਰ ਇਹ ਵਖਰੇਵੇਂ ਹੁਣ ਬਹੁਤਾ ਚਿਰ ਨਹੀਂ ਰਹਿਣਗੇ। ਗਿਆਨ-ਵਿਗਿਆਨ ਦੇ ਫੈਲਣ ਦੀਆਂ ਰੁਕਾਵਟਾਂ ਦੂਰ ਹੋ ਰਹੀਆਂ ਹਨ। ਹੁਣ ਸਾਰੇ ਸੰਸਾਰ ਦੀ, ਸਾਰੇ ਸੰਸਾਰ ਦੇ ਵਿਕਾਸ ਵਿਚ ਦਿਲਚਸਪੀ ਹੈ।

**(ਲ) ਪ੍ਰਸ਼ਨ :** ਅੰਗਰੇਜ਼ ਇਲਾਜ ਪ੍ਰਣਾਲੀ ਵਿਚ ਪਾਗ਼ਲਪਣ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ।

**ਉੱਤਰ :** ਇਲਾਜ ਦੀ ਅੰਗਰੇਜ਼ ਪ੍ਰਣਾਲੀ ਅਨੁਸਾਰ ਪਾਗ਼ਲ ਨੂੰ ਮਾਨਸਿਕ ਰੋਗੀ ਕਿਹਾ ਜਾਂਦਾ ਹੈ। ਇਸ ਰੋਗ ਦੇ ਸੰਬੰਧ ਵਿਚ ਵੱਡੀਆਂ ਪੁਲਾਘਾਂ ਮਨੋਵਿਗਿਆਨ ਦੇ ਵਿਕਾਸ ਨਾਲ ਪੁੱਟੀਆਂ ਗਈਆਂ ਹਨ। ਪਾਗ਼ਲਪਣ ਦੇ ਕਾਰਨ ਲੱਭੇ ਗਏ ਹਨ ਅਤੇ ਇਲਾਜ ਵੀ ਸੋਚੇ ਗਏ ਹਨ। ਫਰਾਇਡ ਅਤੇ ਕੁਝ ਹੋਰ ਮਨੋਵਿਗਿਆਨੀਆਂ ਨੇ ਪਾਗ਼ਲ ਵਿਅਕਤੀਆਂ ਦਾ ਇਲਾਜ ਕਰਨ ਲਈ ਬੜੇ ਕਾਰਗਰ ਸੁਝਾਉ ਦਿਤੇ ਹਨ।

**(ਵ) ਪ੍ਰਸ਼ਨ :** 'ਡੂੰਘੀਆਂ ਸਿਖਰਾਂ' ਦਾ ਕੀ ਮਤਲਬ ਹੈ ?

**ਉੱਤਰ :** ਅਨੁਭਵ ਦੀਆਂ ਡੂੰਘਾਈਆਂ ਹੁੰਦੀਆਂ ਹਨ ਅਤੇ ਗਿਆਨ ਦੀਆਂ ਸਿਖਰਾਂ। ਜਦੋਂ ਤਕ ਅਸੀਂ ਦਿਲ ਰਾਹੀਂ ਡੂੰਘੇ ਨਹੀਂ ਉਤਰਦੇ। ਉਦੋਂ ਤਕ ਅਸੀਂ ਸੋਚ ਰਾਹੀਂ ਉੱਚੇ ਵੀ ਨਹੀਂ ਉਠ ਸਕਦੇ। ਉਤੋਂ ਵੇਖਿਆਂ ਸਭ ਕੁਝ ਅਥਾਹ ਪ੍ਰਤੀਤ ਹੁੰਦਾ ਹੈ ਅਤੇ ਹੇਠੋਂ ਵੇਖਿਆਂ ਸਭ ਕੁਝ ਵਿਸ਼ਾਲ ਅਤੇ ਅਨੰਤ ਵਿਖਾਈ ਦਿੰਦਾ ਹੈ। ਸਾਗਰ ਡੂੰਘਾ ਹੈ ਅਤੇ ਅਸਮਾਨ ਉੱਚਾ ਹੈ। ਦੋਹਾਂ ਨੂੰ ਦੇਖਣਾ ਅਤੇ ਸਮਝਣਾ ਮਨੁੱਖ ਲਈ ਜ਼ਰੂਰੀ ਹੈ।

**(ੜ) ਪ੍ਰਸ਼ਨ :** ਮਹਾਨਤਾ ਕੀ ਹੁੰਦੀ ਹੈ, ਇਹ ਕਿਵੇਂ ਪ੍ਰਗਟ ਹੁੰਦੀ ਹੈ ?

**ਉੱਤਰ :** ਮਹਾਨ ਵਿਅਕਤੀ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਮਹਾਨ ਵਿਅਕਤੀ ਸੁਤੰਤਰ ਹੁੰਦੇ ਹਨ। ਉਹ

ਇਕ-ਦੂਜੇ ਦੇ ਪਿੱਛੇ ਨਹੀਂ ਚਲਦੇ। ਉਹ ਆਪਣਾ ਰਾਹ ਆਪ ਚੁਣਦੇ ਹਨ। ਸਾਰੇ ਮਹਾਨ ਵਿਅਕਤੀ ਗ਼ਰੀਬੀ ਵਿਚੋਂ ਉਠੇ ਸਨ ਅਤੇ ਜਿਹੜੇ ਮਹਾਂਵੀਰ ਅਤੇ ਬੁੱਧ ਵਾਂਗ ਸ਼ਾਹੀ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ, ਉਨ੍ਹਾਂ ਨੇ ਆਪਣਾ ਸਭ ਕੁਝ ਤਿਆਗ ਦਿੱਤਾ ਸੀ। ਮਹਾਨ ਵਿਅਕਤੀ ਆਪਣਾ ਘਰ ਤਿਆਗਦੇ ਹਨ ਅਤੇ ਬਾਅਦ ਵਿਚ ਸਾਰਾ ਸੰਸਾਰ ਉਨ੍ਹਾਂ ਦਾ ਹੋ ਜਾਂਦਾ ਹੈ।

................

**ਪ੍ਰਸ਼ਨ :** ਡੂੰਘੀਆਂ ਸਿਖਰਾਂ ਵਿਚੋਂ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

1. ਉਹ ਕਿਹੜੇ ਬੁਨਿਆਦੀ ਲੱਛਣ ਹਨ, ਜਿਹੜੇ ਕਿਸੇ ਸਾਧਾਰਣ ਵਿਅਕਤੀ ਨੂੰ ਵਿਸ਼ੇਸ਼ ਬਣਾ ਦਿੰਦੇ ਹਨ ?
2. 'ਸਰਦਾਰ' ਸ਼ਬਦ ਪੰਜਾਬੀਆਂ ਨੂੰ ਕਿਹੜੀ ਕੌਮ ਤੋਂ ਪ੍ਰਾਪਤ ਹੋਇਆ ?
3. ਜਦੋਂ ਅਸੀਂ ਕਿਸੇ ਚੀਜ਼ ਨੂੰ ਸੋਹਣੀ ਕਹਿੰਦੇ ਹਾਂ ਤਾਂ ਸਾਡੀ ਭਾਵਨਾ ਕੀ ਹੁੰਦੀ ਹੈ।
4. ਸੋਹਣੇ ਹੋਣ (ਲੱਗਣ) ਵਿਚ ਸਭ ਤੋਂ ਵੱਧ ਯੋਗਦਾਨ ਕਿਸ ਚੀਜ਼ ਦਾ ਹੁੰਦਾ ਹੈ ?
5. ਵਿਆਹ ਦੀਆਂ ਜਿਹੜੀਆਂ ਰਸਮਾਂ ਅਸੀਂ ਨਿਭਾਉਂਦੇ ਹਾਂ, ਉਨ੍ਹਾਂ ਦੀਆਂ ਜੜ੍ਹਾਂ ਮਧਕਾਲੀ ਕਬੀਲਾ-ਯੁਗ ਵਿਚ ਪਈਆਂ ਹਨ। ਕਿਵੇਂ ?
6. ਝੂਠ ਬੋਲਣਾ, ਧੋਖਾ ਦੇਣਾ, ਬੇਈਮਾਨੀ ਕਰਨ ਦੀਆਂ ਪ੍ਰਵਿਰਤੀਆਂ ਸ਼ਿਕਾਰ-ਯੁਗ ਦੀ ਦੇਣ ਹਨ। ਕਿਵੇਂ ?
7. ਸਾਨੂੰ ਬਾਜ਼ਾਰ ਜਾਣਾ ਕਿਉਂ ਚੰਗਾ ਲੱਗਦਾ ਹੈ ?
8. ਜਿਨ੍ਹਾਂ ਲੋਕਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਨਹੀਂ ਹੁੰਦੀ, ਉਹ ਕਿਹੋ-ਜਿਹੇ ਹੁੰਦੇ ਹਨ ?
9. ਲੋਕ ਧਾਰਮਿਕ ਸਥਾਨਾਂ ਉਪਰ ਕਿਹੜੀ ਖਿੱਚ ਦੇ ਕਾਰਨ ਜਾਂਦੇ ਹਨ ?
10. ਲੈਣ-ਦੇਣ ਦੇ ਖੇਤਰ ਵਿਚ ਹੁੰਡੀ ਸਿਸਟਮ ਕਿਵੇਂ ਸ਼ੁਰੂ ਹੋਇਆ ?
11. ਪੈਸਾ ਕਿਹੜੀਆਂ-ਕਿਹੜੀਆਂ ਚੀਜ਼ਾਂ ਨਹੀਂ ਖ਼ਰੀਦ ਸਕਦਾ ?
12. ਕਿਹੋ ਜਿਹੇ ਵਿਅਕਤੀ ਦੀ ਮਦਦ ਕਰ ਕੇ ਪਛਤਾਵਾ ਹੁੰਦਾ ਹੈ ?
13. ਤਲਾਕ ਲੈਣਾ ਮੁਖ ਰੂਪ ਵਿਚ ਕੈਸਾ ਸੰਕਲਪ ਹੈ ? ਤਲਾਕ ਉਪਰੰਤ ਇਸਤ੍ਰੀ ਨੂੰ ਕਿਹੋ ਜਿਹੀ ਮਨੋਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ?
14. ਸਕੂਲ ਵਿਚ ਖਾਲੀ ਥਾਵਾਂ ਨੂੰ ਭਰਨ ਦੇ ਜੋ ਵਾਕ ਸਿਖਾਏ ਜਾਂਦੇ ਹਨ, ਉਨ੍ਹਾਂ ਤੋਂ ਕੀ ਸਿਖਿਆ ਮਿਲਦੀ ਹੈ ?
15. ਇਕੱਲੇ ਹੋਣ ਨਾਲ ਮਨ ਵਿਚੋ ਕਿਹੋ ਜਿਹੇ ਭਾਵ ਉਤਪੰਨ ਹੁੰਦੇ ਹਨ ?
16. ਸਮਝੌਤਾ ਕਰਨ ਦੀ ਮੁੱਢਲੀ ਸਿਖਿਆ ਸਾਨੂੰ ਕਿਥੋਂ ਮਿਲਦੀ ਹੈ ਅਤੇ ਇਸ ਦੇ ਕੀ ਲਾਭ ਹਨ ?
17. ਬੱਚਿਆਂ ਨੂੰ ਕਿਹੋ ਜਿਹੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ?
18. ਅਮਰੀਕਨ ਕਵਿੱਤਰੀ ਐਮਿਲੀ ਡਿਕਨਸਨ ਕਿਹੋ ਜਿਹੀਆਂ ਕਵਿਤਾਵਾਂ ਲਿਖਦੀ ਸੀ ? ਇਸ ਦਾ ਕਾਰਨ ਕੀ ਸੀ ?
19. ਸੇਵਾਮੁਕਤ ਵਿਅਕਤੀ ਕਿਹੜੇ-ਕਿਹੜੇ ਗੁਣਾਂ ਦੀ ਅਣਹੋਂਦ ਵਿਚ ਸਨਕੀ ਬਣ ਜਾਂਦੇ ਹਨ।
20. ਮੁਹੱਬਤ ਕਿਸ ਕਾਰਨ ਯਾਦ ਰਹਿੰਦੀ ਹੈ ? ਪਿਆਰ ਕਰਨ ਸਮੇਂ ਮਨੁਖ ਦਾ ਕੀ ਦਿਲ ਕਰਦਾ ਹੈ ?
21. ਆਦਿਵਾਸੀ ਲੋਕ ਬਾਂਦਰ ਨੂੰ ਪਕੜਨ ਲਈ ਕਿਸ ਤਕਨੀਕ ਦਾ ਪ੍ਰਯੋਗ ਕਰਦੇ ਸਨ ?
22. ਲੇਖਕ ਨੇ ਚੁੰਮਣ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?
23. ਭਾਰਤ ਨੇ ਸਦੀਵੀ ਅਤੇ ਡੂੰਘੇ ਪ੍ਰਸ਼ਨਾਂ ਦੇ ਸਦੀਵੀ ਉੱਤਰ ਦਿੱਤੇ ਹਨ। ਉਦਾਹਰਣ ਦਿਉ।
24. ਵਿਹਾਰਕ ਪੱਖੋਂ ਅਸੀਂ ਜੀਵਨ ਵਿਚ ਪਛੜ ਕਿਉਂ ਜਾਂਦੇ ਹਾਂ ?
25. ਕੁਦਰਤ ਨੇ ਹਰੇਕ ਜੀਵ-ਜਾਤੀ ਖੁਰਾਕ ਨਿਸ਼ਚਿਤ ਕੀਤੀ ਹੋਈ ਹੈ। ਇਸ ਕੜੀ ਦਾ ਤਕਨੀਕੀ ਨਾਮ ਕੀ ਹੈ ?

**Type Setting :**
**Department of Distance Education, Punjabi University, Patiala.**